# ਆਪਣੇ ਬਾਰੇ

1957 ਵਿਚ ਆਪਣੀ ਸਥਾਪਨਾ ਦੇ ਤੁਰੰਤ ਬਾਅਦ ਨੈਸ਼ਨਲ ਬੁੱਕ ਟਰੱਸਟ, ਇੰਡੀਆ ਦਾ ਦਫ਼ਤਰ ਨਿਜ਼ਾਮੁੱਦੀਨ ਇਲਾਕੇ ਦੀ ਇਕ ਇਮਾਰਤ ਵਿਚ ਸੀ। ਫਿਰ ਗਰੀਨ ਪਾਰਕ ਵਿਚ ਇਸ ਦਾ ਮੁੱਖ ਦਫ਼ਤਰ ਲੰਮਾ ਸਮਾਂ ਰਿਹਾ। ਦਫ਼ਤਰ ਦਾ ਨਵਾਂ ਪਤਾ ਹੈ : ਨੈਸ਼ਨਲ ਬੁੱਕ ਟਰੱਸਟ, ਇੰਡੀਆ, ਨਹਿਰੂ ਭਵਨ, 5 ਇੰਸਟੀਚਿਊਸ਼ਨਲ ਏਰੀਆ, ਫ਼ੇਜ਼-II, ਵਸੰਤ ਕੁੰਜ, ਨਵੀਂ ਦਿੱਲੀ-110070। ਨਹਿਰੂ ਭਵਨ ਇਕ ਹੈਕਟੇਅਰ ਤੋਂ ਵੀ ਵੱਧ ਖੇਤਰ ਵਿਚ ਫੈਲਿਆ ਹੋਇਆ ਹੈ। ਪੁਸਤਕਾਂ ਦੇ ਪ੍ਰਚਾਰ-ਪਾਸਾਰ ਅਤੇ ਪੁਸਤਕਾਂ ਪੜ੍ਹਨ ਦੀ ਆਦਤ ਨੂੰ ਉਤਸ਼ਾਹ ਦੇਣ ਲਈ 1957 ਵਿਚ ਭਾਰਤ ਸਰਕਾਰ ਦੁਆਰਾ ਸੰਗਠਤ ਨੈਸ਼ਨਲ ਬੁੱਕ ਟਰੱਸਟ, ਇੰਡੀਆ ਦੀਆਂ ਗਤੀਵਿਧੀਆਂ ਨੂੰ ਪੰਜ ਪ੍ਰਮੁੱਖ ਕਾਰਜ-ਖੇਤਰਾਂ ਵਿਚ ਵੰਡਿਆ ਜਾ ਸਕਦਾ ਹੈ। ਇਹ ਹਨ : (1) ਪ੍ਰਕਾਸ਼ਨ, (2) ਪੁਸਤਕਾਂ ਦਾ ਪ੍ਰਚਾਰ-ਪਾਸਾਰ ਅਤੇ ਪੁਸਤਕ-ਪਠਨ ਦਾ ਵਿਕਾਸ, (3) ਵਿਦੇਸ਼ਾਂ ਵਿਚ ਭਾਰਤੀ ਪੁਸਤਕਾਂ ਨੂੰ ਪ੍ਰੋਤਸਾਹਨ, (4) ਲੇਖਕਾਂ ਅਤੇ ਪ੍ਰਕਾਸ਼ਕਾਂ ਨੂੰ ਸਹਾਇਤਾ, ਅਤੇ (5) ਬਾਲ-ਸਾਹਿਤ ਨੂੰ ਪ੍ਰੋਤਸਾਹਨ। ਇਨ੍ਹਾਂ ਕਾਰਜ-ਖੇਤਰਾਂ ਦਾ ਸੰਖੇਪ ਵੇਰਵਾ ਹੇਠਾਂ ਦਿੱਤਾ ਗਿਆ ਹੈ :

## ਪ੍ਰਕਾਸ਼ਨ

ਅਸੀਂ ਸਮਾਜ ਦੇ ਹਰ ਵਰਗ ਅਤੇ ਉਮਰ ਦੇ ਪਾਠਕਾਂ ਲਈ ਸਾਧਾਰਨ ਪੜ੍ਹਨ ਸਮੱਗਰੀ ਪ੍ਰਕਾਸ਼ਿਤ ਕਰਦੇ ਹਾਂ ਜਿਸ ਵਿਚ ਬੱਚਿਆਂ ਲਈ ਉਪਯੋਗੀ ਪੁਸਤਕਾਂ ਅਤੇ ਨਵਸਾਖਰਾਂ ਲਈ ਪੜ੍ਹਨ ਸਮੱਗਰੀ ਸ਼ਾਮਲ ਹੈ। ਸਾਡੀਆਂ ਵਿਭਿੰਨ ਪੁਸਤਕਮਾਲਾਵਾਂ ਦੇ ਅੰਤਰਗਤ ਕਥਾ-ਸਾਹਿਤ ਅਤੇ ਆਮ ਜਾਣਕਾਰੀ ਦੀਆਂ ਪੁਸਤਕਾਂ ਵਾਜਬ ਮੁੱਲ 'ਤੇ ਹਿੰਦੀ, ਅੰਗਰੇਜ਼ੀ ਸਹਿਤ ਤੀਹ ਹੋਰ ਪ੍ਰਮੁੱਖ ਭਾਰਤੀ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ। ਇਹ ਭਾਸ਼ਾਵਾਂ ਹਨ : ਆਸਾਮੀ, ਉਰਦੂ, ਉੜੀਆ, ਕੰਨੜ, ਕਸ਼ਮੀਰੀ, ਕੋਂਕਣੀ, ਗੁਜਰਾਤੀ, ਤਮਿਲ, ਤੇਲਗੂ, ਨੇਪਾਲੀ, ਪੰਜਾਬੀ, ਬੰਗਲਾ, ਮਨੀਪੁਰੀ, ਮਰਾਠੀ, ਮਲਿਆਲਮ, ਮੈਥਿਲੀ, ਰਾਜਸਥਾਨੀ, ਹਿਮਾਚਲੀ, ਭੋਜਪੁਰੀ ਤੇ ਸਿੰਧੀ। ਇਸ ਤੋਂ ਇਲਾਵਾ ਤਜਰਬੇ ਦੇ ਤੌਰ 'ਤੇ ਚੋਣਵੀਆਂ ਬਾਲ-ਉਪਯੋਗੀ ਪੁਸਤਕਾਂ ਦਾ ਅਨੁਵਾਦ ਕੁਝ ਜਨ-ਜਾਤੀ ਭਾਸ਼ਾਵਾਂ ਵਿਚ ਵੀ ਕੀਤਾ ਜਾ ਰਿਹਾ ਹੈ। ਇਹ ਭਾਸ਼ਾਵਾਂ ਹਨ, ਆਓ, ਨਾਗਾ, ਕੋਕਬੋਰਕ, ਨੇਵਾਰੀ, ਬੋਡੋ, ਭੁਤੀਆ, ਲਿੰਬੂ, ਲੇਪਚਾ, ਖਾਸੀ, ਗਾਰੋ, ਗੋਂਡੀ, ਭੀਲੀ, ਮਿਸਿੰਗ, ਮੀਜ਼ੋ ਅਤੇ ਸੰਥਾਲੀ। ਇਸ ਤੋਂ ਇਲਾਵਾ ਹਲਬੀ ਅਤੇ ਭਤਰੀ ਬੋਲੀਆਂ ਵਿਚ ਵੀ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਹਨ।

ਅਸੀਂ ਪ੍ਰਕਾਸ਼ਨ ਦੀਆਂ ਉਨ੍ਹਾਂ ਵਿਧਾਵਾਂ ਵੱਲ ਵਿਸ਼ੇਸ਼ ਧਿਆਨ ਦਿੰਦੇ ਹਾਂ ਜੋ ਮਹੱਤਵ-ਪੂਰਣ ਹੋਣ ਦੇ ਬਾਵਜੂਦ ਭਾਰਤ ਵਿਚ ਅਣਗੌਲੀਆਂ ਰਹੀਆਂ ਹਨ। ਜਿਵੇਂ ਕਿ ਗ਼ੈਰ-

ਤਕਨੀਕੀ ਪਾਠਕਾਂ ਦੇ ਲਈ ਸਾਧਾਰਨ ਵਿਗਿਆਨ ਦੀਆਂ ਪੁਸਤਕਾਂ ਅਤੇ ਹੋਰ ਸੂਚਨਾ ਪ੍ਰਧਾਨ ਸਮੱਗਰੀ ਜਿਸ ਵਿਚ ਦੇਸ਼ ਦੇ ਵੱਖ-ਵੱਖ ਪਹਿਲੂਆਂ 'ਤੇ ਪੁਸਤਕਾਂ ਵੀ ਸ਼ਾਮਲ ਹਨ ।

ਇਨ੍ਹਾਂ ਵੱਖ-ਵੱਖ ਭਾਸ਼ਾਵਾਂ ਵਿਚ ਮੂਲ ਅਤੇ ਅਨੁਵਾਦਿਤ ਪੁਸਤਕਾਂ ਅਤੇ ਉਨ੍ਹਾਂ ਦਾ ਇਕ ਸੰਤੁਲਿਤ-ਸੈੱਟ ਉਪਲਬਧ ਕਰਾਉਣ ਦੇ ਯਤਨ ਵਿਚ ਅਸੀਂ ਬਹੁਤ ਹੱਦ ਤਕ ਸਫ਼ਲ ਰਹੇ ਹਾਂ । ਨਾਲ ਹੀ ਪੁਸਤਕਾਂ ਦੀ ਵਿਕਰੀ ਦੇ ਵਿਸ਼ੇ ਵਿਚ ਇਕ ਵੱਖਰੀ ਅਤੇ ਪਰਿਵਰਤਨਸ਼ੀਲ ਨੀਤੀ ਅਪਣਾ ਕੇ ਅਸੀਂ ਪ੍ਰਕਾਸ਼ਨਾਂ ਨੂੰ ਵਿੱਤੀ ਤੌਰ 'ਤੇ ਉਤਸ਼ਾਹਤ ਕਰਨ ਅਤੇ ਉਨ੍ਹਾਂ ਨੂੰ ਆਸਾਨੀ ਨਾਲ ਪੁਸਤਕਾਂ ਉਪਲਬਧ ਕਰਾਉਣ ਦੇ ਉਦੇਸ਼ ਨਾਲ ਇਕ ਪ੍ਰਭਾਵੀ ਵਿਕਰੀ-ਤੰਤਰ ਸਥਾਪਿਤ ਕਰਨ ਦੇ ਰਸਤੇ 'ਤੇ ਅੱਗੇ ਵਧ ਰਹੇ ਹਾਂ ।

## ਪੁਸਤਕਾਂ ਦਾ ਪ੍ਰਚਾਰ-ਪਾਸਾਰ ਅਤੇ ਪੁਸਤਕ-ਪਠਨ ਦਾ ਵਿਕਾਸ

ਸਮੁੱਚੇ ਦੇਸ਼ ਵਿਚ ਪੁਸਤਕ-ਮੇਲਿਆਂ ਅਤੇ ਪ੍ਰਦਰਸ਼ਨੀਆਂ ਦਾ ਆਯੋਜਨ ਕਰਕੇ, ਆਪਣੀ ਵੈਬਸਾਈਟ ਅਤੇ ਆਨ-ਲਾਈਨ ਵਿਕਰੀ ਦੇ ਮਾਧਿਅਮ ਨਾਲ ਅਸੀਂ ਪੁਸਤਕਾਂ ਦਾ ਪ੍ਰਚਾਰ-ਪਾਸਾਰ ਅਤੇ ਪੁਸਤਕ-ਪਠਨ ਦੇ ਵਿਕਾਸ ਵਿਚ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਾਂ । ਇਨ੍ਹਾਂ ਵਿਚ ਸਰਕਾਰੀ ਖੇਤਰ ਦੇ ਪ੍ਰਕਾਸ਼ਕਾਂ ਦੀਆਂ ਉਚਿਤ ਮੁੱਲ 'ਤੇ ਪ੍ਰਕਾਸ਼ਿਤ ਚੋਣਵੀਆਂ ਪੁਸਤਕਾਂ ਦੀਆਂ ਭਾਸ਼ਾਵਾਰ ਅਤੇ ਵਿਧਾ ਅਨੁਸਾਰ ਪ੍ਰਦਰਸ਼ਨੀਆਂ ਲਗਾਈਆਂ ਜਾ ਰਹੀਆਂ ਹਨ । ਇਸ ਵਿਚ ਪੇਂਡੂ ਖੇਤਰ ਵਿਚ ਲਗਾਈਆਂ ਜਾ ਰਹੀਆਂ ਨਵਸਾਖ਼ਰਾਂ ਲਈ ਪ੍ਰਦਰਸ਼ਨੀਆਂ ਵੀ ਸ਼ਾਮਲ ਹਨ । ਸਤੰਬਰ, 1992 ਵਿਚ ਸ਼ੁਰੂ ਕੀਤੀ ਗਈ ਪੁਸਤਕ ਪ੍ਰਦਰਸ਼ਨੀਆਂ ਦੀ ਇਸ ਯੋਜਨਾ ਦੇ ਅੰਤਰਗਤ ਅਸੀਂ ਹੁਣ ਤਕ ਉੜੀਸਾ, ਆਸਾਮ, ਗੁਜਰਾਤ, ਆਂਧਰਾ ਪ੍ਰਦੇਸ਼, ਕੇਰਲ, ਗੋਆ, ਝਾਰਖੰਡ, ਤਮਿਲਨਾਡੂ, ਦਿੱਲੀ, ਪੰਜਾਬ, ਪੱਛਮੀ ਬੰਗਾਲ, ਬਿਹਾਰ, ਉਤਰਾਂਚਲ, ਮੱਧ ਪ੍ਰਦੇਸ਼, ਮਹਾਰਾਸ਼ਟਰ, ਰਾਜਸਥਾਨ, ਹਿਮਾਚਲ ਪ੍ਰਦੇਸ਼, ਜੰਮੂ, ਝਾਰਖੰਡ, ਛਤੀਸਗੜ੍ਹ ਨਾਗਾਲੈਂਡ ਅਤੇ ਹਰਿਆਣਾ ਵਿਚ ਪੁਸਤਕ ਪ੍ਰਦਰਸ਼ਨੀਆਂ ਲਗਾ ਚੁੱਕੇ ਹਾਂ ।

ਹਰ ਦੂਜੇ ਸਾਲ ਟਰੱਸਟ ਵਲੋਂ ਨਵੀਂ ਦਿੱਲੀ ਵਿਸ਼ਵ ਪੁਸਤਕ ਮੇਲੇ ਦਾ ਆਯੋਜਨ ਕੀਤਾ ਜਾਂਦਾ ਹੈ, ਜੋ ਦੇਸ਼ ਵਿਚ ਲੱਗਣ ਵਾਲੇ ਪੁਸਤਕ ਮੇਲਿਆਂ ਵਿਚੋਂ ਵਪਾਰ ਦੀ ਪੱਧਰ 'ਤੇ ਸਫ਼ਲ ਅਤੇ ਏਸ਼ੀਆ ਤੇ ਅਫ਼ਰੀਕਾ ਦਾ ਸਭ ਤੋਂ ਵੱਡਾ ਪੁਸਤਕ ਮੇਲਾ ਹੈ । ਪ੍ਰਗਤੀ ਮੈਦਾਨ ਦੇ ਵੱਖ-ਵੱਖ ਮੰਡਲਾਂ ਦੇ ਲਗਭਗ 20,000 ਵਰਗ ਮੀਟਰ ਖੇਤਰ ਵਿਚ ਲੱਗਣ ਵਾਲੇ ਇਸ ਮੇਲੇ ਵਿਚ ਦੇਸ਼-ਵਿਦੇਸ਼ ਦੇ ਇਕ ਹਜ਼ਾਰ ਤੋਂ ਵੱਧ ਪੁਸਤਕਾਂ ਦੇ ਕਿੱਤੇ ਨਾਲ ਸੰਬੰਧਿਤ ਪ੍ਰਕਾਸ਼ਕ/ਪੁਸਤਕ ਵਿਕ੍ਰੇਤਾ ਭਾਗ ਲੈਂਦੇ ਹਨ । ਪਹਿਲੀ ਵਾਰ ਇਸ ਪੁਸਤਕ ਮੇਲੇ ਦਾ ਆਯੋਜਨ 1972 ਵਿਚ ਕੀਤਾ ਗਿਆ ਸੀ ।

ਪੁਸਤਕ ਉਦਯੋਗ ਦੇ ਵਿਕਾਸ ਲਈ ਖੇਤਰੀ ਅਤੇ ਪੇਂਡੂ ਪੱਧਰ ਦੇ ਮੇਲਿਆਂ ਤੋਂ ਇਲਾਵਾ ਹਰ ਸਾਲ ਰਾਸ਼ਟਰੀ ਪੁਸਤਕ ਮੇਲਿਆਂ ਦਾ ਆਯੋਜਨ ਵੀ ਕੀਤਾ ਜਾਂਦਾ ਹੈ । ਹੁਣ ਤਕ ਵਿਭਿੰਨ ਸਥਾਨਾਂ 'ਤੇ ਅਹਿਮਦਾਬਾਦ, ਇੰਦੌਰ, ਕੋਲਕਾਤਾ, ਚੈਨਈ, ਚੰਡੀਗੜ੍ਹ, ਜੈਪੁਰ, ਤਿਰੂਵਨੰਤਪੁਰਮ, ਨਾਗਪੁਰ, ਨਵੀਂ ਦਿੱਲੀ, ਪਟਨਾ, ਬੰਗਲੌਰ, ਭੁਪਾਲ, ਮੁੰਬਈ, ਲਖਨਊ ਅਤੇ ਹੈਦਰਾਬਾਦ ਵਿਖੇ ਇਸ ਤੋਂ ਇਲਾਵਾ ਟਰੱਸਟ ਵੱਲੋਂ ਵੱਡੀ ਗਿਣਤੀ ਵਿਚ ਰਾਸ਼ਟਰੀ

ਅਤੇ ਰਾਜ-ਪੱਧਰੀ ਮੇਲੇ ਆਯੋਜਿਤ ਕੀਤੇ ਜਾ ਚੁੱਕੇ ਹਨ ਅਤੇ ਟਰੱਸਟ ਦੇਸ਼ ਦੇ ਲਗਭਗ ਸਾਰੇ ਵੱਡੇ ਸ਼ਹਿਰਾਂ ਵਿਚ ਬਾਲ ਪੁਸਤਕ ਮੇਲਿਆਂ ਦਾ ਅਯੋਜਣ ਕਰ ਚੁੱਕਾ ਹੈ।

ਪੂਰਬ-ਉੱਤਰ ਰਾਜਾਂ ਵਿਚ ਪੁਸਤਕ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਟਰੱਸਟ ਨੇ ਇਨ੍ਹਾਂ ਖੇਤਰਾਂ ਵਿਚ ਵਿਸ਼ੇਸ਼ ਪੁਸਤਕ ਮੇਲਿਆਂ ਅਤੇ ਸਾਹਿਤਕ ਸਮਾਗਮਾਂ ਦਾ ਆਯੋਜਨ ਕੀਤਾ ਹੈ । 2013-2014 ਦੇ ਵਿੱਤੀ ਸਾਲ ਵਿਚ ਦੇਸ਼ ਦੇ ਅਨੁਸੂਚਿਤ ਜਾਤੀ-ਅਨੁਸੂਚਿਤ ਜਾਨਜਾਤੀ ਬਹੁਲਤਾ ਵਾਲੇ ਖੇਤਰਾਂ ਵਿਚ ਲੋਕਾਂ 'ਚ ਪੁਸਤਕ ਪੜ੍ਹਨ ਦੀ ਆਦਤ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਨੇ ਨੈਸ਼ਨਲ ਬੁੱਕ ਟਰੱਸਟ ਨੂੰ 'ਨੋਡਲ ਏਜੰਸੀ' ਬਣਾਇਆ ਹੈ ।

ਪੁਸਤਕ ਉਦਯੋਗ ਦੇ ਵਿਕਾਸ ਲਈ ਅਸੀਂ ਪੁਸਤਕ-ਪ੍ਰਕਾਸ਼ਨ, ਉਤਪਾਦਨ ਅਤੇ ਵਿਕਰੀ ਨਾਲ ਜੁੜੇ ਲੋਕਾਂ ਲਈ ਗੋਸ਼ਟੀਆਂ ਅਤੇ ਕਾਰਜਸ਼ਾਲਾਵਾਂ ਆਯੋਜਿਤ ਕਰਦੇ ਹਾਂ । ਪ੍ਰਕਾਸ਼ਨ ਦੇ ਕਿੱਤੇ ਨਾਲ ਜੁੜੇ ਲੋਕਾਂ ਲਈ ਸਿਖਲਾਈ ਪਾਠ-ਕ੍ਰਮ ਦਾ ਆਯੋਜਨ ਵੀ ਕੀਤਾ ਜਾਂਦਾ ਹੈ । ਪੁਸਤਕ ਜਗਤ ਵਿਚ ਇਸ ਪਾਠ-ਕ੍ਰਮ ਨੂੰ ਸਨਮਾਨਯੋਗ ਸਥਾਨ ਪ੍ਰਾਪਤ ਹੈ । 1996 ਤੋਂ ਇਸ ਤਰ੍ਹਾਂ ਦੇ ਦਿੱਲੀ ਵਿਚ ਕਈ ਸਿਖਲਾਈ ਪਾਠ-ਕ੍ਰਮ ਆਯੋਜਿਤ ਕੀਤੇ ਗਏ ਹਨ । ਅਜਿਹੇ ਹੀ ਪਾਠ-ਕ੍ਰਮਾਂ ਦਾ ਆਯੋਜਨ ਕਾਨਪੁਰ 'ਚ ਹਿੰਦੀ, ਨਾਸਿਕ ਵਿਚ ਮਰਾਠੀ ਅਤੇ ਅਲੀਗੜ੍ਹ 'ਚ ਉਰਦੂ ਭਾਸ਼ਾ ਵਿਚ ਹੋਇਆ ਹੈ । ਹੁਣ ਤਕ ਪਣਜੀ, ਕਾਨਪੁਰ, ਨਾਸਿਕ, ਅਲੀਗੜ੍ਹ, ਅਗਰਤਲਾ, ਤਿਰੂਵਨੰਤਪੁਰਮ, ਭੁਬਨੇਸ਼ਵਰ, ਕੋਲਕਾਤਾ, ਅਹਿਮਦਾਬਾਦ, ਔਰੰਗਾਬਾਦ, ਪਟਨਾ, ਆਈਜੋਲ ਅਤੇ ਗੰਗਟੋਕ ਆਦਿ ਵਿਖੇ ਇਨ੍ਹਾਂ ਪਾਠ-ਕ੍ਰਮਾਂ ਦਾ ਆਯੋਜਨ ਕੀਤਾ ਗਿਆ ਹੈ ।

ਹਰ ਸਾਲ 14-20 ਨਵੰਬਰ ਤਕ ਸਮੁੱਚੇ ਦੇਸ਼ ਵਿਚ ਟਰੱਸਟ ਦੀ ਪਹਿਲ 'ਤੇ ਵਿਦਿਅਕ ਅਤੇ ਹੋਰ ਸੰਸਥਾਵਾਂ, ਸਾਹਿਤਕ ਸੰਸਥਾਵਾਂ, ਪ੍ਰਕਾਸ਼ਨ ਸੰਸਥਾਵਾਂ ਦੁਆਰਾ ਪੁਸਤਕਾਂ ਸੰਬੰਧੀ ਪ੍ਰੋਗਰਾਮ, ਮੁਕਾਬਲੇ ਅਤੇ ਪੁਸਤਕ ਪ੍ਰਦਰਸ਼ਨੀਆਂ ਆਯੋਜਿਤ ਕਰਕੇ ***'ਰਾਸ਼ਟਰੀ ਪੁਸਤਕ ਸਪਤਾਹ'*** ਮਨਾਇਆ ਜਾਂਦਾ ਹੈ । ਡਾਕ ਰਾਹੀਂ ਵੱਡੀ ਪੱਧਰ 'ਤੇ ਪ੍ਰਚਾਰ-ਪਾਸਾਰ ਸਮੱਗਰੀ ਭੇਜਣ ਅਤੇ ਇਲੈਕਟ੍ਰੋਨਿਕ ਅਤੇ ਪ੍ਰਿੰਟ ਮਾਧਿਅਮਾਂ ਤੋਂ ਮਿਲੇ ਉਤਸ਼ਾਹਜਨਕ ਸਹਿਯੋਗ ਦੇ ਕਾਰਣ ਅਸੀਂ ਇਸ ਸੰਦੇਸ਼ ਨੂੰ ਸਮੁੱਚੇ ਦੇਸ਼ ਵਿਚ ਪ੍ਰਚਾਰਿਤ ਕਰਨ ਵਿਚ ਸਫ਼ਲ ਹੋਏ ਹਾਂ । 2013 ਵਿਚ ਇਸ ਸਮੇਂ ਦੌਰਾਨ ਦੇਸ਼ ਵਿਚ 200 ਤੋਂ ਵੱਧ ਗਤੀਵਿਧੀਆਂ ਆਯੋਜਿਤ ਕੀਤੀਆਂ ਗਈਆਂ, ਜੋ ਹਰ ਸਾਲ ਹੋ ਰਹੀਆਂ ਹਨ ।

ਸਾਲ 2004 ਭਾਰਤ ਲਈ ਵਿਸ਼ੇਸ਼ ਗੌਰਵ ਦਾ ਸਾਲ ਸੀ ਕਿਉਂਕਿ ਯੂਨੈਸਕੋ ਨੇ ਭਾਰਤ ਦੀ ਰਾਜਧਾਨੀ ਦਿੱਲੀ ਨੂੰ ਸਾਲ 2003-2004 ਲਈ ਵਿਸ਼ਵ ਪੁਸਤਕ ਰਾਜਧਾਨੀ ਐਲਾਨ ਕੀਤਾ ਸੀ । ਅਲੈਕਜੇਂਡਰੀਆ ਅਤੇ ਮੈਡ੍ਰਿਡ ਤੋਂ ਬਾਅਦ ਦਿੱਲੀ ਵਿਸ਼ਵ ਦਾ ਉਹ ਤੀਸਰਾ ਸ਼ਹਿਰ ਹੈ ਜਿਸ ਨੂੰ ਇਹ ਗੌਰਵ ਪ੍ਰਦਾਨ ਕੀਤਾ ਗਿਆ ਹੈ । ਨੈਸ਼ਨਲ ਬੁੱਕ ਟਰੱਸਟ ਨੂੰ ਇਸ ਮੌਕੇ 'ਤੇ ਮਨਾਏ ਜਾਣ ਵਾਲੇ ਸਭ ਸਾਹਿਤਕ ਪ੍ਰੋਗਰਾਮਾਂ ਦੇ ਲਈ ਨੋਡਲ ਏਜੰਸੀ ਬਣਾਇਆ ਗਿਆ । ਇਹ ਉਤਸਵ 23 ਅਪ੍ਰੈਲ, 2003 ਤੋਂ ਸ਼ੁਰੂ ਹੋ ਕੇ 22 ਅਪ੍ਰੈਲ, 2004 ਨੂੰ ਸਮਾਪਤ ਹੋਇਆ । ਇਸ ਦੌਰਾਨ ਟਰੱਸਟ ਵਲੋਂ ਗੋਆ, ਦਿੱਲੀ ਅਤੇ ਉੱਤਰ ਪ੍ਰਦੇਸ਼ ਵਿਚ ਤਿੰਨ ਰਾਸ਼ਟਰੀ ਗੋਸ਼ਟੀਆਂ ਵੀ ਆਯੋਜਿਤ ਕੀਤੀਆਂ ਗਈਆਂ ।

ਫਰੈਂਕਫਰਟ ਪੁਸਤਕ ਮੇਲਾ 2006 ਵਿਚ, ਮਾਸਕੋ ਪੁਸਤਕ ਮੇਲਾ 2009 ਵਿਚ ਅਤੇ

ਬੀਜ਼ਿੰਗ ਪੁਸਤਕ ਮੇਲਾ 2010 ਵਿਚ ਭਾਰਤ ਦੀ ਮਹਿਮਾਨ ਦੇਸ਼ ਦੇ ਰੂਪ ਵਿਚ ਚੋਣ ਇਕ ਵੱਡਾ ਸਨਮਾਨ ਸੀ। ਭਾਰਤ ਦੁਨੀਆ ਦਾ ਇਕ ਮਾਤਰ ਦੇਸ਼ ਹੈ ਜਿਸ ਨੂੰ ਮਹਿਮਾਨ ਦੇਸ਼ ਬਣਨ ਦਾ ਸਨਮਾਨ ਚਾਰ ਵਾਰ ਮਿਲਿਆ ਹੈ—ਪਹਿਲੀ ਵਾਰ 1986 ਵਿਚ, ਦੂਜੀ ਵਾਰ 2006 ਵਿਚ ਤੀਜੀ ਵਾਰ 2009 ਵਿਚ ਤੇ ਚੌਥੀ ਵਾਰ 2010 ਵਿਚ।

ਕੋਈ ਵੀ ਵਿਅਕਤੀ 100 ਅਤੇ ਸੰਸਥਾ 500 ਰੁਪਏ ਜਮ੍ਹਾਂ ਕਰਕੇ ਟਰੱਸਟ ਦੀ 'ਪੁਸਤਕ ਕਲੱਬ' ਦਾ ਮੈਂਬਰ ਬਣ ਸਕਦਾ ਹੈ। ਮੈਂਬਰ ਬਣ ਕੇ ਟਰੱਸਟ ਦੀਆਂ ਪੁਸਤਕਾਂ 'ਤੇ 20 ਪ੍ਰਤੀਸ਼ਤ ਰਿਆਇਤ 'ਤੇ ਪੁਸਤਕਾਂ ਖ਼ਰੀਦੀਆਂ ਜਾ ਸਕਦੀਆਂ ਹਨ। ਇਸ ਤੋਂ ਇਲਾਵਾ ਸਭ ਮੈਂਬਰਾਂ ਨੂੰ ਨੈਸ਼ਨਲ ਬੁੱਕ ਟਰੱਸਟ ਦੇ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ ਪ੍ਰਕਾਸ਼ਿਤ ਮਾਸਿਕ ਪਤ੍ਰਿਕਾ ਦੇ ਮਾਧਿਅਮ ਨਾਲ ਗਤੀਵਿਧੀਆਂ ਦੀ ਜਾਣਕਾਰੀ ਦਿੱਤੀ ਜਾਂਦੀ ਹੈ। ਹੁਣ ਤਕ ਦੇਸ਼ ਵਿਚ 50,000 ਤੋਂ ਵੱਧ ਪੁਸਤਕ ਕਲੱਬ ਬਣਾਏ ਜਾ ਚੁੱਕੇ ਹਨ।

ਨੈਸ਼ਨਲ ਬੁੱਕ ਟਰੱਸਟ ਵਲੋਂ ਹਰ ਸਾਲ 1 ਅਗਸਤ ਨੂੰ ਸਥਾਪਨਾ ਦਿਵਸ ਵੀ ਮਨਾਇਆ ਜਾਂਦਾ ਹੈ। ਇਸ ਦਿਨ ਸਾਹਿਤਕ ਸਮਾਗਮ ਅਤੇ ਹੋਰ ਗਤੀਵਿਧੀਆਂ ਕੀਤੀਆਂ ਜਾਂਦੀਆਂ ਹਨ। ਨੈਸ਼ਨਲ ਬੁੱਕ ਟਰੱਸਟ ਦੀ ਵਿਗਿਆਨ ਲੜੀ ਦੇ ਅੰਤਰਗਤ 1 ਅਗਸਤ 2012 ਨੂੰ ਡਾ. ਸ਼ਸ਼ੀ ਥੁਰੂਰ (ਰਾਜ ਮੰਤਰੀ ਮਾਨਵ ਸੰਸਾਧਨ ਮੰਤਰਾਲਾ) ਨੇ ਪਹਿਲਾ ਭਾਸ਼ਨ ਦਿੱਤਾ।

## ਵਿਦੇਸ਼ਾਂ ਵਿਚ ਭਾਰਤੀ ਪੁਸਤਕਾਂ ਨੂੰ ਪ੍ਰੋਤਸਾਹਨ

ਵਿਦੇਸ਼ਾਂ ਵਿਚ ਭਾਰਤੀ ਪੁਸਤਕਾਂ ਦੇ ਪ੍ਰੋਤਸਾਹਨ ਲਈ ਮੁੱਖ ਤੌਰ 'ਤੇ ਦੱਖਣੀ ਏਸ਼ੀਆਈ ਅਤੇ ਅਫ਼ਰੀਕੀ ਦੇਸ਼ਾਂ ਵਿਚ ਲਗਭਗ ਹਰ ਸਾਲ 12-15 ਅੰਤਰਰਾਸ਼ਟਰੀ ਮੇਲਿਆਂ ਵਿਚ ਭਾਗ ਲੈਂਦੇ ਹਾਂ ਅਤੇ ਵਿਭਿੰਨ ਭਾਰਤੀ ਪ੍ਰਕਾਸ਼ਕਾਂ ਦੁਆਰਾ ਪ੍ਰਕਾਸ਼ਿਤ ਚੋਣਵੀਆਂ ਪੁਸਤਕਾਂ ਨੂੰ ਪ੍ਰਦਰਸ਼ਿਤ ਕਰਨ ਲਈ ਵਿਸ਼ੇਸ਼ ਪ੍ਰਦਰਸ਼ਨੀਆਂ ਲਗਾਉਂਦੇ ਹਾਂ। ਟਰੱਸਟ ਨੇ 1970 ਤੋਂ ਹੁਣ ਤਕ 350 ਤੋਂ ਵੱਧ ਅੰਤਰ-ਰਾਸ਼ਟਰੀ ਪੁਸਤਕ ਮੇਲਿਆਂ ਵਿਚ ਭਾਗ ਲਿਆ ਹੈ। ਕੁਝ ਪ੍ਰਮੁੱਖ ਪੁਸਤਕ ਮੇਲੇ ਜਿਨ੍ਹਾਂ ਵਿਚ ਨਿਯਮਤ ਰੂਪ ਨਾਲ ਭਾਗ ਲਿਆ, ਇਹ ਹਨ : ਫਰੈਂਕਫਰਟ ਪੁਸਤਕ ਮੇਲਾ, ਬੇਲੋਨਾ ਪੁਸਤਕ ਮੇਲਾ ਅਤੇ ਜ਼ਿੰਬਾਬਵੇ ਅੰਤਰਰਾਸ਼ਟਰੀ ਪੁਸਤਕ ਮੇਲਾ। ਇਸ ਤੋਂ ਇਲਾਵਾ ਸਮੇਂ ਸਮੇਂ ਜਿਨ੍ਹਾਂ ਪੁਸਤਕ ਮੇਲਿਆਂ ਵਿਚ ਭਾਗ ਲੈਂਦੇ ਹਾਂ, ਉਹ ਹਨ : ਬੀਜਿੰਗ ਅੰਤਰ-ਰਾਸ਼ਟਰੀ ਪੁਸਤਕ ਮੇਲਾ ਅਤੇ ਸ੍ਰੀਲੰਕਾ, ਢਾਕਾ, ਕਠਮੰਡੂ, ਸਿਓਲ (ਦੱਖਣੀ ਕੋਰੀਆ), ਮਨੀਲਾ, ਨਾਈਜੀਰੀਆ, ਲਾਹੌਰ, ਕਰਾਚੀ, ਢਾਕਾ (ਬੰਗਲਾ ਦੇਸ਼), ਲਾਹੌਰ (ਪਾਕਿਸਤਾਨ) ਅਤੇ ਆਸਟ੍ਰੇਲੀਆ ਦੇ ਪੁਸਤਕ ਮੇਲੇ। ਟਰੱਸਟ ਨੇ ਭਾਰਤੀ ਪੁਸਤਕਾਂ ਨੂੰ ਵਿਦੇਸ਼ੀ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਕਰਨ ਲਈ ਇਕ ਵਿੱਤੀ ਸਹਾਇਤਾ ਯੋਜਨਾ ਸ਼ੁਰੂ ਕੀਤੀ ਹੈ।

## ਲੇਖਕਾਂ ਅਤੇ ਪ੍ਰਕਾਸ਼ਕਾਂ ਨੂੰ ਆਰਥਿਕ ਸਹਾਇਤਾ

ਉੱਚ-ਸਿੱਖਿਆ ਦੇ ਲਈ ਉਚਿਤ ਮੁੱਲ 'ਤੇ ਪੁਸਤਕਾਂ ਦੇ ਪ੍ਰਕਾਸ਼ਨ ਨੂੰ ਉਤਸ਼ਾਹ ਦੇਣ ਲਈ ਅਸੀਂ ਪਾਠ-ਪੁਸਤਕਾਂ ਅਤੇ ਹਵਾਲਾ ਸਮੱਗਰੀ ਦੇ ਲੇਖਕਾਂ ਅਤੇ ਪ੍ਰਕਾਸ਼ਕਾਂ ਨੂੰ ਆਰਥਿਕ ਸਹਾਇਤਾ ਦਿੰਦੇ ਹਾਂ। ਸਾਡੀ 'ਪੁਸਤਕ ਪ੍ਰਕਾਸ਼ਨ ਸਹਾਇਤਾ ਯੋਜਨਾ' ਦੇ ਅੰਤਰਗਤ ਸਿਰਫ਼

ਅਜਿਹੀਆਂ ਪੁਸਤਕਾਂ ਦੇ ਲਈ ਹੀ ਆਰਥਿਕ ਸਹਾਇਤਾ ਦਿੱਤੀ ਜਾਂਦੀ ਹੈ ਜਿਨ੍ਹਾਂ ਦੀ ਬਹੁਤ ਹੀ ਜ਼ਰੂਰਤ ਅਨੁਭਵ ਕੀਤੀ ਜਾਂਦੀ ਹੈ ਅਤੇ ਜੋ ਅਜਿਹੇ ਵਿਸ਼ਿਆਂ ਨਾਲ ਸੰਬੰਧਿਤ ਹੋਣ ਜਿਨ੍ਹਾਂ ਵਿਚ ਪ੍ਰਵਾਨਯੋਗ ਪੱਧਰ ਦੀਆਂ ਪੁਸਤਕਾਂ ਜਾਂ ਤਾਂ ਮਿਲਦੀਆਂ ਨਹੀਂ ਹਨ ਜਾਂ ਜਿਨ੍ਹਾਂ ਦਾ ਮੁੱਲ ਵਿਦਿਆਰਥੀਆਂ ਦੀ ਪੁਸਤਕਾਂ ਖ਼ਰੀਦਣ ਦੀ ਸਮਰੱਥਾ ਤੋਂ ਬਾਹਰ ਹੈ। 31 ਮਾਰਚ, 2013 ਤਕ ਅਸੀਂ ਅੰਗਰੇਜ਼ੀ ਦੀਆਂ 932 ਤੋਂ ਵੱਧ ਪੁਸਤਕਾਂ ਦੇ ਪ੍ਰਕਾਸ਼ਨ ਲਈ ਆਰਥਿਕ ਸਹਾਇਤਾ ਦਿੱਤੀ ਹੈ। ਹੁਣ ਤਕ ਅਸੀਂ ਬੰਗਲਾ, ਕੰਨੜ, ਕੋਂਕਣੀ ਅਤੇ ਤਮਿਲ ਭਾਸ਼ਾ ਵਿਚ ਵੀ ਪੁਸਤਕਾਂ ਪ੍ਰਕਾਸ਼ਿਤ ਕਰ ਚੁੱਕੇ ਹਾਂ ਪਰ ਭਵਿੱਖ ਵਿਚ ਅੰਗਰੇਜ਼ੀ ਦੀਆਂ ਪੁਸਤਕਾਂ ਦੀ ਚੋਣ ਕਰਨ ਸਮੇਂ ਬਹੁਤ ਹੀ ਸਾਵਧਾਨੀ ਤੋਂ ਕੰਮ ਲਿਆ ਜਾਵੇਗਾ ਅਤੇ ਭਾਰਤੀ ਭਾਸ਼ਾਵਾਂ ਦੇ ਪ੍ਰਕਾਸ਼ਕਾਂ ਨੂੰ ਯੋਜਨਾ ਤੋਂ ਵੱਧ ਤੋਂ ਵੱਧ ਲਾਭ ਉਠਾਉਣ ਲਈ ਉਤਸ਼ਾਹਿਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਯੋਜਨਾ ਦੇ ਕਾਰਜ-ਖੇਤਰ ਦਾ ਵਿਸਥਾਰ ਕੀਤਾ ਜਾਵੇਗਾ ਜਿਸ ਨਾਲ ਕਿ ਭਾਰਤੀ ਭਾਸ਼ਾਵਾਂ ਦੀਆਂ ਵਿਚਾਰ-ਉਤੇਜਿਕ ਆਮ ਜਾਣਕਾਰੀ ਦੀਆਂ ਪੁਸਤਕਾਂ ਦੇ ਪ੍ਰਕਾਸ਼ਨ ਲਈ ਵੀ ਆਰਥਿਕ ਸਹਾਇਤਾ ਦਿੱਤੀ ਜਾ ਸਕੇ।

## ਬਾਲ ਸਾਹਿਤ ਨੂੰ ਪ੍ਰੋਤਸਾਹਨ

ਟਰੱਸਟ ਵਲੋਂ ਵਿਭਿੰਨ ਭਾਸ਼ਾਵਾਂ ਦੇ ਬਾਲ ਸਾਹਿਤ ਦੇ ਪ੍ਰਕਾਸ਼ਨ ਨੂੰ ਮੋਨੀਟਰ ਕਰਨ, ਉਸ ਦੇ ਸਹਿਯੋਗ, ਪਲਾਨ ਅਤੇ ਸਹਾਇਤਾ ਦੀ ਵਿਵਸਥਾ ਕਰਨ ਲਈ 1993 ਵਿਚ 'ਰਾਸ਼ਟਰੀ ਬਾਲ ਸਾਹਿਤ ਕੇਂਦਰ' ਦਾ ਗਠਨ ਕੀਤਾ ਗਿਆ। ਬਾਲ ਸਾਹਿਤ ਦੀ 'ਲਾਇਬ੍ਰੇਰੀ-ਕਮ-ਡਾਕੂਮੇਂਟੇਸ਼ਨ ਸੈਂਟਰ' ਵਿਭਾਗ ਦਾ ਨਿਰਮਾਣ ਕਰਨ ਤੋਂ ਇਲਾਵਾ ਇਹ ਕੇਂਦਰ ਕਾਰਜ-ਸ਼ਾਲਾਵਾਂ ਅਤੇ ਪ੍ਰਦਰਸ਼ਨੀਆਂ ਦਾ ਆਯੋਜਨ ਕਰਨ ਅਤੇ ਸਕੂਲ ਪੱਧਰ 'ਤੇ ਪਠਨ ਰੁਚੀ ਨੂੰ ਉਤਸ਼ਾਹ ਦੇਣ ਲਈ ਪਾਠਕ ਮੰਚਾਂ ਦੀ ਸਥਾਪਨਾ ਨੂੰ ਉਤਸ਼ਾਹਿਤ ਕਰਨ ਲਈ ਸਰਗਰਮ ਹੈ। ਦੇਸ਼ ਦੇ ਵਿਭਿੰਨ ਸਕੂਲਾਂ ਵਿਚ ਹੁਣ ਤਕ 35000 ਪਾਠਕ ਮੰਚ ਸਥਾਪਿਤ ਕੀਤੇ ਗਏ ਹਨ। ਕੇਂਦਰ ਨੇ 1993, 1994 ਅਤੇ 1995 ਵਿਚ ਹਿੰਦੀ, ਅੰਗਰੇ ਜ਼ੀ ਅਤੇ ਗਿਆਰਾਂ ਹੋਰ ਭਾਰਤੀ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਚੋਣਵੀਆਂ ਬਾਲ ਉਪਯੋਗੀ ਪੁਸਤਕਾਂ ਦੇ ਭਾਸ਼ਾ ਅਨੁਸਾਰ ਸੂਚੀ-ਪੱਤਰ ਵੀ ਪ੍ਰਕਾਸ਼ਿਤ ਕੀਤੇ। ਕੇਂਦਰ ਨੇ ਬੱਚਿਆਂ ਦੀ ਪਠਨ-ਰੁਚੀ ਵਰਗੇ ਵਿਸ਼ਿਆਂ ਤੇ ਸਰਵੇਖਣ ਅਤੇ ਖੋਜ ਸੰਬੰਧੀ ਕੰਮ ਵੀ ਆਪਣੇ ਹੱਥ ਵਿਚ ਲਿਆ ਹੈ। ਬੱਚਿਆਂ ਲਈ ਦੋ-ਭਾਸ਼ੀ (ਅੰਗਰੇਜ਼ੀ ਅਤੇ ਹਿੰਦੀ) ਮਾਸਿਕ ਪਤ੍ਰਿਕਾ 'ਪਾਠਕ ਮੰਚ ਬੁਲਿਟਨ' ਵੀ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ।

ਨੈਸ਼ਨਲ ਬੁੱਕ ਟਰੱਸਟ ਨੇ 12ਵੀਂ 5 ਸਾਲਾ ਯੋਜਨਾ ਦੇ ਅੰਤਰਗਤ (2012-2017) ਰਾਜਾਂ ਅਤੇ ਸੰਘ ਸ਼ਾਸਤ ਪ੍ਰਦੇਸ਼ਾਂ ਵਿਚ 'ਬੁੱਕ ਪ੍ਰੋਮੋਸ਼ਨ ਸੈਂਟਰ' ਖੋਲ੍ਹਣ ਦੀ ਯੋਜਨਾ ਸ਼ੁਰੂ ਕੀਤੀ ਹੈ। ਐਨ.ਬੀ.ਟੀ. ਨੇ ਹੁਣ ਈ-ਪੁਸਤਕ ਦੇ ਖੇਤਰ ਵਿਚ ਵੀ ਪਹਿਲ ਕੀਤੀ ਹੈ। ਈ-ਫਾਰਮੇਟ ਵਿਚ ਲਗਭਗ 500 ਪੁਸਤਕਾਂ ਉਪਲਬਧ ਹਨ। ਡਾਕਘਰਾਂ ਦੇ ਜ਼ਰੀਏ ਪੁਸਤਕਾਂ ਵੇਚਣ ਦੀ ਪਹਿਲ ਉਤਰਾਖੰਡ ਡਾਕ ਖੇਤਰ ਦੇ ਅੰਤਰਗਤ ਦੇਹਰਾਦੂਨ ਤੋਂ ਸ਼ੁਰੂ ਕੀਤੀ ਗਈ ਹੈ, ਹੁਣੇ-ਹੁਣੇ ਦਿੱਲੀ ਮੈਟਰੋ ਦੇ ਦੋ ਸਟੇਸ਼ਨਾਂ 'ਤੇ ਪੁਸਤਕਾਂ ਦੀਆਂ ਦੁਕਾਨਾਂ ਖੋਲ੍ਹੀਆਂ ਗਈਆਂ ਹਨ।

## ਸਾਡੀਆਂ ਪ੍ਰਕਾਸ਼ਨਾਵਾਂ

ਟਰੱਸਟ ਵਲੋਂ ਕੁਝ ਜਾਣੀਆਂ-ਪਛਾਣੀਆਂ ਪੁਸਤਕਮਾਲਾਵਾਂ ਦੇ ਅੰਤਰਗਤ ਪੁਸਤਕਾਂ ਦਾ ਪ੍ਰਕਾਸ਼ਨ ਕੀਤਾ ਜਾਂਦਾ ਹੈ । ਟਰੱਸਟ ਵਲੋਂ 32 ਭਾਸ਼ਾਵਾਂ ਵਿਚ ਹੁਣ ਤੱਕ ਲਗਭਗ 17,000 ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ ਜਿਨ੍ਹਾਂ ਵਿਚ ਮੂਲ, ਭਾਰਤੀ ਭਾਸ਼ਾਵਾਂ ਦੇ ਅਨੁਵਾਦ ਅਤੇ ਦੂਸਰੇ ਸੰਸਕਰਣ ਸ਼ਾਮਲ ਹਨ । ਪੰਜਾਬੀ ਵਿਚ ਇਹ ਪੁਸਤਕਾਂ ਹੇਠ ਲਿਖੀਆਂ ਪੁਸਤਕਮਾਲਾਵਾਂ ਹੇਠ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ :

## ਆਦਾਨ-ਪ੍ਰਦਾਨ

ਇਹ ਵਿਭਿੰਨ ਖੇਤਰਾਂ ਦੇ ਸਿਰਜਣਾਤਮਕ ਸਾਹਿਤ ਦੇ ਆਦਾਨ-ਪ੍ਰਦਾਨ ਦੁਆਰਾ ਰਾਸ਼ਟਰੀ ਏਕਤਾ ਨੂੰ ਵਧਾਉਣ ਦੀ ਅਤੁੱਲ ਸਮਰੱਥਾ ਰੱਖਣ ਵਾਲੀ ਇਕ ਵਿਸ਼ੇਸ਼ ਪੁਸਤਕਮਾਲਾ ਹੈ । ਇਸ ਦੇ ਅੰਤਰਗਤ ਵਿਭਿੰਨ ਭਾਸ਼ਾਵਾਂ ਦੀਆਂ ਪ੍ਰਸਿੱਧ ਰਚਨਾਵਾਂ ਜਿਨ੍ਹਾਂ ਵਿਚ ਮੁੱਖ ਤੌਰ 'ਤੇ ਨਾਵਲ, ਨਾਟਕ ਅਤੇ ਕਹਾਣੀਆਂ ਸ਼ਾਮਲ ਹਨ, ਹੋਰ ਭਾਸ਼ਾਈ ਪਾਠਕਾਂ ਨੂੰ ਅਨੁਵਾਦ ਦੇ ਮਾਧਿਅਮ ਰਾਹੀਂ ਉਪਲਬਧ ਕਰਾਈਆਂ ਜਾਂਦੀਆਂ ਹਨ । ਕਿਉਂਕਿ 'ਆਦਾਨ-ਪ੍ਰਦਾਨ' ਵਿਚ ਕੇਵਲ ਸਮਕਾਲੀਨ ਪ੍ਰਸਿੱਧ ਪੁਸਤਕਾਂ ਨੂੰ ਹੀ ਪ੍ਰਕਾਸ਼ਿਤ ਕੀਤਾ ਜਾਂਦਾ ਹੈ ਇਸ ਲਈ ਭਾਰਤੀ ਸਾਹਿਤ ਦੀਆਂ ਕਲਾਸਕੀ ਰਚਨਾਵਾਂ ਨੂੰ ਇਕ ਹੋਰ ਪੁਸਤਕਮਾਲਾ **'ਕਲਾਸਕੀ ਸਾਹਿਤਕ ਪੁਸਤਕਮਾਲਾ'** ਦੇ ਅੰਤਰਗਤ ਪ੍ਰਕਾਸ਼ਿਤ ਕੀਤਾ ਜਾਂਦਾ ਹੈ ।

## ਫੁਟਕਲ ਪ੍ਰਕਾਸ਼ਨ

ਉਹ ਮਹੱਤਵਪੂਰਣ ਪੁਸਤਕਾਂ ਜੋ ਕਿ ਹੋਰ ਪੁਸਤਕਮਾਲਾਵਾਂ ਦੇ ਅੰਤਰਗਤ ਨਹੀਂ ਸਵੀਕਾਰ ਕੀਤੀਆਂ ਜਾ ਸਕਦੀਆਂ 'ਫੁਟਕਲ ਪੁਸਤਕਾਂ' ਦੇ ਰੂਪ ਵਿਚ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ ।

## ਸਾਧਾਰਣ ਵਿਗਿਆਨ ਪੁਸਤਕਮਾਲਾ

ਇਸ ਪੁਸਤਕਮਾਲਾ ਦਾ ਉਦੇਸ਼ ਆਮ ਪੜ੍ਹੇ-ਲਿਖੇ ਪਾਠਕਾਂ ਨੂੰ ਆਲੇ-ਦੁਆਲੇ ਦੀ ਦੁਨੀਆਂ ਅਤੇ ਵਿਗਿਆਨ ਦੀ ਉੱਨਤੀ ਨੂੰ ਸਮਝਣ ਵਿਚ ਮਦਦ ਕਰਨਾ ਅਤੇ ਨੈਤਿਕ ਜੀਵਨ ਵਿਚ ਵਿਗਿਆਨ ਅਤੇ ਸਾਇੰਸ ਦੁਆਰਾ ਨਿਭਾਈ ਜਾਣ ਵਾਲੀ ਭੂਮਿਕਾ ਤੋਂ ਜਾਣੂ ਕਰਵਾਉਣਾ ਹੈ । ਇਥੇ ਵੀ ਸੰਭਵ ਹੈ, ਇਨ੍ਹਾਂ ਪੁਸਤਕਾਂ ਵਿਚ ਸੰਬੰਧਿਤ ਖੇਤਰ ਵਿਚ ਭਾਰਤ ਦੇ ਯੋਗਦਾਨ 'ਤੇ ਵੀ ਰੌਸ਼ਨੀ ਪਾਈ ਜਾਂਦੀ ਹੈ । ਇਸ ਪੁਸਤਕਮਾਲਾ ਦੀਆਂ ਪੁਸਤਕਾਂ ਸਪੱਸ਼ਟ ਅਤੇ ਸਰਲ ਸ਼ੈਲੀ ਵਿਚ ਲਿਖੀਆਂ ਜਾਂਦੀਆਂ ਹਨ ਅਤੇ ਇਨ੍ਹਾਂ ਵਿਚ ਰੋਜ਼ਾਨਾ ਜੀਵਨ ਨਾਲ ਸੰਬੰਧਿਤ ਪੁਸਤਕਾਂ ਨੂੰ ਵੀ ਸ਼ਾਮਲ ਕੀਤਾ ਜਾਂਦਾ ਹੈ । ਖ਼ਾਕਾ, ਰੇਖਾ-ਚਿੱਤਰ ਅਤੇ ਛਾਇਆ-ਚਿੱਤਰ ਪੜ੍ਹਨਯੋਗ ਸਮੱਗਰੀ ਨੂੰ ਹੋਰ ਵੀ ਸਪੱਸ਼ਟ ਕਰਦੇ ਹਨ ।

## ਭਾਰਤ-ਦੇਸ਼ ਦੇ ਲੋਕ

ਇਸ ਪੁਸਤਕਮਾਲਾ ਦੀਆਂ ਪੁਸਤਕਾਂ ਭਾਰਤ ਨੂੰ ਮਿਸ਼ਰਤ ਅਤੇ ਸਜੀਵ ਰੂਪ ਦੇਣ ਵਾਲੇ ਕਈ ਰੂਪ ਭੌਤਿਕ ਵਾਤਾਵਰਣ, ਵਿਵਿਧ ਸਾਂਸਕ੍ਰਿਤਿਕ ਪਰੰਪਰਾਵਾਂ ਅਤੇ ਬਨਸਪਤੀ ਤੇ ਪਸ਼ੂ-ਪੰਛੀ ਜਗਤ ਦੀ ਜਾਣਕਾਰੀ ਦਿੰਦੀਆਂ ਹਨ । ਵਿਸ਼ੇਸ਼ੱਗਾਂ ਦੁਆਰਾ ਸਪੱਸ਼ਟ, ਸਰਲ ਅਤੇ ਗ਼ੈਰ-ਤਕਨੀਕੀ ਭਾਸ਼ਾ-ਸ਼ੈਲੀ ਵਿਚ ਲਿਖੀਆਂ ਇਹ ਪੁਸਤਕਾਂ ਅਜਿਹੇ ਪਾਠਕਾਂ ਨੂੰ ਪ੍ਰਮਾਣਿਕ ਅਤੇ ਮੁਕੰਮਲ ਜਾਣਕਾਰੀ ਦਿੰਦੀਆਂ ਹਨ ਜੋ ਆਮ ਕਰਕੇ ਵਿਸ਼ੇ ਤੋਂ ਜਾਣੂ ਨਹੀਂ ਹੁੰਦੇ ।

## ਨੌਜਵਾਨ ਭਾਰਤ ਪੁਸਤਕਮਾਲਾ

ਨੌਜਵਾਨ ਭਾਰਤ ਪੁਸਤਕਮਾਲਾ ਦੇ ਅੰਤਰਗਤ ਪੁਸਤਕਾਂ ਪ੍ਰਕਾਸ਼ਿਤ ਕਰਨ ਦਾ ਮੁੱਖ ਮੰਤਵ 18 ਸਾਲ ਦੀ ਉਮਰ ਦੇ ਨੌਜਵਾਨ ਪਾਠਕਾਂ ਨੂੰ ਉਨ੍ਹਾਂ ਸਮਾਜਿਕ, ਆਰਥਿਕ ਤੇ ਰਾਜ-ਨੀਤਕ ਸੰਕਲਪਾਂ, ਮੁੱਦਿਆਂ ਅਤੇ ਵਿਕਲਪਾਂ ਤੋਂ ਜਾਣੂ ਕਰਾਉਣਾ ਹੈ ਜਿਨ੍ਹਾਂ ਦਾ ਸਾਹਮਣਾ ਉਨ੍ਹਾਂ ਨੂੰ ਆਉਣ ਵਾਲੇ ਸਾਲਾਂ ਵਿਚ ਕਰਨਾ ਪਵੇਗਾ । ਇਸ ਪੁਸਤਕਮਾਲਾ ਵਿਚ ਦਲੇਰੀ ਭਰੇ ਕਾਰਨਾਮਿਆਂ, ਯਾਤਰਾਵਾਂ ਦੇ ਬਿਰਤਾਂਤ ਅਤੇ ਰੁਜ਼ਗਾਰ ਦੇ ਮੌਕਿਆਂ ਨਾਲ ਸੰਬੰਧਿਤ ਵਿਸ਼ਿਆਂ 'ਤੇ ਵੀ ਪੁਸਤਕਾਂ ਸ਼ਾਮਲ ਕੀਤੀਆਂ ਜਾਂਦੀਆਂ ਹਨ ।

## ਭਾਰਤ ਦੀ ਲੋਕਧਾਰਾ

ਇਹ ਪੁਸਤਕਾਂ ਇਕ ਖੇਤਰ ਦੇ ਪਾਠਕਾਂ ਨੂੰ ਦੇਸ਼ ਦੇ ਹੋਰ ਖੇਤਰਾਂ ਦੀ ਉਸ ਲੋਕ-ਸੰਸਕ੍ਰਿਤੀ ਅਤੇ ਸਾਹਿਤ ਤੋਂ ਜਾਣੂ ਕਰਾਉਂਦੀਆਂ ਹਨ ਜਿਸ ਨੇ ਉਸ ਖੇਤਰ ਦੇ ਲੋਕਾਂ ਨੂੰ ਵੱਖਰੀ ਸਾਂਸਕ੍ਰਿਤਿਕ ਪਛਾਣ ਦਿੱਤੀ ਹੈ । ਇਸ ਪੁਸਤਕਮਾਲਾ ਦੀਆਂ ਪੁਸਤਕਾਂ ਵਿਚ ਸੰਬੰਧਿਤ ਖੇਤਰ, ਇਥੋਂ ਦੇ ਲੋਕ, ਮਿੱਥ, ਪੌਰਾਣਿਕ ਕਥਾਵਾਂ, ਧਰਮ, ਰੀਤੀ-ਰਿਵਾਜ, ਪਰੰਪਰਾਵਾਂ, ਮੇਲੇ, ਤੀਜ-ਤਿਉਹਾਰ, ਸੰਗੀਤ, ਨਾਟ-ਕਲਾ ਅਤੇ ਸ਼ਿਲਪ, ਲੋਕ-ਸਾਹਿਤ ਆਦਿ ਦਾ ਵਰਣਨ ਕੀਤਾ ਜਾਂਦਾ ਹੈ । ਦੇਸ਼ ਅਤੇ ਵਿਦੇਸ਼ ਦੀਆਂ ਲੋਕ-ਕਥਾਵਾਂ ਦੇ ਸੰਗ੍ਰਹਿਆਂ ਦਾ ਪ੍ਰਕਾਸ਼ਨ ਕਰਕੇ ਹੁਣ ਇਸ ਪੁਸਤਕਮਾਲਾ ਨੂੰ ਨਵਾਂ ਰੂਪ ਦਿੱਤਾ ਗਿਆ ਹੈ ।

## ਰਾਸ਼ਟਰੀ ਜੀਵਨੀਆਂ ਦੀ ਲੜੀ

ਰਾਸ਼ਟਰੀ ਜੀਵਨੀਆਂ ਦੀ ਲੜੀ ਪੁਸਤਕਮਾਲਾ ਦਾ ਉਦੇਸ਼ ਭਾਰਤ ਦੇ ਅਜਿਹੇ ਵਿਅਕਤੀਆਂ ਅਤੇ ਇਸਤਰੀਆਂ ਦੇ ਜੀਵਨ ਚਰਿੱਤਰ ਨੂੰ ਪ੍ਰਕਾਸ਼ਿਤ ਕਰਨਾ ਹੈ ਜਿਨ੍ਹਾਂ ਨੇ ਭਾਰਤੀ ਸਮਾਜ, ਸੰਸਕ੍ਰਿਤੀ, ਵਿਗਿਆਨ, ਅਰਥ-ਪ੍ਰਬੰਧ ਅਤੇ ਰਾਜ-ਪ੍ਰਬੰਧ ਦੇ ਨਾਲ ਹੀ ਆਧੁਨਿਕ ਚਿੰਤਨ ਦੇ ਵਿਕਾਸ ਵਿਚ ਅਦੁੱਤੀ ਯੋਗਦਾਨ ਦਿੱਤਾ ਹੈ । ਇਨ੍ਹਾਂ ਪੁਸਤਕਾਂ ਵਿਚ ਸੰਬੰਧਿਤ ਵਿਅਕਤੀਆਂ ਦੇ ਜੀਵਨ ਤੇ ਕਾਲ ਦਾ ਪ੍ਰਮਾਣਿਕ ਮੁੱਢਲਾ ਵਿਸਤ੍ਰਿਤ ਅਤੇ ਵਿਸ਼ਲੇਸ਼ਣਾਤਮਕ ਵੇਰਵਾ ਹੁੰਦਾ ਹੈ । ਹੁਣ ਇਹ ਵੀ ਸੋਚਿਆ ਗਿਆ ਹੈ ਕਿ ਕਲਾਤਮਕ ਵਿਧਾਵਾਂ, ਸਮਾਜਿਕ ਅਤੇ ਸਾਂਸਕ੍ਰਿਤਿਕ ਸੰਕਲਨਾਂ ਅਤੇ ਬੌਧਿਕ ਪ੍ਰਵਿਰਤੀਆਂ ਨੂੰ ਉਜਾਗਰ ਕਰਨ ਵਾਲੀਆਂ ਜੀਵਨੀਆਂ ਦਾ ਪ੍ਰਕਾਸ਼ਨ ਵੀ ਪੁਸਤਕਮਾਲਾ ਦੇ ਅੰਤਰਗਤ ਕੀਤਾ ਜਾਵੇ ।

## ਨਹਿਰੂ ਬਾਲ ਪੁਸਤਕਮਾਲਾ

ਨਹਿਰੂ ਬਾਲ ਪੁਸਤਕਮਾਲਾ ਦਾ ਉਦੇਸ਼ ਰੌਚਿਕ ਤੇ ਜਾਣਕਾਰੀ ਭਰਪੂਰ ਸਾਹਿਤ ਦੇ ਇਕ ਅਮੀਰ ਭੰਡਾਰ ਦਾ ਵਿਕਾਸ ਕਰਨਾ ਹੈ ਜਿਸ ਨੂੰ ਬੱਚੇ ਆਪਣੀ ਇੱਛਾ ਅਨੁਸਾਰ ਪੜ੍ਹ ਸਕਣ । ਸਮੁੱਚੇ ਦੇਸ਼ ਦੇ ਬੱਚਿਆਂ ਨੂੰ ਉਨ੍ਹਾਂ ਦੀ ਮਾਂ-ਬੋਲੀ ਵਿਚ ਵਿਭਿੰਨ ਵਿਸ਼ਿਆਂ 'ਤੇ ਇਕੋ ਜਿਹੀ ਪਠਨ-ਸਮੱਗਰੀ ਉਪਲਬਧ ਕਰਾ ਕੇ ਇਹ ਪੁਸਤਕਮਾਲਾ ਰਾਸ਼ਟਰੀ ਏਕਤਾ ਨੂੰ ਵੀ ਉਤਸ਼ਾਹ ਦਿੰਦੀ ਹੈ ।

ਇਸ ਪੁਸਤਕਮਾਲਾ ਦੀਆਂ ਪੁਸਤਕਾਂ ਚਾਰ ਉਮਰ ਵਰਗਾਂ ਅਰਥਾਤ ਸਕੂਲ ਜਾਣ ਦੀ ਉਮਰ ਤੋਂ ਛੋਟੇ ਬੱਚਿਆਂ, 6-8 ਸਾਲ, 9-11 ਸਾਲ ਅਤੇ 12 ਤੋਂ 14 ਸਾਲ ਦੇ ਬੱਚਿਆਂ ਦੀਆਂ ਜ਼ਰੂਰਤਾਂ ਪੂਰੀਆਂ ਕਰਦੀਆਂ ਹਨ । ਇਨ੍ਹਾਂ ਪੁਸਤਕਾਂ ਨੂੰ ਆਕਰਸ਼ਕ ਬਣਾਉਣ ਲਈ ਸਚਿੱਤਰ ਅਤੇ ਰੰਗੀਨ ਚਿੱਤਰਾਂ ਵੱਲ ਖ਼ਾਸ ਧਿਆਨ ਦਿੱਤਾ ਜਾਂਦਾ ਹੈ । ਸਕੂਲ ਜਾਣ ਦੀ

ਉਮਰ ਤੋਂ ਛੋਟੇ ਬੱਚਿਆਂ ਦੀਆਂ ਪੁਸਤਕਾਂ ਵਿਚ ਜੇ ਕੁਝ ਸ਼ਬਦ ਦਿੱਤੇ ਜਾਂਦੇ ਹਨ ਤਾਂ ਉਹ ਬਹੁਰੰਗੀ ਤਸਵੀਰਾਂ ਦੇ ਸਹਾਇਕ ਮਾਤਰ ਹੁੰਦੇ ਹਨ ।

### ਏਸ਼ੀਆ-ਪ੍ਰਸ਼ਾਂਤ ਸਹਿ-ਪ੍ਰਕਾਸ਼ਨ

ਏਸ਼ੀਆਈ ਲੇਖਕਾਂ ਦੁਆਰਾ ਏਸ਼ੀਆਈ ਬੱਚਿਆਂ ਦੇ ਲਈ ਪੁਸਤਕਾਂ ਤਿਆਰ ਕਰਵਾਉਣ ਦਾ ਇਹ ਯੂਨੈਸਕੋ ਦਾ ਇਕ ਮਹੱਤਵਪੂਰਣ ਯਤਨ ਹੈ । ਜੇ ਕੋਰੀਆ ਦੇ ਬੱਚੇ ਸ੍ਰੀਲੰਕਾ ਦੇ ਬੱਚਿਆਂ ਨਾਲ ਆਪਣੀਆਂ ਭਾਵਨਾਵਾਂ ਦਾ ਆਦਾਨ-ਪ੍ਰਦਾਨ ਕਰਨ ਤਾਂ ਇਹ ਕੋਈ ਛੋਟੀ ਪ੍ਰਾਪਤੀ ਨਹੀਂ ਹੈ । ਜਦ ਭਾਰਤ ਅਤੇ ਪਾਕਿਸਤਾਨ ਦੇ ਸੰਪਾਦਕ ਮਿਲ ਕੇ ਕੰਮ ਕਰਦਿਆਂ ਸਾਡੇ ਮਹਾਂਦੀਪ ਦੇ ਲਗਪਗ 20 ਦੇਸ਼ਾਂ ਦੇ ਬੱਚਿਆਂ ਦੇ ਲਈ ਪੁਸਤਕਾਂ ਤਿਆਰ ਕਰਨ ਤਾਂ ਕਿਹਾ ਜਾ ਸਕਦਾ ਹੈ ਕਿ ਇਹ ਇਕ ਬਹੁਤ ਵੱਡੀ ਅਤੇ ਨਵੀਂ ਸ਼ੁਰੂਆਤ ਹੈ । ਤਹਿਰਾਨ ਤੋਂ ਟੋਕੀਓ ਤੱਕ ਅਨੇਕ ਦੇਸ਼ ਮਿਲ ਕੇ ਸ਼ਬਦ ਨੂੰ ਇਸ ਤਰ੍ਹਾਂ ਪਰੋਂਦੇ ਹਨ ਕਿ ਪੂਰੇ ਸੰਸਾਰ ਦੇ ਨਾ ਸਹੀ ਪੂਰੇ ਮਹਾਂਦੀਪ ਦੇ ਬੱਚੇ ਉਨ੍ਹਾਂ ਨੂੰ ਪੜ੍ਹਨਾ ਪਸੰਦ ਕਰਦੇ ਹਨ । ਇਹ ਪੁਸਤਕਾਂ ਵਿਚਾਰਾਂ ਵਿਚਾਲੇ ਪੁਲ ਦਾ ਕੰਮ ਕਰਨ ਅਤੇ ਇਸ ਵਿਸ਼ਾਲ ਮਹਾਂਦੀਪ ਵਿਚ ਮਿਲਦੀ-ਜੁਲਦੀ ਸੰਸਕ੍ਰਿਤੀ ਦਾ ਨਿਰਮਾਣ ਕਰਨ ਦੀ ਦਿਸ਼ਾ ਵਿਚ ਮਹੱਤਵਪੂਰਣ ਕਦਮ ਹੈ । ਇਹ ਅੱਜ ਦੇ ਏਸ਼ੀਆ ਦਾ ਉੱਤਮ ਸਾਹਿਤ ਹੈ ।

### ਨਵਸਾਖਰ ਸਾਹਿਤਮਾਲਾ

ਇਸ ਪੁਸਤਕਮਾਲਾ ਦੇ ਅੰਤਰਗਤ ਵਧੇਰੇ ਪੁਸਤਕਾਂ ਸਥਾਨਕ ਲੋਕਾਂ ਦੀ ਹਿੱਸੇਦਾਰੀ ਨਾਲ ਪੇਂਡੂ ਖੇਤਰਾਂ ਵਿਚ ਆਯੋਜਿਤ ਕਾਰਜਸ਼ਾਲਾਵਾਂ ਵਿਚ ਤਿਆਰ ਕੀਤੀਆਂ ਜਾਂਦੀਆਂ ਹਨ । ਲੇਖਕਾਂ/ਮਾਹਿਰਾਂ ਨੂੰ ਵੀ ਪੁਸਤਕ ਲਿਖਣ ਦਾ ਕੰਮ ਸੌਂਪਿਆ ਜਾਂਦਾ ਹੈ ਤੇ ਪੁਸਤਕਾਂ ਦਾ ਰੂਪਾਂਤਰਣ ਅਤੇ ਸੰਖੇਪ ਵੀ ਕਰਾਇਆ ਜਾਂਦਾ ਹੈ । ਪੁਸਤਕਾਂ ਨੂੰ ਨਵਸਾਖਰਤਾ ਦੀਆਂ ਜ਼ਰੂਰਤਾਂ ਦੇ ਅਨੁਕੂਲ ਬਣਾਉਣ ਲਈ ਇਨ੍ਹਾਂ ਪੁਸਤਕਾਂ ਨੂੰ ਉਨ੍ਹਾਂ ਦੀ ਜਾਣੀ-ਪਛਾਣੀ ਭਾਸ਼ਾ ਵਿਚ ਲਿਖਿਆ ਜਾਂਦਾ ਹੈ ਅਤੇ ਨਵਸਾਖਰਾਂ ਦੁਆਰਾ ਪੜ੍ਹਾ ਕੇ ਉਨ੍ਹਾਂ ਨੂੰ ਅੰਤਿਮ ਰੂਪ ਦਿੱਤਾ ਜਾਂਦਾ ਹੈ । ਇਨ੍ਹਾਂ ਪੁਸਤਕਾਂ ਵਿਚ ਤਸਵੀਰਾਂ ਵੀ ਦਿੱਤੀਆਂ ਜਾਂਦੀਆਂ ਹਨ ।

### ਅਖੰਡ ਸਿੱਖਿਆ ਪੁਸਤਕਮਾਲਾ

ਦੇਸ਼ ਦੀ ਆਜ਼ਾਦੀ ਦੇ ਪੰਜਾਹ ਵਰ੍ਹੇ ਪੂਰੇ ਹੋਣ 'ਤੇ ਵਿਭਿੰਨ ਭਾਰਤੀ ਭਾਸ਼ਾਵਾਂ ਵਿਚ ਪੇਂਡੂ ਪਾਠਕਾਂ ਲਈ ਪੁਸਤਕਾਂ ਵੀ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ । ਹੁਣ ਤੱਕ ਇਸ ਪੁਸਤਕਮਾਲਾ ਦੇ ਅੰਤਰਗਤ ਪੰਜਾਬੀ ਵਿੱਚ 31 ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ ।

### ਸਿਰਜਨਾਤਮਕ ਸਿੱਖਿਆ ਪੁਸਤਕਮਾਲਾ

ਟਰੱਸਟ ਵੱਲੋਂ ਇਹ ਪੁਸਤਕ ਲੜੀ ਸਿਰਜਨਾਤਮਕ ਸਿੱਖਿਆ ਨਾਲ ਸੰਬੰਧਿਤ ਹੈ । ਇਸ ਪੁਸਤਕਮਾਲਾ ਦੇ ਅੰਤਰਗਤ ਹੁਣ ਪੰਜਾਬੀ ਵਿੱਚ 4 ਮਹੱਤਵਪੂਰਣ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ ।

### ਵਿਸ਼ਵ ਸਾਹਿਤ ਪੁਸਤਕਮਾਲਾ

ਆਜ਼ਾਦੀ ਤੋਂ ਬਾਅਦ ਦੇ ਸਮੇਂ ਵਿਚ ਪ੍ਰਕਾਸ਼ਿਤ ਮੂਲ ਰੂਪ ਵਿਚ ਵਿਭਿੰਨ ਭਾਰਤੀ ਭਾਸ਼ਾਵਾਂ ਵਿਚ ਲਿਖੇ ਚੋਣਵੇਂ ਨਾਵਲਾਂ ਨੂੰ ਹੁਣ ਅੰਗਰੇਜ਼ੀ ਵਿਚ ਵੀ ਅਨੁਵਾਦ ਤੇ ਪ੍ਰਕਾਸ਼ਿਤ ਕੀਤਾ ਜਾ

ਰਿਹਾ ਹੈ ਤਾਂ ਕਿ ਨਾ ਸਿਰਫ਼ ਉਹ ਦੇਸ਼ ਦੇ ਅੰਗਰੇਜ਼ੀ ਪਾਠਕਾਂ ਨੂੰ ਹੀ ਉਪਲਬਧ ਹੋਣ ਸਗੋਂ ਉਨ੍ਹਾਂ ਨੂੰ ਅੰਤਰਰਾਸ਼ਟਰੀ ਮੰਚ ਅਤੇ ਪਾਠਕ ਵਰਗ ਵੀ ਮਿਲੇ। ਇਸ ਨਾਲ ਵਿਦੇਸ਼ੀ ਭਾਸ਼ਾਵਾਂ ਵਿਚ ਉਨ੍ਹਾਂ ਦੇ ਅਨੁਵਾਦ ਦੀਆਂ ਸੰਭਾਵਨਾਵਾਂ ਵੀ ਵਧ ਜਾਣਗੀਆਂ। ਹੁਣ ਤਕ ਟਰੱਸਟ ਵੱਲੋਂ ਅੰਗਰੇਜ਼ੀ ਵਿਚ 25 ਨਾਵਲ ਅਤੇ 5 ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਚੋਣਵੀਆਂ ਕਹਾਣੀਆਂ ਦੇ ਭਾਸ਼ਾਵਾਰ ਸੰਗ੍ਰਹਿ ਵੀ ਅੰਗਰੇਜ਼ੀ ਵਿਚ ਸੰਪਾਦਿਤ ਅਤੇ ਪ੍ਰਕਾਸ਼ਿਤ ਕੀਤੇ ਜਾ ਰਹੇ ਹਨ। ਹੁਣ ਤੱਕ ਅੰਗਰੇਜ਼ੀ ਵਿਚ ਛੇ ਕਹਾਣੀ-ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਵਿਦੇਸ਼ੀ ਭਾਸ਼ਾਵਾਂ ਦੇ ਦੋ ਕਹਾਣੀ-ਸੰਗ੍ਰਹਿ ਪੰਜਾਬੀ ਵਿਚ ਪ੍ਰਕਾਸ਼ਿਤ ਕੀਤੇ ਗਏ ਹਨ।

## ਲੋਕਉਪਯੋਗੀ ਸਮਾਜਿਕ ਵਿਗਿਆਨ

ਇਸ ਪੁਸਤਕਮਾਲਾ ਦੇ ਅੰਤਰਗਤ ਆਮ ਪਾਠਕਾਂ ਲਈ ਸਮਾਜਿਕ ਵਿਗਿਆਨ ਦੇ ਲੋਕ-ਪ੍ਰਿਅ ਵਿਚਾਰ ਅਤੇ ਮਾਨਤਾਵਾਂ 'ਤੇ ਆਧਾਰਿਤ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ।

## ਭਾਰਤੀ ਡਾਇਸਪੋਰਾ ਅਧਿਐਨ

ਇਸ ਪੁਸਤਕਮਾਲਾ ਦੇ ਅੰਤਰਗਤ ਦੁਨੀਆਂ ਦੇ ਵੱਖ-ਵੱਖ ਭਾਗਾਂ ਵਿਚ ਰਹਿ ਰਹੇ ਭਾਰਤੀ ਅਪ੍ਰਵਾਸੀ ਸਮੁਦਾਇ ਦੇ ਕੰਮਾਂ 'ਤੇ ਕੇਂਦ੍ਰਿਤ ਪੁਸਤਕਾਂ ਹੋਣਗੀਆਂ। ਇਸ ਦੇ ਅੰਤਰਗਤ ਗਿਆਨ ਦੇ ਵਿਭਿੰਨ ਤੰਤਰਾਂ ਜਿਵੇਂ ਲੇਖਣ, ਸਾਹਿਤ, ਸਮਾਜ ਸ਼ਾਸਤਰ, ਸੰਸਕ੍ਰਿਤੀ, ਦਰਸ਼ਨ ਆਦਿ ਉਤੇ ਪੈਣ ਵਾਲੇ ਅੰਤਰ-ਸਾਂਸਕ੍ਰਿਤਿਕ ਪ੍ਰਭਾਵ, ਵਿਸਥਾਪਨ ਆਦਿ ਦੇ ਪ੍ਰਭਾਵ ਦੀਆਂ ਮਹੱਤਵਪੂਰਨ ਵਿਸ਼ੇਸ਼ਤਾਵਾਂ ਨੂੰ ਬਾਹਰ ਲਿਆਉਣ ਦੀ ਕੋਸ਼ਿਸ਼ ਹੈ।

## ਸਵੈ-ਜੀਵਨੀ ਪੁਸਤਕਮਾਲਾ

ਇਸ ਪੁਸਤਕਮਾਲਾ ਦਾ ਉਦੇਸ਼ ਉਨ੍ਹਾਂ ਪੁਰਸ਼ਾਂ ਅਤੇ ਔਰਤਾਂ ਦੀਆਂ ਸਵੈ-ਜੀਵਨੀਆਂ ਪ੍ਰਕਾਸ਼ਿਤ ਕਰਨਾ ਹੈ ਜਿਨ੍ਹਾਂ ਨੇ ਸਮਾਜ, ਸੰਸਕ੍ਰਿਤੀ, ਵਿਗਿਆਨ, ਅਰਥ-ਵਿਵਸਥਾ ਅਤੇ ਰਾਜਨੀਤੀ ਦੇ ਖੇਤਰ ਵਿਚ, ਆਧੁਨਿਕ ਚਿੰਤਨ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ।

## ਬਰੇਲ ਪੁਸਤਕਾਂ

ਟਰੱਸਟ ਨੇ ਨੇਤਰਹੀਣ ਪਾਠਕਾਂ ਲਈ ਬਰੇਲ ਵਿਚ ਅੰਗਰੇਜ਼ੀ, ਹਿੰਦੀ, ਤਾਮਿਲ, ਗੁਜਰਾਤੀ, ਕੰਨੜ, ਮਲਿਆਲਮ ਅਤੇ ਮਰਾਠੀ ਦੀਆਂ 240 ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਹਨ। ਇਹ ਪੁਸਤਕਮਾਲਾ 1999 ਵਿਚ 10 ਪੁਸਤਕਾਂ ਪ੍ਰਕਾਸ਼ਿਤ ਕਰਨ ਨਾਲ ਸ਼ੁਰੂ ਕੀਤੀ ਗਈ ਸੀ। ਬਰੇਲ ਪੁਸਤਕਾਂ 'ਆਲ ਇੰਡੀਆ ਕੰਨਫਡਰੇਸ਼ਨ ਆਫ ਦੀ ਬਲਾਈਂਡ' ਦੇ ਦਫ਼ਤਰ ਬਰੇਲ ਭਵਨ, ਇੰਸਟੀਚਿਊਸ਼ਨਲ ਏਰੀਆ, ਸੈਕਟਰ-5, ਰੋਹਿਣੀ, ਦਿੱਲੀ-85 ਤੋਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ।

## ਨਵੀਆਂ ਪ੍ਰਕਾਸ਼ਿਤ ਪੁਸਤਕਾਂ

ਹਰ ਵਰ੍ਹੇ ਨਵੀਆਂ ਪ੍ਰਕਾਸ਼ਿਤ ਪੁਸਤਕਾਂ ਬਾਰੇ ਜਾਣਕਾਰੀ।

## ਆਦਾਨ-ਪ੍ਰਦਾਨ ਪੁਸਤਕਮਾਲਾ

**1. ਚੋਣਵੇਂ ਪੰਜਾਬੀ ਨਿਬੰਧ** : ਡਾ. ਅਮਰ ਕੋਮਲ (ਸੰਪਾਦਕ)

*ਮੂਲ ਪੰਜਾਬੀ* *ਸਫ਼ੇ : 472 ਕੀਮਤ : 495.00*

ਪੰਜਾਬੀ ਵਾਰਤਕ ਦੇ ਮੁੱਢਲੇ ਸਰੂਪ ਵਿਚੋਂ ਹੌਲੇ-ਹੌਲੇ ਲੇਖ (Article) ਤੋਂ ਲੈ ਕੇ ਵੱਖ-ਵੱਖ ਨਿਰਧਾਰਿਤ ਵਿਸ਼ਿਆਂ ਨੂੰ ਲੈ ਕੇ ਲਿਖੇ ਲੇਖਾਂ (Essays) ਵਿੱਚੋਂ ਹੀ ਨਿਰੋਲ ਸਾਹਿਤਕ ਨਿਬੰਧ ਦਾ ਜਨਮ ਹੋਇਆ ਹੈ । ਇਤਿਹਾਸ ਉਪਰ ਝਾਤ ਮਾਰਦਿਆਂ ਨਿਬੰਧ ਦੀ ਪਰਖ-ਪਹਿਚਾਣ ਕਰਨੀ ਹੋਰ ਵੀ ਔਖੀ ਪ੍ਰੀਖਿਆ ਹੈ; ਜਦਕਿ ਵਾਰਤਕ ਦੇ ਵਰਤਮਾਨ ਸਰੂਪ ਵਿੱਚ ਸਮਾਜ ਸੁਧਾਰ, ਧਾਰਮਿਕ ਉੱਥਾਨ ਤੇ ਪ੍ਰਚਾਰ, ਗਿਆਨ-ਵਿਗਿਆਨ, ਰਾਜਨੀਤੀ, ਪੱਤ੍ਰਕਾਰਿਤਾ ਦੇ ਵਿਸ਼ੇ, ਯਾਤਰਾਵਾਂ, ਜੀਵਨੀ, ਸਵੈ-ਜੀਵਨੀ ਆਦਿ ਰੂਪ ਲਿਖੇ ਜਾਣੇ ਆਰੰਭ ਹੋਏ ਹਨ । ਫਿਰ ਵੀ ਸੰਪਾਦਕ ਨੇ 'ਪੁਰਾਣਾ ਮਾਖਿਓਂ' ਅਤੇ 'ਨਵਾਂ ਚਾਨਣ' ਸਿਰਲੇਖ ਅਧੀਨ 58 ਨਿਬੰਧ ਚੁਣ ਕੇ ਇਹ ਗੁਲਦਸਤਾ ਤਿਆਰ ਕੀਤਾ ਹੈ ।

ISBN 81-237-6949-3

**2. ਮਨਿੰਦਰ ਸਿੰਘ ਕਾਂਗ ਦੀਆਂ ਚੋਣਵੀਆਂ ਕਹਾਣੀਆਂ** : ਬਲਦੇਵ ਸਿੰਘ 'ਬੱਦਨ' (ਸੰਪਾਦਕ)

*ਮੂਲ ਪੰਜਾਬੀ* *ਸਫ਼ੇ : 256 ਕੀਮਤ : 175.00*

ਇਸ ਸੰਗ੍ਰਹਿ ਵਿਚ ਮਨਿੰਦਰ ਕਾਂਗ ਦੀਆਂ ਬਾਰ੍ਹਾਂ ਕਹਾਣੀਆਂ ਸ਼ਾਮਿਲ ਕੀਤੀਆਂ ਗਈਆਂ ਹਨ। ਉਸ ਦੀਆਂ ਕਹਾਣੀਆਂ ਵਿਚ ਕਲਪਨਾ ਨਾਲੋਂ ਯਥਾਰਥ ਦੀ ਸੁਰ ਜ਼ਿਆਦਾ ਭਾਰੂ ਹੈ। ਉਹ ਆਪਣੀਆਂ ਕਹਾਣੀਆਂ ਦੇ ਵਿਸ਼ੇ-ਵਸਤੂ ਆਪਣੇ ਆਲੇ-ਦੁਆਲੇ ਫੈਲੇ ਹੋਏ ਸੱਚ, ਸਮਾਜਕ ਕੁਰੀਤੀਆਂ ਤੇ ਰਾਜਨੀਤੀ ਦੀਆਂ ਕੋਹਜੀਆਂ ਚਾਲਾਂ ਤੇ ਭੋਲੇ-ਭਾਲੇ ਲੋਕਾਂ ਦੀ ਲੁੱਟ-ਖਸੁੱਟ ਵਿਚੋਂ ਚੁਣਦਾ ਹੈ ਤੇ ਆਪਣੀ ਗੱਲ ਕਹਿਣ ਵਿਚ ਪੂਰੀ ਤਰ੍ਹਾਂ ਕਾਮਯਾਬ ਰਹਿੰਦਾ ਹੈ। ISBN 81-237-6953-0

**3. ਪੰਜਾਬੀ ਪਰਵਾਸੀਆਂ ਦੀਆਂ ਕਹਾਣੀਆਂ** : ਜਿੰਦਰ, ਬਲਦੇਵ ਸਿੰਘ ਬੱਦਨ (ਸੰਪਾਦਕ)

*ਮੂਲ ਪੰਜਾਬੀ* *ਸਫ਼ੇ : 572 ਕੀਮਤ : 345.00*

ਇਸ ਸੰਗ੍ਰਹਿ ਵਿਚ ਇੰਗਲੈਂਡ, ਕਨੇਡਾ ਅਤੇ ਅਮਰੀਕਾ ਵਿਚ ਰਹਿੰਦੇ 48 ਕਹਾਣੀਕਾਰਾਂ ਦੀਆਂ ਕਹਾਣੀਆਂ ਨੂੰ ਸ਼ਾਮਲ ਕੀਤਾ ਗਿਆ ਹੈ । ਇਨ੍ਹਾਂ ਕਹਾਣੀਆਂ ਵਿਚ ਭੂ-ਹੇਰਵਾ, ਨਸਲਵਾਦ, ਸਭਿਆਚਾਰਕ ਤਣਾਅ, ਪੀੜ੍ਹੀ-ਪਾੜਾ, ਔਨਰ ਕਿਲਿੰਗ ਆਦਿ ਵਿਸ਼ਿਆਂ ਨੂੰ ਛੂਹਿਆ ਗਿਆ ਹੈ । ISBN 81-237-6929-8

**4. ਰਘਬੀਰ ਢੰਡ ਦੀਆਂ ਚੋਣਵੀਆਂ ਕਹਾਣੀਆਂ** : ਜਿੰਦਰ (ਸੰਪਾਦਕ)

*ਮੂਲ ਪੰਜਾਬੀ* *ਸਫ਼ੇ : 284 ਕੀਮਤ : 305.00*

ਰਘਬੀਰ ਢੰਡ ਆਪਣੇ ਪਾਤਰਾਂ ਦੇ ਵਿਅਕਤੀਗਤ ਤੇ ਜਮਾਤੀ ਸੰਘਰਸ਼ ਦੀ ਸੰਵੇਦਨਾ ਤੇ ਵੇਦਨਾ ਨੂੰ ਸਭਿਆਚਾਰ ਦੇ ਸਾਰੇ ਅੰਤਰ-ਵਿਰੋਧਾਂ ਨੂੰ ਪ੍ਰਗਤੀਵਾਦੀ, ਯਥਾਰਥਵਾਦ ਦੀ ਦ੍ਰਿਸ਼ਟੀ ਤੋਂ ਵਿਚਾਰਧਾਰਕ ਗਹਿਰਾਈਆਂ ਸਮੇਤ ਸਿਰਜਦਾ ਹੈ । ਪੁਸਤਕ ਵਿਚ ਢੰਡ ਦੀਆਂ 23 ਕਹਾਣੀਆਂ ਸ਼ਾਮਲ ਹਨ ਹੈ । ISBN 978-81-237-6983-7

**5. ਮੰਨੂ ਭੰਡਾਰੀ ਦੀਆਂ ਚੋਣਵੀਆਂ ਕਹਾਣੀਆਂ** : ਮੰਨੂ ਭੰਡਾਰੀ

*ਅਨੁਵਾਦ : ਪ੍ਰੋ. ਪਵਨ ਗੁਲਾਟੀ* *ਸਫ਼ੇ : 228 ਕੀਮਤ : 155.00*

ਹਿੰਦੀ ਦੀ ਚਰਚਿਤ ਲੇਖਿਕਾ ਮੰਨੂ ਭੰਡਾਰੀ ਦਾ ਇਸਤ੍ਰੀ ਮਨ ਦੀਆਂ ਅਕਾਂਖਿਆਵਾਂ, ਪ੍ਰੇਮ, ਦੰਪਤੀ ਜੀਵਨ, ਪਰਿਵਾਰਕ-ਸਮਾਜਿਕ ਢਾਂਚੇ, ਦਿਖਾਵਟੀ ਆਧੁਨਿਕਤਾ ਦੇ ਬੁਰੇ ਪ੍ਰਭਾਵ ਆਦਿ ਵਿਸ਼ਿਆਂ 'ਤੇ ਲਿਖੀਆਂ ਗਈਆਂ ਕਹਾਣੀਆਂ ਦਾ ਅਨੂਠਾ ਸੰਗ੍ਰਹਿ ਹੈ ।

ISBN 978-81-237-6993-6

**7. ਹਿੰਦੁਸਤਾਨ-ਪਾਕਿਸਤਾਨ ਵੰਡ ਦੀਆਂ ਕਹਾਣੀਆਂ** : ਡਾ. ਬਲਦੇਵ ਸਿੰਘ 'ਬੱਦਨ'

*ਮੂਲ ਪੰਜਾਬੀ* *ਸਫ਼ੇ : 574 ਕੀਮਤ : 355.00*

ਇਹ ਪੁਸਤਕ ਦੇਸ਼ ਦੀ ਵੰਡ ਨਾਲ ਸੰਬੰਧਿਤ ਚਰਚਿਤ ਕਹਾਣੀਆਂ ਦਾ ਸਾਂਭਣਯੋਗ ਦਸਤਾ-ਵੇਜ਼ ਹੈ । ਇਹ ਕਹਾਣੀਆਂ ਉਨ੍ਹਾਂ ਸਭ ਘਟਨਾਵਾਂ ਨਾਲ ਸੰਬੰਧਿਤ ਹਨ, ਜੋ ਬਟਵਾਰੇ ਸਮੇਂ ਵਾਪਰੀਆਂ । ਇਨ੍ਹਾਂ ਕਹਾਣੀਆਂ ਦਾ ਅਮੀਰੀ ਗੁਣ ਇਹ ਹੈ ਕਿ ਸਭ ਕਹਾਣੀਕਾਰ ਸੰਪ੍ਰਦਾਇਕਤਾ ਦਾ ਵਿਰੋਧ ਕਰਦੇ ਹੋਏ ਮਾਨਵੀਅਤਾ ਦਾ ਪੱਖ ਲੈਂਦੇ ਹਨ । ਇਹ ਉਜਾੜੇ ਦੇ ਜ਼ਖ਼ਮਾਂ ਦੀ ਬਾਤ ਪਾਉਂਦੀਆਂ ਇਨਸਾਨੀ ਭਾਈਚਾਰੇ ਦਾ ਪੱਖ ਪੂਰਦੀਆਂ ਹਨ ।

ISBN 978-81-237-7026-0

**8. ਪੰਜਾਬੀ ਦਲਿਤ ਕਹਾਣੀਆਂ** : ਡਾ. ਬਲਦੇਵ ਸਿੰਘ 'ਬੱਦਨ' (ਸੰਪਾਦਕ)

*ਮੂਲ ਪੰਜਾਬੀ* *ਸਫ਼ੇ : 672 ਕੀਮਤ : 475.00*

ਇਸ ਸੰਗ੍ਰਹਿ ਵਿਚ ਸ਼ਾਮਲ ਕਹਾਣੀਆਂ 'ਚ ਜਾਤ-ਪਾਤ ਦੀ ਪਿੱਠਭੂਮੀ, ਇਸ ਦੇ ਪਿੱਛੇ ਕੰਮ ਕਰਦੀਆਂ ਸ਼ਕਤੀਆਂ ਤੇ ਇਸ ਦੇ ਮਾਰੂ ਪ੍ਰਭਾਵਾਂ ਨੂੰ ਉਲੀਕਿਆ ਹੈ । ਇਨ੍ਹਾਂ ਕਹਾਣੀਆਂ ਦਾ ਸਮਾਂ ਮਹਾਭਾਰਤ ਕਾਲ ਤੋਂ ਸ਼ੁਰੂ ਹੁੰਦਾ ਹੈ ਤੇ ਗਲੋਬਲੀ ਵਿਲੇਜ 'ਤੇ ਆ ਪਹੁੰਚਦਾ ਹੈ । ਸੰਗ੍ਰਹਿ ਵਿਚ ਪੰਜਾਬੀ ਦੇ 46 ਕਹਾਣੀਕਾਰਾਂ ਦੀਆਂ ਕਹਾਣੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ । ISBN 978-81-237-7025-3

**9. ਸਵੈ-ਇੱਛਾ** (ਤੈਲਗੂ) : ਓਲਗਾ

*ਅਨੁਵਾਦ : ਡਾ ਬਲਦੇਵ ਸਿੰਘ 'ਬੱਦਨ'* *ਸਫ਼ੇ : 160 ਕੀਮਤ : 130.00*

ਔਰਤਾਂ ਦੀ ਤਾਕਤ ਅਤੇ ਆਤਮਬੋਧ 'ਤੇ ਕੇਂਦ੍ਰਿਤ ਇਹ ਨਾਵਲ ਪਹਿਲੀ ਵਾਰ 1987 ਵਿਚ ਪ੍ਰਕਾਸ਼ਿਤ ਹੋਇਆ । ਨਾਵਲ ਦੀ ਕਥਾ-ਨਾਇਕਾ ਅਰੁਣਾ ਐਮ.ਏ. ਕਰ ਲੈਣ ਦੇ

ਬਾਵਜੂਦ  ਮਾਂ-ਬਾਪ ਅਤੇ ਭੂਆ ਦੀ ਇੱਛਾ ਦੇ ਵਿਰੁੱਧ ਖੁੱਲ੍ਹ ਕੇ ਨਹੀਂ ਬੋਲ ਸਕਦੀ। ਇਸ ਤੋਂ ਮੁਕਤੀ ਪਾਉਣ ਲਈ ਉਹ ਆਪਣੇ ਸਹਿਪਾਠੀ ਪ੍ਰਕਾਸ਼ਮ ਨਾਲ ਪ੍ਰੇਮ-ਵਿਆਹ ਕਰਨ ਦੀ ਹਿੰਮਤ ਕਰਦੀ ਹੈ। ISBN 978-81-237-7028-4

**10. ਉਪੇਂਦਰਨਾਥ ਅਸ਼ਕ ਦੀਆਂ ਚੋਣਵੀਆਂ ਕਹਾਣੀਆਂ** : ਨੀਲਾਭ (ਸੰਪਾਦਕ)

*ਅਨੁਵਾਦ : ਅਮੀਆ ਕੁੰਵਰ* *ਸਫ਼ੇ : 258 ਕੀਮਤ : 170.00*

ਹਿੰਦੀ-ਉਰਦੂ ਦੇ ਪ੍ਰੇਮ ਚੰਦ ਮਗਰੋਂ ਦੇ ਕਥਾ-ਸਾਹਿਤ ਦੇ ਕਥਾਕਾਰ ਉਪੇਂਦਰਨਾਥ ਅਸ਼ਕ (1910-1996) ਦੀ ਪਛਾਣ, ਬਹੁਵਿਧਾਵਾਦੀ ਰਚਨਾਕਾਰ ਹੋਣ ਦੇ ਬਾਵਜੂਦ ਕਥਾਕਾਰ ਦੇ ਰੂਪ ਵਿਚ ਹੀ ਹੈ। ਵਿਸ਼ੇ ਅਤੇ ਕੌਸ਼ਲ ਦੀ ਵਿਭਿੰਨਤਾ ਨਾਲ ਭਰੀਆਂ ਤੇਈ ਚੋਣਵੀਆਂ ਕਹਾਣੀਆਂ ਦਾ ਇਹ ਸੰਕਲਨ ਪ੍ਰੇਮਚੰਦ ਤੋਂ ਬਾਅਦ ਦੇ ਕਥਾ-ਸਾਹਿਤ ਦੇ ਮਰਮ ਨੂੰ ਗੰਭੀਰਤਾ ਨਾਲ ਸਮਝਣ ਲਈ ਇਕ ਮਹੱਤਵਪੂਰਨ ਪੁਸਤਕ ਹੈ।

ISBN 81-237-6837-3

**11. ਚੰਦਰਧਰ ਸ਼ਰਮਾ ਗੁਲੇਰੀ ਦੀਆਂ ਚਰਚਿਤ ਕਹਾਣੀਆਂ** : ਪੀਯੂਸ਼ ਗੁਲੇਰੀ, ਪ੍ਰਤਯੂਸ਼ ਗੁਲੇਰੀ (ਸੰਪਾਦਕ)

*ਅਨੁਵਾਦ : ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 70 ਕੀਮਤ : 60.00*

ਸਿਰਫ਼ ਤਿੰਨ ਕਹਾਣੀਆਂ ਲਿਖ ਕੇ ਹਿੰਦੀ ਕਥਾ ਸਾਹਿਤ ਨੂੰ ਨਵੀਂ ਦਿਸ਼ਾ ਤੇ ਨਵੇਂ ਆਯਾਮ ਦੇਣ ਵਾਲੇ ਪ੍ਰਸਿੱਧ ਕਹਾਣੀਕਾਰ ਚੰਦਰਧਰ ਸ਼ਰਮਾ ਗੁਲੇਰੀ (1883-1922) ਦੀ ਕਹਾਣੀ 'ਉਸ ਨੇ ਕਿਹਾ ਸੀ,' ਅੱਜ ਵੀ ਸ਼ਿਲਪ, ਸੰਵੇਦਨਾ ਅਤੇ ਵਿਸ਼ਾ-ਵਸਤੂ ਦੀ ਦ੍ਰਿਸ਼ਟੀ ਤੋਂ ਓਨੀ ਹੀ ਚਰਚਿਤ, ਪ੍ਰਾਸੰਗਿਕ ਤੇ ਪ੍ਰੇਰਣਾਦਾਇਕ ਹੈ, ਜਿੰਨੀ ਉਨ੍ਹਾਂ ਦਿਨਾਂ ਵਿਚ ਸੀ।

ISBN 978-81-237-6827-4

**12. ਬਾਮਾਚਰਣ ਮਿੱਤਰ ਦੀਆਂ ਕਹਾਣੀਆਂ** : ਸ਼ਤਰੂਘਨ ਪਾਂਡਵ (ਸੰਪਾਦਕ)

*ਅਨੁਵਾਦਕ : ਰਾਜੀਵ ਸੇਠ* *ਸਫ਼ੇ : 182 ਕੀਮਤ : 130.00*

'ਬਾਮਾਚਰਣ ਮਿੱਤਰ ਦੀਆਂ ਕਹਾਣੀਆਂ' ਪੁਸਤਕ ਲੇਖਕ ਦੀਆਂ ਚੌਵੀ ਪ੍ਰਤੀਨਿਧ ਕਹਾਣੀਆਂ ਦਾ ਪੰਜਾਬੀ ਤਰਜਮਾ ਹੈ। ਡੂੰਘੇ ਚਿੰਤਨ ਤੇ ਜੀਵਨ ਦੇ ਹਰ ਰੰਗ ਦੇ ਆਸ਼ਕ ਬਾਮਾਚਰਣ ਮਿੱਤਰ (1915-1975) ਦਾ ਸੁਤੰਤਰਤਾ ਬਾਅਦ ਦੇ ਉੜੀਆ ਸਾਹਿਤ ਵਿਚ ਉੱਘਾ ਯੋਗਦਾਨ ਹੈ। ਇਹ ਕਹਾਣੀਆਂ ਜੀਵਨ ਸੰਗਰਾਮ ਦੇ ਵੱਖ-ਵੱਖ ਪੱਖਾਂ ਨਾਲ ਪਾਠਕਾਂ ਨੂੰ ਡੂੰਘੇ ਆਪਣੇਪਣ ਨਾਲ ਜੋੜਦੀਆਂ ਹਨ ਅਤੇ ਸੁਹਜ ਵਾਲੀ ਰੁਚੀ ਤੇ ਵਿਚਾਰ ਦੀ ਆਤਮ-ਸੱਤਾ ਨੂੰ ਪ੍ਰਕਾਸ਼ਮਾਨ ਕਰਦੀਆਂ ਹਨ। ISBN 978-81-237-6950-9

**13. ਫਣੀਸ਼ਵਰਨਾਥ ਰੇਣੂ ਦੀਆਂ ਚੋਣਵੀਆਂ ਕਹਾਣੀਆਂ** : ਭਾਰਤ ਯਾਯਾਵਰ (ਸੰਪਾਦਕ)

*ਅਨੁਵਾਦ : ਰਾਜਿੰਦਰ ਸਿੰਘ* *ਸਫ਼ੇ : 296 ਕੀਮਤ : 200.00*

ਫਣੀਸ਼ਵਰਨਾਥ ਰੇਣੂ ਦੀਆਂ ਕਹਾਣੀਆਂ ਆਪਣੀ ਸੰਰਚਨਾ, ਪ੍ਰਕਿਰਤੀ, ਸ਼ਿਲਪ ਅਤੇ ਰਸ ਵਿਚ ਹਿੰਦੀ ਕਹਾਣੀਆਂ ਦੀ ਪ੍ਰੇਰਨਾ ਵਿਚ ਇਕ ਵੱਖਰੀ ਅਤੇ ਨਵੀਂ ਪਹਿਚਾਣ ਲੈ ਕੇ

ਆਉਂਦੀਆਂ ਹਨ । ਪੁਸਤਕ ਵਿਚ ਰੇਣੂ ਦੀਆਂ 21 ਕਹਾਣੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ ਜਿਹੜੀਆਂ ਸਮੇਂ-ਸਮੇਂ 'ਤੇ ਵਧੇਰੇ ਚਰਚਿਤ ਹੋਈਆਂ ਹਨ ।

ISBN 978-81-237-6951-6

**14. ਕਪੀਸ਼ਜੀ** : ਮਨੋਹਰ ਸ਼ਿਆਮ ਜੋਸ਼ੀ

*ਅਨੁਵਾਦ : ਬਲਦੇਵ ਸਿੰਘ (ਸੜਕਨਾਮਾ)* *ਸਫ਼ੇ : 190 ਕੀਮਤ : 130.00*

**'ਕਪੀਸ਼ਜੀ' ਨਾਵਲ ਦਾ ਨਾਇਕ ਰੰਗਕੰਗਾਲੀ ਨਾਮ ਦੇ ਭਾਰਤੀ ਕਸਬੇ ਦੇ ਗਰੀਬ ਅਧਿਆਪਕ ਅਤੇ ਗਾਂਧੀਵਾਦੀ ਸਾਹਿਤਕਾਰ ਦੇ ਘਰ ਵਿਚ ਛੇ ਪੁੱਤਰੀਆਂ ਤੋਂ ਬਾਅਦ ਜਨਮ ਲੈਂਦਾ ਹੈ। ਭਾਰਤ ਵਿਚ, ਹਰ ਖੇਤਰ ਵਿਚ ਅਤੇ ਹਰ ਤਰ੍ਹਾਂ ਨਾਲ ਅਸਫ਼ਲ ਰਿਹਾ ਕਥਾ-ਨਾਇਕ ਅਮਰੀਕਾ ਜਾ ਕੇ ਜਗਤ-ਗੁਰੂ ਕਪੀਸ਼ਜੀ ਬਣ ਜਾਂਦਾ ਹੈ ਅਤੇ 'ਹਾਈ ਆਨ ਹਨੂੰਮਾਨ' ਨਾਮ ਦਾ ਇਕ ਨਵਾਂ ਪੰਥ ਚਲਾਉਂਦਾ ਹੈ। ਦੇਖਦੇ ਹੀ ਦੇਖਦੇ ਹਨੂੰਮਾਨ ਨੂੰ ਸਮਰਪਿਤ 'ਬਜਰੰਗਵੀਲ' ਨਾਮ ਦੀ ਇਕ ਮੰਦਰ-ਨਗਰੀ ਅਮਰੀਕਾ ਵਿਚ ਵਸ ਜਾਂਦੀ ਹੈ।** ISBN 978-81-237-6994-3

**15. ਮੁਦਰਾਰਾਕਸ਼ਸ਼ ਦੀਆਂ ਚੋਣਵੀਆਂ ਕਹਾਣੀਆਂ** : ਮੁਦਰਾਰਾਕਸ਼ਸ਼(ਸੰਪਾਦਕ)

*ਅਨੁਵਾਦ : ਡਾ. ਕਰਾਂਤੀ ਪਾਲ* *ਸਫ਼ੇ : 212 ਕੀਮਤ : 235.00*

ਪੁਸਤਕ ਵਿਚ ਕਥਾਕਾਰ ਵੱਲੋਂ ਚੁਣੀਆਂ ਗਈਆਂ ਸੋਲ੍ਹਾਂ ਕਹਾਣੀਆਂ ਸ਼ਾਮਲ ਹਨ । ਕਥਾਕਾਰ ਮੁਦਰਾਰਾਕਸ਼ਸ਼ ਤਰਕ ਤੇ ਚਿੰਤਨ ਵਿਚ ਵਿਸ਼ਲੇਸ਼ਣ ਵਾਂਗ ਆਪਣੀ ਦਿੱਖ ਪੇਸ਼ ਕਰਨ ਵਾਲੇ ਨਵੀਂ ਕਹਾਣੀ ਅੰਦੋਲਨ ਦੇ ਦੌਰ ਦੇ ਜਾਣੇ-ਪਛਾਣੇ ਕਥਾਕਾਰ ਹਨ ਅਤੇ ਵਿਸ਼ੇ-ਵਸਤੂ ਤੇ ਕਥਾ-ਕੌਸ਼ਲ ਲਈ ਆਪਣੀ ਪੀੜ੍ਹੀ ਵਿਚ ਸਭ ਤੋਂ ਵੱਧ ਹਰਮਨਪਿਆਰੇ ਹਨ ।

ISBN 978-81-237-6948-6

**16. ਮਨੋਜ ਦਾਸ ਦੀਆਂ ਕਹਾਣੀਆਂ** : ਮਨੋਜ ਦਾਸ

*ਅਨੁਵਾਦ : ਬਲਬੀਰ ਪਰਵਾਨਾ* *ਸਫ਼ੇ : 208 ਕੀਮਤ : 140.00*

ਮਨੋਜ ਦਾਸ ਉੜੀਆ ਭਾਸ਼ਾ ਦਾ ਕਹਾਣੀਕਾਰ ਹੈ । ਉਸ ਦੀਆਂ ਕਹਾਣੀਆਂ ਵਿਚ ਆਧੁਨਿਕ ਸਮਾਜ ਵਿਚੋਂ ਤੇਜ਼ੀ ਨਾਲ ਖਾਰਜ ਹੋ ਰਹੀਆਂ ਕਦਰਾਂ-ਕੀਮਤਾਂ ਤੇ ਨੈਤਿਕਤਾ ਨੂੰ ਰਸਦਾਇਕ ਬਿਰਤਾਂਤ ਸ਼ੈਲੀ ਵਿਚ ਪੇਸ਼ ਕੀਤਾ ਮਿਲਦਾ ਹੈ । ਵਿਸ਼ਵ ਯੁੱਧਾਂ ਤੋਂ ਪ੍ਰਭਾਵਿਤ ਦੁਨੀਆ ਦੇ ਅਨੇਕਾਂ ਪ੍ਰਗਤੀਵਾਦ ਦੇ ਸੁਪਨੇ ਤੇ ਹਕੀਕਤਾਂ ਦੇ ਖੱਪੇ, ਉਦਯੋਗਿਕ ਵਿਕਾਸ ਦੇ ਸੰਕਟ ਤੇ ਕੁਲ ਮਿਲਾ ਕੇ ਆਧੁਨਿਕ ਜ਼ਿੰਦਗੀ ਤੇ ਸਮਾਜ ਵਿਚ ਵਿਸ਼ਵ-ਮਾਨਵ ਨੂੰ, ਸਥਿਤੀ ਨੂੰ ਮਨੋਜ ਦਾਸ ਜਿਹੇ ਕਥਾਕਾਰਾਂ ਨੇ ਭਲੀਭਾਂਤ ਪੇਸ਼ ਕੀਤਾ ਹੈ । ਇਸ ਸੰਗ੍ਰਹਿ ਵਿਚ ਮਨੋਜ ਦਾਸ ਦੀਆਂ 33 ਕਹਾਣੀਆਂ ਹਨ । ISBN 978-81-237-6897-7

**17. ਸੂਰਯਬਾਲਾ ਦੀਆਂ ਚੋਣਵੀਆਂ ਕਹਾਣੀਆਂ** : ਸੂਰਯਬਾਲਾ

*ਅਨੁਵਾਦ : ਮਹਿੰਦਰ ਬੇਦੀ ਜੈਤੋ* *ਸਫ਼ੇ : 250 ਕੀਮਤ : 170.00*

ਕਥਾਕਾਰ ਸੂਰਯਬਾਲਾ (25 ਅਕਤੂਬਰ, 1943) ਦੀ ਸਮਕਾਲੀ ਕਥਾ-ਸਾਹਿਤ ਵਿਚ

ਵਿਸ਼ੇਸ਼ ਭੂਮਿਕਾ ਤੇ ਮਹੱਤਵ ਹੈ । ਹਥਲਾ ਸੰਗ੍ਰਹਿ ਲੇਖਿਕਾ ਦੀਆਂ ਪੰਦਰ੍ਹਾਂ ਕਹਾਣੀਆਂ ਦਾ ਸੰਗ੍ਰਹਿ ਹੈ ।
ISBN 978-81-237-6898-4

**18. ਆਸ਼ਾਪੂਰਣਾ ਦੇਵੀ ਦੀਆਂ ਸ੍ਰੇਸ਼ਟ ਕਹਾਣੀਆਂ** : ਆਸ਼ਾਪੂਰਣਾ ਦੇਵੀ

*ਅਨੁਵਾਦ : ਤਰਸੇਮ* *ਸਫ਼ੇ : 274 ਕੀਮਤ : 180.00*

ਭਾਰਤੀ ਸਾਹਿਤ ਦੀ ਮਸ਼ਹੂਰ ਕਥਾ-ਸ਼ਿਲਪੀ ਆਸ਼ਾਪੂਰਣਾ ਦੇਵੀ ਦੀਆਂ ਸ੍ਰੇਸ਼ਟ ਕਹਾਣੀਆਂ ਦਾ ਇਹ ਸੰਗ੍ਰਹਿ ਸਮਕਾਲੀ ਭਾਰਤੀ ਸਮਾਜ ਵਿਚ ਇਸਤਰੀ ਦੀ ਅਸਲੀ ਹੋਂਦ ਦਾ ਚਿੱਤਰ ਖਿੱਚਦਾ ਹੈ । ਉਹ ਉਨ੍ਹਾਂ ਥੋੜ੍ਹੇ ਜਿਹੇ ਰਚਨਾਕਾਰਾਂ ਵਿਚੋਂ ਹਨ, ਜਿਨ੍ਹਾਂ ਦੀਆਂ ਕਹਾਣੀਆਂ ਹਰ ਪਲ ਘਰ, ਵਿਹੜੇ, ਪਰਿਵਾਰ ਤੇ ਮੁਹੱਲੇ 'ਚ ਘੁੰਮਦੀਆਂ ਰਹਿੰਦੀਆਂ ਹਨ ਤੇ ਜੀਵਨ ਦੀ ਛੋਟੀ ਜਿਹੀ ਘਟਨਾ ਦੇ ਰਾਹੀਂ ਵੱਡੀ ਤੋਂ ਵੱਡੀ ਗੱਲ ਕਹਿ ਜਾਂਦੀਆਂ ਹਨ । ਆਸ਼ਾਪੂਰਣਾ ਦੇਵੀ (1909-1995) ਨੂੰ 1976 'ਚ ਗਿਆਨਪੀਠ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ ।
ISBN 978-81-237-6899-1

**19. ਪ੍ਰਿਥਵੀਰਾਜ ਮੋਂਗਾ ਦੀਆਂ ਕਹਾਣੀਆਂ** : ਪ੍ਰਿਥਵੀਰਾਜ ਮੋਂਗਾ (ਸੰਪਾਦਕ)

*ਅਨੁਵਾਦ : ਡਾ. ਮਨਜੀਤ ਇੰਦਰਾ* *ਸਫ਼ੇ : 212 ਕੀਮਤ : 140.00*

ਪ੍ਰਿਥਵੀਰਾਜ ਮੋਂਗਾ ਨੇ ਮੱਧਵਰਗੀ ਸਮਾਜ ਦੀ ਸੋਚ ਨੂੰ ਬਿਨਾਂ ਕਿਸੇ ਲੱਗ-ਲਪੇਟ ਦੇ ਸਪੱਸ਼ਟਤਾ ਅਤੇ ਬਰੀਕੀ ਨਾਲ ਆਪਣੀਆਂ ਕਹਾਣੀਆਂ ਵਿਚ ਉਤਾਰਿਆ ਹੈ । ਲੇਖਕ ਨੇ ਇਸ ਵਰਗ ਦੀਆਂ ਸਮੱਸਿਆਵਾਂ, ਸੰਕਟਾਂ, ਵੇਰਵਿਆਂ ਅਤੇ ਲੋੜਾਂ ਨੂੰ ਪਰਤ-ਦਰ-ਪਰਤ ਉਧੇੜ ਕੇ ਆਪਣੀਆਂ ਕਹਾਣੀਆਂ ਦਾ ਰੂਪ ਦਿੱਤਾ ਹੈ ।

ISBN 978-81-237-6826-7

**20. ਮਹੀਪ ਸਿੰਘ ਦੀਆਂ ਕਹਾਣੀਆਂ** : ਮਹੀਪ ਸਿੰਘ (ਸੰਪਾਦਕ)

*ਅਨੁਵਾਦ : ਜਿੰਦਰ* *ਸਫ਼ੇ : 244 ਕੀਮਤ : 165.00*

ਕਹਾਣੀਕਾਰ ਮਹੀਪ ਸਿੰਘ ਦੀਆਂ ਕਹਾਣੀਆਂ ਵਿਚ ਮੱਧ ਵਰਗ ਦੇ ਆਦਮੀ ਦੀਆਂ ਸਮਾਜਿਕ ਤੇ ਆਰਥਿਕ ਮਨੋਗ੍ਰੰਥੀਆਂ ਦਾ ਜਿਹੜਾ ਸੂਖਮ ਵਰਣਨ ਮਿਲਦਾ ਹੈ, ਉਹ ਹੋਰ ਕਿਧਰੇ ਮਿਲਣਾ ਲਗਭਗ ਦੁਰਲੱਭ ਹੈ । ਸੰਗ੍ਰਹਿ ਵਿਚ ਸ਼ਾਮਲ 26 ਪ੍ਰਤੀਨਿਧ ਕਹਾਣੀਆਂ ਨੂੰ ਪੜ੍ਹ ਕੇ ਇਹ ਮਹਿਸੂਸ ਕੀਤਾ ਜਾ ਸਕਦਾ ਹੈ ਕਿ ਸਮਕਾਲੀ ਪਿੜ ਵਿਚ ਮੌਜੂਦ ਲਗਪਗ ਸਾਰੀਆਂ ਕੁਹਜਾਂ ਉਨ੍ਹਾਂ ਦੀਆਂ ਕਹਾਣੀਆਂ ਦਾ ਵਿਸ਼ਾ ਬਣੀਆਂ ਹਨ ।

ISBN 978-81-237-6753-6

**21. ਕਿਸਾਨੀ ਜੀਵਨ ਦੀ ਪੰਜਾਬੀ ਕਹਾਣੀ** : ਡਾ. ਰਵੀ ਰਵਿੰਦਰ (ਸੰਪਾਦਕ)

*ਮੂਲ ਪੰਜਾਬੀ* *ਸਫ਼ੇ : 530 ਕੀਮਤ : 380.00*

ਭਾਵੇਂ ਪੰਜਾਬੀ ਸਾਹਿਤ ਆਪਣੇ ਆਰੰਭਕ ਸਮੇਂ ਤੋਂ ਹੀ ਸਮਾਜਮੁਖ ਰਿਹਾ ਹੈ ਪਰ ਆਧੁਨਿਕ ਕਾਲ ਤੱਕ ਪਹੁੰਚਦਿਆਂ ਸਮਾਜਿਕ ਯਥਾਰਥ ਦੀ ਪੇਸ਼ਕਾਰੀ ਕਰਨਾ ਹੀ ਇਸ ਦਾ ਪ੍ਰਮੁੱਖ ਸਰੋਕਾਰ ਬਣ ਚੁੱਕਾ ਸੀ । ਯਥਾਰਥ, ਸਾਹਿਤ, ਸਮਾਜ ਅਤੇ ਕਿਸਾਨੀ ਜੀਵਨ ਦੀ ਪੰਜਾਬੀ ਕਹਾਣੀ ਦੇ ਪਰਸਪਰ ਸੰਬੰਧਾਂ ਦੇ ਸੰਦਰਭ ਵਿਚ ਇਹ ਗੱਲ ਨਿਸ਼ਚੇ ਨਾਲ ਆਖੀ ਜਾ ਸਕਦੀ

ਹੈ ਕਿ ਕਿਸਾਨੀ ਜੀਵਨ ਦੀ ਸਮੁੱਚੀ ਕਹਾਣੀ ਵਿਚ ਆਮ ਤੌਰ 'ਤੇ ਅਤੇ ਕਿਸਾਨੀ ਜੀਵਨ ਨਾਲ ਸੰਬੰਧਿਤ ਅਜੋਕੀ ਪੰਜਾਬੀ ਕਹਾਣੀ ਵਿਚ ਵਿਸ਼ੇਸ਼ ਤੌਰ 'ਤੇ ਸਿਰਫ਼ ਪਾਤਰ ਅਤੇ ਸਥਾਨ ਹੀ ਕਾਲਪਨਿਕ ਹਨ, ਬਾਕੀ ਸਾਰਾ ਕੁਝ ਉਹੀ ਹੈ ਜੋ ਪੰਜਾਬ ਦੀ ਕਿਸਾਨੀ ਆਪਣੇ ਪਿੰਡੇ 'ਤੇ ਹੰਢਾ ਰਹੀ ਹੈ ਅਤੇ ਜੋ ਪੰਜਾਬ ਦੀ ਕਿਸਾਨੀ ਦੇ ਵਰਤਮਾਨ ਅਤੇ ਭਵਿੱਖ ਨੂੰ ਘੜ ਰਿਹਾ ਹੈ।

ISBN 978-81-237-7096-3

**23. ਸੁਖਬੀਰ ਦੀਆਂ ਚੋਣਵੀਆਂ ਕਹਾਣੀਆਂ** : ਡਾ. ਬਲਦੇਵ ਸਿੰਘ 'ਬੱਦਨ' (ਸੰਪਾਦਕ)

*ਮੂਲ ਪੰਜਾਬੀ* *ਸਫ਼ੇ : 332 ਕੀਮਤ : 250.00*

ਚਿੰਤਨ ਅਤੇ ਵਿਚਾਰਧਾਰਾ ਦੇ ਪੱਖੋਂ ਸੁਚੇਤ ਰਹਿਣ ਵਾਲਾ ਇਹ ਲੇਖਕ ਸਮੁੱਚੀ ਮਾਨਵਤਾ ਦੇ ਚੰਗੇਰੇ ਭਵਿੱਖ ਦਾ ਅਭਿਲਾਸ਼ੀ ਹੈ। ਸੁਖਬੀਰ ਦਾ ਕਹਾਣੀ ਅਨੁਭਵ ਪੇਂਡੂ, ਸ਼ਹਿਰੀ ਅਤੇ ਮਹਾਨਗਰੀ ਵਿਅਕਤੀ ਦੇ ਅਨੁਭਵ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ਸੁਖਬੀਰ ਕੋਲ ਮੁੰਬਈ ਜਿਹੇ ਮਹਾਂਨਗਰ ਦਾ ਅਨੁਭਵ ਰਿਹਾ। ਇਸੇ ਕਰਕੇ ਉਥੇ ਵਸਦੇ ਲੋਕਾਂ ਦੀ ਜੀਵਨ-ਜਾਚ ਨੂੰ ਨੇੜਿਓਂ ਦੇਖਦਾ ਰਿਹਾ। ਹਥਲੇ ਕਹਾਣੀ-ਸੰਗ੍ਰਹਿ ਵਿਚ ਸੁਖਬੀਰ ਦੀਆਂ 47 ਕਹਾਣੀਆਂ ਸ਼ਾਮਲ ਕੀਤੀਆਂ ਗਈਆ ਹਨ।

ISBN 978-81-237-7104-5

**23. ਕਰਤਾਰ ਸਿੰਘ ਦੁੱਗਲ ਦੀਆਂ ਚੋਣਵੀਆਂ ਕਹਾਣੀਆਂ** : ਡਾ. ਬਲਦੇਵ ਸਿੰਘ 'ਬੱਦਨ' (ਸੰਪਾਦਕ)

*ਮੂਲ ਪੰਜਾਬੀ* *ਸਫ਼ੇ : 432 ਕੀਮਤ : 210.00*

ਕਰਤਾਰ ਸਿੰਘ ਦੁੱਗਲ ਦੀਆਂ ਕਹਾਣੀਆਂ ਦੇ ਡੂੰਘੇ ਅਧਿਐਨ ਨਾਲ ਉਸ ਦੀ ਕਹਾਣੀ-ਕਲਾ ਦੀਆਂ ਅਨੇਕ ਖ਼ੂਬੀਆਂ ਸਾਡੇ ਸਾਹਮਣੇ ਆਉਂਦੀਆਂ ਹਨ। 1947 ਤੋਂ ਪਹਿਲੇ ਦੀਆਂ ਆਰੰਭ ਹੋ ਕੇ ਉਸ ਦੀਆਂ ਕਹਾਣੀਆਂ 1984 ਦੇ ਦੰਗਿਆਂ ਤੋਂ ਮਗਰੋਂ ਤਕ ਅਨੇਕ ਹਾਲਾਤਾਂ, ਸਥਿਤੀਆਂ ਤੇ ਮਾਹੌਲ ਦਾ ਬਿਆਨ ਕਰ ਸਾਨੂੰ ਉਸ ਤਤਕਾਲੀਨ ਤੇ ਫਿਰ ਸਮਕਾਲੀ ਸਮੇਂ ਨਾਲ ਜੋੜਦੀਆਂ ਹਨ। ਕਰਤਾਰ ਸਿੰਘ ਦੁੱਗਲ ਨੇ ਆਪਣੀਆਂ ਕੁਝ ਕਹਾਣੀਆਂ ਰਾਹੀਂ ਪੰਜਾਬੀ ਕਹਾਣੀ ਨੂੰ ਅੰਤਰ-ਰਾਸ਼ਟਰੀ ਪੱਧਰ ਦਾ ਬਣਾ ਦਿੱਤਾ ਹੈ। ਹਥਲੀ ਪੁਸਤਕ ਵਿਚ ਕਰਤਾਰ ਸਿੰਘ ਦੁੱਗਲ ਦੀਆਂ 56 ਕਹਾਣੀਆਂ ਸ਼ਾਮਲ ਕੀਤੀਆਂ ਗਈਆਂ ਹਨ।

ISBN 978-81-237-6607-2

**24. ਕੁਰਤੁਲ-ਐਨ-ਹੈਦਰ ਦੀਆਂ ਚੋਣਵੀਆਂ ਕਹਾਣੀਆਂ** : ਕੁਰਤੁਲ-ਐਨ-ਹੈਦਰ

*ਅਨੁਵਾਦ : ਡਾ. ਜਗਤਾਰ* *ਸਫ਼ੇ : 236 ਕੀਮਤ : 125.00*

ਕੁਰਤੁਲ-ਐਨ-ਹੈਦਰ ਉਰਦੂ ਹੀ ਨਹੀਂ, ਭਾਰਤੀ ਸਾਹਿਤ ਵਿਚ ਇਕ ਮਹੱਤਵਪੂਰਨ ਨਾਂ ਹੈ। ਟਰਸਟ ਵਲੋਂ ਉਨ੍ਹਾਂ ਦਾ ਮਹੱਤਵਪੂਰਨ ਨਾਵਲ 'ਅੱਗ ਦਾ ਦਰਿਆ' ਵੀ ਪ੍ਰਕਾਸ਼ਿਤ ਕੀਤਾ ਗਿਆ ਹੈ। ਹਥਲੀ ਪੁਸਤਕ ਵਿਚ ਲੇਖਕਾ ਦੀਆਂ 12 ਕਹਾਣੀਆਂ ਸ਼ਾਮਲ ਕੀਤੀਆਂ ਗਈਆਂ ਹਨ।

ISBN 978-81-237-6620-1

**25. ਮ੍ਰਿਦੁਲਾ ਗਰਗ ਸੰਕਲਿਤ ਕਹਾਣੀਆਂ** : ਮ੍ਰਿਦੁਲਾ ਗਰਗ (ਸੰਪਾਦਕ)

*ਅਨੁਵਾਦ : ਬਿੰਦਰ ਬਸਰਾ* *ਸਫ਼ੇ : 230 ਕੀਮਤ : 160.00*

'ਮ੍ਰਿਦੁਲਾ ਗਰਗ ਸੰਕਲਿਤ ਕਹਾਣੀਆਂ' ਮਨ ਨੂੰ ਛੂਹ ਲੈਣ ਵਾਲੀਆਂ 17 ਕਹਾਣੀਆਂ ਹਨ। ਜੋ ਬਹੁਤ ਆਪਣੇਪਨ ਅਤੇ ਸਰੋਕਾਰ ਨਾਲ ਪਾਠਕਾਂ ਨੂੰ ਕਦੋਂ ਆਪਣੇ ਨਾਲ ਜੋੜ ਲੈਂਦੀਆਂ ਹਨ ਪਤਾ ਹੀ ਨਹੀਂ ਲੱਗਦਾ। ISBN 978-81-237-6744-4

**26. ਰਵਿੰਦਰ ਕਾਲੀਆ ਦੀਆਂ ਚੋਣਵੀਆਂ ਕਹਾਣੀਆਂ** : ਰਵਿੰਦਰ ਕਾਲੀਆ (ਸੰਪਾਦਕ)

*ਅਨੁਵਾਦ : ਡਾ. ਗੁਰਚਰਨ ਸਿੰਘ ਅਰਸ਼ੀ* *ਸਫ਼ੇ : 320 ਕੀਮਤ : 210.00*

ਸੱਠਵਿਆਂ ਤੋਂ ਬਾਅਦ ਦੇ ਹਿੰਦੀ ਕਥਾ-ਸਾਹਿੱਤ ਦੇ ਸ੍ਰੇਸ਼ਠ ਕਥਾਕਾਰ ਰਵਿੰਦਰ ਕਾਲੀਆ ਦੀਆਂ ਕਹਾਣੀਆਂ ਆਪਣੀ ਸੰਵੇਦਨਾ ਤੇ ਸੰਰਚਨਾ ਦੇ ਪੱਖ ਤੋਂ ਸ਼ਲਾਘਾਯੋਗ ਹਨ। ਵਿਅੰਗਮਈ ਭਾਸ਼ਾ ਵਿਚ ਰਚੀਆਂ ਉਨ੍ਹਾਂ ਦੀਆਂ ਕਹਾਣੀਆਂ ਪੜ੍ਹਨਯੋਗਤਾ ਦੇ ਸ੍ਰੇਸ਼ਠ ਗੁਣਾਂ ਨਾਲ ਭਰਪੂਰ ਹਨ। ISBN 978-81-237-6741-3

**27. ਚਿੱਤਰਾ ਮੁਦਗਲ ਦੀਆਂ ਚੋਣਵੀਆਂ ਕਹਾਣੀਆਂ** : ਚਿੱਤਰਾ ਮੁਦਗਲ (ਸੰਪਾਦਕ)

*ਅਨੁਵਾਦ : ਡਾ. ਜਸਵਿੰਦਰ ਕੌਰ ਬਿੰਦਰਾ* *ਸਫ਼ੇ : 272 ਕੀਮਤ : 150.00*

ਨਵੇਂ ਇਸਤਰੀ-ਵਿਮਰਸ਼ ਦੀ ਕਥਕਾਰ ਹੈ ਚਿੱਤਰਾ ਮੁਦਗਲ। ਇਹ ਸੰਗ੍ਰਹਿ ਚਿੱਤਰਾ ਜੀ ਦੀਆਂ ਕਹਾਣੀਆਂ ਦੀ ਇਕ ਵਿਸ਼ਿਸ਼ਟ ਚੋਣ ਹੈ। ਇਸ ਵਿਚ ਉਨ੍ਹਾਂ ਦੇ ਵਿਵਿਧ ਕਥਾਰੰਗ ਦੇਖਣ ਨੂੰ ਮਿਲਣਗੇ, ਜਿਨ੍ਹਾਂ ਵਿਚੋਂ ਤੁਸੀਂ ਉਨ੍ਹਾਂ ਦੀ ਕਥਾ-ਚੇਤਨਾ ਦੇ ਵਿਕਾਸ ਨੂੰ ਪਛਾਣ ਸਕਦੇ ਹੋ। ISBN 978-81-237-6518-1

**28. ਪੰਜਾਬੀ ਕਹਾਣੀ ਦਾ ਵਿਕਾਸ** : ਪ੍ਰੋ. ਪਿਆਰਾ ਸਿੰਘ ਭੋਗਲ (ਸੰਪਾਦਕ)

*ਮੂਲ ਪੰਜਾਬੀ* *ਸਫ਼ੇ : 724 ਕੀਮਤ : 445.00*

ਇਸ ਪੁਸਤਕ ਵਿਚ ਪੰਜਾਬੀ ਕਹਾਣੀ ਦੇ ਨਿਕਾਸ ਅਤੇ ਵਿਕਾਸ ਹੋਣ ਬਾਰੇ ਜਾਣਕਾਰੀ ਦਿੱਤੀ ਗਈ ਹੈ। ISBN 978-81-237-6996-7

**29. ਹਿੰਦੀ ਦੀਆਂ ਆਰੰਭਕ ਕਹਾਣੀਆਂ** : ਡਾ ਗੰਗਾ ਪ੍ਰਸਾਦ ਵਿਮਲ (ਸੰਪਾਦਕ)

*ਅਨੁਵਾਦ : ਬਲਬੀਰ ਮਾਧੋਪੁਰੀ* *ਸਫ਼ੇ : 260 ਕੀਮਤ : 165.00*

ਪੁਸਤਕ ਵਿਚ ਹਿੰਦੀ ਦੇ 23 ਕਹਾਣੀਕਾਰਾਂ ਦੀਆਂ ਕਹਾਣੀਆਂ ਸ਼ਾਮਲ ਹਨ। ਹਿੰਦੀ ਦੀਆਂ ਆਰੰਭਕ ਕਹਾਣੀਆਂ ਦੇ ਗੁਣਾਂ ਦੀ ਪੜਤਾਲ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਕਹਾਣੀ ਕਹਿਣ ਦੀ ਪੁਸਤਕ ਵਿਧੀ ਇਸ ਸਮੁੱਚ ਦਾ ਢੰਗ ਹੈ। ਆਰੰਭਕ ਕਹਾਣੀਆਂ ਇਕ ਤਰ੍ਹਾਂ ਨਾਲ ਪ੍ਰੰਪਰਾ ਨੂੰ ਅੱਗੇ ਤੋਰਦੀਆਂ ਹੋਈਆਂ ਆਪਣੀ ਸੁਤੰਤਰ ਹੋਂਦ ਲਈ ਜਗ੍ਹਾ ਲੱਭਣ ਵਿਚ ਚੁੱਪਚਾਪ ਕਾਰਜਸ਼ੀਲ ਰਹਿੰਦੀਆਂ ਹਨ। ISBN 978-81-237-6739-0

**30. ਸ਼ੇਖਰ ਜੋਸ਼ੀ ਪ੍ਰਤੀਨਿਧ ਕਹਾਣੀਆਂ** : ਸ਼ੇਖਰ ਜੋਸ਼ੀ (ਸੰਪਾਦਕ)

*ਅਨੁਵਾਦ : ਭਗਵੰਤ ਰਸੂਲਪੁਰੀ* *ਸਫ਼ੇ : 238 ਕੀਮਤ : 160.00*

ਵੀਹਵੀਂ ਸਦੀ ਦੇ ਛੇਵੇਂ ਦਹਾਕੇ ਨੂੰ ਅੱਜ ਹਿੰਦੀ ਕਹਾਣੀ ਦੇ ਸੁਨਹਿਰੀ ਦੌਰ ਦੇ ਰੂਪ ਵਿਚ

ਚੇਤੇ ਕੀਤਾ ਜਾਂਦਾ ਹੈ । ਸ਼ੇਖਰ ਜੋਸ਼ੀ (1932) ਉਸ ਦੌਰ ਦੇ ਪ੍ਰਤੀਨਿਧੀ ਹਨ, ਜਿਹੜੇ ਨਿਰੰਤਰ ਆਪਣੀ ਕਥਾ-ਰਚਨਾ ਨੂੰ ਤਾਜ਼ਾ ਅਤੇ ਜਨ-ਸੰਵੇਦੀ ਬਣਾਈ ਰੱਖਣ ਵਿਚ ਵਿਆਕੁਲ ਅਤੇ ਸੁਚੇਤ ਸਨ । ਪੁਸਤਕ 26 ਕਹਾਣੀਆਂ ਦਾ ਸੰਗ੍ਰਹਿ ਹੈ ।

ISBN 978-81-237-6743-7

**31. ਰਾਮਦਰਸ਼ ਮਿਸ਼ਰ ਦੀਆਂ ਚੋਣਵੀਆਂ ਕਹਾਣੀਆਂ** : ਰਾਮਦਰਸ਼ ਮਿਸ਼ਰ (ਸੰਪਾਦਕ)
*ਅਨੁਵਾਦ : ਜਿੰਦਰ* *ਸਫ਼ੇ : 318 ਕੀਮਤ : 210.00*
ਰਾਮਦਰਸ਼ ਮਿਸ਼ਰ ਨੇ ਨਵੀਂ ਕਹਾਣੀ ਦੇ ਯੁੱਗ ਵਿਚ ਲਿਖਣਾ ਸ਼ੁਰੂ ਕੀਤਾ ਸੀ ਤੇ ਸਚੇਤਨ ਕਹਾਣੀ, ਲੋਕਵਾਦੀ ਕਹਾਣੀ, ਸਕ੍ਰਿਅ ਕਹਾਣੀ ਦੇ ਦੌਰ ਵਿਚ ਵੀ ਖ਼ੂਬ ਕਾਰਜਸ਼ੀਲ ਰਹੇ । ਇਸ ਸੰਗ੍ਰਹਿ ਵਿਚ ਰਾਮਦਰਸ਼ ਮਿਸ਼ਰ ਦੀਆਂ 30 ਕਹਾਣੀਆਂ ਸ਼ਾਮਲ ਹਨ ।

ISBN 978-81-237-6742-0

**32. ਕਾਸ਼ੀਨਾਥ ਸਿੰਘ ਦੀਆਂ ਚੋਣਵੀਆਂ ਕਹਾਣੀਆਂ** : ਕਾਸ਼ੀਨਾਥ ਸਿੰਘ (ਸੰਪਾਦਕ)
*ਅਨੁਵਾਦ : ਪ੍ਰੇਮ ਪ੍ਰਕਾਸ਼* *ਸਫ਼ੇ : 230 ਕੀਮਤ : 160.00*
ਕਾਸ਼ੀਨਾਥ ਸਿੰਘ (1937) ਹਿੰਦੀ ਕਹਾਣੀ ਦੇ 1960 ਤੋਂ ਬਾਅਦ ਵਾਲੇ ਦੌਰ ਦੇ ਅਜਿਹੇ ਕਹਾਣੀਕਾਰ ਨੇ, ਜਿਨ੍ਹਾਂ ਨੇ ਆਪਣੇ ਸਮੇਂ 'ਚ ਪ੍ਰਚੱਲਤ ਆਧੁਨਿਕਤਾ ਦੀ ਹਨੇਰੀ ਦੇ ਹਰ ਪਹਿਲੂ ਤੋਂ ਬੇਮੁੱਖ ਹੋ ਕੇ ਵੱਖਰੀ ਕਿਸਮ ਦੀਆਂ ਕਹਾਣੀਆਂ ਲਿਖੀਆਂ । ਪੁਸਤਕ 'ਚ 17 ਕਹਾਣੀਆਂ ਹਨ । ISBN 978-81-237-6746-8

**33. ਕਮਲੇਸ਼ਵਰ ਦੀਆਂ ਚੋਣਵੀਆਂ ਕਹਾਣੀਆਂ** : ਕਮਲੇਸ਼ਵਰ (ਸੰਪਾਦਕ)
*ਅਨੁਵਾਦ : ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 250 ਕੀਮਤ : 215.00*
ਇਹ ਪੁਸਤਕ ਸਮੇਂ ਅਤੇ ਸਮਾਜ ਦੀ ਧੜਕਣ ਨੂੰ ਕਲਮ ਦੀ ਧਾਰ ਦੇ ਕੇ ਕਾਗ਼ਜ਼ ਉਤੇ ਉਕੇਰਨ ਵਾਲੇ ਹਿੰਦੀ ਕਥਾ ਸਾਹਿਤ ਦੇ ਪ੍ਰਸਿੱਧ ਲੇਖਕ ਕਮਲੇਸ਼ਵਰ ਦੀਆਂ ਚੋਣਵੀਆਂ 22 ਕਹਾਣੀਆਂ ਦਾ ਖ਼ੂਬਸੂਰਤ ਗੁਲਦਸਤਾ ਹੈ । ਇਨ੍ਹਾਂ ਕਹਾਣੀਆਂ ਦੀ ਚੋਣ ਕਮਲੇਸ਼ਵਰ ਨੇ ਹੀ ਕੀਤੀ ਹੈ । ISBN 978-81-237-7105-2

**34. ਗੁਰਮੁਖ ਸਿੰਘ ਮੁਸਾਫ਼ਰ ਦੀਆਂ ਚੋਣਵੀਆਂ ਕਹਾਣੀਆਂ** : ਡਾ. ਬਲਦੇਵ ਸਿੰਘ 'ਬੱਦਨ' (ਸੰਪਾਦਕ)
*ਮੂਲ ਪੰਜਾਬੀ* *ਸਫ਼ੇ : 384 ਕੀਮਤ : 375.00*
ਗੁਰਮੁਖ ਸਿੰਘ ਮੁਸਾਫ਼ਰ ਇਕ ਸਰਬ-ਸਤਿਕਾਰੀ ਸ਼ਖ਼ਸੀਅਤ ਸੀ । ਉਹ ਚੋਟੀ ਦਾ ਸਿਆਸਤਦਾਨ, ਇਕ ਮਹਾਨ ਕਵੀ ਤੇ ਕਹਾਣੀਕਾਰ ਸੀ । ਉਨ੍ਹਾਂ ਦੀਆਂ ਕਹਾਣੀਆਂ ਦਾ ਖੇਤਰ ਵਿਸ਼ਾਲ ਹੈ ਜਿਸ ਵਿਚ ਆਜ਼ਾਦੀ ਦੀ ਜੰਗ ਦਾ ਵੀ ਜ਼ਿਕਰ ਹੈ, ਸਮਾਜ ਦੀਆਂ ਸਮੱਸਿਆਵਾਂ, ਹਿੰਦੂ-ਮੁਸਲਮ ਭਾਈਚਾਰਾ, ਦੇਸ਼ ਦੀ ਵੰਡ ਤੇ ਉਸ ਦੀਆਂ ਦੁਖਦ ਯਾਦਾਂ, ਸ਼ਰਨਾਰਥੀਆਂ ਦੀਆਂ ਸਮੱਸਿਆਵਾਂ ਅਤੇ ਦੇਸ਼ ਦੀ ਆਜ਼ਾਦੀ ਤੇ ਉਸ ਤੋਂ ਬਾਅਦ ਦੀਆਂ ਪ੍ਰਾਪਤੀਆਂ ਦੀ ਵੀ ਚਰਚਾ ਹੈ । ਇਸ ਸੰਗ੍ਰਹਿ ਵਿਚ 51 ਕਹਾਣੀਆਂ ਸ਼ਾਮਲ ਕੀਤੀਆਂ ਗਈਆਂ ਹਨ । ISBN 978-81-237-6947-9

**35. ਜਸਵੰਤ ਸਿੰਘ ਵਿਰਦੀ ਦੀਆਂ ਚੋਣਵੀਆਂ ਕਹਾਣੀਆਂ** : ਡਾ. ਬਲਦੇਵ ਸਿੰਘ 'ਬੱਦਨ' (ਸੰਪਾਦਕ)

*ਮੂਲ ਪੰਜਾਬੀ* *ਸਫ਼ੇ : 512 ਕੀਮਤ : 510.00*

ਜਸਵੰਤ ਸਿੰਘ ਵਿਰਦੀ ਬਹੁਤ ਵਿਸ਼ਾਲ ਅਨੁਭਵ ਵਾਲਾ ਕਹਾਣੀਕਾਰ ਹੈ ਜਿਸ ਨੇ ਵਾਰਤਕ, ਨਾਟਕ, ਨਾਵਲ ਅਤੇ ਬਾਲ ਸਾਹਿਤ ਦੇ ਖੇਤਰ ਵਿਚ ਵੀ ਮਹੱਤਵਪੂਰਨ ਥਾਂ ਬਣਾਈ ਹੈ। ਹਥਲੀ ਪੁਸਤਕ 66 ਕਹਾਣੀਆਂ ਦਾ ਸੰਗ੍ਰਹਿ ਹੈ ਜਿਸ ਵਿਚ ਉਸ ਨੇ ਪੇਂਡੂ ਤੇ ਸ਼ਹਿਰੀ ਜੀਵਨ-ਯਥਾਰਥ ਨੂੰ ਬਾਖ਼ੂਬੀ ਚਿਤਰਿਆ ਹੈ ਮਿਥਕ ਕਹਾਣੀਆਂ ਦਾ ਇਸਤੇਮਾਲ, ਵਿਅੰਗ ਸਿਰਜਣਾ, ਚੁਸਤ ਵਾਰਤਾਲਾਪੀ ਮੁਹਾਵਰਾ ਤੇ ਫੈਂਟਸੀ ਸਿਰਜਣਾ ਉਸ ਦੀ ਕਥਾ-ਸ਼ੈਲੀ ਦੇ ਪ੍ਰਮੁੱਖ ਲੱਛਣ ਹਨ।

ISBN 978-81-237-6946-2

**36. ਮਹਿੰਦਰ ਸਿੰਘ ਸਰਨਾ ਦੀਆਂ ਚੋਣਵੀਆਂ ਕਹਾਣੀਆਂ** : ਡਾ. ਬਲਦੇਵ ਸਿੰਘ 'ਬੱਦਨ' (ਸੰਪਾਦਕ)

*ਮੂਲ ਪੰਜਾਬੀ* *ਸਫ਼ੇ : 416 ਕੀਮਤ : 150.00*

ਮਹਿੰਦਰ ਸਿੰਘ ਸਰਨਾ ਨੇ ਜਦੋਂ ਲਿਖਣਾ ਆਰੰਭ ਕੀਤਾ, ਉਹ ਮੁਢਲਾ ਦੌਰ ਪਾਠਕ ਬਣਾਉਣ ਦਾ ਸੀ। ਕਰਤਾਰ ਸਿੰਘ ਦੁੱਗਲ ਵਾਂਗ ਹੀ ਮਹਿੰਦਰ ਸਿੰਘ ਸਰਨਾ ਨੇ ਵੀ ਆਪਣੀਆਂ ਕਹਾਣੀਆਂ ਦੇ ਵਿਸ਼ੇ 'ਤੇ ਪਾਠਕ ਸ਼ਹਿਰੀ ਉੱਚ ਤੇ ਮੱਧ ਸ਼੍ਰੇਣੀ ਵਿਚੋਂ ਵਧੇਰੇ ਕਰਕੇ ਚੁਣੇ ਹਾਲਾਂਕਿ ਪੇਂਡੂ ਧਰਾਤਲ ਨੂੰ ਲੈ ਕੇ ਕਈ ਕਹਾਣੀਆਂ ਦੀ ਸਿਰਜਣਾ ਕੀਤੀ, ਪਰੰਤੂ ਵੰਡ ਤੋਂ ਬਾਅਦ ਦੀਆਂ ਤਕਰੀਬਨ ਸਾਰੀਆਂ ਕਹਾਣੀਆਂ ਦੀ ਪਿੱਠਭੂਮੀ ਸ਼ਹਿਰੀ ਸ਼੍ਰੇਣੀ ਹੀ ਰਹੀ। ਪੁਸਤਕ ਵਿਚ 68 ਕਹਾਣੀਆਂ ਹਨ।

ISBN 978-81-237-5938-8

**37. ਸ਼ਹੀਦ ਭਗਤ ਸਿੰਘ ਨਾਟਕੀ ਰੂਪ** : ਦੇਵਿੰਦਰ ਦਮਨ (ਸੰਪਾਦਕ)

*ਮੂਲ ਪੰਜਾਬੀ* *ਸਫ਼ੇ : 260 ਕੀਮਤ : 75.00*

ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਦੀ ਸਮਰੱਥਾ ਬਹੁਤ ਵਿਸ਼ਾਲ ਹੈ। ਇਹੋ ਕਾਰਨ ਹੈ ਕਿ ਭਗਤ ਸਿੰਘ ਬਾਰੇ ਪੁਸਤਕਾਂ ਉਸ ਦੀ ਵਿਚਾਰਧਾਰਾ ਨੂੰ ਟੁਕੜਿਆਂ ਵਿਚ ਪੇਸ਼ ਕਰਦੀਆਂ ਉਪਲਬਧ ਹੋ ਰਹੀਆਂ ਹਨ। ਇਸ ਪੁਸਤਕ ਵਿਚ ਸ਼ਾਮਲ ਛੇ ਨਾਟਕਾਂ (ਭਗਤ ਸਿੰਘ ਦੀ *ਵਾਪਸੀ* - ਸਾਗਰ ਸਰਹੱਦੀ, *ਮਸੀਹਾ ਸੂਲੀ ਤੇ ਮੁਸਕ੍ਰਾਇਆ* – ਡਾ. ਹਰਚਰਨ ਸਿੰਘ, *ਬਾਬਾ ਬੋਲਦਾ ਹੈ* – ਗੁਰਸ਼ਰਨ ਸਿੰਘ, *ਇਨਕਲਾਬੀ ਪੁੱਤਰ* – ਚਰਨ ਦਾਸ ਸਿੱਧੂ, *ਛਿਪਣ ਤੋਂ ਪਹਿਲਾਂ* – ਦੇਵਿੰਦਰ ਦਮਨ ਅਤੇ *ਅਸੀਂ ਸਾਰੇ ਭਗਤ ਸਿੰਘ ਹਾਂ* – ਡਾ. ਸਤੀਸ਼ ਕੁਮਾਰ ਵਰਮਾ) ਦੇ ਲੇਖਕ ਇਸ ਕਸੌਟੀ 'ਤੇ ਪੂਰੇ ਉਤਰਦੇ ਜਾਪਦੇ ਹਨ। ਇਨ੍ਹਾਂ ਨਾਟਕਕਾਰਾਂ ਨੇ ਸ਼ਹੀਦ ਭਗਤ ਸਿੰਘ ਦੇ ਬਚਪਨ ਤੋਂ ਲੈ ਕੇ ਅੰਤਿਮ ਸਮੇਂ ਤਕ ਦਾ ਡੂੰਘਾ ਅਧਿਐਨ ਕੀਤਾ ਹੈ। ਸ਼ਹੀਦ ਦੀ ਵਿਚਾਰਧਾਰਾ ਨੂੰ ਜਾਣਨ ਲਈ ਉਸ ਦੇ ਬਿਆਨਾਂ, ਲਿਖਤਾਂ ਅਤੇ ਕਥਨਾਂ ਨੂੰ ਵਿਚਾਰਿਆ ਹੈ।

ISBN 978-81-237-5745-2

**38. ਰਾਮ ਸਰੂਪ ਅਣਖੀ ਦੀਆਂ ਚੋਣਵੀਆਂ ਕਹਾਣੀਆਂ :** ਡਾ. ਬਲਦੇਵ ਸਿੰਘ 'ਬੱਦਨ (ਸੰਪਾਦਕ)

*ਮੂਲ ਪੰਜਾਬੀ* *ਸਫ਼ੇ : 438 ਕੀਮਤ : 205.00*

ਅਣਖੀ ਦੇ ਕਹਾਣੀ-ਸੰਸਾਰ ਦੇ ਪਾਤਰ ਤੇ ਕਥਾਨਕ ਸਾਧਾਰਣ ਜੀਵਨ ਪੱਧਰ ਦੇ ਰਹੇ। ਉਨ੍ਹਾਂ ਵਿਚ ਕੋਈ ਬਹੁਤ ਮਹੱਤਵਅਕਾਂਖਿਆਵਾਂ ਤੇ ਵਾਧੂ ਨੂੰ ਹਾਸਲ ਕਰਨ ਦੀ ਚਾਹਤ ਨਜ਼ਰ ਨਹੀਂ ਆਉਂਦੀ। ਉਨ੍ਹਾਂ ਲਈ ਜੀਵਨ ਨੂੰ ਆਪਣੇ ਢੰਗ ਨਾਲ ਜੀਉ ਸਕਣਾ ਤੇ ਨਿਭਾ ਪਾਉਣਾ ਹੀ ਵਧੇਰੇ ਮਾਅਨੇ ਰੱਖਦਾ ਹੈ। ਅਣਖੀ ਦੀ ਕਹਾਣੀ ਜਿਥੇ ਪੰਜਾਬੀ ਦੀ ਪ੍ਰੰਪਰਕ ਕਹਾਣੀ ਨੂੰ ਤੋੜਦੀ ਹੈ ਉਥੇ ਉਹਦੀ ਕਹਾਣੀ ਲੋਕ-ਕਹਾਣੀ ਦੇ ਵੀ ਬਹੁਤ ਨਜ਼ਦੀਕ ਚਲੀ ਜਾਂਦੀ ਹੈ। ਇਸ ਪੁਸਤਕ ਵਿਚ ਅਣਖੀ ਦੀਆਂ 59 ਕਹਾਣੀਆਂ ਸ਼ਾਮਲ ਕੀਤੀਆਂ ਗਈਆਂ ਹਨ। ISBN 978-81-237-6020-9

**39. ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀਆਂ ਚੋਣਵੀਆਂ ਕਹਾਣੀਆਂ :** ਡਾ. ਬਲਦੇਵ ਸਿੰਘ 'ਬੱਦਨ' (ਸੰਪਾਦਕ)

*ਮੂਲ ਪੰਜਾਬੀ (ਦੂਜਾ ਸੰਸਕਰਣ)* *ਸਫ਼ੇ : 525 ਕੀਮਤ : 175.00*

ਇਸ ਪੁਸਤਕ ਵਿਚ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀਆਂ 47 ਕਹਾਣੀਆਂ ਸ਼ਾਮਲ ਹਨ। ਪ੍ਰੀਤਲੜੀ ਮੁੱਢਲੀ ਪੰਜਾਬੀ ਕਹਾਣੀ ਦੇ ਦੂਜੇ ਦੌਰ ਦਾ ਪ੍ਰਤੀਨਿਧ ਕਹਾਣੀਕਾਰ ਹੈ। ਉਸ ਨੇ ਪੁਰਾਣੀਆਂ ਸਮਾਜਿਕ, ਨੈਤਿਕ, ਧਾਰਮਿਕ ਕਦਰਾਂ-ਕੀਮਤਾਂ 'ਤੇ ਵਿਅੰਗ ਕੀਤਾ ਹੈ। ਪ੍ਰੀਤਲੜੀ ਦੇ ਇਸਤਰੀ ਪਾਤਰ ਬਿਲਕੁਲ ਵੱਖਰੀ ਕਿਸਮ ਦੇ ਸਨ। ਉਸ ਦੀਆਂ ਕਹਾਣੀਆਂ ਦੀਆਂ ਇਸਤਰੀਆਂ ਘਰ ਦੀ ਚਾਰਦੀਵਾਰੀ, ਸ਼ੋਸ਼ਣ ਅਤੇ ਮਜ਼ਬੂਰੀ ਆਦਿ ਬੰਧਨਾਂ ਤੋਂ ਮੁਕਤ ਹਨ। ਰੁਦਨ ਦੀ ਥਾਂ ਆਪਣੇ ਜੀਵਨ ਦੇ ਫ਼ੈਸਲੇ ਖ਼ੁਦ ਕਰਦੀਆਂ ਹਨ। ਉਸ ਦੀਆਂ ਕਹਾਣੀਆਂ ਵਿਚ ਹਰ ਧਰਮ, ਫ਼ਿਰਕੇ ਦੇ ਪਾਤਰ ਆਉਂਦੇ ਹਨ।

ISBN 978-81-237-5685-1

**40. ਨਾਨਕ ਸਿੰਘ ਦੀਆਂ ਚੋਣਵੀਆਂ ਕਹਾਣੀਆਂ :** ਬਲਦੇਵ ਸਿੰਘ 'ਬੱਦਨ (ਸੰਪਾਦਕ)

*ਮੂਲ ਪੰਜਾਬੀ* *ਸਫ਼ੇ : 304 ਕੀਮਤ : 110.00*

ਥੋੜ੍ਹੇ ਵਿਚ ਕਿਹਾ ਜਾ ਸਕਦਾ ਹੈ ਕਿ ਨਾਨਕ ਸਿੰਘ ਅਜਿਹਾ ਬੇਮਿਸਾਲ ਲੇਖਕ ਰਿਹਾ, ਜਿਸ ਕੋਲ ਕਹਾਣੀ ਰਚਣ ਦੀ ਮੁਹਾਰਤ ਹਾਸਿਲ ਸੀ। ਉਹ ਕੜੀ ਨਾਲ ਕੜੀ ਜੋੜਦਾ ਸੀ ਕਿ ਕਹਾਣੀ ਨੂੰ ਅੱਧ-ਵਿਚਾਲੇ ਛੱਡਿਆ ਹੀ ਨਹੀਂ ਜਾ ਸਕਦਾ। ਉਸ ਦੀਆਂ ਕਈ ਕਹਾਣੀਆਂ ਨਾਵਲੀ ਪਲਾਟ ਦਾ ਵੀ ਭੁਲੇਖਾ ਪਾਉਂਦੀਆਂ ਹਨ। ਇਸ ਕਹਾਣੀ ਸੰਗ੍ਰਹਿ ਵਿਚ ਨਾਨਕ ਸਿੰਘ ਦੀਆਂ 31 ਕਹਾਣੀਆਂ ਦੀ ਚੋਣ ਕੀਤੀ ਗਈ ਹੈ। ਨਾਨਕ ਸਿੰਘ ਦੀਆਂ ਕਹਾਣੀਆਂ ਵਿਚ ਪੰਜਾਬੀ ਸਭਿਆਚਾਰ, ਰਸਮਾਂ-ਰੀਤਾਂ, ਲੋਕਾਂ ਦੀ ਰਹਿਣੀ-ਬਹਿਣੀ, ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸਥਿਤੀ ਦਾ ਭਰਪੂਰ ਜ਼ਿਕਰ ਮਿਲਦਾ ਹੈ।

ISBN 978-81-237-5805-3

**41. ਅੰਮ੍ਰਿਤਾ ਪ੍ਰੀਤਮ ਦੀਆਂ ਚੋਣਵੀਆਂ ਕਹਾਣੀਆਂ :** ਡਾ. ਬਲਦੇਵ ਸਿੰਘ 'ਬੱਦਨ (ਸੰਪਾਦਕ)

*ਮੂਲ ਪੰਜਾਬੀ* *ਸਫ਼ੇ : 406 ਕੀਮਤ : 195.00*

ਅੰਮ੍ਰਿਤਾ ਪ੍ਰੀਤਮ ਦੀਆਂ ਕਹਾਣੀਆਂ ਦੇ ਅਧਿਐਨ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਅੰਮ੍ਰਿਤਾ ਪ੍ਰੀਤਮ ਇਕ ਅਜਿਹੀ ਕਹਾਣੀਕਾਰ ਸੀ ਜਿਸ ਦੀਆਂ ਕਹਾਣੀਆਂ ਮਾਨਵੀ ਹਿਰਦੇ ਦੇ ਅੰਦਰਲੇ ਭਾਵਾਂ ਨੂੰ ਪ੍ਰਗਟ ਕਰਨ ਦੀ ਸਮਰੱਥਾ ਰੱਖਦੀਆਂ ਹਨ । ਉਹ ਆਪਣੀਆਂ ਕਹਾਣੀਆਂ ਵਿਚ ਪਾਤਰਾਂ ਅਨੁਰੂਪ ਬੋਲੀ, ਕਿਧਰੇ ਗੀਤ, ਕਿਧਰੇ ਟੱਪੇ, ਕਿਧਰੇ ਪਿੰਡਾਂ ਦੇ ਗੀਤਾਂ ਨੂੰ ਦੇ, ਪਾਤਰਾਂ ਦੇ ਅੰਤਰੀਵ ਭਾਵਾਂ ਨੂੰ ਉਨ੍ਹਾਂ ਰਾਹੀਂ ਹੀ ਬਿਆਨ ਕਰਨ ਦਾ ਯਤਨ ਕਰਦੀ ਸੀ । ਹਥਲੀ ਪੁਸਤਕ ਵਿਚ ਅੰਮ੍ਰਿਤਾ ਪ੍ਰੀਤਮ ਦੀਆਂ 59 ਕਹਾਣੀਆਂ ਸ਼ਾਮਲ ਕੀਤੀਆਂ ਹਨ । ISBN 978-81-237-6293-7

**42. ਸੰਤੋਖ ਸਿੰਘ ਧੀਰ ਦੀਆਂ ਚੋਣਵੀਆਂ ਕਹਾਣੀਆਂ** : ਡਾ. ਬਲਦੇਵ ਸਿੰਘ 'ਬੱਦਨ' (ਸੰਪਾਦਕ)

*ਮੂਲ ਪੰਜਾਬੀ* *ਸਫ਼ੇ : 448 ਕੀਮਤ : 205.00*

ਸੰਤੋਖ ਸਿੰਘ ਧੀਰ ਨੂੰ ਪੰਜਾਬੀ ਦੀ ਦੂਜੀ ਪੀੜ੍ਹੀ ਨਾਲ ਜੋੜਿਆ ਜਾ ਸਕਦਾ ਹੈ, ਜਿੱਥੋਂ ਪ੍ਰਗਤੀਵਾਦੀ ਲਹਿਰ ਦਾ ਆਰੰਭ ਹੋਇਆ । ਸੰਤੋਖ ਸਿੰਘ ਧੀਰ ਬਾਕੀ ਕਹਾਣੀਕਾਰਾਂ ਦੇ ਮੁਕਾਬਲੇ ਵਧੇਰੇ ਖੱਬੇਪੱਖੀ ਕਿਹਾ ਜਾ ਸਕਦਾ ਹੈ ਕਿਉਂਕਿ ਉਸ ਦੀਆਂ ਕਈ ਕਹਾਣੀਆਂ ਖੱਬੇ ਪੱਖੀ ਵਿਚਾਰਧਾਰਾ ਨੂੰ ਸਾਹਮਣੇ ਲਿਆਉਂਦੀਆਂ ਹਨ । ਉਸ ਦੀਆਂ ਕਹਾਣੀਆਂ ਪਿੰਡ ਦੇ ਨਿਮਨ ਵਰਗਾਂ 'ਤੇ ਕੇਂਦ੍ਰਿਤ ਹਨ ਤੇ ਪੰਜਾਬ ਸੰਕਟ ਬਾਰੇ ਵੀ । ਧੀਰ ਦੀਆਂ ਉਨ੍ਹਾਂ ਕਹਾਣੀਆਂ ਨੂੰ ਵਧੇਰੇ ਬਿਹਤਰ ਕਿਹਾ ਜਾ ਸਕਦਾ ਹੈ ਜੋ ਉਸ ਨੇ ਪੇਂਡੂ ਜਨ-ਜੀਵਨ ਨੂੰ ਲੈ ਕੇ ਸਿਰਜੀਆਂ । ਹਥਲੇ ਕਹਾਣੀ-ਸੰਗ੍ਰਹਿ ਵਿਚ ਸੰਤੋਖ ਸਿੰਘ ਧੀਰ ਦੀਆਂ 51 ਕਹਾਣੀਆਂ ਸ਼ਾਮਿਲ ਕੀਤੀਆਂ ਗਈਆਂ ਹਨ । ISBN 978-81-237-6267-8

**43. ਨਵਤੇਜ ਸਿੰਘ ਦੀਆਂ ਚੋਣਵੀਆਂ ਕਹਾਣੀਆਂ** : ਡਾ. ਬਲਦੇਵ ਸਿੰਘ 'ਬੱਦਨ' (ਸੰਪਾਦਕ)

*ਮੂਲ ਪੰਜਾਬੀ* *ਸਫ਼ੇ : 268 ਕੀਮਤ : 100.00*

ਨਵਤੇਜ ਸਿੰਘ (8.1.1925--11.8.1981) ਦੇ ਕਹਾਣੀ ਅਧਿਐਨ ਵੇਲੇ ਇਹ ਗੱਲ ਸਹਿਜੇ ਹੀ ਸਪਸ਼ਟ ਹੁੰਦੀ ਹੈ ਕਿ ਉਹ ਇਕ ਸੰਵੇਦਨਸ਼ੀਲ ਲੇਖਕ ਹੈ । ਹੋਰ ਸਾਹਿਤਕਾਰਾਂ ਵਾਂਗ ਹੀ ਆਪਣੇ ਆਲੇ-ਦੁਆਲੇ ਤੋਂ ਅਵੇਸਲਾ ਨਹੀਂ, ਸਗੋਂ ਕਈ ਵਾਰ ਤਾਂ ਗੌਰ ਨਾਲ ਕਿਸੇ ਘਟਨਾ ਨੂੰ ਵਾਪਰਦੇ ਦੇਖਦਾ ਹੈ ਤਾਂ ਫਿਰ ਉਸ ਵਿਚ ਗੰਭੀਰ ਤੱਥ ਲੱਭਣ ਦੀ ਕੋਸ਼ਿਸ਼ ਕਰਦਾ ਹੈ । ਕਈ ਵਾਰ ਸਮਾਜ ਦੀਆਂ ਬਦਲਦੀਆਂ ਸਥਿਤੀਆਂ ਅਤੇ ਕਦਰਾਂ-ਕੀਮਤਾਂ ਵੱਲ ਸੰਕੇਤ ਕਰ ਜਾਂਦੇ ਹਨ । ਉਸ ਦੇ ਪਾਤਰ ਪੇਂਡੂ ਅਤੇ ਸ਼ਹਿਰੀ ਦੋਹਾਂ ਖੇਤਰਾਂ ਵਿਚੋਂ ਹਨ । ਇਸ ਪੁਸਤਕ ਵਿਚ ਨਵਤੇਜ ਸਿੰਘ ਦੀਆਂ 43 ਕਹਾਣੀਆਂ ਸ਼ਾਮਿਲ ਕੀਤੀਆਂ ਗਈਆਂ ਹਨ ।

ISBN 978-81-237-5447-5

**44. ਪ੍ਰੇਮ ਚੰਦ ਦੀਆਂ ਚੋਣਵੀਆਂ ਕਹਾਣੀਆਂ** : ਰਾਮਬਖ਼ਸ਼ (ਸੰਪਾਦਕ)

*ਅਨੁਵਾਦ : ਕੁਲਦੀਪ ਸਿੰਘ ਬੇਦੀ* *ਸਫ਼ੇ : 250 ਕੀਮਤ : 100.00*

ਇਸ ਪੁਸਤਕ ਦੀ ਖ਼ਾਸੀਅਤ ਇਹ ਹੈ ਕਿ ਇਸ ਵਿਚ ਜਾਤੀਵਾਦ, ਧਾਰਮਿਕ ਸਹਿਣ-ਸ਼ੀਲਤਾ ਅਤੇ ਦਲਿਤ ਵੇਦਨਾ ਨਾਲ ਸੰਬੰਧਿਤ ਕਹਾਣੀਆਂ ਲਈਆਂ ਗਈਆਂ ਹਨ । ਇਸ ਨਿਮਨ-ਵਰਗੀ ਮੱਧ ਵਰਗ ਦੀਆਂ ਸਮੱਸਿਆਵਾਂ, ਹਾਲਾਤਾਂ, ਘਰੇਲੂ, ਸਮਾਜਿਕ ਤੇ ਆਰਥਿਕ

ਹਾਲਾਤਾਂ/ਪ੍ਰਸਥਿਤੀਆਂ ਨਾਲ ਜੂਝਣ ਤੇ ਉਨ੍ਹਾਂ ਦੇ ਸ਼ਿਕਾਰ ਹੁੰਦੇ ਲੋਕਾਂ ਦੇ ਨਾਲ ਹਾਸ਼ੀਆਗਤ ਵਰਗ ਨੂੰ ਆਪਣੀ ਕਹਾਣੀ ਦੇ ਕੇਂਦਰ ਵਿਚ ਲਿਆ ਕੇ ਪ੍ਰਸਤੁਤ ਕੀਤਾ, ਜਦੋਂ ਸਮਾਜਿਕ, ਆਰਥਿਕ ਪੱਧਰ ਉਤੇ ਉਨ੍ਹਾਂ ਦੀ ਹਾਲਤ ਇਕਦਮ ਨਿੱਘਰੀ ਹੋਈ ਸੀ ।

ISBN 978-81-237-6028-5

**45. ਸੰਤ ਸਿੰਘ ਸੇਖੋਂ ਦੀਆਂ ਚੋਣਵੀਆਂ ਕਹਾਣੀਆਂ** : ਡਾ. ਤੇਜਵੰਤ ਸਿੰਘ ਗਿੱਲ (ਸੰਪਾਦਕ)

*ਮੂਲ ਪੰਜਾਬੀ* *ਸਫ਼ੇ : 176 ਕੀਮਤ : 95.00*

ਸੰਤ ਸਿੰਘ ਸੇਖੋਂ (1908-97) ਵੀਹਵੀਂ ਸਦੀ ਵਿਚ ਪੰਜਾਬੀ ਦਾ ਸਭ ਤੋਂ ਵੱਧ ਸੂਝ ਤੇ ਸੋਝੀ ਵਾਲਾ ਲੇਖਕ ਮੰਨਿਆ ਗਿਆ ਹੈ । ਨਵੀਨ ਵਿਧਾਵਾਂ, ਇਕਾਂਗੀ, ਨਿੱਕੀ ਕਹਾਣੀ ਆਦਿ ਨੂੰ ਆਰੰਭ ਕਰਨ ਦਾ ਸਿਹਰਾ ਉਸੇ ਨੂੰ ਜਾਂਦਾ ਹੈ । ਸਮੁੱਚੇ ਪੰਜਾਬੀ ਸਾਹਿਤ ਦਾ ਰਚਨਾ-ਸਿਧਾਂਤ ਪ੍ਰਸਤੁਤ ਕਰਨ ਦਾ ਗੌਰਵ ਵੀ ਉਸੇ ਨੂੰ ਹਾਸਿਲ ਹੈ । ਇਸ ਪੁਸਤਕ ਵਿਚ ਸੰਤ ਸਿੰਘ ਸੇਖੋਂ ਦੀਆਂ 19 ਕਹਾਣੀਆਂ ਹਨ । ISBN 978-81-237-6268-5

**46. ਪੰਜਾਬੀ ਨਾਟਕ ਦਾ ਸਫ਼ਰ : ਆਤਮਜੀਤ (ਸੰਪਾਦਕ)**

ਮੂਲ ਪੰਜਾਬੀ *ਸਫ਼ੇ : 488 ਕੀਮਤ : 170.00*

ਇਸ ਪੁਸਤਕ ਵਿਚ ਆਤਮਜੀਤ ਨੇ ਕੁਲ 9 ਨਾਟਕ ਸ਼ਾਮਲ ਕੀਤੇ ਹਨ । ਡਾ. ਹਰਚਰਨ ਸਿੰਘ ਦਾ *ਰੱਤਾ ਸਾਲੂ*, ਡਾ. ਸੁਰਜੀਤ ਸਿੰਘ ਸੇਠੀ ਦਾ *ਕਿੰਗ, ਮਿਰਜ਼ਾ ਤੇ ਸਪੇਰਾ*, ਬਲਵੰਤ ਗਾਰਗੀ ਦਾ *ਸੁਲਤਾਨ ਰਜ਼ੀਆ*, ਗੁਰਚਰਨ ਸਿੰਘ ਜਸੂਜਾ ਦਾ *ਰਚਨਾ ਰਾਮ ਬਨਾਈ*, ਕਪੂਰ ਸਿੰਘ ਘੁੰਮਣ ਦਾ *ਰਾਣੀ ਕੋਕਲਾਂ*, ਹਰਸਰਨ ਸਿੰਘ ਦਾ *ਕੁਲੱਛਣੇ*, ਡਾ. ਚਰਨਦਾਸ ਸਿੱਧੂ ਦਾ *ਅੰਬੀਆਂ ਨੂੰ ਤਰਸੇਂਗੀ*, ਅਜਮੇਰ ਸਿੰਘ ਔਲਖ ਦਾ *ਸੱਤ ਬਗਾਨੇ* ਅਤੇ ਡਾ. ਆਤਮਜੀਤ ਦਾ *ਮੈਂ ਤਾਂ ਇਕ ਸਾਰੰਗੀ ਹਾਂ* । ISBN 978-81-237-5448-2

**47. ਮੋਹਨ ਰਾਕੇਸ਼ ਦੀਆਂ ਸ੍ਰੇਸ਼ਠ ਕਹਾਣੀਆਂ** : ਰਵਿੰਦਰ ਕਾਲੀਆ (ਸੰਪਾਦਕ)

*ਅਨੁਵਾਦ : ਪ੍ਰਮਿੰਦਰਜੀਤ* *ਸਫ਼ੇ : 220 ਕੀਮਤ : 90.00*

ਨਵੀਂ ਕਹਾਣੀ ਅੰਦੋਲਨ ਦੇ ਆਗੂ ਕਥਾਕਾਰ ਮੋਹਨ ਰਾਕੇਸ਼ (1925-1972) ਨੇ ਕਹਾਣੀ, ਨਾਵਲ ਅਤੇ ਨਾਟਕ – ਤਿੰਨਾਂ ਵਿਧਾਵਾਂ ਵਿਚ ਹੀ ਸਿਰਜਣਾ ਦੇ ਨਵੇਂ ਕੀਰਤੀਮਾਨ ਸਥਾਪਿਤ ਕੀਤੇ ਹਨ । ਜੀਵਨ ਮੁੱਲ ਦੀ ਕਸ਼ਮਕਸ਼ ਵਿਚੋਂ ਉਪਜੇ ਉਹ ਤਮਾਮ ਪ੍ਰਸ਼ਨ ਉਨ੍ਹਾਂ ਦੀਆਂ ਰਚਨਾਵਾਂ 'ਚ ਜੀਵੰਤ ਹੋ ਉੱਠੇ ਹਨ, ਜਿਨ੍ਹਾਂ ਦੇ ਗਹਿਰੇ ਸਰੋਕਾਰ ਮਨੁੱਖ ਦੀ ਨਿੱਜਤਾ ਅਤੇ ਸਮਾਜਿਕਤਾ ਵਿਚ ਹਨ । 'ਮੋਹਨ ਰਾਕੇਸ਼ ਦੀਆਂ ਸ੍ਰੇਸ਼ਠ ਕਹਾਣੀਆਂ' ਵਿਚ ਸ਼ਾਮਲ 16 ਕਹਾਣੀਆਂ ਇਨ੍ਹਾਂ ਤੱਥਾਂ ਦੀ ਪੁਸ਼ਟੀ ਕਰਦੀਆਂ ਹਨ ।

ISBN 978-81-237-5939-5

**48. ਰਾਜੇਂਦਰ ਯਾਦਵ ਦੀਆਂ ਚੋਣਵੀਆਂ ਕਹਾਣੀਆਂ** : ਰਾਜੇਂਦਰ ਯਾਦਵ (ਸੰਪਾਦਕ)

*ਅਨੁਵਾਦ : ਬਲਬੀਰ ਪਰਵਾਨਾ* *ਸਫ਼ੇ : 256 ਕੀਮਤ : 80.00*

ਇਸ ਪੁਸਤਕ ਵਿਚ ਰਾਜੇਂਦਰ ਯਾਦਵ (1929) ਦੀਆਂ ਅਠਾਰਾਂ ਕਹਾਣੀਆਂ ਸ਼ਾਮਿਲ ਹਨ । ਵਿਸ਼ਾਲ ਕੈਨਵਸ ਦੀਆਂ ਇਨ੍ਹਾਂ ਕਹਾਣੀਆਂ 'ਚ ਮਨੋਵਿਗਿਆਨਕ ਸਿਖਰਾਂ ਛੂਹੀਆਂ

ਗਈਆਂ ਹਨ । ਸ਼ਬਦਾਂ, ਸੰਦਰਭਾਂ, ਮਿੱਥਾਂ, ਪ੍ਰਤੀਕਾਂ ਦੀ ਵਰਤੋਂ ਇੱਥੇ ਹੋਰਨਾਂ ਵਾਂਗ ਪ੍ਰੰਪਰਿਕ ਨਹੀਂ ਹੈ; ਰਾਜੇਂਦਰ ਯਾਦਵ ਉਨ੍ਹਾਂ ਦੇ ਨਵੇਂ-ਨਵੇਂ ਅਰਥ-ਬੋਧ ਢੂੰਡਦਾ ਹੈ ।

ISBN 978-81-237-5937-1

**49. ਕਾਮਤਾਨਾਥ ਦੀਆਂ ਚੋਣਵੀਆਂ ਕਹਾਣੀਆਂ** : ਕਾਮਤਾਨਾਥ (ਸੰਪਾਦਕ)

*ਅਨੁਵਾਦ : ਪ੍ਰੋ. ਪ੍ਰੀਤਮ ਸਿੰਘ ਰਾਹੀ* *ਸਫ਼ੇ : 236 ਕੀਮਤ : 95.00*

ਕਾਮਤਨਾਥ ਨੇ ਆਪਣੀ ਮਾਰਕਸਵਾਦੀ ਦ੍ਰਿਸ਼ਟੀ ਦਾ ਉਪਯੋਗ ਯਥਾਰਥ ਦੇ ਅੰਤਰ-ਵਿਰੋਧਾਂ ਨੂੰ ਸਮਝ ਕੇ ਉਨ੍ਹਾਂ ਨੂੰ ਕਹਾਣੀਆਂ ਦੇ ਸੰਚੇ ਵਿਚ ਢਾਲਣ ਲਈ ਕੀਤਾ ਹੈ । ਮਾਰਕਸਵਾਦ ਦੀ ਦ੍ਰਿਸ਼ਟੀ ਦੀ ਰੋਸ਼ਨੀ ਵਿਚ ਉਹ ਯਥਾਰਥ ਨੂੰ ਖੋਲ੍ਹਦੇ ਹਨ ਅਤੇ ਕਹਾਣੀ-ਵਿਧਾ ਵਿਚ ਉਸ ਦੀ ਪੁਨਰ-ਸਿਰਜਣਾ ਕਰਦੇ ਹਨ । ISBN 978-81-237-5904-3

**50. ਰਾਜਕਮਲ ਚੌਧਰੀ ਦੀਆਂ ਚੋਣਵੀਆਂ ਕਹਾਣੀਆਂ** : ਦੇਵ ਸ਼ੰਕਰ ਨਵੀਨ (ਸੰਪਾ.)

*ਅਨੁਵਾਦ : ਬਲਬੀਰ ਮਾਧੋਪੁਰੀ* *ਸਫ਼ੇ : 300 ਕੀਮਤ : 120.00*

ਹਿੰਦੀ ਵਿਚ ਰਾਜਕਮਲ ਚੌਧਰੀ (18.12.1929 ਤੋਂ 19.6.1967) ਦੀਆਂ ਰਚਨਾਵਾਂ ਛੇਵੇਂ ਦਹਾਕੇ ਦੇ ਪਿਛਲੇ ਅੱਧ ਵਿਚ ਛਪਣ ਸਾਰ ਹੀ ਹਲਚਲ ਪੈਦਾ ਕਰਨ ਲੱਗ ਪਈਆਂ ਸਨ । ਹਿੰਦੀ ਅਤੇ ਮੈਥਿਲੀ -- ਦੋਵੇਂ ਭਾਸ਼ਾਵਾਂ ਵਿਚ ਲਿਖੀਆਂ-ਛਪੀਆਂ ਉਨ੍ਹਾਂ ਦੀਆਂ ਰਚਨਾਵਾਂ ਵਿਚ ਛੇਵੇਂ ਦਹਾਕੇ ਦੀਆਂ ਸਮਾਜਿਕ ਰੂੜ੍ਹੀਆਂ, ਪਾਖੰਡਾਂ, ਕੁਰੀਤੀਆਂ, ਅੱਤਿਆਚਾਰਾਂ ਰਾਜਨੀਤਿਕ ਸਾਜ਼ਿਸ਼ਾਂ ਅਤੇ ਬਹੁਜਨਾਂ ਨਾਲ ਕੀਤੇ ਜਾ ਰਹੇ ਅਨਿਆਂ, ਪ੍ਰਪੰਚ, ਧੋਖਾਧੜੀ ਆਦਿ ਦੇ ਸੰਬੰਧ ਵਿਚ ਉਨ੍ਹਾਂ ਦੀ ਨਜ਼ਰ ਚੌਕਸ ਲਗਦੀ ਹੈ ।

ISBN 978-81-237-5905-0

**51. ਵਿਸ਼ਣੂ ਪ੍ਰਭਾਕਰ ਦੀਆਂ ਚੋਣਵੀਆਂ ਕਹਾਣੀਆਂ** : ਵਿਸ਼ਣੂ ਪ੍ਰਭਾਕਰ

*ਅਨੁਵਾਦ : ਡਾ. ਜਸਵਿੰਦਰ ਕੌਰ ਬਿੰਦਰਾ* *ਸਫ਼ੇ : 168 ਕੀਮਤ : 70.00*

ਹਿੰਦੀ ਦੇ ਪ੍ਰਸਿੱਧ ਕਥਾਕਾਰ ਵਿਸ਼ਣੂ ਪ੍ਰਭਾਕਰ (1912) ਰਾਹੀਂ ਤਿਆਰ ਕੀਤੀਆਂ ਗਈਆਂ 18 ਕਹਾਣੀਆਂ ਦਾ ਚੋਣਵਾਂ-ਸੰਗ੍ਰਹਿ 'ਵਿਸ਼ਣੂ ਪ੍ਰਭਾਕਰ ਦੀਆਂ ਚੋਣਵੀਆਂ ਕਹਾਣੀਆਂ' ਕਥਾਕਾਰ ਦੀ ਕਥਾ-ਕੁਸ਼ਲਤਾ ਦਾ ਸਿਲਸਿਲੇਵਾਰ ਬਿਓਰਾ ਪ੍ਰਸਤੁਤ ਕਰਦਾ ਹੈ । ਇਹ ਕਹਾਣੀਆਂ ਸੰਨ 1937-1993 ਤੱਕ ਦੀਆਂ ਹਨ ।

ISBN 978-81-237-5790-2

**52. ਦੇਵਿੰਦਰ ਸਤਿਆਰਥੀ ਦੀਆਂ ਚੋਣਵੀਆਂ ਕਹਾਣੀਆਂ** : ਗੁਰਚਰਨ ਸਿੰਘ ਅਰਸ਼ੀ (ਸੰਪਾ:)

*ਮੂਲ ਪੰਜਾਬੀ* *ਸਫ਼ੇ : 296 ਕੀਮਤ : 110.00*

ਇਸ ਪੁਸਤਕ ਵਿਚ ਇਕ ਅਣਥੱਕ ਲੋਕਯਾਨ-ਖੋਜੀ ਤੇ ਬਹੁਭਾਸ਼ੀ ਸਰਬਾਂਗੀ ਸਾਹਿਤਕਾਰ ਦੀਆਂ 27 ਕਹਾਣੀਆਂ ਸ਼ਾਮਿਲ ਕੀਤੀਆਂ ਗਈਆਂ ਹਨ । ਸਤਿਆਰਥੀ ਦੀ ਰਚਨਾ-ਦ੍ਰਿਸ਼ਟੀ ਦੀ ਵਿਸ਼ੇਸ਼ਤਾ ਇਸ ਗੱਲ ਵਿਚ ਦੇਖੀ ਜਾ ਸਕਦੀ ਹੈ ਕਿ ਜਾਗੀਰਦਾਰੀ ਕਦਰਾਂ-ਕੀਮਤਾਂ ਤੇ ਸਰਮਾਏਦਾਰੀ ਕਦਰਾਂ-ਕੀਮਤਾਂ ਵਿਚਲੇ ਟਕਰਾਅ ਨੂੰ ਪੇਸ਼ ਕਰਦੇ ਸਮੇਂ ਪ੍ਰੰਪਰਾਗਤ ਸੋਚ

ਤੇ ਮਾਨਸਿਕਤਾ ਵਾਲੇ ਪਾਤਰਾਂ ਨੂੰ ਵਿਅੰਗ ਦੀ ਦ੍ਰਿਸ਼ਟੀ ਤੋਂ ਚਿਤਰਣ ਦੀ ਬਜਾਇ ਹਮਦਰਦੀ ਦੀ ਦ੍ਰਿਸ਼ਟੀ ਨਾਲ ਚਿਤਰਦਾ ਹੈ। ਉਸ ਦੀਆਂ ਕਹਾਣੀਆਂ ਦਾ ਇਕ ਪੱਖ ਦੇਸ਼ ਦੀ ਵੰਡ ਦੇ ਦੁਖਾਂਤ ਦੀ ਪੇਸ਼ਕਾਰੀ ਨਾਲ ਸੰਬੰਧਿਤ ਹੈ।

ISBN 978-81-237-5408-6

**53. ਆਜ਼ਾਦੀ ਤੋਂ ਬਾਅਦ ਦੀ ਪੰਜਾਬੀ ਕਹਾਣੀ** : ਵਰਿਆਮ ਸਿੰਘ ਸੰਧੂ (ਸੰਪਾ:)

*ਮੂਲ ਪੰਜਾਬੀ* *ਸਫ਼ੇ : 368 ਕੀਮਤ : 140.00*

ਆਜ਼ਾਦੀ ਤੋਂ ਬਾਅਦ ਦੀ ਪੰਜਾਬੀ ਕਹਾਣੀ ਵਿਚ ਭਾਵੇਂ ਮੁੱਢਲੇ ਦੌਰ ਦੇ ਕਹਾਣੀਕਾਰਾਂ ਦੇ ਯੋਗਦਾਨ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ ਤਦ ਵੀ ਇਸ ਸਮੁੱਚੇ ਦੌਰ ਦੀ ਕਹਾਣੀ ਦੀ ਪਛਾਣ ਅਤੇ ਵਿਕਾਸ ਦੂਜੇ ਦੌਰ ਦੇ ਜਾਂ ਉਸ ਤੋਂ ਪਿੱਛੋਂ ਆਉਣ ਵਾਲੇ ਕਹਾਣੀ-ਕਾਰਾਂ ਨਾਲ ਹੀ ਸੰਬੰਧਿਤ ਹੈ। ਪਿਛਲੇ ਸੱਠ ਕੁ ਸਾਲਾਂ ਵਿਚ ਪੰਜਾਬੀ ਕਹਾਣੀ ਨੇ ਵਸਤੂ, ਵਿਧਾ ਅਤੇ ਦ੍ਰਿਸ਼ਟੀ ਦੇ ਪੱਖੋਂ ਜਿਹੜੇ ਪਰਿਵਰਤਨ ਹੰਢਾਏ ਹਨ ਉਨ੍ਹਾਂ ਉਤੇ ਇਕ ਚੋਣਵੀਂ ਝਾਤੀ ਪਵਾਉਣ ਦੇ ਉਪਰਲੇ ਵਜੋਂ ਹੀ ਇਹ ਸੰਗ੍ਰਹਿ ਹੋਂਦ ਵਿਚ ਆਇਆ ਹੈ। ਸੈਂਕੜੇ ਕਹਾਣੀਕਾਰਾਂ ਦੁਆਰਾ ਲਿਖੀਆਂ ਹਜ਼ਾਰਾਂ ਕਹਾਣੀਆਂ ਵਿਚੋਂ ਹਰੇਕ ਪੱਖ ਨੂੰ ਪ੍ਰਸਤੁਤ ਕਰਨ ਵਾਲੀਆਂ 33 ਪ੍ਰਤੀਨਿਧ ਕਹਾਣੀਆਂ ਦੀ ਚੋਣ ਕਰਨਾ ਇਕ ਸੁਹਿਰਦ ਯਤਨ ਹੈ।

ISBN 978-81-237-4835-3

**54. ਕੁੰਡ 'ਤੇ ਸੂਰਜ ਦਾ ਬਿੰਬ** *(ਮੁਕਤੀਬੋਧ ਦੀਆਂ ਗੱਦ ਰਚਨਾਵਾਂ)* : ਚੰਦਰਕਾਂਤ ਦੇਵਤਾਲੇ (ਸੰਪਾਦਕ)

*ਅਨੁਵਾਦ : ਤਰਸੇਮ* *ਸਫ਼ੇ : 300 ਕੀਮਤ : 110.00*

'ਕੁੰਡ 'ਤੇ ਸੂਰਜ ਦਾ ਬਿੰਬ' ਹਿੰਦੀ ਦੇ ਮਹਾਨ ਰਚਨਾਕਾਰ ਮੁਕਤੀਬੋਧ ਦੀਆਂ ਪ੍ਰਤੀਨਿਧ ਗਦ ਰਚਨਾਵਾਂ ਦਾ ਅਨੂਠਾ ਸੰਗ੍ਰਹਿ ਹੈ। ਮਨੁੱਖੀ ਹੋਂਦ ਦੇ ਜਿਹੜੇ ਨਿੱਜ ਅਤੇ ਸਮਾਜਿਕ ਸੁਆਲਾਂ ਦੇ ਨਾਲ, ਕਲਾ ਅਤੇ ਸਾਹਿਤ-ਸਿਰਜਣਾ ਦੇ ਸੁਆਲਾਂ ਦੀ ਪੜਤਾਲ ਦੇ ਲਈ ਮੁਕਤੀਬੋਧ ਨੂੰ ਮਾਰਕਸਵਾਦ ਤੋਂ ਠੋਸ ਆਧਾਰ ਪ੍ਰਾਪਤ ਹੋਇਆ ਸੀ, ਉਸੇ ਤੀਖਣ ਵਿਚਾਰਕ ਪਿੱਠ-ਭੂਮੀ 'ਤੇ ਅੰਤਹੀਣ ਜਿਰਾਹ ਦੇ ਦੌਰਾਨ ਇਨ੍ਹਾਂ ਨੇ ਜੀਵਨ ਅਤੇ ਸਿਰਜਣਾ ਦੇ ਸੁਆਲਾਂ ਦਾ ਪਰੀਖਣ ਆਪਣੀਆਂ ਗਦ ਰਚਨਾਵਾਂ ਵਿਚ ਕੀਤਾ ਹੈ।

ISBN 978-81-237-5688-2

**55. ਵਿਸ਼-ਕੰਨਿਆ** *(ਮਲਿਆਲਮ)* : ਐਸ. ਕੇ. ਪੋਟੇਕਾਟ

*ਅਨੁਵਾਦ : ਤਾਰਾ ਸਿੰਘ* *ਸਫ਼ੇ : 156 ਕੀਮਤ : 65.00*

ਤਿਰੁਵਿਤਾਂਕੁਰ (ਕੇਰਲ) ਦੇ ਗਰੀਬ ਇਸਾਈਆਂ ਦੇ ਖੇਤੀ ਦੇ ਕੰਮ ਨੂੰ ਲੈ ਕੇ ਮਲਿਆਲਮ ਵਿਚ ਲਿਖਿਆ ਗਿਆ ਪ੍ਰਸਿੱਧ ਨਾਵਲ 'ਵਿਸ਼-ਕੰਨਿਆ' ਇਕ ਚਰਚਿਤ ਰਚਨਾ ਹੈ। ਇਸ ਨਾਵਲ ਵਿਚ ਮਾਨਵ ਅਤੇ ਪ੍ਰਕਿਰਤੀ -- ਦੋਨਾਂ ਦੇ ਸੰਘਰਸ਼ ਨੂੰ ਕਾਵਿਮਈ ਸ਼ੈਲੀ ਵਿਚ ਪੇਸ਼ ਕੀਤਾ ਹੈ। ISBN 978-81-237-5679-0

**56. ਸੁਭੱਦਰਾ ਕੁਮਾਰੀ ਚੌਹਾਨ ਦੀਆਂ ਚੋਣਵੀਆਂ ਕਹਾਣੀਆਂ** : ਆਨੰਦ ਪ੍ਰਕਾਸ਼ (ਸੰਪਾ:)
ਅਨੁਵਾਦ : *ਡਾ. ਅਮਰਜੀਤ ਕੌਰ* *ਸਫ਼ੇ : 200 ਕੀਮਤ : 75.00*
ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਰਚੀਆਂ ਗਈਆਂ ਇਨ੍ਹਾਂ ਕਹਾਣੀਆਂ ਨੂੰ ਪੜ੍ਹ ਕੇ ਇਹ ਸਿੱਟਾ ਨਿਕਲਦਾ ਹੈ ਕਿ ਸੁਭੱਦਰਾ ਕੁਮਾਰੀ ਚੌਹਾਨ ਸਮਕਾਲਤਾ ਨੂੰ ਸਵੀਕਾਰਦੇ ਹੋਏ ਅੱਗੇ ਦੇਖਦੀ ਹੈ ਅਤੇ ਉਚਿਤ ਦਾ ਨਿਰਣਾ ਕਰਨ ਵਿਚ, ਉਸ ਨੂੰ ਬਣਾਉਣ ਵਿਚ ਆਪਣੀ ਰਚਨਾ ਦੀ ਸਾਰਥਕਤਾ ਦੇਖਦੀ ਹੈ। ਸੁਭੱਦਰਾ ਕੁਮਾਰੀ ਚੌਹਾਨ ਦੀਆਂ ਕਹਾਣੀਆਂ ਸੁਤੰਤਰਤਾ ਦੇ ਨੇੜੇ-ਤੇੜੇ ਦੀ ਨਾਰੀ ਦਾ ਮਾਨਸਿਕ ਚਿੱਤਰ ਪੇਸ਼ ਕਰਦੀਆਂ ਹਨ।
ISBN 978-81-237-5058-3

**57. ਮੈਥਿਲੀ ਕਥਾ ਝਰੋਖਾ** : ਸ਼ਿਵਸ਼ੰਕਰ ਸ੍ਰੀਨਿਵਾਸ (ਸੰਪਾਦਕ)
ਅਨੁਵਾਦ : *ਬਲਬੀਰ ਪਰਵਾਨਾ* *ਸਫ਼ੇ : 292 ਕੀਮਤ : 100.00*
ਮੈਥਿਲੀ ਬਿਹਾਰ ਦੇ ਉਸ ਇਲਾਕੇ ਦੀ ਬੋਲੀ ਹੈ ਜਿਸ ਨੂੰ ਮਿਥਿਲਾ ਆਖਦੇ ਹਨ। ਇਸ ਇਲਾਕੇ 'ਚ ਲੋਕ ਕਿਵੇਂ ਜੀਉਂਦੇ ਹਨ, ਕਿਵੇਂ ਉਥੇ ਜਾਤੀਵਾਦੀ ਰਾਜਨੀਤੀ ਕਬਾਇਲੀ ਜੀਵਨ-ਜਾਚ 'ਚੋਂ ਉਭਰ ਰਹੇ ਲੋਕਾਂ ਨੂੰ ਪਾੜ ਰਹੀ ਹੈ, ਕਿਵੇਂ ਕੁਝ ਅਮੀਰ ਹੋਈ ਜਾ ਰਹੇ ਹਨ ਤੇ ਬਹੁਤੇ ਘੱਟੋ ਘੱਟ ਜੀਊਣ ਦੇ ਸਾਧਨ ਤੋਂ ਵੀ ਵਾਂਝੇ ਹੋ ਕੇ ਆਪਣੇ ਘਰ ਪਿੰਡ ਛੱਡ ਕੇ ਦੂਸਰੇ ਸੂਬਿਆਂ, ਮਹਾਂਨਗਰਾਂ ਵੱਲ ਕੂਚ ਰਹੇ ਹਨ, ਇਸ ਸੰਗ੍ਰਹਿ ਦੀਆਂ ਕਹਾਣੀਆਂ ਇਸ ਦਾ ਖ਼ੂਬਸੂਰਤ ਵਰਣਨ ਕਰਦੀਆਂ ਹਨ। ISBN 978-81-237-4970-9

**58. ਕਾਲੀ ਮਿੱਟੀ (ਤੇਲਗੂ)** : ਪਾਲਗੁਮਿ ਪਦਮਰਾਜੂ
ਅਨੁਵਾਦ : *ਪਿਆਰਾ ਸਿੰਘ ਦਾਤਾ* *ਸਫ਼ੇ : 192 ਕੀਮਤ : 20.00*
ਆਂਧਰਾ ਪ੍ਰਦੇਸ਼ ਦਾ ਇਕ ਪਿੰਡ ਹੈ ਜਿਸ ਦੀ ਮਿੱਟੀ ਕਾਲੀ ਹੈ। ਉਸੇ ਮਿੱਟੀ ਦੀ ਭਿੰਨੀ-ਭਿੰਨੀ ਖ਼ੁਸ਼ਬੋ ਇਸ ਨਾਵਲ ਵਿਚ ਵਿਦਮਾਨ ਹੈ। ਇਸ ਦੇ ਜਿਉਂਦੇ-ਜਾਗਦੇ ਪਾਤਰ ਹਨ ਪਿੰਡ ਦੇ ਸਿੱਧੇ-ਸਾਦੇ ਲੋਕ, ਜੋ ਆਪਸ ਵਿਚ ਘਿਰਣਾ ਵੀ ਕਰਦੇ ਹਨ ਅਤੇ ਪ੍ਰੇਮ ਵੀ।
ISBN 978-81-237-0000-0

**59. ਮਾਹੀਮ ਦੀ ਖਾੜੀ (ਮਰਾਠੀ)** : ਮਧੂ ਮੰਗੇਸ਼ ਕਰਣਿਕ
ਅਨੁਵਾਦ : *ਪ੍ਰੋ. ਸਵਰਨ ਸਿੰਘ* *ਸਫ਼ੇ : 146 ਕੀਮਤ : 18.00*
'ਮਾਹੀਮ ਦੀ ਖਾੜੀ' ਨਾਵਲ ਵਿਚ ਬੰਬਈ ਦੀਆਂ ਝੁੱਗੀਆਂ ਦਾ ਚਿਤ੍ਰਣ ਵਿਸ਼ੇਸ਼ ਰੂਪ ਵਿਚ ਮਿਲਦਾ ਹੈ। ਇਸ ਨਾਵਲ ਵਿਚ ਲੇਖਕ ਨੇ ਵਿਲੱਖਣ ਚੇਤਨਤਾ ਦੁਆਰਾ ਇਕ ਨਿੱਕੇ ਜਿਹੇ ਸੰਪੂਰਣ ਜਗਤ ਦਾ ਚਿੱਤਰ ਅਨੇਕਾਂ ਤਫ਼ਸੀਲਾਂ ਰਾਹੀਂ ਸਾਕਾਰ ਕੀਤਾ ਹੈ। ਇਸ 'ਮਾਹੀਮ ਦੀ ਖਾੜੀ' ਵਿਚ ਸਭ ਸੁੰਦਰ ਸੁਪਨੇ ਛਾਈਂ-ਮਾਈਂ ਹੁੰਦੇ ਹਨ।

**60. ਚਿਕਵੀਰ ਰਾਜੇਂਦਰ (ਕੰਨੜ)** : ਸ੍ਰੀਨਿਵਾਸ
ਅਨੁਵਾਦ : *ਤਾਰਾ ਸਿੰਘ* *ਸਫ਼ੇ : 386 ਕੀਮਤ : 32.00*
'ਚਿਕਵੀਰ ਰਾਜੇਂਦਰ' ਦੱਖਣ ਭਾਰਤ ਵਿਚ ਮੈਸੂਰ ਰਾਜ ਦੇ ਨੇੜੇ ਇਕ ਛੋਟੇ ਜਿਹੇ ਭੂ-

ਪ੍ਰਦੇਸ਼ ਕੋਡਗ ਦੇ ਇਤਿਹਾਸ ਨਾਲ ਸੰਬੰਧ ਰੱਖਦਾ ਹੈ । 1986 ਵਿਚ ਕੋਡਗ ਮੈਸੂਰ ਰਾਜ ਦਾ ਇਕ ਭਾਗ ਬਣਿਆ । ਅੰਗਰੇਜ਼ਾਂ ਨੇ ਇਸ ਨੂੰ ਚਿਕਵੀਰ ਰਾਜੇਂਦਰ ਦੇ ਸਮੇਂ ਆਪਣੇ ਅਧਿਕਾਰ ਵਿਚ ਲਿਆ ਸੀ । ਇਸ ਨਾਵਲ ਵਿਚ ਸ੍ਰੀਨਿਵਾਸ ਨੇ ਉਸ ਤੋਂ ਪਹਿਲਾਂ ਦੀਆਂ ਘਟਨਾਵਾਂ ਨੂੰ ਹੀ ਲਿਆ ।

**61. ਸੂਰਜਮੁਖੀ ਦਾ ਸੁਪਨਾ (ਆਸਾਮੀ)** : ਸੱਯਦ ਅਬਦੁਲ ਮਲਿਕ

ਅਨੁਵਾਦ : *ਡਾ. ਕਰਨੈਲ ਸਿੰਘ ਥਿੰਦ* *ਸਫ਼ੇ : 192 ਕੀਮਤ : 23.00*

ਇਹ ਕਹਾਣੀ ਹੈ ਆਸਾਮ ਦੇ ਡਾਲਿਮ ਪਿੰਡ ਦੇ ਗੁਲਰ ਦੀ, ਜਿਸ ਦਾ ਜੀਵਨ ਚੇਨਿਮਾਈ, ਕਪਾਹੀ ਅਤੇ ਤਰਾ ਨਾਮੀ ਔਰਤਾਂ ਦੇ ਆਸ-ਪਾਸ ਇਸ ਤਰ੍ਹਾਂ ਵਿਭਿੰਨ ਸੰਘਰਸ਼ਾਂ ਦੇ ਵਿਚ ਅੱਗੇ ਵਧਦਾ ਹੈ ਕਿ ਪਿੰਡ ਦਾ ਜੀਵਨ ਸਾਰੇ ਚੁਗਿਰਦੇ ਸਮੇਤ ਚਮਕਣ ਲੱਗਦਾ ਹੈ ।

**62. ਬੇਗਮਾਂ ਦੇ ਅੱਥਰੂ (1857 ਦੇ ਗ਼ਦਰ ਨਾਲ ਸੰਬੰਧਿਤ ਕਹਾਣੀਆਂ)** : (ਦੂਜਾ ਸੰਸਕਰਣ) ਖ਼ਵਾਜਾ ਹਸਨ ਨਿਜ਼ਾਮੀ

ਅਨੁਵਾਦ : *ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 80 ਕੀਮਤ : 35.00*

ਦਿੱਲੀ ਦੇ ਸ਼ਾਹੀ ਖ਼ਾਨਦਾਨ ਨਾਲ 1857 ਦੇ ਗ਼ਦਰ ਦੌਰਾਨ ਜੋ ਕੁਝ ਵਾਪਰਿਆ, ਇਸ ਪੁਸਤਕ ਵਿਚ ਉਸ ਦੀਆਂ ਦੁੱਖ ਭਰੀਆਂ ਅਤੇ ਦਰਦਨਾਕ ਸਥਿਤੀਆਂ ਇਸ ਤਰ੍ਹਾਂ ਪੇਸ਼ ਕੀਤੀਆਂ ਗਈਆਂ ਹਨ ਕਿ ਪੜ੍ਹ ਕੇ ਹੰਝੂਆਂ ਨੂੰ ਰੋਕ ਸਕਣਾ ਮੁਸ਼ਕਿਲ ਹੋ ਜਾਂਦਾ ਹੈ । ਇਸ ਪੁਸਤਕ ਦੇ ਉਰਦੂ ਵਿਚ 'ਬੇਗ਼ਮਾਤ ਕੇ ਆਂਸੂ' ਨਾਂ ਹੇਠ 16 ਸੰਸਕਰਣ ਪ੍ਰਕਾਸ਼ਿਤ ਹੋ ਚੁੱਕੇ ਹਨ । ਇਨ੍ਹਾਂ ਕਹਾਣੀਆਂ ਵਿਚ ਬੇਗਮਾਂ, ਸ਼ਹਿਜ਼ਾਦਿਆਂ ਅਤੇ ਉਨ੍ਹਾਂ ਦੇ ਸਕੇ-ਸਬੰਧੀਆਂ ਨਾਲ ਅੰਗਰੇਜ਼ਾਂ ਨੇ ਜੋ ਸਲੂਕ ਕੀਤਾ ਉਸ ਦਾ ਹੂ-ਬ-ਹੂ ਚਿੱਤਰਣ ਕੀਤਾ ਗਿਆ ਹੈ । ISBN 978-81-237-5064-4

**63. ਜੈਕਾਂਤਨ ਦੀਆਂ ਕਹਾਣੀਆਂ (ਤਮਿਲ)** : ਡਾ. ਜੈਕਾਂਤਨ

ਅਨੁਵਾਦ : *ਬਲਬੀਰ ਮੋਮੀ* *ਸਫ਼ੇ : 192 ਕੀਮਤ : 21.00*

ਇਹ ਸੰਗ੍ਰਹਿ ਪ੍ਰਸਿੱਧ ਤਮਿਲ ਲੇਖਕ ਜੈਕਾਂਤਨ ਦੀਆਂ ਉਨ੍ਹਾਂ ਸਰਵਸ੍ਰੇਸ਼ਠ ਕਹਾਣੀਆਂ ਦਾ ਸੰਕਲਨ ਹੈ ਜੋ ਉਨ੍ਹਾਂ 1956-1972 ਦਰਮਿਆਨ ਲਿਖੀਆਂ । ਇਹ ਕਹਾਣੀਆਂ ਲੇਖਕ ਦੀ ਅਦਭੁਤ ਸਿਰਜਣਸ਼ੀਲ ਸ਼ਖ਼ਸੀਅਤ ਦੀ ਵਿਭਿੰਨਤਾ ਦਾ ਪ੍ਰਗਟਾਅ ਹਨ ।

**64. ਉਰਦੂ ਕਹਾਣੀਆਂ** : ਰਜ਼ੀਆ ਸੱਜਾਦ ਜ਼ਹੀਰ (ਸੰਪਾਦਿਕਾ)

ਅਨੁਵਾਦ : *ਮਹਿੰਦਰ ਸਿੰਘ ਜੋਸ਼ੀ* *ਸਫ਼ੇ : 224 ਕੀਮਤ : 27.00*

ਅੱਜ ਦੀ ਉਰਦੂ ਕਹਾਣੀ ਰੰਗਾਰੰਗ ਤੇ ਜ਼ਿੰਦਗੀ ਨਾਲ ਭਰਪੂਰ ਰਚਨਾਵਾਂ ਨਾਲ ਮਾਲਾਮਾਲ ਹੈ ਅਤੇ ਨਿਰਸੰਦੇਹ ਉਰਦੂ ਕਹਾਣੀ ਆਪਣੀ ਸਿਖ਼ਰ 'ਤੇ ਪਹੁੰਚ ਚੁੱਕੀ ਹੈ । ਇਕ ਪਾਸੇ ਉਹ ਆਪਣੇ ਸਾਧਾਰਣ ਪਾਠਕਾਂ ਵਿਚ ਹਰਮਨਪਿਆਰੀ ਹੈ ਤੇ ਦੂਜੇ ਪਾਸੇ ਉਹ ਦੁਨੀਆਂ ਦੀ ਕਿਸੇ ਵੀ ਬੋਲੀ ਦੇ ਮੁਕਾਬਲੇ ਤੇ ਖੜ੍ਹ ਸਕਦੀ ਹੈ । ਇਸ ਸੰਗ੍ਰਹਿ ਵਿਚ ਉਰਦੂ ਦੇ 24 ਉੱਘੇ ਲੇਖਕਾਂ ਦੀਆਂ ਕਹਾਣੀਆਂ ਸ਼ਾਮਲ ਹਨ ।

**65. ਸਮਕਾਲੀਨ ਮਲਿਆਲਮ ਕਹਾਣੀਆਂ** : ਐਮ. ਮੁਕੰਦਨ (ਸੰਪਾਦਕ)

ਅਨੁਵਾਦ : *ਪ੍ਰੋ. ਗੁਰਦਿਆਲ ਸਿੰਘ* *ਸਫ਼ੇ : 192 ਕੀਮਤ : 18.00*

ਮਲਿਆਲਮ ਕਹਾਣੀਆਂ ਦਾ ਇਹ ਦੂਜਾ ਸੰਗ੍ਰਹਿ ਸਮਕਾਲੀਨ ਕਹਾਣੀ ਦਾ ਪ੍ਰਤੀਨਿਧ ਸੰਗ੍ਰਹਿ ਮੰਨਿਆ ਜਾ ਸਕਦਾ ਹੈ । ਇਨ੍ਹਾਂ ਕਹਾਣੀਆਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਪਰੰਪਰਾਗਤ ਮੋਹ ਵਿਚੋਂ ਬਾਹਰ ਨਿਕਲ ਕੇ ਸਮਾਜਿਕ ਯਥਾਰਥ ਦੀ ਤਸਵੀਰ ਪੇਸ਼ ਕਰਦੀਆਂ ਹਨ । ਜਿਥੋਂ ਤਕ ਸ਼ੈਲੀ ਦਾ ਸੰਬੰਧ ਹੈ, ਇਹ ਸਭ ਕਹਾਣੀਆਂ ਵਿਸ਼ੁੱਧ ਯਥਾਰਥਪਰਕ ਨਾ ਹੋ ਕੇ ਪ੍ਰਤੀਕਾਤਮਕ ਢੰਗ ਨਾਲ ਪੇਸ਼ ਹੋਈਆਂ ਹਨ ।

**66. ਮਰਿਆ ਹੋਇਆ ਚੰਨ (ਉੜੀਆ)** : ਉਪੇਂਦਰ ਕਿਸ਼ੋਰ ਦਾਸ

ਅਨੁਵਾਦ : *ਡਾ. ਮਹਿੰਦਰ ਕੌਰ ਗਿੱਲ* *ਸਫ਼ੇ : 103 ਕੀਮਤ : 10.00*

ਇਕ ਛੋਟੇ ਜਿਹੇ ਪਿੰਡ ਦੇ ਨਿਮਨ ਮੱਧਵਰਗੀ ਬ੍ਰਾਹਮਣ ਪਰਿਵਾਰ ਦੀ ਕੰਨਿਆ ਸਤੀ ਜਾਂ ਸਤਭਾਮਾ, ਨਰਹਰੀ ਨਾਂ ਦੇ ਇਕ ਕਾਲੇ-ਕਲੂਟੇ, ਬੁੱਢੇ ਦੁਹਾਜੂ, ਧਨੀ ਜ਼ਿਮੀਦਾਰ ਨਾਲ ਵਿਆਹ ਕਰਨ ਲਈ ਮਜਬੂਰ ਹੁੰਦੀ ਹੈ ।

**67. ਅੱਗ ਦਾ ਦਰਿਆ (ਉਰਦੂ)** : ਕੁਰਤੁਲਐਨ ਹੈਦਰ

ਅਨੁਵਾਦ : *ਸੁਖਬੀਰ* *ਸਫ਼ੇ : 402 ਕੀਮਤ : 26.25*

ਇਸ ਨਾਵਲ ਦਾ ਕੇਂਦਰ ਬਿੰਦੂ ਭਾਰਤ-ਪਾਕਿਸਤਾਨ ਦੀ ਵੰਡ ਹੈ । ਪਰ ਫੇਰ ਵੀ ਇਹ ਸਿਰਫ਼ ਭਾਰਤ-ਪਾਕਿਸਤਾਨ ਦੇ ਵੰਡੇ ਜਾਣ ਦੀ ਤ੍ਰਾਸਦੀ ਨਹੀਂ ਹੈ, ਸਗੋਂ ਪੂਰੀ ਮਾਨਵ ਜਾਤੀ ਦਾ ਦੁਖਾਂਤ ਹੈ ਜੋ ਭਾਰਤ-ਪਾਕਿ ਵੰਡ 'ਤੇ ਆਧਾਰਿਤ ਹੈ । ਇਸ ਨਾਵਲ ਦੀ ਵਸਤੂ ਸਮੱਗਰੀ ਦੋ ਹਜ਼ਾਰ ਵਰ੍ਹਿਆਂ ਦੇ ਭਾਰਤੀ ਇਤਿਹਾਸ ਨੂੰ ਪੂਰੀ ਸਮੱਗਰਤਾ ਨਾਲ ਪੇਸ਼ ਕਰਦੀ ਹੈ । ਇਸ ਨਾਵਲ ਵਿਚ ਭਾਰਤੀ ਸਭਿਆਚਾਰ, ਰੀਤੀ-ਰਿਵਾਜ ਤੇ ਸੰਸਕਾਰ ਰਚਨਾ ਦਾ ਅਹਿਮ ਸਿੱਟਾ ਬਣ ਕੇ ਉਭਰਦੇ ਹਨ ।

**68. ਮੈਲਾ ਆਂਚਲ (ਹਿੰਦੀ)** : ਫਨੀਸ਼ਵਰਨਾਥ ਰੇਣੂ

ਅਨੁਵਾਦ : *ਜਸਵੰਤ ਸਿੰਘ ਵਿਰਦੀ* *ਸਫ਼ੇ : 230 ਕੀਮਤ : 80.00*

ਇਹ ਨਾਵਲ ਆਜ਼ਾਦੀ ਦੇ ਪਿੱਛੋਂ ਦੇ ਭਾਰਤੀ ਜੀਵਨ ਦੀ ਸਭ ਤੋਂ ਕਲਾਤਮਕ ਤੇ ਯਥਾਰਥ-ਵਾਦੀ ਰਚਨਾ ਹੈ । ਬਿਹਾਰ ਦੇ ਇਕ ਛੋਟੇ ਜਿਹੇ ਇਲਾਕੇ ਮਿਥਿਲਾ ਦੇ ਇਕ ਪਿੰਡ ਮੋਰੀਗੰਜ ਦਾ ਸਥਾਨਕ ਰੰਗ ਹੋਣ 'ਤੇ ਵੀ ਸਮੁੱਚੇ ਭਾਰਤੀ ਪੇਂਡੂ ਜੀਵਨ ਦੀ ਪ੍ਰਤੀਨਿਧਤਾ ਕਰਨ ਵਾਲਾ ਨਵੀਂ ਸ਼ੈਲੀ ਦਾ ਨਾਵਲ ਹੈ । ISBN 978-81-237-5736-0

**69. ਬੂੰਦ ਅਤੇ ਸਮੁੰਦਰ (ਹਿੰਦੀ)** : ਅੰਮ੍ਰਿਤ ਲਾਲ ਨਾਗਰ

ਅਨੁਵਾਦ : *ਡਾ. ਮੋਹਨਜੀਤ* *ਸਫ਼ੇ : 522 ਕੀਮਤ : 42.00*

ਇਹ ਨਾਵਲ ਹਿੰਦੀ ਦੇ ਪ੍ਰਤਿਭਾਸ਼ਾਲੀ ਰਚਣਹਾਰੇ ਅੰਮ੍ਰਿਤ ਲਾਲ ਨਾਗਰ ਦੀ ਮਹੱਤਵਪੂਰਣ ਰਚਨਾ ਹੈ । 'ਬੂੰਦ' ਵਿਅਕਤੀ ਦਾ ਪ੍ਰਤੀਕ ਹੈ ਤੇ 'ਸਮੁੰਦਰ' ਸਮਕਾਲੀ ਸਮਾਜ ਦਾ । ਨਾਵਲ ਵਿਚ ਲਖਨਊ ਅਤੇ ਖ਼ਾਸ ਤੌਰ ਤੇ 'ਚੌਕ' ਦੇ ਸਮੁੱਚੇ ਸ਼ਹਿਰੀ ਸਭਿਆਚਾਰ ਦੀ ਪ੍ਰੰਪਰਾਗਤ ਰੰਗਤ, ਦ੍ਰਿਸ਼ਾਵਲੀ, ਛੋਟੇ-ਛੋਟੇ ਪਾਤਰ ਅਤੇ ਉਨ੍ਹਾਂ ਦੀਆਂ ਗੱਲਾਂ, 'ਚੌਕ' ਦੇ ਪੂਰੇ ਸਥਾਨਕ

ਰੰਗ ਨੂੰ ਤਾਂ ਪੇਸ਼ ਕਰਦੀਆਂ ਹਨ, ਇਸ ਨਾਲ ਹੀ 'ਚੌਕ' ਦੇ ਬਾਹਰ ਦਾ ਵਰਣਨ ਵੀ ਆਪਣੇ ਆਪ ਹੋ ਜਾਂਦਾ ਹੈ ।

**70. ਪੁਦੂਮੈਪਿੱਤਨ ਦੀਆਂ ਕਹਾਣੀਆਂ (ਤਮਿਲ)** : ਐਮ.ਪੀ. ਸੋਮਸੁੰਦਰਮ (ਸੰਪਾਦਕ)

ਅਨੁਵਾਦ : *ਡਾ. ਗੁਰਬਚਨ* *ਸਫ਼ੇ : 112 ਕੀਮਤ : 13.00*

ਪੁਦੂਮੈਪਿੱਤਨ ਨੇ ਇਨ੍ਹਾਂ ਕਹਾਣੀਆਂ ਰਾਹੀਂ ਸਮਾਜ ਦੀ ਛਾਤੀ ਉਪਰ ਇਕ ਕਿੱਲ ਠੋਕ ਦਿੱਤਾ ਹੈ । ਇਸ ਸੰਕਲਨ ਦਾ ਮੁੱਖ ਉਦੇਸ਼ ਲੇਖਕ ਦੇ ਹਿਰਦੇ ਦੀ ਕਰੁਣਾ ਜਾਂ ਕਠੋਰਤਾ ਨੂੰ ਕਈ ਸੰਦਰਭਾਂ ਅਤੇ ਕਈ ਮਨੋਸਥਿਤੀਆਂ ਦੇ ਸੰਦਰਭ ਵਿਚ ਉਭਾਰਨ ਵਾਲੀਆਂ ਕਹਾਣੀਆਂ ਨੂੰ ਇਕੱਠਾ ਪੇਸ਼ ਕਰਦਾ ਹੈ । ਕਮਜ਼ੋਰੀ ਦੇ ਪਰਦੇ ਹੇਠ ਸੱਚ ਬਾਰੂਦ ਵਾਂਗ ਫੁੱਟ ਨਿਕਲਦਾ ਹੈ ।

**71. ਰੰਗਵਾ ਰੰਗਾਮਾਈ (ਕੰਨੜ)** : ਸ਼ੰਕਰ ਮੋਕਾਸ਼ੀ 'ਪੁਣੇਕਰ'

ਅਨੁਵਾਦ : *ਗੁਲਵੰਤ ਫ਼ਾਰਿਗ'* *ਸਫ਼ੇ : 220 ਕੀਮਤ : 26.00*

'ਰੰਗਵਾ ਰੰਗਾਮਾਈ' ਇਕ ਪਰਿਵਾਰਕ ਨਾਵਲ ਹੈ । ਭਾਵੇਂ ਇਸ ਦੀ ਰਚਨਾ ਪ੍ਰੰਪਰਾਗਤ ਸ਼ੈਲੀ ਵਿਚ ਕੀਤੀ ਗਈ ਹੈ ਪਰ ਪੜ੍ਹਨ ਵਿਚ ਇਹ ਨਾਵਲ ਨਵੇਂ ਨਾਵਲਾਂ ਵਰਗਾ ਹੀ ਹੈ ।

**72. ਅੱਧੀ ਘੜੀ (ਮਲਿਆਲਮ)** : ਪਾਰੱਪੁਰੱਤੂ

ਅਨੁਵਾਦ : *ਸੋਹਣ ਸਿੰਘ* *ਸਫ਼ੇ : 232 ਕੀਮਤ : 26.00*

ਨਾਵਲ 'ਅੱਧੀ ਘੜੀ' ਪਾਰੱਪਰੱਤੂ ਦੀਆਂ ਰਚਨਾਵਾਂ ਵਿਚੋਂ ਸਭ ਤੋਂ ਵੱਧ ਲੋਕਪ੍ਰਿਯ ਰਚਨਾ ਹੈ । ਟ੍ਰਾਵਨਕੋਰ ਰਿਆਸਤ ਦੇ ਮੱਧ ਭਾਗ ਦੇ ਨਿਵਾਸੀ ਇਸਾਈ ਸਮਾਜ ਦਾ ਜੀਵਨ ਇਸ ਨਾਵਲ ਦੀ ਪਿੱਠ-ਭੂਮੀ ਹੈ ।

**73. ਭੁੱਲੇ ਵਿਸਰੇ ਚਿਤਰ (ਹਿੰਦੀ)** : ਭਗਵਤੀਚਰਨ ਵਰਮਾ

ਅਨੁਵਾਦ : *ਪ੍ਰੋ. ਗੁਰਦਿਆਲ ਸਿੰਘ* *ਸਫ਼ੇ : 378 ਕੀਮਤ : 26.25*

ਇਸ ਨਾਵਲ ਦੀ ਕਹਾਣੀ ਇਕ ਪਰਿਵਾਰ ਦੀਆਂ ਚਾਰ ਪੀੜ੍ਹੀਆਂ ਦੀ ਵਾਰਤਾ ਹੈ ਤੇ ਇਹ ਪੀੜ੍ਹੀਆਂ ਆਪਣੇ ਸਮੇਂ ਦੇ ਸੰਘਰਸ਼ਾਂ ਤੇ ਪ੍ਰਸਥਿਤੀਆਂ ਦੀ ਖਿੱਚੋਤਾਣ ਵਿਚ ਹੀ ਉਠਦੀਆਂ-ਢਹਿੰਦੀਆਂ ਹਨ । ਸਾਂਝੇ ਪਰਿਵਾਰ ਦਾ ਟੁੱਟਣਾ, ਮੱਧ-ਵਰਗ ਦਾ ਜਨਮ, ਸਾਮੰਤਵਾਦ ਦੀ ਪੂੰਜੀਵਾਦ ਰਾਹੀਂ ਹਾਰ ਤੇ ਰਾਸ਼ਟਰੀ-ਸੁਤੰਤਰਤਾ ਅੰਦੋਲਨ ਦਾ ਵਿਕਾਸ, ਇਹ ਚਾਰ ਆਧਾਰ ਬਿੰਦੂ ਹਨ, ਜਿਨ੍ਹਾਂ ਉਤੇ ਸਮੁੱਚੇ ਨਾਵਲ ਦਾ ਕਥਾਨਕ ਟਿਕਿਆ ਹੋਇਆ ਹੈ ।

**74. ਇਕ ਪਿੰਡ ਦੀ ਕਹਾਣੀ (ਕੰਨੜ)** : ਰਾਵ ਬਹਾਦਰ ਕੁਲਕਰਣੀ

ਅਨੁਵਾਦ : *ਅਮਰਜੀਤ ਚੰਦਨ* *ਸਫ਼ੇ : 330 ਕੀਮਤ : 19.75*

'ਇਕ ਪਿੰਡ ਦੀ ਕਹਾਣੀ' ਉੱਤਰੀ ਕਰਨਾਟਕਾ ਵਿਚ ਵਗਦੀ ਕ੍ਰਿਸ਼ਨਾ ਨਦੀ ਦੇ ਕੰਢੇ ਵਸੇ ਇਕ ਪਿੰਡ ਦੀ ਕਹਾਣੀ ਹੈ । ਦਰਅਸਲ ਪੂਰਾ ਨਾਵਲ ਪਿੰਡ ਦੀ ਸੰਪੂਰਣ ਕਥਾ ਹੀ ਤਾਂ ਹੈ—ਪਿੰਡ ਦੇ ਦੁੱਖਾਂ, ਦਰਦਾਂ ਤੇ ਗਿਰਾਵਟ ਦੀ ਕਹਾਣੀ । ਇਨ੍ਹਾਂ ਪੰਨਿਆਂ ਵਿਚ ਪਿੰਡ ਦੀ

ਜ਼ਿੰਦਗੀ ਜਿਵੇਂ ਮੂੰਹੋਂ ਬੋਲਦੀ ਪਈ ਹੈ । ਰਜਵਾੜਿਆਂ ਤੇ ਆਮ ਆਦਮੀਆਂ ਦੀ ਜੱਦੋਜਹਿਦ ਅਤੇ ਚੰਗੇ ਤੇ ਬੁਰੇ ਦੇ ਜਾਲ ਪੂਰੇ ਨਾਵਲ ਵਿਚ ਬੜੀ ਖ਼ੂਬੀ ਨਾਲ ਗੁੰਦੇ ਗਏ ਹਨ ।

**75. ਬਾਕੀ ਜੋ ਬਚਿਆ (ਤੇਲਗੂ)** : ਬੁੱਚੀ ਬਾਬੂ

ਅਨੁਵਾਦ : *ਸ਼ਸ਼ੀਕਾਂਤਾ ਚਿੱਬ* *ਸਫ਼ੇ : 234 ਕੀਮਤ : 22.50*

'ਬਾਕੀ ਜੋ ਬਚਿਆ' ਇਕ ਮਨੋਵਿਗਿਆਨਕ ਨਾਵਲ ਹੈ, ਜਿਸ ਵਿਚ ਇਕ ਨੌਜਵਾਨ ਡਾਕਟਰ ਦੀ ਉਸ ਸਮੱਸਿਆ ਨੂੰ ਉਜਾਗਰ ਕੀਤਾ ਗਿਆ ਹੈ ਜਿਹੜੀ ਮਾਂ ਨਾਲ ਜ਼ਿਆਦਾ ਮੋਹ ਹੋਣ ਕਾਰਨ ਪੈਦਾ ਹੋਈ ਹੈ ।

**76. ਤਿੰਨ ਮਲਿਆਲਮ ਨਾਟਕ** : ਐਨ. ਕ੍ਰਿਸ਼ਨਾਪਿਲੇ, ਸੀ.ਜੇ. ਤੋਮਸ ਤੇ ਕੇ.ਟੀ. ਮੁਹੰਮਦ

ਅਨੁਵਾਦ : *ਅਮਰਜੀਤ ਚੰਦਨ* *ਸਫ਼ੇ : 206 ਕੀਮਤ : 15.50*

ਇਸ ਸੰਕਲਨ ਵਿਚ ਤਿੰਨ ਮਲਿਆਲਮ ਨਾਟਕ ਸ਼ਾਮਲ ਹਨ । ਐਨ. ਕ੍ਰਿਸ਼ਨਾਪਿਲੇ ਦਾ 'ਕੰਨਿਅਕਾ, ਸੀ.ਜੇ. ਤੋਮਸ ਦਾ 'ਉਹ ਫਿਰ ਆ ਰਿਹਾ ਹੈ' ਅਤੇ ਕੇ.ਟੀ. ਮੁਹੰਮਦ ਦਾ 'ਇਹ ਧਰਤੀ ਹੈ' ।

**77. ਵਨਹੰਸੀ ਅਤੇ ਸਵੇਤਪਦਮਾ (ਉੜੀਆ)** : ਮਨੋਰੰਜਨ ਦਾਸ ਤੇ ਪ੍ਰਾਣਬੰਧੂਕਰ

ਅਨੁਵਾਦ : *ਅਜੀਤ ਸਿੰਘ ਕੱਕੜ* *ਸਫ਼ੇ : 112 ਕੀਮਤ : 10.75*

ਵਨਹੰਸੀ ਇਕ ਮਨੋਵਿਗਿਆਨਕ ਨਾਟਕ ਹੈ ਜਿਸ ਵਿਚ ਮੰਚਨ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਹਨ । ਸਵੇਤਪਦਮਾ ਵਿਚ ਘਟਨਾ ਅਤੇ ਚਰਿੱਤਰ ਦੋਹਾਂ ਦਾ ਹੀ ਵਿਕਾਸ ਇਕੋ ਸਮੇਂ ਹੁੰਦਾ ਹੈ ।

**78. ਭਾਰਤੀ ਦੀਆਂ ਲਲਿਤ ਰਚਨਾਵਾਂ (ਤਮਿਲ)** : ਪੇਰਿਯਸਵਾਮੀ ਤੂਰਨ (ਸੰਪਾਦਕ)

ਅਨੁਵਾਦ : *ਡਾ. ਕੁਲਜੀਤ ਸਿੰਘ* *ਸਫ਼ੇ : 170 ਕੀਮਤ : 14.00*

ਸੁਬਰਾਮਨੀਅਮ ਭਾਰਤੀ ਨੂੰ ਅੱਜ ਕਵੀ ਦੇ ਤੌਰ ਤੇ ਯਾਦ ਕੀਤਾ ਜਾਂਦਾ ਹੈ । ਅਸਲ ਵਿਚ ਉਨ੍ਹਾਂ ਵਿਚ ਕਵੀ ਵਾਲੀ ਭਾਵੁਕਤਾ ਅਤੇ ਦੂਰ-ਦ੍ਰਿਸ਼ਟੀ, ਮਾਨਵਵਾਦ ਲਈ ਜਾਗ੍ਰਤੀ, ਦਇਆ, ਸਮਾਜ ਸੁਧਾਰਕ ਦਾ ਦਰਦ ਅਤੇ ਕ੍ਰੋਧ ਸਭ ਸਮੇਂ ਨਾਲ ਸੀ । ਉਨ੍ਹਾਂ ਨੇ ਦੇਸ਼-ਭਗਤੀ, ਔਰਤ ਦੀ ਆਜ਼ਾਦੀ, ਵਿਸ਼ਵ-ਭਾਈਚਾਰਾ ਵਰਗੇ ਵੱਖ-ਵੱਖ ਵਿਸ਼ਿਆਂ 'ਤੇ ਕਹਾਣੀਆਂ, ਨਿਬੰਧ ਅਤੇ ਵਿਅੰਗ ਲੇਖ ਲਿਖੇ । ਇਸ ਸੰਗ੍ਰਹਿ ਵਿਚ ਇਨ੍ਹਾਂ ਵਿਚੋਂ ਹੀ ਕੁਝ ਰਚਨਾਵਾਂ ਸ਼ਾਮਲ ਹਨ ।

**79. ਬਨਗਰਵਾੜੀ (ਮਰਾਠੀ)** : ਵਿਅੰਕਟੇਸ਼ ਮਾਡਲੂਗਕਰ

ਅਨੁਵਾਦ : *ਪ੍ਰੋ. ਸਵਰਨ ਸਿੰਘ* *ਸਫ਼ੇ : 136 ਕੀਮਤ : 3.50*

ਇਸ ਸਮਾਜ ਦੇ ਅਟੱਲ ਦੁੱਖ, ਨਿਡਰਤਾ, ਦ੍ਰਿੜ੍ਹਤਾ, ਆਜੜੀਆਂ ਦੀ ਅਗਿਆਨਤਾ, ਉਨ੍ਹਾਂ ਦੀ ਮੁੱਢਲੀ ਵਿਦਿਆ ਵੱਲੋਂ ਅਣਗਹਿਲੀ, ਉਤੋਂ ਢਹਿਣ ਵਾਲੀ ਹੋਣੀ, ਕਿਸਮਤ ਵਿਚ ਵਿਸ਼ਵਾਸ ਅਤੇ ਸਭ ਤੋਂ ਵਿਸ਼ੇਸ਼ ਸੂਰਜ ਦੀ ਧੁੱਪ ਨਾਲ ਝੁਲਸੀਆਂ ਹੋਈਆਂ ਝੁੱਗੀਆਂ ਦਾ ਝੁਰਮਟ, ਜਿਸ ਦਾ ਨਾਂ ਬਨਗਰਵਾੜੀ ਹੈ—ਇਹ ਸਾਰਾ ਕੁਝ ਇਸ ਪੁਸਤਕ ਵਿਚ ਨਿੱਕੇ-

ਨਿੱਕੇ ਮੰਨਣਯੋਗ ਵਿਸਥਾਰਾਂ ਸਹਿਤ ਚਿਤਰਿਆ ਗਿਆ ਹੈ ।

**80. ਕਥਾ ਪੰਜਾਬ-I** : ਡਾ. ਹਰਿਭਜਨ ਸਿੰਘ (ਸੰਪਾਦਕ)

ਮੂਲ ਪੰਜਾਬੀ (ਪੰਜਵਾਂ ਸੰਸਕਰਣ) *ਸਫ਼ੇ : 160 ਕੀਮਤ : 45.00*

ਇਸ ਪੁਸਤਕ ਵਿਚ ਪੰਜਾਬੀ ਕਹਾਣੀਕਾਰਾਂ ਦੇ ਪਹਿਲੇ ਪੋਚ ਦੇ 21 ਲੇਖਕਾਂ ਦੀਆਂ ਕਹਾਣੀਆਂ ਹਨ । ਇਹ ਕਹਾਣੀਆਂ ਪੰਜਾਬੀ ਵਿਚ ਪ੍ਰਤੀਨਿਧ ਕਹਾਣੀਆਂ ਦੇ ਤੌਰ 'ਤੇ ਮੰਨੀਆਂ ਪ੍ਰਮੰਨੀਆਂ ਹਨ । ਪੰਜਾਬੀ ਕਹਾਣੀਕਾਰਾਂ ਨੇ ਵਿਅਕਤੀ ਦੇ ਦੁੱਖ-ਸੁੱਖ ਨੂੰ ਚਿਤਰਿਆ ਹੈ । ਉਨ੍ਹਾਂ ਕਲਾ-ਕਹਾਣੀਆਂ ਲਿਖਣ ਨਾਲੋਂ ਆਪਣਾ ਮੂੰਹ ਵਿਅਕਤੀ-ਕਹਾਣੀਆਂ ਵੱਲ ਹੀ ਰੱਖਿਆ ਹੈ । ਪੰਜਾਬੀ ਕਹਾਣੀ ਦੇ ਸੁਚੇਤ ਅਤੇ ਅਚੇਤ ਸਾਲਮ-ਸਬੂਤੇ ਮਨ ਦੀ ਵਾਰਤਾ ਹੈ । ਇਹ ਕਹਾਣੀਆਂ ਪੰਜਾਬ ਦੇ ਸਿਹਤਮੰਦ ਚਰਿੱਤਰ ਦਾ ਪ੍ਰਕਾਸ਼ ਹਨ ।

ISBN 81-237-1528-5

**81. ਕਥਾ ਪੰਜਾਬ-II** : ਡਾ. ਹਰਿਭਜਨ ਸਿੰਘ (ਸੰਪਾਦਕ)

ਮੂਲ ਪੰਜਾਬੀ (ਦੂਜਾ ਸੰਸਕਰਣ) *ਸਫ਼ੇ : 400 ਕੀਮਤ : 58.00*

ਪਰੰਪਰਾ ਨੂੰ ਲੈ ਕੇ ਤੁਰਨ ਵਾਲੀ ਆਧੁਨਿਕਤਾ ਇਨ੍ਹਾਂ ਕਹਾਣੀਆਂ ਵਿਚ ਰੂਪਮਾਨ ਨਜ਼ਰ ਆਉਂਦੀ ਹੈ । ਕਥਾ ਪੰਜਾਬ-II ਆਪਣੇ ਕਲਾਵੇ ਵਿਚ ਆਏ ਦੌਰ ਦੀ ਕਹਾਣੀ ਦੇ ਨਕਸ਼ ਸਫ਼ਲਤਾ ਨਾਲ ਉਜਾਗਰ ਕਰਦੀ ਹੈ । ਪਰ ਜੇ ਇਹਦੀਆਂ 32 ਕਹਾਣੀਆਂ 'ਕਥਾ ਪੰਜਾਬ'-1 ਦੀਆਂ ਕਹਾਣੀਆਂ ਨਾਲ ਮਿਲਾ ਕੇ ਵਾਚੀਆਂ ਜਾਣ ਤਾਂ ਇਹ 53 ਕਹਾਣੀਆਂ ਪੰਜਾਬੀ ਕਹਾਣੀ ਦਾ ਸੰਪੂਰਣ ਇਤਿਹਾਸ ਬਣ ਜਾਂਦੀਆਂ ਹਨ ।

**82. ਸਫ਼ਰ ਮੁੱਕ ਗਿਆ (ਤਮਿਲ)** : ਨੀਲ ਪਦਮਨਾਭਨ

ਅਨੁਵਾਦ : *ਮ੍ਰਿਤਯੁਬੋਧ* *ਸਫ਼ੇ : 222 ਕੀਮਤ : 11.75*

ਇਹ ਭਾਰਤੀ ਘਰ ਦੇ ਟੁੱਟਣ ਦੀ ਦਿਲ ਟੁੰਬਣ ਵਾਲੀ ਕਹਾਣੀ ਹੈ । ਪਤਨੀ ਕਾਤਿਆਯਨੀ ਆਪਣੇ ਪਤੀ ਅਨੰਤਨ ਨਾਇਰ ਨੂੰ ਛੱਡ ਕੇ ਕਿਸੇ ਹੋਰ ਦੇ ਘਰ ਜਾ ਵਸੀ ਹੈ । ਇਹ ਨਾਵਲ ਅਨੰਤਨ ਨਾਇਰ ਦੀ ਜ਼ਿੰਦਗੀ ਦੇ ਸਿਰਫ਼ ਅਠਤਾਲੀ ਘੰਟਿਆਂ ਦਾ ਹਿਸਾਬ-ਕਿਤਾਬ ਹੈ ।

**83. ਨੀਲਕੰਠ ਪੰਖੀ ਦੀ ਭਾਲ (ਬੰਗਲਾ)** : ਅਤੀਨ ਬੰਦੋਪਾਧਿਆਏ

ਅਨੁਵਾਦ : *ਜੀ. ਐਸ. ਮੋਹੇ* *ਸਫ਼ੇ : 480 ਕੀਮਤ : 14.75*

ਵੰਡ ਤੋਂ ਪਹਿਲਾਂ ਅਤੇ ਉਸ ਤੋਂ ਮਗਰੋਂ ਬੰਗਾਲ ਦੇ ਪੇਂਡੂ ਜੀਵਨ 'ਤੇ ਆਧਾਰਿਤ ਨਾਵਲ ਦਾ ਇਹ ਪਹਿਲਾ ਭਾਗ ਹੈ । ਪੂਰਬੀ ਬੰਗਾਲ ਦੀ ਧਰਤੀ ਨਾਲ ਜੁੜੀਆਂ ਲੇਖਕਾਂ ਦੀਆਂ ਯਾਦਾਂ ਅਤੇ ਵਿਸ਼ੇਸ਼ ਪ੍ਰਕਾਰ ਦੀਆਂ ਮਨੁੱਖੀ ਹਾਲਤਾਂ ਦੇ ਕਾਵਿਮਈ ਵਰਣਨ ਕਰਕੇ ਇਹ ਨਾਵਲ ਆਧੁਨਿਕ ਕਥਾ-ਸਾਹਿਤ ਵਿਚ ਆਪਣਾ ਵਿਸ਼ੇਸ਼ ਮਹੱਤਵ ਰੱਖਦਾ ਹੈ ।

**84. ਗੰਗਾ ਚੀਲ ਦੇ ਖੰਡ (ਆਸਾਮੀ)** : ਲਕਸ਼ਮੀਨੰਦਨ ਬੋਰਾ

ਅਨੁਵਾਦ : *ਪ੍ਰੋ. ਗੁਰਦਿਆਲ ਸਿੰਘ* *ਸਫ਼ੇ : 182 ਕੀਮਤ : 4.75*

ਇਸ ਪੁਸਤਕ ਵਿਚ ਆਸਾਮ ਦੇ ਪਰਿਵਰਤਨਸ਼ੀਲ ਸਮਾਜ ਦੇ ਜੀਵਨ ਦਾ ਰੌਚਕ ਢੰਗ ਨਾਲ

ਵਰਣਨ ਕੀਤਾ ਗਿਆ ਹੈ, ਜਿਸ ਵਿਚ ਸਭਿਆਚਾਰ ਵੀ ਹੈ ਤੇ ਰੋਮਾਂਸ ਵੀ । ਨਾਇਕ ਦੇ ਚਰਿੱਤਰ ਦਾ ਵਿਕਾਸ ਮਾਨਵੀ ਹੈ । ਉਹਦਾ ਦੁਖਾਂਤ ਪ੍ਰਸਥਿਤੀਆਂ ਦੀ ਪੈਦਾਵਾਰ ਹੁੰਦਿਆਂ ਹੋਇਆਂ ਵੀ ਮਾਨਵਤਾ ਦੇ ਭਾਵਾਂ ਦੀ ਪ੍ਰਤੀਨਿਧਤਾ ਕਰਦਾ ਹੈ ।

**85. ਸਰਘੀ ਵੇਲਾ (ਬੰਗਲਾ)** : ਸਤੀਨਾਥ ਭਾਦੁੜੀ

ਅਨੁਵਾਦ : *ਸ. ਸ. ਮੀਸ਼ਾ* *ਸਫ਼ੇ : 197 ਕੀਮਤ : 10.00*

ਬੰਗਾਲ ਦੇ ਪ੍ਰਸਿੱਧ ਨਾਵਲਕਾਰ ਸਤੀਨਾਥ ਭਾਦੁੜੀ ਦਾ ਪਹਿਲਾ ਨਾਵਲ 'ਸਰਘੀ ਵੇਲਾ' 1942 ਦੇ ਅਗਸਤ ਅੰਦੋਲਨ ਦੀ ਜਿਉਂਦੀ-ਜਾਗਦੀ ਤਸਵੀਰ ਹੈ । ਮਾਸਟਰ ਸਾਹਿਬ ਦਾ ਟੱਬਰ ਭਾਰਤੀ ਰਾਜਨੀਤਕ ਸੰਸਾਰ ਦਾ ਇਕ ਛੋਟਾ ਜਿਹਾ ਰੂਪ ਹੈ । 'ਸਰਘੀ ਵੇਲਾ' ਦੀ ਖ਼ਾਸੀਅਤ ਇਹ ਹੈ ਕਿ ਉਸ ਦਾ ਵਿਸ਼ਾ ਸਿਆਸਤ ਨਹੀਂ, ਸਗੋਂ 'ਮਨੁੱਖ' ਹੈ ।

**86. ਸਿਉਂਕ (ਬੰਗਲਾ)** : ਸ਼ੀਰਸ਼ੇਦੂ ਮੁਖੋਪਾਧਿਆਏ

ਅਨੁਵਾਦ : *ਮ੍ਰਿਤਯੁਬੋਧ* *ਸਫ਼ੇ : 140 ਕੀਮਤ : 5.75*

ਅੱਜ ਦੀ ਨੌਜਵਾਨ ਜਮਾਤ ਜ਼ਿੰਦਗੀ ਦੀ ਤਕਰੀਬਨ ਹਰ ਚੀਜ਼ ਤੋਂ ਬੁਰੀ ਤਰ੍ਹਾਂ ਪੀੜਿਤ ਹੋਈ ਹੈ । ਉਸ ਦੀ ਆਸ, ਇੱਛਾਵਾਂ, ਪੀੜ ਤੇ ਗ਼ੁੱਸਾ ਬੁਰੀ ਤਰ੍ਹਾਂ ਫੱਟੜ ਹੋਏ ਹਨ । ਇਵੇਂ ਹੀ ਮਹਾਂਨਗਰ ਦੀ ਨੌਜਵਾਨ ਪੀੜ੍ਹੀ ਦੇ ਮੋਹ ਭੰਗ ਦਾ ਇਸ ਨਾਵਲ ਵਿਚ ਪਰਦਾ ਫਾਸ਼ ਕੀਤਾ ਗਿਆ ਹੈ ।

**87. ਰਾਗ ਦਰਬਾਰੀ (ਹਿੰਦੀ)** : ਸ੍ਰੀਲਾਲ ਸ਼ੁਕਲ

ਅਨੁਵਾਦ : *ਪ੍ਰੋ. ਪ੍ਰੀਤਮ ਸਿੰਘ* *ਸਫ਼ੇ : 336 ਕੀਮਤ : 165.00*

ਹਿੰਦੀ ਨਾਵਲ ਸਾਹਿਤ ਵਿਚ ਸ੍ਰੀਲਾਲ ਸ਼ੁਕਲ ਦਾ ਨਾਵਲ 'ਰਾਗ ਦਰਬਾਰੀ' ਇਸੇ ਲਈ ਮਹੱਤਵਪੂਰਣ ਹੈ ਕਿ ਇਸ ਵਿਚ ਸ਼ਹਿਰ ਤੋਂ ਪਿੰਡ ਵੱਲ ਤੁਰਨ ਦੀ ਉਹ ਕਹਾਣੀ ਕਹੀ ਗਈ ਹੈ ਜਿਹੜੀ ਹਮਦਰਦੀ ਦੀ ਪੱਧਰ 'ਤੇ ਸਮਾਜਕ, ਬੇਈਮਾਨੀ, ਚਲਾਕੀ ਤੇ ਧੋਖਾਦੇਹੀ ਦਾ ਪਰਦਾ ਫਾਸ਼ ਕਰਨ ਦੀ ਇਕ ਈਮਾਨਦਾਰ ਕੋਸ਼ਿਸ਼ ਹੈ । 'ਰਾਗ ਦਰਬਾਰੀ' ਇਕ ਅਜਿਹੀ ਰਚਨਾ ਹੈ ਜਿਸ ਵਿਚ ਆਜ਼ਾਦੀ ਦੇ ਮਗਰੋਂ ਦੀ ਹਾਲਤ ਉਤੇ ਸਾਰਥਕ ਵਿਅੰਗ ਹੈ ।

ISBN 978-81-237-5735-3

**88. ਕਿੱਸਾ ਪੰਜਾਬ** : ਡਾ. ਹਰਿਭਜਨ ਸਿੰਘ (ਸੰਪਾਦਕ)

ਮੂਲ ਪੰਜਾਬੀ (ਚੌਥਾ ਸੰਸਕਰਣ) *ਸਫ਼ੇ : 98 ਕੀਮਤ : 35.00*

ਇਸ ਪੁਸਤਕ ਵਿਚ ਪੰਜਾਬ ਦੇ ਕੁਝ ਹਰਮਨਪਿਆਰੇ ਕਿੱਸਿਆਂ ਨੂੰ ਨਵੀਂ ਸ਼ੈਲੀ ਰਾਹੀਂ ਪ੍ਰਗਟਾਇਆ ਗਿਆ ਹੈ । ਇਹ ਕਿੱਸੇ ਹੀਰ ਰਾਂਝਾ, ਮਿਰਜ਼ਾ ਸਾਹਿਬਾਂ, ਸੱਸੀ ਪੁੰਨੂੰ ਤੇ ਸੋਹਣੀ ਮਹੀਂਵਾਲ ਵਰਗੀਆਂ ਕੁਝ ਪਿਆਰ-ਰੂਹਾਂ, ਪੂਰਨ ਭਗਤ ਤੇ ਰਾਜਾ ਰਸਾਲੂ ਵਰਗੇ ਜਤੀਆਂ-ਸਤੀਆਂ ਦੀ ਕਹਾਣੀਆਂ ਦੇ ਨਾਲ ਦੁੱਲਾ ਭੱਟੀ ਤੇ ਜੀਊਣਾ ਮੌੜ ਜਿਹੇ ਬਹਾਦਰਾਂ ਦੀ ਕਥਾ ਦਰਸਾਉਂਦੇ ਹਨ । ਇਨ੍ਹਾਂ ਕਹਾਣੀਆਂ ਨੂੰ ਪੰਜਾਬੀ ਦੇ ਸਰਬੋਤਮ ਸਾਹਿਤਕਾਰਾਂ ਨੇ ਆਪਣੀ ਬੇਜੋੜ ਸ਼ੈਲੀ ਰਾਹੀਂ ਇਕ ਵਾਰ ਮੁੜ ਸਜੀਵ ਕਰ ਦਿੱਤਾ ਹੈ ।

ISBN 978-81-237-2860-5

**89. ਚੋਣਵੇਂ ਪੰਜਾਬੀ ਇਕਾਂਗੀ** : ਡਾ. ਅਤਰ ਸਿੰਘ (ਸੰਪਾਦਕ)

ਮੂਲ ਪੰਜਾਬੀ (ਪੰਜਵਾਂ ਸੰਸਕਰਣ) *ਸਫ਼ੇ : 208 ਕੀਮਤ : 45.00*

ਇਸ ਸੰਗ੍ਰਹਿ ਵਿਚ ਈਸ਼ਵਰ ਚੰਦਰ ਨੰਦਾ, ਸੰਤ ਸਿੰਘ ਸੇਖੋਂ, ਗੁਰਦਿਆਲ ਸਿੰਘ ਖੋਸਲਾ, ਹਰਚਰਨ ਸਿੰਘ, ਬਲਵੰਤ ਗਾਰਗੀ, ਕਰਤਾਰ ਸਿੰਘ ਦੁੱਗਲ, ਅਮਰੀਕ ਸਿੰਘ, ਗੁਰਚਰਨ ਸਿੰਘ ਜਸੂਜਾ, ਕਪੂਰ ਸਿੰਘ ਘੁੰਮਣ ਤੇ ਹਰਸਰਨ ਸਿੰਘ ਦੇ ਇਕਾਂਗੀ ਸ਼ਾਮਲ ਕੀਤੇ ਗਏ ਹਨ। ਇਸ ਸੰਗ੍ਰਹਿ ਵਿਚ ਸ਼ਾਮਲ ਇਕਾਂਗੀ ਇਨ੍ਹਾਂ ਸਾਰੇ ਨਾਟਕਕਾਰਾਂ ਦੀਆਂ ਪ੍ਰਮੁੱਖ ਕਲਾ-ਰੁਚੀਆਂ ਦੀਆਂ ਪ੍ਰਤੀਨਿਧ ਰਚਨਾਵਾਂ ਹਨ। ISBN 978-81-237-4329-7

**90. ਟੁੱਟਿਆ ਘਰ (ਕੰਨੜ)** : ਐਸ.ਐਲ. ਭਾਰੱਪਾ

ਅਨੁਵਾਦ : *ਜੀ. ਐਸ. ਮੋਹੇ* *ਸਫ਼ੇ : 398 ਕੀਮਤ : 18.50*

ਇਹ ਨਾਵਲ ਪੇਂਡੂ ਜੀਵਨ ਦੀ ਅਦਭੁਤ ਝਾਕੀ ਪੇਸ਼ ਕਰਨ ਦੇ ਨਾਲ ਨਾਲ ਇਕ ਮੁਟਿਆਰ ਨੰਜੰਮਾ ਦੀ ਜ਼ਿੰਦਗੀ ਦੇ ਅਨੰਤ ਦੁੱਖਾਂ ਨੂੰ ਇਉਂ ਦੱਸਦਾ ਜਾਂਦਾ ਹੈ ਕਿ ਅਸੀਂ ਹੈਰਾਨ ਹੋ ਕੇ ਵੇਖਦੇ ਰਹਿ ਜਾਂਦੇ ਹਾਂ।

**91. ਗੰਗਾ ਮਾਂ (ਹਿੰਦੀ)** ਦੂਜਾ ਸੰਸਕਰਣ : ਭੈਰਵ ਪ੍ਰਸਾਦ ਗੁਪਤ

ਅਨੁਵਾਦ : *ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 116 ਕੀਮਤ : 70.00*

ਹਿੰਦੀ ਦੇ ਗਿਣੇ-ਚੁਣੇ ਨਾਵਲਾਂ ਵਿਚੋਂ 'ਗੰਗਾ ਮਾਂ' ਨੂੰ ਇਕ ਮਹੱਤਵਪੂਰਣ ਸਥਾਨ ਪ੍ਰਾਪਤ ਹੈ। ਇਸ ਨਾਵਲ ਦੀ ਸਭ ਤੋਂ ਅਹਿਮ ਵਿਸ਼ੇਸ਼ਤਾ ਇਸ ਦਾ ਹਰ ਦ੍ਰਿਸ਼ਟੀ ਤੋਂ ਠੇਠ ਭਾਰਤੀ ਹੋਣਾ ਹੈ। ਭਾਰਤੀ ਪੇਂਡੂ ਜੀਵਨ-ਸੰਘਰਸ਼ ਦਾ ਜੋ ਸਹਿਜ, ਸੁਭਾਵਿਕ ਅਤੇ ਵਾਸਤਵਿਕ ਚਿੱਤਰਣ ਇਸ ਨਾਵਲ ਵਿਚ ਹੋਇਆ ਹੈ, ਉਹ ਬਹੁਤ ਹੀ ਦੁਰਲੱਭ ਹੈ। ਵਿਦੇਸ਼ੀ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਹੋਣ ਤੋਂ ਇਲਾਵਾ ਫ਼ਰਾਂਸੀਸੀ ਅਤੇ ਪੁਰਤਗਾਲੀ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਹੋਣ ਵਾਲੀ ਹਿੰਦੀ ਦੀ ਪਹਿਲੀ ਪੁਸਤਕ 'ਗੰਗਾ ਮਾਂ' (1967-69) ਹੀ ਹੈ। ਹਿੰਦੀ ਭਾਸ਼ਾ ਵਿਚ ਵੀ ਇਸ ਨਾਵਲ ਦੇ 16 ਤੋਂ ਵੱਧ ਸੰਸਕਰਣ ਛਪ ਚੁੱਕੇ ਹਨ।

ISBN 978-81-237-0043-4

**92. ਰਣਭੂਮੀ (ਮਰਾਠੀ)** (1999 *'ਚ ਸਾਹਿਤ ਅਕਾਦਮੀ ਵੱਲੋਂ ਪੁਰਸਕ੍ਰਿਤ ਅਨੁਵਾਦ ਰਚਨਾ)* ਵਿਸ਼ਰਾਮ ਬੇਡਕਰ

ਅਨੁਵਾਦ : *ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 112 ਕੀਮਤ : 95.00*

'ਰਣਭੂਮੀ' ਵਿਚ ਪਹਿਲੀ ਵਾਰ ਸੰਪੂਰਣ ਮਾਨਵ ਜਾਤੀ ਦੀ ਸਮੱਸਿਆ ਅਤੇ ਉਲਝਣ ਸਾਹਮਣੇ ਆਈ। 'ਰਣਭੂਮੀ' ਨੇ ਹੀ ਪਹਿਲੀ ਵਾਰ ਨਵੀਂ ਸੰਵੇਦਨਸ਼ੀਲਤਾ ਅਤੇ ਅਭਿ-ਵਿਅਕਤੀਆਂ ਦੀਆਂ ਨਵੀਆਂ ਰਾਹਾਂ ਦੇ ਦੁਆਰ ਖੋਲ੍ਹੇ ਸਨ। ਇਸ ਲਈ ਇਹ ਨਾਵਲ ਸਮਕਾਲੀ ਆਧੁਨਿਕ ਨਾਵਲ ਦਾ ਆਰੰਭ ਮੰਨਿਆ ਜਾਂਦਾ ਹੈ। 'ਰਣਭੂਮੀ' ਦੂਜੇ ਮਹਾਂ-ਯੁੱਧ ਦੀ ਪਿੱਠ-ਭੂਮੀ 'ਤੇ ਲਿਖੀ ਗਈ ਇਕ ਭਾਵ-ਕਥਾ ਹੈ।

ISBN 978-81-237-6991-2

**93. ਆਬ-ਏ-ਹਯਾਤ (ਉਰਦੂ)** : ਮੌਲਾਨਾ ਮੁਹੰਮਦ ਹੁਸੈਨ ਆਜ਼ਾਦ

ਅਨੁਵਾਦ : *ਪ੍ਰੀਤਮ ਸਿੰਘ ਸਫ਼ੀਰ* *ਸਫ਼ੇ : 203 ਕੀਮਤ : 50.00*

'ਆਬ-ਏ-ਹਯਾਤ' ਜਿਥੇ ਉਰਦੂ ਕਵਿਤਾ ਦਾ ਇਤਿਹਾਸ ਹੈ ਉਥੇ ਉਰਦੂ ਕਵਿਤਾ ਦੀ ਆਲੋਚਨਾ ਵੀ ਹੈ। ਪਰ ਇਹ ਕਿਤਾਬ ਨਾ ਨਿਰੀ ਤਾਰੀਫ਼ ਹੈ ਤੇ ਨਾ ਹੀ ਨਿਰੀ ਆਲੋਚਨਾ। ਨਵਾਬਾਂ ਦੀ ਜ਼ਿੰਦਗੀ ਦਾ ਚਿੱਤਰਣ ਵੀ, ਸ਼ਾਇਰਾਂ ਦੀ ਅਮੀਰੀ ਦੇ ਮੁਫ਼ਲਿਸੀ, ਉਰਦੂ ਸ਼ਾਇਰੀ ਦਾ ਗੌਰਵ, ਜ਼ੁਬਾਨਦਾਨੀ ਦਾ ਬੁਲੰਦ ਰੁਤਬਾ ਅਤੇ ਸਮੇਂ ਸਮੇਂ ਫ਼ਾਰਸੀ, ਅਰਬੀ, ਸੰਸਕ੍ਰਿਤ ਤੇ ਬ੍ਰਜ ਭਾਸ਼ਾ ਦਾ ਉਰਦੂ ਜ਼ਬਾਨ ਉਤੇ ਪ੍ਰਭਾਵ, ਸਮੇਂ ਤੇ ਸਥਾਨ ਦਾ ਦ੍ਰਿਸ਼ ਚਿੱਤਰਣ, ਇਹ ਸਭ ਇਸ ਰਚਨਾ ਵਿਚੋਂ ਮਿਲਦਾ ਹੈ। ISBN 81-237-0953-6

**94. ਐਵਾਨ-ਇ-ਗ਼ਜ਼ਲ (ਉਰਦੂ)** : ਜੀਲਾਨੀ ਬਾਨੋ

ਅਨੁਵਾਦ : *ਤਾਰਾ ਸਿੰਘ* *ਸਫ਼ੇ : 321 ਕੀਮਤ : 50.00*

'ਐਵਾਨ-ਇ-ਗ਼ਜ਼ਲ' ਉਸ ਮਨੁੱਖੀ ਸੰਕਟ ਦੀ ਕਹਾਣੀ ਹੈ ਜਿਸ ਨੂੰ ਬਣਾਉਣ ਵਿਚ ਸਮਾਜਿਕ ਤੇ ਰਾਜਨੀਤਕ ਉਤਾਰ-ਚੜ੍ਹਾਅ ਦਾ ਕਾਫ਼ੀ ਹੱਥ ਹੈ। ਇਕ ਅਜਿਹਾ ਉਤਰਾ-ਚੜ੍ਹਾਅ ਜਿਸ ਵਿਚੋਂ ਹੈਦਰਾਬਾਦ ਦੀ ਅਜੋਕੀ ਸਦੀ ਦਾ ਸਭਿਆਚਾਰ ਲੰਘਿਆ। ਸ਼ਾਇਦ ਇਸ ਵਿਸ਼ੇ 'ਤੇ ਭਾਰਤ ਵਿਚ ਲਿਖਿਆ ਗਿਆ ਆਪਣੀ ਕਿਸਮ ਦਾ ਪਹਿਲਾ ਨਾਵਲ ਹੈ। ਇਸ ਨੂੰ ਉਰਦੂ ਦਾ ਇਕ ਮਹੱਤਵਪੂਰਣ ਨਾਵਲ ਮੰਨਿਆ ਜਾਂਦਾ ਹੈ ਕਿਉਂਕਿ ਇਹ ਸਮਾਜ ਵਿਚ ਵਾਪਰ ਰਹੀਆਂ ਕ੍ਰਾਂਤੀਕਾਰੀ ਤਬਦੀਲੀਆਂ ਨੂੰ ਆਪਣੇ ਨਿਵੇਕਲੇ ਅੰਦਾਜ਼ ਵਿਚ ਸ਼ਕਤੀਸ਼ਾਲੀ ਅਤੇ ਢੁਕਵੇਂ ਪਾਤਰਾਂ ਰਾਹੀਂ ਪੇਸ਼ ਕਰਦਾ ਹੈ। ISBN 81-237-263-3

**95. ਹਾਰਿਆ ਹੋਇਆ ਆਦਮੀ (ਤੇਲਗੂ)** : ਬਲੀਵਾਂਡ ਕਾਂਤਾਰਾਵ

ਅਨੁਵਾਦ : *ਰਾਜਿੰਦਰ ਦੇਵ ਸ਼ੁਕਲਾ* *ਸਫ਼ੇ : 295 ਕੀਮਤ : 44.00*

ਲੇਖਕ ਨੇ ਇਸ ਨਾਵਲ ਵਿਚ ਇਕ ਮਹਾਨ ਕਲਿਆਣਕਾਰੀ ਆਦਰਸ਼ ਦੇ ਯਥਾਰਥ ਰੂਪ ਦਾ ਚਿੱਤਰਣ ਕੀਤਾ ਹੈ। ਪਿੰਡਾਂ ਵਿਚ ਆਪਸੀ ਸੁੱਖ-ਸੰਤੋਸ਼ਮਈ ਜੀਵਨ-ਵਿਘਟਨ ਦੇ ਰਸਤੇ ਵਿਚ ਵਰਤਮਾਨ ਯੁੱਗ ਦੀਆਂ ਕੁਟਿਲ ਰਾਜਨੀਤੀਆਂ ਦੁਆਰਾ ਪੈਦਾ ਹੋਈਆਂ ਪ੍ਰਸਥਿਤੀਆਂ ਦੇ ਕਾਰਣ ਮਹੀਨੇ ਦੀ ਤਨਖ਼ਾਹ ਦੇਣ ਵਾਲੀਆਂ ਨੌਕਰੀਆਂ ਦੀ ਭਾਲ ਵਿਚ ਨਗਰਾਂ ਦੇ ਪਿੱਛੇ ਨਿਸ਼ਚਿਤ ਰੂਪ ਨਾਲ ਦੌੜਨ ਵਾਲੇ ਪਿੰਡ ਵਾਸੀਆਂ ਦੀ ਮਜਬੂਰੀ ਆਦਿ ਦਾ ਵਰਣਨ ਇਸ ਨਾਵਲ ਵਿਚ ਵਿਸਤਾਰ ਨਾਲ ਕੀਤਾ ਗਿਆ ਹੈ।

**96. ਸਮਕਾਲੀਨ ਹਿੰਦੀ ਕਹਾਣੀਆਂ** : ਧਨੰਜਯ ਵਰਮਾ (ਸੰਪਾਦਕ)

ਅਨੁਵਾਦ : *ਰਾਜਿੰਦਰ ਸਿੰਘ* *ਸਫ਼ੇ : 225 ਕੀਮਤ : 42.00*

ਸ੍ਰੀ ਧਨੰਜਯ ਵਰਮਾ ਦੇ ਸ਼ਬਦਾਂ ਵਿਚ "ਸਾਡੀ ਇਹ ਕੋਸ਼ਿਸ਼ ਰਹੀ ਹੈ ਕਿ ਜਿਥੋਂ ਤਕ ਸੰਭਵ ਹੋ ਸਕੇ ਵਸਤੂਪਰਕ ਢੰਗ ਨਾਲ ਹਿੰਦੀ ਕਹਾਣੀ ਦੇ ਸਮਕਾਲੀ ਦ੍ਰਿਸ਼ ਨੂੰ ਉਸ ਦੀ ਸਮੱਗਰਤਾ ਵਿਚ ਪੇਸ਼ ਕੀਤਾ ਜਾਏ।" ਇਸ ਕਹਾਣੀ-ਸੰਗ੍ਰਹਿ ਦੇ ਕਥਾਕਾਰ ਹਨ : ਸ੍ਰੀ ਗਜਾਨਨ ਮਾਧਵ ਮੁਕਤੀਬੋਧ, ਹਰੀਸ਼ੰਕਰ ਪਰਸਾਈ, ਧਰਮਵੀਰ ਭਾਰਤੀ, ਅੰਮ੍ਰਿਤ ਰਾਏ, ਭੀਸ਼ਮ ਸਾਹਨੀ, ਰਾਜਕੁਮਾਰ, ਕ੍ਰਿਸ਼ਣ ਬਲਦੇਵ ਵੈਦ, ਮਹੀਪ ਸਿੰਘ, ਸ਼ਾਨੀ, ਕਾਮਤਾਨਾਥ,

ਰਾਜੀ ਸੇਠ, ਰਮੇਸ਼ ਬਖ਼ਸ਼ੀ, ਗਿਰੀਰਾਜ ਕਿਸ਼ੋਰ, ਰਾਮਨਾਰਾਇਣ ਸ਼ੁਕਲ, ਓਮ ਪ੍ਰਕਾਸ਼ ਮੋਹਰਾ, ਗੋਵਿੰਦ ਮਿਸ਼ਰ, ਰਮਾਕਾਂਤ ਸ੍ਰੀਵਾਸਤਵ, ਸਤਯੇਨ ਕੁਮਾਰ, ਸਵਯੰ ਪ੍ਰਕਾਸ਼ ਅਤੇ ਮੰਜ਼ੂਰ ਏਹਤੇਸ਼ਾਮ । ISBN 81-237-0004-0

**97. ਹਿੰਦੀ ਇਕਾਂਗੀ :** ਚੰਦਰਗੁਪਤ ਵਿਦਿਆਲੰਕਾਰ (ਸੰਪਾਦਕ)

ਅਨੁਵਾਦ : *ਗੁਰਸ਼ਰਨ ਸਿੰਘ* *ਸਫ਼ੇ : 262 ਕੀਮਤ : 12.00*

ਹਥਲਾ ਇਕਾਂਗੀ ਸੰਗ੍ਰਹਿ ਵੱਖੋ-ਵੱਖ ਸ਼ੈਲੀਆਂ ਦੀ ਪ੍ਰਤੀਨਿਧਤਾ ਕਰਨ ਵਾਲਾ ਇਕ ਖ਼ਾਸ ਸੰਗ੍ਰਹਿ ਹੈ । ਇਸ ਵਿਚ ਉਦੈਸ਼ੰਕਰ ਭੱਟ, ਰਾਮਕੁਮਾਰ ਵਰਮਾ, ਸੇਠ ਗੋਵਿੰਦ ਦਾਸ, ਉਪੇਂਦਰਨਾਥ 'ਅਸ਼ਕ', ਭੁਵਨੇਸ਼ਵਰ, ਵਿਸ਼ਨੂੰ ਪ੍ਰਭਾਕਰ, ਜਗਦੀਸ਼ ਚੰਦਰ ਮਾਥੁਰ, ਲਕਸ਼ਮੀ ਨਾਰਾਇਣ ਲਾਲ, ਧਰਮਵੀਰ ਭਾਰਤੀ ਅਤੇ ਚੰਦਰਗੁਪਤ ਵਿਦਿਆਲੰਕਾਰ ਆਦਿ ਦੇ ਇਕਾਂਗੀ ਸ਼ਾਮਲ ਹਨ ।

**98. ਦਾਣਾ ਪਾਣੀ (ਉੜੀਆ) :** ਗੋਪੀਨਾਥ ਮੋਹੰਤੀ

ਅਨੁਵਾਦ : *ਪ੍ਰੋ. ਗੁਰਦਿਆਲ ਸਿੰਘ* *ਸਫ਼ੇ : 272 ਕੀਮਤ : 40.00*

ਇਸ ਯਥਾਰਥਵਾਦੀ ਨਾਵਲ ਦੀ ਕਥਾ-ਵਸਤੂ ਆਧੁਨਿਕ ਜੀਵਨ ਸੰਗਰਾਮ ਵਿਚ ਦਿਖਾਈ ਦਿੰਦੀ ਦਾਣਾ ਪਾਣੀ ਦੇ ਤੀਬਰ ਦਵੰਦ ਅਤੇ ਪਦ-ਉਨਤੀ ਦੀ ਸਮੱਸਿਆ ਨੂੰ ਕੇਂਦ੍ਰਿਤ ਕਰ ਕੇ ਚਲਦੀ ਹੈ ।

**99. ਲਹਿਰਾਂ ਦੀ ਆਵਾਜ਼ (ਤਮਿਲ) :** ਕਲਕੀ ਰਾ. ਕ੍ਰਿਸ਼ਨਾਮੂਰਤੀ

ਅਨੁਵਾਦ : *ਗੁਲਜ਼ਾਰ ਸਿੰਘ ਸੰਧੂ* *ਸਫ਼ੇ : 336 ਕੀਮਤ : 32.00*

ਇਹ ਨਾਵਲ ਇਸ ਗੱਲ ਦੀ ਹਾਮੀ ਭਰਦਾ ਹੈ ਕਿ ਉੱਤਰ ਅਤੇ ਦੱਖਣ ਭਾਰਤ ਦੇ ਅਟੁੱਟ ਅੰਗ ਹਨ । ਨਾਵਲਕਾਰ ਨੇ ਨਵੇਂ ਢੰਗ ਨਾਲ ਇਸ ਨਾਵਲ ਦੀ ਰਚਨਾ ਕੀਤੀ ਹੈ । ਖਲਨਾਇਕ ਅਤੇ ਕਥਾ-ਪਾਤਰ ਨੂੰ ਇਕ ਹੀ ਪਾਤਰ ਵਿਚ ਲਿਆ ਕੇ ਪਾਠਕ ਨੂੰ ਦੁਚਿੱਤੀ ਵਿਚ ਪਾ ਦਿੰਦੇ ਹਨ । ਇਸ ਨਾਵਲ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਭਾਰਤ ਦੇ ਰਾਸ਼ਟਰੀ ਇਤਿਹਾਸ ਦੇ ਕਈ ਪ੍ਰਮੁੱਖ ਅੰਗ ਇਸ ਦੀ ਪਿੱਠ-ਭੂਮੀ ਵਿਚ ਉਭਰ ਆਏ ਹਨ ।

**100. ਮੇਰੇ ਪਿੰਡ ਦੇ ਰਸੀਏ (ਕੱਨੜ) :** ਗੋਰੂਰ ਰਾਮਸੁਆਮੀ ਅਯੰਗਾਰ

ਅਨੁਵਾਦ : *ਡਾ ਜਗਬੀਰ ਸਿੰਘ* *ਸਫ਼ੇ : 96 ਕੀਮਤ : 26.00*

ਇਸ ਨਾਵਲ ਵਿਚ ਸਾਨੂੰ ਪਿੰਡ ਦੇ ਵਸਨੀਕਾਂ ਦੀ ਅਗਿਆਨਤਾ, ਮਸਤ ਬਿਰਤੀ, ਸਰਲ ਸੁਭਾਅ, ਵਿਆਕੁਲਤਾ, ਪ੍ਰੇਮ ਆਦਿ ਦਾ ਸੁੰਦਰ ਚਿੱਤਰ ਦੇਖਣ ਨੂੰ ਮਿਲਦਾ ਹੈ । ਇਸ ਰਚਨਾ ਦੇ ਮਾਧਿਅਮ ਰਾਹੀਂ ਪੇਂਡੂ ਜੀਵਨ ਦੀ ਸੁਭਾਵਿਕਤਾ ਅਤੇ ਸਹਿਜਤਾ ਨੂੰ ਮਾਣਿਆ ਜਾ ਸਕਦਾ ਹੈ । ISBN 81-237-693-6

**101. ਅਨਾਦਿ-ਅਨੰਤ (ਤਮਿਲ) :** ਸ੍ਰੀਰੰਗ

ਅਨੁਵਾਦ : *ਐਸ.ਐਸ. ਮੀਸ਼ਾ* *ਸਫ਼ੇ : 200 ਕੀਮਤ : 25.00*

ਪਹਿਲੇ ਭਾਗ 'ਅਨਾਦਿ' ਦੀ ਘਟਨਾ ਅਤੇ ਦੂਜੇ ਭਾਗ 'ਅਨੰਤ' ਦੀ ਘਟਨਾ ਵਿਚਕਾਰ ਦਸ ਸਾਲ ਦਾ ਅੰਤਰ ਹੈ । ਇਹ ਨਾਵਲ ਔਰਤ-ਮਰਦ ਦੇ ਸੰਬੰਧਾਂ ਦੀ ਜਟਿਲਤਾ ਨੂੰ ਭਾਸ਼ਾ ਰਾਹੀਂ ਪੇਸ਼ ਕਰਨ ਵਾਲੀ ਰਚਨਾ ਹੈ । ਕੇਵਲ ਯਾਦ ਦੇ ਰਾਹੀਂ ਹੀ ਗਿਆਰ੍ਹਾਂ-ਬਾਰ੍ਹਾਂ ਸਾਲ ਦੇ ਜੀਵਨ ਨੂੰ ਪੇਸ਼ ਕਰਨ ਵਾਲੀ ਇਕ ਵਿਲੱਖਣ ਸ਼ੈਲੀ ਹੈ । ਇਸ ਨਾਵਲ ਦੀ ਇਕ ਵਿਲੱਖਣ ਪ੍ਰਾਪਤੀ ਇਹ ਹੈ ਕਿ ਇਸ ਵਿਚ ਭੌਤਿਕ ਘਟਨਾਵਾਂ ਅਤੇ ਮਨ ਦੀ ਸੋਚ ਨੂੰ ਇਕੋ ਜਿਹੀ ਪੇਸ਼ਕਾਰੀ ਮਿਲੀ ਹੈ ।

**102. ਨਵੇਂ ਹਿੰਦੀ ਇਕਾਂਗੀ** : ਨੇਮਿਚੰਦਰ ਜੈਨ

ਅਨੁਵਾਦ : *ਡਾ. ਕੁਲਜੀਤ ਸਿੰਘ* *ਸਫ਼ੇ : 228 ਕੀਮਤ : 25.00*

ਸ੍ਰੀ ਨੇਮਿਚੰਦਰ ਜੈਨ ਦੁਆਰਾ ਸੰਪਾਦਿਤ ਇਹ ਸੰਕਲਨ ਪਹਿਲੇ ਸੰਕਲਨ ਦਾ ਮਾਤਰ ਦੂਜਾ ਭਾਗ ਨਹੀਂ ਹੈ, ਇਕਾਂਗੀ-ਲੇਖਣ ਦਾ ਦੂਜਾ ਕਦਮ ਵੀ ਹੈ । ਇਸ ਸੰਕਲਨ ਵਿਚ ਸ਼ਾਮਲ 10 ਨਾਟਕਕਾਰਾਂ ਦੇ ਨਾਂ ਸ਼ਾਮਿਲ ਹਨ ।

**103. ਨੀਲਸੈਲ (ਉੜੀਆ)** : ਸੁਰੇਂਦ੍ਰ ਮਹਾਂਤੀ

ਅਨੁਵਾਦ : *ਤਾਰਾ ਸਿੰਘ* *ਸਫ਼ੇ : 340 ਕੀਮਤ : 31.00*

ਭਗਤੀ ਰਸ ਨਾਲ ਭਰਪੂਰ ਇਤਿਹਾਸਕ ਨਾਵਲ ਹੁੰਦੇ ਹੋਏ ਵੀ ਗੁਣਾਤਮਕ ਦ੍ਰਿਸ਼ਟੀ ਤੋਂ ਇਹ ਸੰਘਰਸ਼ ਕਰ ਰਹੇ ਮਾਨਵ ਦੇ ਹਰ ਸਮੇਂ ਵਿਚ ਪ੍ਰਸੰਗਿਕ ਸੰਗਰਾਮ ਦਾ ਇਕ ਅਮਰ ਚਿੱਤਰ ਹੈ । ਸੰਘਰਸ਼ ਦੇ ਲਈ ਸ਼ਰਧਾ ਹੀ ਇਥੇ ਭਗਤੀ ਦੇ ਰੂਪ ਵਿਚ ਲਈ ਗਈ ਹੈ ।

**104. ਏਕਮ (ਆਸਾਮੀ)** : ਬੀਰੇਂਦਰ ਕੁਮਾਰ ਭੱਟਾਚਾਰੀਆ

ਅਨੁਵਾਦ : *ਪ੍ਰੋ. ਚਮਨ ਲਾਲ* *ਸਫ਼ੇ : 160 ਕੀਮਤ : 40.00*

ਇਸ ਨਾਵਲ ਨੂੰ ਮਜ਼ਦੂਰ ਹੜਤਾਲ ਦੇ ਸਾਰੇ ਦੁੱਖਦ-ਦਰਦ ਦਾ ਇਕ ਪ੍ਰਮਾਣਿਕ ਦਸਤਾ-ਵੇਜ਼ ਕਿਹਾ ਜਾ ਸਕਦਾ ਹੈ । ਅਸੰਤੋਸ਼ ਅਤੇ ਅਨਿਆਂ ਦਾ ਨਤੀਜਾ—ਹੜਤਾਲ ਅਤੇ ਫਿਰ ਇਸ ਹੜਤਾਲ ਨੂੰ ਦਬਾਉਣ ਦਾ ਯਤਨ ਕੀਤਾ ਗਿਆ ।

**105. ਮੌਤ ਤੋਂ ਬਾਅਦ (ਕੱਨੜ)** : ਸ਼ਿਵ ਰਾਮ ਕਾਰੰਤ

ਅਨੁਵਾਦ : *ਡਾ. ਸੁਤਿੰਦਰ ਸਿੰਘ ਨੂਰ* *ਸਫ਼ੇ : 194 ਕੀਮਤ : 5.50*

ਇਸ ਪੁਸਤਕ ਵਿਚ ਲੇਖਕ ਨੇ ਇਕ ਸਾਧਾਰਣ ਮਨੁੱਖ ਦੇ ਜੀਵਨ ਦੀਆਂ ਬੇਵਸੀਆਂ, ਮੁਸ਼ਕਲਾਂ ਤੇ ਸੰਘਰਸ਼ ਕਰਨ ਦੀ ਪ੍ਰਵਿਰਤੀ ਨੂੰ ਕਲਾਪੂਰਣ ਢੰਗ ਨਾਲ ਪੇਸ਼ ਕੀਤਾ ਹੈ । ਇਸ ਸੰਘਰਸ਼ ਵਿਚ ਮਨੁੱਖ ਦੀ ਮੌਤ ਤੋਂ ਮਗਰੋਂ ਕਿੰਨੀ ਤਰ੍ਹਾਂ ਦੀਆਂ ਯਾਦਾਂ ਬਾਕੀ ਰਹਿ ਜਾਂਦੀਆਂ ਹਨ ।

**106. ਕਥਾ ਭਾਰਤੀ ਤੈਲਗੂ ਕਹਾਣੀਆਂ** : ਪੀ.ਐਸ. ਸ਼ਰਮਾ ਤੇ ਵੀ. ਪਾਂਡੁਰੰਗਰਾਓ (ਸੰਪਾਦਕ)

ਅਨੁਵਾਦ : *ਗੁਰਦੇਵ ਸਿੰਘ ਰੁਪਾਣਾ* *ਸਫ਼ੇ : 349 ਕੀਮਤ : 8.00*

ਇਸ ਵਿਚ ਤੇਲਗੂ ਕਹਾਣੀਆਂ ਨੂੰ ਵਿਕਾਸ ਦੇ ਕ੍ਰਮ ਅਨੁਸਾਰ ਪੇਸ਼ ਕੀਤਾ ਗਿਆ ਹੈ । ਇਸ ਸੰਗ੍ਰਹਿ ਵਿਚ 27 ਕਹਾਣੀਆਂ ਹਨ ।

**107. ਕੱਲ੍ਹ ਦਾ ਲਖਨਊ (ਉਰਦੂ)** : ਅਬਦੁਲ ਹਲੀਮ 'ਸ਼ਰਰ'

ਅਨੁਵਾਦ : *ਤਾਰਾ ਸਿੰਘ* *ਸਫ਼ੇ : 372 ਕੀਮਤ : 7.50*

ਲਖਨਊ ਦੇ ਇਤਿਹਾਸਕ ਪਿਛੋਕੜ ਵਿਚ ਉਥੋਂ ਦੀ ਨਵਾਬੀ ਠਾਠ-ਬਾਠ 'ਤੇ ਸਮਾਜਿਕ ਜੀਵਨ-ਝਾਤ ਹੈ । ਇਹ ਇਕ ਅਜਿਹੀ ਪੁਸਤਕ ਹੈ ਜਿਹੜੀ ਇਤਿਹਾਸ ਦੇ ਗਰਮ ਅਤੇ ਦਹਿਕਦੇ ਹੋਏ ਰਕਤ ਵਾਂਗ ਵਰਤਮਾਨ ਤੇ ਭਵਿੱਖ ਤਕ ਜੀਵਨ ਦੇ ਆਨੰਦ ਦਾ ਸੁਨੇਹਾ ਲੈ ਕੇ ਜਾਂਦਾ ਹੈ ਅਤੇ ਸਭਿਆਚਾਰ ਨੂੰ ਅਤੀਤ ਦਾ ਨਵਾਂ ਰੂਪ ਅਤੇ ਭਵਿੱਖ ਲਈ ਨਵੀਂ ਸੇਧ ਪ੍ਰਦਾਨ ਕਰਦੀ ਹੈ ।

**108. ਪੌੜੀ ਦੇ ਡੰਡੇ (ਮਲਿਆਲਮ)** : ਤਕਸ਼ੀ ਸ਼ਿਵਸ਼ੰਕਰ ਪਿੱਲੇ

ਅਨੁਵਾਦ : *ਡਾ. ਰਾਜਿੰਦਰ ਸਿੰਘ 'ਬਾਗ਼ੀ'* *ਸਫ਼ੇ : 510 ਕੀਮਤ : 71.00*

ਇਕ ਨਿਰਾ ਪੇਂਡੂ ਪਿੱਲੇ ਬੀ.ਏ. ਦੀ ਡਿਗਰੀ ਲੈ ਕੇ ਸਰਕਾਰੀ ਨੌਕਰੀ ਸ਼ੁਰੂ ਕਰਦਾ ਹੈ ਅਤੇ ਮਿਹਨਤ ਸਦਕਾ ਤਰੱਕੀ ਕਰਕੇ ਮੁੱਖ ਸਕੱਤਰ ਦੇ ਅਹੁਦੇ ਤੱਕ ਪਹੁੰਚਦਾ ਹੈ । ਕੇਸ਼ਵ ਪਿੱਲੇ ਉਸ ਵਰਗ ਦਾ ਪ੍ਰਤੀਨਿਧ ਹੈ ਜੋ ਉਪਰ ਪਹੁੰਚ ਕੇ ਬੇਰਹਿਮੀ ਦੇ ਨਾਲ ਉਪਰ ਪਹੁੰਚਣ ਵਾਲੇ ਨੂੰ ਹੀ ਧੱਕਾ ਦੇ ਕੇ ਹੇਠਾਂ ਸੁੱਟ ਦਿੰਦਾ ਹੈ ।

**109. ਗੰਧਾਰੀ (ਮਰਾਠੀ)** : ਨਾ.ਧੋ. ਮਹਾਨੋਰ

ਅਨੁਵਾਦ : *ਡਾ. ਕ੍ਰਿਸ਼ਨ ਕੁਮਾਰ ਰੱਤੂ* *ਸਫ਼ੇ : 96 ਕੀਮਤ : 21.00*

ਨਾ.ਧੋ. ਮਹਾਨੋਰ ਦੇ 'ਗੰਧਾਰੀ' ਨਾਵਲ ਦੀ ਪ੍ਰਮੁੱਖ ਵਿਸ਼ੇਸ਼ਤਾ ਇਹ ਹੈ ਕਿ ਉਸ ਵਿਚ ਕਈ ਤਰ੍ਹਾਂ ਦੇ ਵਿਅਕਤੀਗਤ ਸੰਬੰਧਾਂ ਦੇ ਢਾਂਚੇ ਦੇ ਅੰਦਰ ਸਮਾਜਿਕ, ਰਾਜਨੀਤਕ ਅਤੇ ਆਰਥਿਕ ਸਿੱਟਿਆਂ ਦੇ ਸੰਦਰਭਾਂ ਨੂੰ ਤਲਾਸ਼ਦਿਆਂ ਬਦਲਦੇ ਪਿੰਡ ਦੀ ਜੀਵਨ ਦੀ ਤ੍ਰਾਸਦੀ ਦਾ ਵਿਵਰਣ ਚਿਤਰਿਆ ਗਿਆ ਹੈ । ਸਮਕਾਲੀ ਪੇਂਡੂ ਯਥਾਰਥ ਦੇ ਸੰਦਰਭ ਵਿਚ 'ਗੰਧਾਰੀ' ਵਿਚ ਕਦਰਾਂ-ਕੀਮਤਾਂ ਇਸ ਪ੍ਰਕਾਰ ਜ਼ਿਆਦਾ ਕਰਕੇ ਮੁਕਤ ਸਵਰੂਪ ਦੀਆਂ ਹਨ ।

ISBN 81-237-1065-8

**110. ਕੁਲਵੰਤ ਸਿੰਘ ਵਿਰਕ ਦੀਆਂ ਚੋਣਵੀਆਂ ਕਹਾਣੀਆਂ** : ਜਸਵੰਤ ਸਿੰਘ ਵਿਰਦੀ (ਸੰਪਾਦਕ)

ਮੂਲ ਪੰਜਾਬੀ (ਦੂਜਾ ਸੰਸਕਰਣ) *ਸਫ਼ੇ : 160 ਕੀਮਤ : 50.00*

ਕੁਲਵੰਤ ਸਿੰਘ ਵਿਰਕ ਦੀਆਂ ਬਹੁਤੀਆਂ ਕਹਾਣੀਆਂ ਵਿਚੋਂ ਹਥਲੇ ਕਹਾਣੀ-ਸੰਗ੍ਰਹਿ ਵਿਚ 29 ਕਹਾਣੀਆਂ ਸ਼ਾਮਲ ਹਨ । ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਸਾਧਾਰਣਤਾ ਵਿਚੋਂ ਅਸਾਧਾਰਣਤਾ ਨੂੰ ਉਭਾਰ ਕੇ ਕੁਝ ਇਸ ਢੰਗ ਨਾਲ ਸ਼ਬਦਾਂ ਦੇ ਪ੍ਰਤੀਕ ਸਿਰਜਦੀਆਂ ਹਨ ਕਿ ਉਹ ਬਹੁਤੀ ਵਾਰ ਮਿੱਥ ਸਿਰਜਣਾ ਹੋ ਨਿੱਬੜਦੀਆਂ ਹਨ ।

ISBN 978-81-237-1770-4

**111. ਸੁਜਾਨ ਸਿੰਘ ਦੀਆਂ ਚੋਣਵੀਆਂ ਕਹਾਣੀਆਂ** : ਡਾ. ਸੁਰਿੰਦਪਾਲ ਸਿੰਘ (ਸੰਪਾ.)

ਮੂਲ ਪੰਜਾਬੀ (ਦੂਜਾ ਸੰਸਕਰਣ) *ਸਫ਼ੇ : 260 ਕੀਮਤ : 70.00*

ਹਥਲੇ ਕਹਾਣੀ-ਸੰਗ੍ਰਹਿ ਵਿਚ ਸੁਜਾਨ ਸਿੰਘ ਦੀਆਂ 35 ਕਹਾਣੀਆਂ ਸ਼ਾਮਲ ਹਨ । ਅੱਜ ਦੀਆਂ ਮਜਬੂਰੀਆਂ, ਸੁੰਦਰ ਭਵਿੱਖ ਦੀਆਂ ਆਸਾਂ, ਬੁਰਿਆਈ ਦੀ ਕਰੜੀ ਆਲੋਚਨਾ ਉਸ ਦੀਆਂ ਕਹਾਣੀਆਂ ਦੇ ਨਵੇਂ ਸਵੱਸਥ ਵਿਸ਼ੇ ਹਨ ।

ISBN 978-81-237-1779-1

**112. ਕੋਸਲਾ (ਮਰਾਠੀ)** : ਭਾਲਚੰਦਰ ਨੇਮਾਡੇ

ਅਨੁਵਾਦ : *ਡਾ. ਅਜੀਤ ਸਿੰਘ* *ਸਫ਼ੇ : 320 ਕੀਮਤ : 75.00*

'ਕੋਸਲਾ' ਇਕ ਵੀਹ-ਬਾਈ ਸਾਲ ਦੇ ਨੌਜਵਾਨ ਦੀ ਆਤਮ-ਕਥਾ ਹੈ । ਸੰਨ 1963 ਵਿਚ ਪ੍ਰਕਾਸ਼ਿਤ ਇਸ ਨਾਵਲ ਦਾ ਨਾਇਕ ਆਜ਼ਾਦੀ ਤੋਂ ਪਿੱਛੋਂ ਦੀ ਪੀੜ੍ਹੀ ਦੀ ਪ੍ਰਤੀਨਿਧਤਾ ਕਰਦਾ ਹੈ । ਨੌਜਵਾਨ ਪੀੜ੍ਹੀ ਦੀ ਮਾਨਸਿਕਤਾ, ਉਸ ਦੀ ਸਿੱਖਿਆ ਅਤੇ ਵਿਹਾਰਕ ਜੀਵਨ ਵਿਚਲੀਆਂ ਅਸੰਗਤੀਆਂ ਅਨੇਕ ਪੜਾਵਾਂ ਉਤੇ ਪਰਿਵਾਰਕ ਸੰਘਰਸ਼, ਵਿਆਕੁਲਤਾ, ਸਵੈ-ਮਾਨ ਦਾ ਸੰਕਟ, ਆਪਣੀਆਂ ਜੜ੍ਹਾਂ ਅਤੇ ਪਰੰਪਰਾ ਨੂੰ ਭਾਲਦੀ ਹੋਈ ਨੌਜਵਾਨ-ਪੀੜ੍ਹੀ ਦਾ ਪ੍ਰਤੀਨਿਧ ਅਸਲ ਵਿਚ ਮਰਾਠੀ ਨਾਵਲ ਦਾ ਪਹਿਲਾ ਅ-ਨਾਇਕ ਹੈ ।

ISBN 81-237-1765-2

**113. ਮਹਾਸ਼ਵੇਤਾ ਦੀਆਂ ਚੋਣਵੀਆਂ ਕਹਾਣੀਆਂ (ਬੰਗਲਾ)** : ਮਹਾਸ਼ਵੇਤਾ ਦੇਵੀ

ਅਨੁਵਾਦ : *ਪ੍ਰੇਮ ਪ੍ਰਕਾਸ਼* *ਸਫ਼ੇ : 188 ਕੀਮਤ : 47.00*

ਖ਼ੁਦ ਲੇਖਿਕਾ ਦੁਆਰਾ ਸੰਕਲਿਤ ਇਸ ਸੰਗ੍ਰਹਿ ਦੀਆਂ ਨੌਂ ਵਿਚੋਂ ਅੱਠ ਕਹਾਣੀਆਂ ਦੇ ਕੇਂਦਰ ਵਿਚ ਆਦਿਵਾਸੀ ਮਨੁੱਖ ਹਨ ਜੋ ਸਮਾਜ ਦੀ ਮੁੱਖਧਾਰਾ ਨਾਲੋਂ ਟੁੱਟ ਕੇ ਜੀ ਰਹੇ ਹਨ । ਇਹ ਕਹਾਣੀਆਂ ਲੋਕ-ਕਥਾਵਾਂ ਅਤੇ ਪੁਰਾਣ-ਕਥਾਵਾਂ ਦੇ ਸਹਾਰੇ ਕਹੀਆਂ ਗਈਆਂ ਹਨ ।

ISBN 81-237-1886-1

**114. ਯਸ਼ਪਾਲ ਦੀਆਂ ਚੋਣਵੀਆਂ ਕਹਾਣੀਆਂ (ਹਿੰਦੀ)** : ਰਾਜਿੰਦਰ ਯਾਦਵ (ਸੰਪਾ:)

ਅਨੁਵਾਦ : *ਡਾ. ਕੁਲਜੀਤ ਸਿੰਘ* *ਸਫ਼ੇ : 272 ਕੀਮਤ : 65.00*

ਸਾਡੇ ਸਮਾਜ ਵਿਚ ਵਰਣ-ਵਿਵਸਥਾ ਅਤੇ ਵਰਗ-ਵਿਵਸਥਾ ਘੱਟ ਆਮਦਨ ਵਾਲੇ ਲੋਕਾਂ ਨੂੰ ਦੁੱਖ ਅਤੇ ਸੰਤਾਪ ਦੀ ਉਸ ਸੀਮਾ ਤੱਕ ਪਹੁੰਚਾਉਂਦੀ ਹੈ ਜਿਥੇ ਆਤਮ-ਹੱਤਿਆ ਜਾਂ ਆਤਮ-ਘਾਤ ਦੇ ਇਲਾਵਾ ਕੋਈ ਰਸਤਾ ਦਿਖਾਈ ਨਹੀਂ ਦਿੰਦਾ । ਹਥਲਾ ਕਹਾਣੀ-ਸੰਗ੍ਰਹਿ ਯਸ਼ਪਾਲ ਦੀਆਂ 31 ਚੋਣਵੀਆਂ ਕਹਾਣੀਆਂ ਦਾ ਸੰਗ੍ਰਹਿ ਹੈ । ISBN 81-237-2156-0

**115. ਉਸ ਚਿੜੀ ਦਾ ਨਾਂ (ਹਿੰਦੀ)** : ਪੰਕਜ ਬਿਸ਼ਟ

ਅਨੁਵਾਦ : *ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 286 ਕੀਮਤ : 67.00*

ਪ੍ਰਸਿੱਧ ਕਥਾਕਾਰ ਪੰਕਜ ਬਿਸ਼ਟ ਦਾ ਇਹ ਨਾਵਲ ਇਕ ਸੇਵਾ-ਮੁਕਤ ਪਿਤਾ ਦੀ ਬਿਮਾਰੀ ਅਤੇ ਫਿਰ ਉਸ ਦੇ ਅੰਤਮ ਸੰਸਕਾਰਾਂ ਲਈ ਸ਼ਹਿਰ ਤੋਂ ਪਿੰਡ ਪਹੁੰਚੇ ਭਰਾ-ਭੈਣ ਦੀ ਕਥਾ ਹੈ । ਪਰ ਇਕ ਪਾਸੇ ਜੇ ਉਹ ਆਪਣੀ ਆਪਣੀ ਧੁਰੀ ਦੁਆਲੇ ਘੁੰਮਦੇ ਹੋਏ ਦਿਖਾਈ ਦਿੰਦੇਹਨ ਤਾਂ ਦੂਜੇ ਪਾਸੇ ਆਪਣੇ ਅਤੀਤ ਨਾਲ ਹੀ ਨਹੀਂ ਵਰਤਮਾਨ ਅਤੇ ਭਵਿੱਖ ਨਾਲ

ਵੀ ਜਾ ਟਕਰਾਉਂਦੇ ਹਨ। ISBN 81-237-2298-2

**116. ਬਿੱਲੇਸੁਰ ਬੱਕਰੀਆਂ ਵਾਲਾ (ਹਿੰਦੀ)** : ਸੂਰਯਕਾਂਤ ਤ੍ਰਿਪਾਠੀ ਨਿਰਾਲਾ

ਅਨੁਵਾਦ : *ਹਰਬੰਸ ਸੋਢੀ* *ਸਫ਼ੇ : 54 ਕੀਮਤ : 20.00*

ਇਹ ਨਾਵਲ ਆਪਣੇ ਯਥਾਰਥਵਾਦੀ ਵਿਸ਼ੇ-ਵਸਤੂ ਅਤੇ ਪ੍ਰਗਤੀਸ਼ੀਲ ਜੀਵਨ-ਦ੍ਰਿਸ਼ਟੀ ਲਈ ਬਹੁਤ ਚਰਚਿਤ ਹੈ। ਬਿੱਲੇਸੁਰ ਇਕ ਗਰੀਬ ਬ੍ਰਾਹਮਣ ਹੈ ਪਰ ਬ੍ਰਾਹਮਣਾਂ ਦੇ ਰੂੜੀਵਾਦ ਤੋਂ ਪੂਰੀ ਤਰ੍ਹਾਂ ਆਜ਼ਾਦ। ਸੰਖੇਪ ਵਿਚ ਇਹ ਨਾਵਲ ਬਦਲਦੇ ਆਰਥਿਕ ਸੰਬੰਧਾਂ ਵਿਚ ਸਾਮੰਤੀ ਜੜ੍ਹਵਾਦ ਦੀ ਹਾਰ ਅਤੇ ਬੇਬਸੀ ਦੀ ਕਹਾਣੀ ਹੈ।

ISBN 81-237-2403-4

**117. ਸੂਰਜ ਦਾ ਸੱਤਵਾਂ ਘੋੜਾ (ਹਿੰਦੀ)** : ਧਰਮਵੀਰ ਭਾਰਤੀ

ਅਨੁਵਾਦ : *ਡਾ. ਜਸਵਿੰਦਰ ਕੌਰ ਬਿੰਦਰਾ* *ਸਫ਼ੇ : 66 ਕੀਮਤ : 25.00*

'ਸੂਰਜ ਦਾ ਸੱਤਵਾਂ ਘੋੜਾ' ਸਾਡੇ ਨਿਮਨ ਮੱਧਵਰਗ ਦੇ ਜੀਵਨ ਦਾ ਸਹੀ ਚਿਤਰਣ ਹੈ। ਇਹ ਸੱਚ ਹੈ ਕਿ ਇਹ ਚਿੱਤਰ 'ਸੁਖਦ' ਨਹੀਂ ਹੈ ਕਿਉਂਕਿ ਉਸ ਸਮਾਜ ਦਾ ਜੀਵਨ ਉਸ ਤਰ੍ਹਾਂ ਦਾ ਨਹੀਂ ਹੈ ਅਤੇ ਭਾਰਤੀ ਨੇ ਹੂਬਹੂ ਉਸ ਦਾ ਸੱਚਾ ਚਿੱਤਰ ਉਤਾਰਨਾ ਚਾਹਿਆ ਹੈ।

ISBN 81-237-2788-7

**118. ਚੋਣਵੀਂ ਪੰਜਾਬੀ ਰਚਨਾਤਮਕ ਵਾਰਤਕ** : ਡਾ. ਕੁਲਬੀਰ ਸਿੰਘ ਕਾਂਗ (ਸੰਪਾ.)

ਮੂਲ ਪੰਜਾਬੀ *ਸਫ਼ੇ : 296 ਕੀਮਤ : 150.00*

ਇਸ ਪੁਸਤਕ ਵਿਚ ਡਾ. ਕੁਲਬੀਰ ਸਿੰਘ ਕਾਂਗ ਨੇ ਪੰਜਾਬੀ ਵਾਰਤਕ ਦੇ ਵੱਖ-ਵੱਖ ਲੇਖਕਾਂ, ਸ਼ੈਲੀਆਂ ਅਤੇ ਪ੍ਰਸੰਗਾਂ ਨੂੰ ਸੰਪਾਦਿਤ ਕੀਤਾ ਹੈ। ਪੁਸਤਕ ਦੇ ਆਰੰਭ ਵਿਚ ਪੰਜਾਬੀ ਵਾਰਤਕ ਅਤੇ ਉਸ ਦੇ ਵਿਭਿੰਨ ਰੂਪਾਂ ਦਾ ਇਤਿਹਾਸਕ ਵਿਵੇਚਨ ਹੀ ਪੇਸ਼ ਕੀਤਾ ਹੈ। ਦੇਖਿਆ ਜਾਵੇ ਤਾਂ ਇਹ ਕਿਸੇ ਅੰਗਰੇਜ਼ੀ ਵਾਰਤਕ ਲੇਖਕ ਦੀਆਂ ਰਚਨਾਵਾਂ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ। ISBN 978-81-237-2553-6

**119. ਲਾਲ ਟੀਨ ਦੀ ਛੱਤ (ਹਿੰਦੀ)** : ਨਿਰਮਲ ਵਰਮਾ

ਅਨੁਵਾਦ : *ਗਗਨ ਗਿੱਲ* *ਸਫ਼ੇ : 175 ਕੀਮਤ : 60.00*

'ਲਾਲ ਟੀਨ ਦੀ ਛੱਤ' ਇਕ ਕਾਇਆ ਨਾਂ ਦੀ ਮੁਟਿਆਰ ਦੀ ਕਹਾਣੀ ਹੈ ਜਿਹੜੀ ਕਿਸ਼ੋਰ-ਅਵਸਥਾ ਵਿਚੋਂ ਲੰਘ ਰਹੀ ਹੈ। ਇਸ ਨਾਜ਼ੁਕ ਅਵਸਥਾ ਦੀ ਜਟਿਲ ਮਾਨਸਿਕਤਾ ਦਾ ਵਿਸ਼ਲੇਸ਼ਣ ਬਹੁਤ ਹੀ ਖ਼ੁਰਦਬੀਨੀ ਢੰਗ ਨਾਲ ਕੀਤਾ ਗਿਆ ਹੈ। ਇਹ ਨਾਵਲ ਅਜਿਹੇ ਪਰਿਵਾਰਾਂ ਦੀ ਗਾਥਾ ਵੀ ਹੈ ਜਿਥੇ ਆਧੁਨਿਕਤਾ ਦੇ ਸਾਏ ਹੇਠ ਜੀ ਰਹੇ ਲੋਕਾਂ ਵਿਚਾਲੇ ਸੁਭਾਵਿਕ ਰਿਸ਼ਤੇ ਮਨਫ਼ੀ ਹੋ ਰਹੇ ਹਨ। ISBN 81-237-3392-5

**120. ਜ਼ਿੰਦਗੀ ਦੀ ਸ਼ਾਮ (ਅਸਾਮੀ)** : ਸ਼ੀਲਭੱਦਰ

ਅਨੁਵਾਦ : *ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 140 ਕੀਮਤ : 45.00*

'ਜ਼ਿੰਦਗੀ ਦੀ ਸ਼ਾਮ' ਪ੍ਰਸਿੱਧ ਨਾਵਲਕਾਰ ਸ਼ੀਲਭੱਦਰ ਦੇ ਮਹੱਤਵਪੂਰਣ ਨਾਵਲ 'ਗੋਧੂਲੀ'

ਦਾ ਪੰਜਾਬੀ ਅਨੁਵਾਦ ਹੈ। ਨਾਵਲ ਦੀ ਕਥਾ-ਭੂਮੀ ਮਾਨਵ ਜੀਵਨ ਦੇ ਆਦਿ ਅੰਤ ਦੀ ਦਾਰਸ਼ਨਿਕ ਬੁਨਿਆਦ ਨੂੰ ਮੁੱਖ ਰੱਖ ਕੇ ਤਲਾਸ਼ੀ ਗਈ ਹੈ। ਜੀਵਨ ਅਤੇ ਮੌਤ ਨਾਲ ਜੁੜੇ ਅਨੇਕ ਮਹੱਤਵਪੂਰਣ ਪਹਿਲੂਆਂ ਦੇ ਦਾਰਸ਼ਨਿਕ ਪ੍ਰਸ਼ਨਾਂ ਨੂੰ ਵਿਸ਼ਾ ਬਣਾ ਕੇ ਕਹਾਣੀ ਬਣਾਉਣਾ ਅਤੇ ਉਸ ਨੂੰ ਸਫ਼ਲ ਢੰਗ ਨਾਲ ਪੇਸ਼ ਕਰਨਾ, ਆਮ ਪਾਠਕਾਂ ਨੂੰ ਆਪਣੇ ਵੱਲ ਖਿੱਚ ਸਕਣਾ, ਬਹੁਤ ਵੱਡੀ ਗੱਲ, ਬਹੁਤ ਵੱਡੀ ਜ਼ਿੰਮੇਵਾਰੀ ਹੈ। ਪੰਜਵੇਂ ਦਹਾਕੇ ਦੇ ਬਾਅਦ ਤੋਂ ਹੀ ਤੀਬਰ ਸਮਾਜਿਕ ਚੇਤਨਾ, ਤੀਖਣ ਕਥਾ ਗਹਿਰਾਈ, ਬਹੁਤ ਸਾਵਧਾਨੀ ਨਾਲ ਸ਼ਬਦਾਂ ਦੀ ਚੋਣ ਕਰਨ ਕਰਕੇ ਉਹ ਆਸਾਮੀ ਦੇ ਸਾਹਿਤ ਨੂੰ ਭਰਪੂਰ ਕਰ ਰਹੇ ਹਨ।

ISBN 81-237-3729-7

**121. ਸਾਜ਼ਸ਼ (ਕੰਨੜ)** : ਭੀਮਸੈਨ ਤੋਰਗੱਲ

ਅਨੁਵਾਦ : *ਲਵਲੀਨ ਜੌਲੀ* *ਸਫ਼ੇ : 125 ਕੀਮਤ : 45.00*

ਵੀਹਵੀਂ ਸਦੀ ਦੇ ਕਵੀਆਂ ਅਤੇ ਨਾਟਕਕਾਰਾਂ ਨੇ ਆਪਣੀ ਉਪਨਿਵੇਸ਼ੀ ਹਾਲਤ ਨੂੰ ਸਮਝਣ ਲਈ ਮਹਾਂਭਾਰਤ ਦੀਆਂ ਘਟਨਾਵਾਂ ਨੂੰ ਰੂਪਕਾਂ, ਪ੍ਰਤੀਬਿੰਬਾਂ ਅਤੇ ਅਲੰਕਾਰਾਂ ਦੇ ਰੂਪ ਵਿਚ ਵਰਤਿਆ ਹੈ। ਇਹ ਨਾਵਲ ਅਜੋਕੇ ਸਮੇਂ ਦੀ ਰਾਜਨੀਤਕ ਅਧੋਗਤੀ ਅਤੇ ਸਦਾਚਾਰਕ ਭ੍ਰਿਸ਼ਟਾਚਾਰ ਦੀਆਂ ਗੁੰਝਲਾਂ ਨੂੰ ਸਮਝਣ ਅਤੇ ਛਾਣਬੀਣ ਕਰਨ ਦਾ ਇਕ ਉਪਰਾਲਾ ਹੈ।

ISBN 81-237-3731-9

**122. ਮੁਰਦਾ-ਘਰ (ਹਿੰਦੀ)** : ਜਗਦੰਬਾ ਪ੍ਰਸਾਦ ਦੀਕਸ਼ਿਤ

ਅਨੁਵਾਦ : *ਪ੍ਰੋ. ਨਰਿੰਜਨ ਤਸਨੀਮ* *ਸਫ਼ੇ : 156 ਕੀਮਤ : 50.00*

ਇਹ ਨਾਵਲ ਬੰਬਈ ਦੇ ਉਪਨਗਰਾਂ ਦੀਆਂ ਝੁੱਗੀਆਂ ਵਿਚ ਰਹਿਣ ਵਾਲੀਆਂ ਵੇਸਵਾਵਾਂ ਦੇ ਜੀਵਨ 'ਤੇ ਆਧਾਰਿਤ ਹੈ। ਇਸ ਨਾਵਲ ਦੀ ਮੁੱਖ ਵਿਸ਼ੇਸ਼ਤਾ ਇਸ ਦੀ ਭਰਪੂਰ ਪ੍ਰਮਾਣਿਕਤਾ ਹੀ ਹੈ। 'ਮੁਰਦਾ-ਘਰ' ਨਾਵਲ ਦਾ ਇਕ ਮਹੱਤਵਪੂਰਣ ਪੱਖ ਉਸ ਦੀ ਭਾਸ਼ਾ ਅਤੇ ਸ਼ੈਲੀ ਹੈ।

ISBN 81-237-3864-1

**123. ਆਧੁਨਿਕ ਤਮਿਲ ਕਹਾਣੀਆਂ** : ਅਸ਼ੋਕ ਮਿਤ੍ਰਨ

ਅਨੁਵਾਦ : *ਰਾਜਿੰਦਰ ਸਿੰਘ* *ਸਫ਼ੇ : 176 ਕੀਮਤ : 55.00*

ਇਸ ਸੰਗ੍ਰਹਿ ਵਿਚ ਜਿਨ੍ਹਾਂ 16 ਕਹਾਣੀਕਾਰਾਂ ਦੀਆਂ ਕਹਾਣੀਆਂ ਨੂੰ ਸ਼ਾਮਲ ਕੀਤਾ ਗਿਆ ਹੈ ਉਨ੍ਹਾਂ ਨੇ ਆਧੁਨਿਕ ਤਮਿਲ ਸਾਹਿਤ ਦੇ ਵਿਕਾਸ ਵਿਚ ਮਹੱਵਪੂਰਣ ਭੂਮਿਕਾ ਨਿਭਾਈ ਹੈ। ਇਸ ਸੰਗ੍ਰਹਿ ਦੀ ਇਕ ਵਿਸ਼ੇਸ਼ਤਾ ਇਹ ਵੀ ਹੈ ਕਿ ਇਨ੍ਹਾਂ ਸਭ ਸਾਹਿਤਕਾਰਾਂ ਨੇ ਆਪਣੀ ਪਛਾਣ 1969 ਜਾਂ ਉਨ੍ਹਾਂ ਦੇ ਬਾਅਦ ਦੇ ਦਹਾਕੇ ਵਿਚ ਬਣਾਈ ਹੈ।

ISBN 81-237-3854-4

**124. ਬ੍ਰਾਹਮਣ ਕੰਨਿਆਂ (ਮਰਾਠੀ)** : ਸ੍ਰੀਧਰ ਵਿਅੰਕਟੇਸ਼ ਕੇਤਕਰ

ਅਨੁਵਾਦ : *ਪ੍ਰੋ. ਸਵਰਨ ਸਿੰਘ* *ਸਫ਼ੇ : 258 ਕੀਮਤ : 6.00*

ਸਮਾਜ ਵਿਚ ਵੱਖ-ਵੱਖ ਜਾਤਾਂ, ਧਰਮ, ਰਸਮ-ਰਿਵਾਜ, ਰੂੜ੍ਹੀਗਤ ਕਲਪਨਾ ਅਤੇ ਅਕਾਂਖਿਆਵਾਂ ਆਦਿ ਹੋਣ ਦੇ ਕਾਰਣ ਅਤਿਅੰਤ ਉਲਝੇ ਹੋਏ ਸਮਾਜਿਕ ਪ੍ਰਸ਼ਨ ਪੈਦਾ ਹੁੰਦੇ ਹਨ। ਲੇਖਕ

ਨੇ ਇਹੋ ਜਿਹੇ ਸਵਾਲ ਭਰਪੂਰ ਦ੍ਰਿਸ਼ਟੀ ਨਾਲ ਉਠਾਏ ਤੇ ਹੱਲ ਕੀਤੇ ਹਨ ।

**125. ਕਥਾ ਭਾਰਤੀ ਮਲਿਆਲਮ ਕਹਾਣੀਆਂ** : ਓਮਚੈਰੀ ਐਨ.ਐਨ. ਪਿੱਲੇ (ਸੰਪਾ.)
ਅਨੁਵਾਦ : *ਗੁਰਬਚਨ ਸਿੰਘ ਭੁੱਲਰ* *ਸਫ਼ੇ : 218 ਕੀਮਤ : 5.50*
ਇਸ ਕਹਾਣੀ ਸੰਗ੍ਰਹਿ ਵਿਚਲੀਆਂ ਕਹਾਣੀਆਂ ਵਿਚ ਕੇਰਲਾ ਦੇ ਸਮਾਜਿਕ ਜੀਵਨ ਦੇ ਅਨੇਕ ਪੱਖਾਂ ਦਾ ਕਲਾਮਈ ਚਿੱਤਰਣ ਹੈ । ਵੱਖੋ-ਵੱਖ ਲੇਖਕਾਂ ਦੀਆਂ ਸਤਾਰਾਂ ਕਹਾਣੀਆਂ ਇਸ ਸੰਗ੍ਰਹਿ ਵਿਚ ਸ਼ਾਮਲ ਹਨ ਜਿਹੜੀਆਂ ਮਲਿਆਲਮ ਸਮਾਜ ਦੇ ਨਾਲ-ਨਾਲ ਉਥੋਂ ਦੀ ਕਹਾਣੀ ਦਾ ਵੀ ਦਰਪਣ ਹਨ ।

**126. ਪੁਲ (ਤੇਲਗੂ)** : ਦਿਵੇਦੁਲ ਵਿਸ਼ਾਲਾਕਸ਼ੀ
ਅਨੁਵਾਦ : *ਡਾ. ਕੇਸਰ ਸਿੰਘ* *ਸਫ਼ੇ : 134 ਕੀਮਤ : 5.75*
ਇਹ ਇਕ ਸਮਾਜਿਕ ਨਾਵਲ ਹੈ ਜਿਸ ਵਿਚ ਇਕ ਪੇਂਡੂ ਟੱਬਰ ਦੇ ਸਾਧਾਰਣ ਜੀਵਨ ਦੀ ਤਸਵੀਰ ਉਲੀਕੀ ਗਈ ਹੈ । ਇਸ ਦੀ ਕਹਾਣੀ ਪਰਿਵਾਰਕ ਸੰਬੰਧਾਂ ਉਤੇ ਆਧਾਰਿਤ ਕੀਮਤਾਂ ਤੇ ਮਾਨਵੀ ਕੀਮਤਾਂ ਦਾ ਸੰਤੁਲਨ ਬਣਾਈ ਰੱਖਣ ਲਈ ਲਗਾਤਾਰ ਜੱਦੋ-ਜਹਿਦ ਦੀ ਕਹਾਣੀ ਹੈ ।

**127. ਫਿਰ ਦੇਖਨ ਕੀ ਆਸ (ਕੰਨੜ)** : ਮਿਰਜੀ ਅੱਣਾਰਾਏ
ਅਨੁਵਾਦ : *ਅਮਰਜੀਤ ਚੰਦਨ* *ਸਫ਼ੇ : 260 ਕੀਮਤ : 12.00*
ਇਹ ਨਾਵਲ ਪਰੰਪਰਾਵਾਦੀ ਸਮਾਜ ਦੇ ਅਸਫ਼ਲ ਪ੍ਰੇਮ ਦੀ ਕਹਾਣੀ ਹੈ । ਇਸ ਨਾਵਲ ਦਾ ਸੰਬੰਧ ਬੇਲਗਾਂਵ ਦੇ ਉੱਤਰੀ ਹਿੱਸੇ ਨਾਲ ਹੈ । ਇਥੋਂ ਦੀਆਂ ਰਹੁ-ਰੀਤਾਂ ਤੇ ਲੋਕਾਂ ਦੇ ਆਪੋ ਵਿਚ ਸੰਬੰਧ ਤੇ ਵਿਹਾਰ ਦੇ ਬਾਰੇ ਲਿਖ ਕੇ ਲੇਖਕ ਨੇ ਆਪਣੀ ਬੇਮਿਸਾਲ ਪ੍ਰਤਿਭਾ ਨਾਲ ਉਸ ਵਾਤਾਵਰਣ ਨੂੰ ਸਜੀਵ ਕਰ ਦਿੱਤਾ ਹੈ ।

**128. ਫੁੱਲ ਕੁਮਲਾਇਆ (ਮਰਾਠੀ)** : ਪੁ. ਯ. ਦੇਸ਼ਪਾਂਡੇ
ਅਨੁਵਾਦ : *ਪ੍ਰੋ. ਸਵਰਨ ਸਿੰਘ* *ਸਫ਼ੇ : 80 ਕੀਮਤ : 4.25*
ਇਹ ਨਾਵਲ ਅਸਫ਼ਲ ਪ੍ਰੇਮ ਦੀ ਜਜ਼ਬਾਤੀ ਕਹਾਣੀ ਹੈ । ਇਸ ਦੀ ਪ੍ਰਤੀਕਾਤਮਕਤਾ ਇਸ ਦੀ ਖ਼ਾਸੀਅਤ ਹੈ । ਗੋਂਦ, ਵਹਾਅ, ਬੋਲੀ ਦੀ ਸੁੰਦਰਤਾ, ਵਾਰਤਾਲਾਪ ਵਿਚ ਸੰਕੇਤ ਤੇ ਭਾਵਾਂ ਦਾ ਅਮੀਰੀ ਭਰਿਆ ਉਦੇਸ਼—ਇਨ੍ਹਾਂ ਕਾਰਣਾਂ ਕਰਕੇ ਸ੍ਰੀ ਦੇਸ਼ਪਾਂਡੇ ਦਾ ਨਾਵਲ ਉਨ੍ਹਾਂ ਦੀ ਸਾਹਿਤ-ਰਚਨਾ ਵਿਚ ਹੀ ਨਹੀਂ, ਸਗੋਂ ਸਮੁੱਚੇ ਮਾਰਠੀ ਨਾਵਲਾਂ ਵਿਚ ਅੱਵਲ ਦਰਜੇ ਦਾ ਨਾਵਲ ਸਮਝਿਆ ਜਾਂਦਾ ਹੈ ।

**129. 'ਨਟ ਸਮਰਾਟ' ਤੇ 'ਵਕਤ ਤੈਨੂੰ ਸਲਾਮ ਹੈ'** (ਦੋ ਮਰਾਠੀ ਨਾਟਕ) :
ਵਿ.ਵਾ. ਸ਼ਿਰਵਾਡਕਰ ਤੇ ਚਿ.ਤ੍ਰਿਅੰ. ਖਾਨੋਲਕਰ
ਅਨੁਵਾਦ : *ਮ੍ਰਿਤਯੁਬੋਧ* *ਸਫ਼ੇ : 164 ਕੀਮਤ : 10.00*
'ਨਟ ਸਮਰਾਟ' ਨਾਟਕ ਵਿਚ ਦੁਨੀਆਂ ਵਿਚੋਂ ਅਲੌਕਿਕ ਸ਼ਖ਼ਸੀਅਤ ਭਾਲਣ ਦੀ ਕੋਸ਼ਿਸ਼ ਕੀਤੀ ਗਈ ਹੈ । ਮਰਾਠੀ ਨਾਟਕ ਦੀ ਅਮੀਰ ਸਭਿਆਚਾਰ ਰਵਾਇਤ ਦੇ ਸ਼ਿਰਵਾਡਕਰ

ਇਕ ਪ੍ਰਤਿਭਾਸ਼ਾਲੀ ਨਾਟਕਕਾਰ ਹਨ। 'ਨਟ ਸਮਰਾਟ' ਪੁਸਤਕ ਨੂੰ ਸਾਹਿਤ ਅਕਾਦਮੀ ਨੇ ਇਨਾਮ ਦੇ ਕੇ ਸਨਮਾਨਿਆ ਹੈ। 'ਵਕਤ ਤੈਨੂੰ ਸਲਾਮ ਹੈ' ਨਾਟਕ ਇਕ ਮੰਨੇ-ਪ੍ਰਮੰਨੇ ਜੋਤਸ਼ੀ ਦੀ ਗ਼ਲਤ ਸਾਬਤ ਹੋਈ ਭਵਿੱਖਬਾਣੀ ਦੀ ਕਹਾਣੀ ਹੈ।

**130. ਦਰਪਣ (ਮਲਿਆਲਮ)** : ਪੀ. ਕੇਸ਼ਵਦੇਵ

ਅਨੁਵਾਦ : *ਮੋਹਨਜੀਤ* *ਸਫ਼ੇ : 152 ਕੀਮਤ : 6.25*

ਇਹ ਨਾਵਲ ਭਾਰਤ ਦੀ ਆਜ਼ਾਦੀ ਦੀ ਜੱਦੋ-ਜਹਿਦ ਦੇ ਅਖ਼ੀਰਲੇ ਦਿਨੀਂ ਕੇਂਦਰੀ ਟਰਾਵਨਕੋਰ ਵਿਚ ਮਜ਼ਦੂਰ ਜਮਾਤ ਦੇ ਸੰਘਰਸ਼ ਨੂੰ ਪੇਸ਼ ਕਰਦਾ ਹੈ। ਨਾਵਲ ਦੇ ਅੰਤ ਵਿਚ ਪੇਸ਼ ਨੌਜੁਆਨ ਕੁੜੀ ਅੰਨਾ ਦੀ ਦਰਦ ਭਰੀ ਹੋਣੀ ਦੇਸ਼ ਦੇ ਕਿਸੇ ਵੀ ਹਿੱਸੇ ਵਿਚ ਅੱਜ ਵੀ ਓਨੀ ਹੀ ਆਮ ਹੈ।

**131. ਤਾਸ਼ ਦੇ ਮਹਿਲ (ਤੇਲਗੂ)** : ਸ੍ਰੀਮਤੀ ਮੁਪਾਲਰੰਗਨਾਇਕੰਮਾ

ਅਨੁਵਾਦ : *ਸੁਰਿੰਦਰ ਸਿੰਘ ਜੌਹਰ* *ਸਫ਼ੇ : 146 ਕੀਮਤ : 4.00*

ਇਸ ਨਾਵਲ ਵਿਚ ਇਸਤਰੀ ਮਨ ਦਾ ਨਿੱਗਰ, ਸਹਿਜ ਤੇ ਸਜੀਵ ਚਿੱਤਰ ਮਿਲਦਾ ਹੈ। ਇਸ ਨਾਵਲ ਦੀ ਨਾਇਕਾ ਭਾਮਤੀ ਸੁਤੰਤਰ ਚੇਤੰਨ ਨਾਰੀ ਹੈ ਜਿਹੜੀ ਸਥਿਤੀਆਂ ਨੂੰ ਸਮਝਣਾ ਤਾਂ ਜ਼ਰੂਰੀ ਜਾਣਦੀ ਹੈ, ਪਰ ਉਨ੍ਹਾਂ ਨਾਲ ਸਮਝੌਤਾ ਨਹੀਂ ਕਰਨਾ ਚਾਹੁੰਦੀ।

**132. ਜੀਵਨ ਇਕ ਨਾਟਕ (ਗੁਜਰਾਤੀ)** : ਪੰਨਾ ਲਾਲ ਪਟੇਲ

ਅਨੁਵਾਦ : *ਰਣਬੀਰ ਸਿੰਘ ਸੋਢੀ* *ਸਫ਼ੇ : 300 ਕੀਮਤ : 6.50*

ਗੁਜਰਾਤੀ ਦੇ ਉੱਘੇ ਕਥਾਕਾਰ ਸ੍ਰੀ ਪੰਨਾਲਾਲ ਪਟੇਲ ਦਾ ਨਾਂਅ ਉਸ ਸਮੇਂ ਉੱਭਰ ਕੇ ਸਾਮ੍ਹਣੇ ਆ ਗਿਆ ਜਦ ਉਸ ਦੇ ਨਾਵਲ 'ਜੀਵਨ ਇਕ ਨਾਟਕ' ਤੇ ਭਾਰਤੀ ਗਿਆਨਪੀਠ ਪੁਰਸਕਾਰ ਦਾ ਐਲਾਨ ਕੀਤਾ ਗਿਆ। ਨਾਵਲ ਵਿਚ ਵਰਣਿਤ ਅਕਾਲ ਕੇਵਲ ਇਤਿਹਾਸਕ ਦਸਤਾਵੇਜ਼ ਹੀ ਨਹੀਂ ਹੈ ਬਲਕਿ ਜੀਵਨ ਦੀ ਭਿਆਨਕਤਾ ਨੂੰ ਸਾਡੇ ਸਾਮ੍ਹਣੇ ਰੱਖਦਾ ਹੈ।

**133. ਕਵੀ (ਬੰਗਲਾ)** : ਤਾਰਾਸ਼ੰਕਰ ਬੈਨਰਜੀ

ਅਨੁਵਾਦ : *ਅਮਰ ਭਾਰਤੀ* *ਸਫ਼ੇ : 244 ਕੀਮਤ : 6.00*

ਬੰਗਲਾ ਦੇ ਸਿਰਕੱਢ ਨਾਵਲਕਾਰ ਦਾ ਸਮੂਹ ਜੀਵਨ ਨੂੰ ਪੇਸ਼ ਕਰਦਾ ਨਾਵਲ ਹੈ। ਇਕ ਚੋਰਾਂ ਦੇ ਵਰਗ ਦਾ ਮੁੰਡਾ ਜਿਹੜਾ ਕਵੀ ਬਣ ਗਿਆ ਹੈ। ਅਮਰ ਭਾਰਤੀ ਦਾ ਬੰਗਲਾ ਤੋਂ ਸਿੱਧਾ ਪੰਜਾਬੀ ਅਨੁਵਾਦ ਪੁਸਤਕ ਨੂੰ ਬੇਹੱਦ ਰੌਚਕ ਤੇ ਦਿਲਚਸਪ ਬਣਾਉਂਦਾ ਹੈ।

**134. ਮਨੁੱਖ ਦੇ ਰੂਪ (ਹਿੰਦੀ)** : ਯਸ਼ਪਾਲ

ਅਨੁਵਾਦ : *ਐਸ. ਐਸ. ਮੀਸ਼ਾ* *ਸਫ਼ੇ : 312 ਕੀਮਤ : 12.00*

ਇਸ ਨਾਵਲ ਵਿਚ ਇਕ ਪਹਾੜਨ ਵਿਧਵਾ ਮੁਟਿਆਰ ਦੀ ਜ਼ਿੰਦਗੀ ਬਾਰੇ ਵੱਖੋ-ਵੱਖ ਹਾਲਤਾਂ ਵਿਚ ਇਕ ਹੀ ਮਨੁੱਖ ਦੇ ਵੱਖ-ਵੱਖ ਰੂਪਾਂ ਅਤੇ ਸਮਾਜ ਦੇ ਬਹੁਤ ਸਾਰੇ ਵਰਗਾਂ ਅਤੇ ਮਨੁੱਖ ਦੇ ਅਨੇਕ ਰੂਪਾਂ ਦੀ ਕਹਾਣੀ ਨਾਲੋ-ਨਾਲ ਹੈ। ਇਸ ਦਾ ਕੈਨਵਸ ਵਿਸ਼ਾਲ ਹੈ। ਸਮਾਜਿਕ

ਟੋਏ-ਟਿੱਬਿਆਂ ਤੇ ਆਪਸੀ ਵਿਰੋਧਾਂ ਨੂੰ ਲੇਖਕ ਨੇ ਤੀਖਣ ਰੂਪ ਵਿਚ ਉਭਾਰਿਆ ਹੈ ।

**135. ਮੈਂ (ਮਰਾਠੀ)** : ਹਰਿਨਾਰਾਇਣ ਆਪਟੇ

ਅਨੁਵਾਦ : *ਪ੍ਰੋ. ਸਵਰਨ ਸਿੰਘ* *ਸਫ਼ੇ : 356 ਕੀਮਤ : 8.25*

ਮਰਾਠੀ ਸਮਾਜ ਦਾ ਪਰਿਵਰਤਨਸ਼ੀਲ ਜੀਵਨ ਇਸ ਨਾਵਲ ਦਾ ਵਿਸ਼ਾ ਹੈ । ਪ੍ਰੋ. ਸਵਰਨ ਸਿੰਘ ਦਾ ਮਰਾਠੀ ਤੋਂ ਸਿੱਧਾ ਅਨੁਵਾਦ ਪੁਸਤਕ ਨੂੰ ਬੇਹੱਦ ਰੌਚਕ ਅਤੇ ਦਿਲਚਸਪ ਬਣਾਉਂਦਾ ਹੈ ।

**136. ਨਵੀਂ ਦੁਨੀਆ ਨੂੰ ਸਲਾਮ (ਉਰਦੂ) : ਅਲੀ ਸਰਦਾਰ ਜਾਫ਼ਰੀ**

ਅਨੁਵਾਦ : *ਪ੍ਰੋ. ਮੋਹਨ ਸਿੰਘ* *ਸਫ਼ੇ : 112 ਕੀਮਤ : 6.00*

ਉਰਦੂ ਵਿਚ ਇਕ ਲੰਬਾ ਕਾਵਿ ਰੂਪਕ ਹੈ ਜਿਸ ਦਾ ਵਿਸ਼ਾ ਭਾਰਤ ਦਾ ਸੁਤੰਤਰਤਾ ਅੰਦੋਲਨ ਹੈ । ਆਪਣੇ ਆਪ ਵਿਚ 'ਸਮਾਜਵਾਦ ਦੀ ਵਾਰ' ਤੇ ਖ਼ੂਬਸੂਰਤ ਅਨੁਵਾਦ ।

**137. ਪਾਤੁੱਮਾ ਦੀ ਬੱਕਰੀ ਤੇ ਬਚਪਨ ਦੀ ਸਹੇਲੀ** : ਵੈਕਮ ਮੁਹੰਮਦ ਵਸ਼ੀਰ

ਅਨੁਵਾਦ : *ਦਲੀਪ ਕੌਰ ਟਿਵਾਣਾ* *ਸਫ਼ੇ : 122 ਕੀਮਤ : 4.50*

ਇਹ ਮਲਿਆਲਮ ਦੇ ਦੋ ਛੋਟੇ ਨਾਵਲ ਹਨ । ਪਹਿਲਾ ਨਾਵਲ ਇਕ ਛੋਟੇ ਜਿਹੇ ਘਰ ਦੀਆਂ ਤੰਗੀਆਂ-ਤੁਰਸ਼ੀਆਂ ਦੀ ਕਹਾਣੀ ਹੈ । ਦੂਜੇ ਨਾਵਲ ਵਿਚ ਤੰਗੀਆਂ-ਤੁਰਸ਼ੀਆਂ ਦੇ ਬਾਵਜੂਦ ਪਿਆਰ ਦੀ ਪ੍ਰਪੱਕਤਾ ਦਿਖਾਈ ਗਈ ਹੈ ।

**138. ਕਥਾ ਭਾਰਤੀ ਤਮਿਲ ਕਹਾਣੀਆਂ** : ਮੀ.ਪਾ. ਸੋਮਸੁੰਦਰਮ (ਸੰਪਾਦਕ)

ਅਨੁਵਾਦ : *ਅੰਮ੍ਰਿਤਾ ਪ੍ਰੀਤਮ* *ਸਫ਼ੇ : 244 ਕੀਮਤ : 5.25*

ਇਹ ਪੁਸਤਕ ਤਮਿਲ ਦੇ 20 ਉੱਘੇ ਲੇਖਕਾਂ ਦੀਆਂ 20 ਕਹਾਣੀਆਂ ਦਾ ਸੰਗ੍ਰਹਿ ਹੈ ।

**139. ਚਾਰ ਦੀਵਾਰੀ ਵਿਚ** : ਐਮ.ਟੀ. ਵਾਸੂਦੇਵਨ ਨਾਇਰ

ਅਨੁਵਾਦ : *ਗੁਰਬਚਨ* *ਸਫ਼ੇ : 184 ਕੀਮਤ : 5.00*

ਇਸ ਨਾਵਲ ਵਿਚ ਇਕ ਮੁਟਿਆਰ ਆਪਣੇ ਬਜ਼ੁਰਗਾਂ ਦੀ ਇੱਛਾ ਦੇ ਉਲਟ ਆਪਣੇ ਪ੍ਰੇਮੀ ਨਾਲ ਦੌੜ ਜਾਂਦੀ ਹੈ ਅਤੇ ਨਾਵਲ ਵਿਚ ਉਸ ਦੇ ਪੁੱਤਰ ਦੇ ਉਸ ਘਰਾਣੇ ਵਿਚ ਪੁਨਰ-ਸਵੀਕ੍ਰਿਤੀ ਪ੍ਰਾਪਤ ਕਰਨ ਦੇ ਯਤਨ ਅਤੇ ਸੰਘਰਸ਼ ਦੀ ਕਹਾਣੀ ਹੈ ।

**140. ਕਥਾ ਭਾਰਤੀ ਉਰਦੂ ਕਹਾਣੀਆਂ** : ਕ੍ਰਿਸ਼ਨ ਚੰਦਰ, ਰਾਜਿੰਦਰ ਸਿੰਘ ਬੇਦੀ ਅਤੇ ਇਸਮਤ ਚੁਗ਼ਤਾਈ

ਅਨੁਵਾਦ : *ਮਿਹਰ ਸਿੰਘ ਰੰਧਾਵਾ* *ਸਫ਼ੇ : 210 ਕੀਮਤ : 65.00*

ਕ੍ਰਿਸ਼ਨ ਚੰਦਰ, ਰਾਜਿੰਦਰ ਸਿੰਘ ਬੇਦੀ ਅਤੇ ਇਸਮਤ ਚੁਗ਼ਤਾਈ ਉਰਦੂ ਕਹਾਣੀ ਦੇ ਬੜੇ ਹੀ ਸੁੰਦਰ ਫੁੱਲ ਹਨ । ਇਸ ਸੰਗ੍ਰਹਿ ਵਿਚ ਸ਼ਾਮਲ ਇਨ੍ਹਾਂ ਦੀਆਂ ਪੰਜ-ਪੰਜ ਕਹਾਣੀਆਂ ਸਾਰੀ ਉਰਦੂ ਬੋਲੀ ਅਤੇ ਸਾਹਿਤ ਦੇ ਤਿੰਨ ਬਹੁਤ ਵੱਡੇ ਅਤੇ ਪਹਿਲੀ ਪਾਲ ਦੇ ਕਲਾਕਾਰਾਂ ਦੀ ਪ੍ਰਤੀਨਿਧਤਾ ਕਰਦੀਆਂ ਹਨ । ISBN 81-237-3897-8

**141. ਕਿੱਸਾ ਗੁਲਾਮ (ਹਿੰਦੀ)** (ਸਾਹਿਤ ਅਕਾਦਮੀ ਵੱਲੋਂ 'ਰਾਸ਼ਟਰੀ ਅਨੁਵਾਦ ਪੁਰਸਕਾਰ' ਪ੍ਰਾਪਤ ਨਾਵਲ) : ਰਮੇਸ਼ ਚੰਦਰ ਸ਼ਾਹ

ਅਨੁਵਾਦ : *ਪ੍ਰੇਮ ਗੋਰਖੀ* *ਸਫ਼ੇ : 200 ਕੀਮਤ : 80.00*

ਲੇਖਕ 'ਕਿੱਸਾ ਗੁਲਾਮ' ਵਿਚ ਅੱਜ ਦੇ ਆਧੁਨਿਕ ਭਾਰਤ ਦੇ ਸਭਿਆਚਾਰਕ ਸੰਘਰਸ਼ ਨੂੰ ਇਕ ਸੰਵੇਦਨਾਤਮਕ ਸਵੈ-ਸੰਘਰਸ਼ ਦੇ ਪੱਧਰ 'ਤੇ ਉਠਾਉਂਦੇ ਹਨ। ਕਿੱਸਾ ਗੁਲਾਮ ਕਿਸੇ ਰਾਜਨੀਤਕ-ਆਰਥਿਕ ਗੁਲਾਮੀ ਦਾ ਕਿੱਸਾ ਨਹੀਂ ਸੁਣਾਉਂਦਾ, ਬਲਕਿ ਇਹ ਸਾਡੀ ਮਾਨਸਿਕ ਗੁਲਾਮੀ ਦੀਆਂ ਉਨ੍ਹਾਂ ਸਾਰੀਆਂ ਤਹਿਆਂ ਨੂੰ ਉਧੇੜਦਾ ਹੈ ਜਿਨ੍ਹਾਂ ਦੇ ਹੁੰਦਿਆਂ ਸਾਡਾ ਸਮਾਜ ਇਕ ਪਾਸੇ ਆਪਣੀ ਪਰੰਪਰਾ ਵਿਚ ਆ ਗਈ ਇਤਿਹਾਸਕ ਉਲਥ-ਪੁਲਥ ਦੀ ਗੁਲਾਮੀ ਨੂੰ ਸਵੀਕਾਰ ਕਰਦਾ ਹੈ ਤੇ ਦੂਸਰੇ ਪਾਸੇ ਉਨ੍ਹਾਂ ਤੋਂ ਛੁਟਕਾਰੇ ਦੇ ਭਰਮ ਵਿਚ ਉਹ ਪੱਛਮੀ ਧਾਰਨਾਵਾਂ ਨੂੰ ਸਵੀਕਾਰ ਕਰ ਲੈਂਦਾ ਹੈ ਜਿਹੜੀਆਂ ਉਸ ਨੂੰ ਆਪਣੇ ਸਮਾਜ ਦੀ ਉਥਲ-ਪੁਥਲ ਨਾਲ ਲੜਨ ਦੀ ਬਜਾਏ ਨਾ ਕੇਵਲ ਉਸ ਨਾਲੋਂ ਵੱਖ ਕਰ ਦਿੰਦੀਆਂ ਹਨ, ਬਲਕਿ ਉਸ ਨੂੰ ਇਕ ਵੱਖਰੀ ਤਰ੍ਹਾਂ ਦੀ ਗੁਲਾਮੀ ਵਿਚ ਪਾ ਦਿੰਦੀਆਂ ਹਨ। ISBN 81-237-4181-2

**142. ਕੁਰੂ ਕੁਰੂ ਸਵਾਹਾ (ਹਿੰਦੀ)** : ਮਨੋਹਰ ਸ਼ਿਆਮ ਜੋਸ਼ੀ

ਅਨੁਵਾਦ : *ਰਾਮ ਸਰੂਪ ਅਣਖੀ* *ਸਫ਼ੇ : 270 ਕੀਮਤ : 80.00*

ਇਹ ਨਾਵਲ ਜਟਿਲ ਕਿਸਮ ਦੇ ਬਹੁ-ਪਰਤੀ, ਬਹੁ-ਦ੍ਰਿਸ਼ਟੀ ਅਤੇ ਬਹੁ-ਰੂਪੀ ਮੱਧ-ਵਰਗੀ ਸਮਾਜ ਦਾ ਜਟਿਲ ਨਕਸ਼ਾ ਖਿੱਚਣ ਵਾਲੀ ਇਕ ਜਟਿਲ ਰਚਨਾ ਹੈ। ਅਖੌਤੀ ਕ੍ਰਾਂਤੀਕਾਰੀ ਅਤੇ ਬੁੱਧੀਜੀਵੀ ਵੀ ਕ੍ਰਾਂਤੀ ਦੇ ਨਾਂ ਹੇਠ ਆਪਣੀ ਨਿੱਜੀ ਖੁਸ਼ਹਾਲੀ ਲਈ ਯਤਨ ਕਰਦੇ ਹੋਏ ਦੇਖੇ ਜਾ ਸਕਦੇ ਹਨ। ISBN 81-237-4329-7

**143. ਸਮਕਾਲੀਨ ਗੁਜਰਾਤੀ ਕਹਾਣੀਆਂ** : ਰਾਧੇਸ਼ਿਆਮ ਸ਼ਰਮਾ (ਸੰਪਾਦਕ)

ਅਨੁਵਾਦ : *ਬਲਬੀਰ ਪਰਵਾਨਾ* *ਸਫ਼ੇ : 136 ਕੀਮਤ : 50.00*

ਇਸ ਪੁਸਤਕ ਵਿਚ ਗੁਜਰਾਤੀ ਦੇ 25 ਕਹਾਣੀਕਾਰਾਂ ਦੀਆਂ 25 ਕਹਾਣੀਆਂ ਸ਼ਾਮਲ ਕੀਤੀਆਂ ਗਈਆ ਹਨ।

**144. ਨਿਰਾਲਾ ਦੀ ਸਾਹਿਤ-ਸਾਧਨਾ (ਹਿੰਦੀ)** : ਰਾਮਵਿਲਾਸ ਸ਼ਰਮਾ

ਅਨੁਵਾਦ : *ਡਾ.ਧਰਮਪਾਲ ਸਿੰਗਲ* *ਸਫ਼ੇ : 546 ਕੀਮਤ : 170.00*

ਹਿੰਦੀ ਵਿਚ ਜਿੰਨਾ ਵਿਰੋਧ ਨਿਰਾਲਾ ਦਾ ਹੋਇਆ ਹੈ, ਓਨਾ ਹੋਰ ਕਿਸੇ ਲੇਖਕ ਦਾ ਨਹੀਂ ਹੋਇਆ। ਕਲਾ ਅਤੇ ਵਿਚਾਰਧਾਰਾ ਵਿਚ ਉਨ੍ਹਾਂ ਨੇ ਯੁੱਗ ਪਲਟਾਊ ਤਬਦੀਲੀਆਂ ਲਿਆਂਦੀਆਂ। ਇਸ ਲਈ ਭਾਂਤ-ਭਾਂਤ ਦੇ ਨਿੱਜੀ ਸੁਆਰਥਾਂ ਵਾਲੇ ਲੋਕ ਉਨ੍ਹਾਂ ਦੇ ਵੈਰੀ ਹੋ ਗਏ ਸਨ। ਨਿਰਾਲਾ ਦੀ ਸਾਹਿਤ-ਸਾਧਨਾ ਉਨ੍ਹਾਂ ਦੇ ਜੀਵਨ-ਸੰਘਰਸ਼ ਕਹਾਣੀ ਹੈ।

ISBN 81-237-4412-9

**145. ਸੇਵਾ ਸਦਨ (ਹਿੰਦੀ)** : ਮੁਨਸ਼ੀ ਪ੍ਰੇਮ ਚੰਦ

ਅਨੁਵਾਦ : *ਡਾ. ਜਗਬੀਰ ਸਿੰਘ* *ਸਫ਼ੇ : 334 ਕੀਮਤ : 110.00*

'ਸੇਵਾ ਸਦਨ' ਦਾ ਪ੍ਰੇਮ ਚੰਦ ਦੇ ਨਾਵਲਾਂ ਵਿਚ ਮਹੱਤਵਪੂਰਣ ਸਥਾਨ ਹੈ। ਇਹ ਨਾਵਲ

ਉਸ ਦੌਰ ਵਿਚ ਲਿਖਿਆ ਗਿਆ ਸੀ ਜਦ ਪਹਿਲਾ ਵਿਸ਼ਵ ਯੁੱਧ ਚਲ ਰਿਹਾ ਸੀ। ਵਿਸ਼ਵ ਦੇ ਅਨੇਕ ਦੇਸ਼ ਅਤੇ ਸਮਾਜ ਜ਼ਬਰਦਸਤ ਪਰਿਵਰਤਨ ਦੀ ਪ੍ਰਕ੍ਰਿਆ ਵਿਚੋਂ ਲੰਘ ਰਹੇ ਸਨ। ਉਨ੍ਹਾਂ ਵਿਚੋਂ ਭਾਰਤ ਵੀ ਇਕ ਸੀ। ਇਸ ਵਿਚ ਸਾਮੰਤੀ ਸੰਸਕਾਰਾਂ ਦੇ ਐਸੇ ਅਨੇਕ ਪੱਖਾਂ ਦੀ ਆਲੋਚਨਾ ਕੀਤੀ ਗਈ ਹੈ ਜਿਨ੍ਹਾਂ ਤੋਂ ਸਾਡਾ ਸਮਾਜ ਅੱਜ ਵੀ ਮੁਕਤ ਨਹੀਂ ਹੋ ਸਕਿਆ ਹੈ। ਜਿਵੇਂ ਨਕਲੀ ਆਦਰਸ਼ਾਂ ਦਾ ਦਿਖਾਵਾ, ਧਨ ਦਾ ਦਿਖਾਵਾ, ਖੋਖਲੇ ਮਾਨ-ਸਨਮਾਨ ਦੀ ਰੱਖਿਆ ਲਈ ਪਰਿਵਾਰ ਦੀ ਤਬਾਹੀ ਆਦਿ ਗੱਲਾਂ ਦਾ ਚਿਤਰਣ ਇਸ ਨਾਵਲ ਵਿਚ ਥਾਂ ਥਾਂ ਮਿਲਦਾ ਹੈ। ISBN-81-237-4589-3

**146. ਨੌਕਰ ਦੀ ਕਮੀਜ਼ (ਹਿੰਦੀ)** : ਵਿਨੋਦ ਕੁਮਾਰ ਸ਼ੁਕਲ

ਅਨੁਵਾਦ : *ਜਸਵੰਤ ਸਿੰਘ ਵਿਰਦੀ* *ਸਫ਼ੇ : 258 ਕੀਮਤ : 95.00*

'ਨੌਕਰ ਦੀ ਕਮੀਜ਼' ਭਾਰਤੀ ਜੀਵਨ ਦੇ ਯਥਾਰਥ ਅਤੇ ਆਦਮੀ ਦੀ ਜੱਦੋਜਹਿਦ ਨੂੰ ਪੇਸ਼ ਕਰਨ ਵਾਲਾ ਨਾਵਲ ਹੈ। ਇਸ ਨਾਵਲ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਸ ਦੇ ਪਾਤਰ ਮਾਇਆਵੀ ਨਹੀਂ ਸਗੋਂ ਦੁਨਿਆਵੀ ਹਨ, ਜਿਨ੍ਹਾਂ ਵਿਚ ਕਲਪਨਾ ਅਤੇ ਯਥਾਰਥ ਦੇ ਸੂਰ ਨਾਲ-ਨਾਲ ਪਰੋਏ ਹੋਏ ਹਨ। ਅੱਜ ਦੀ ਬਿਊਰੋਕ੍ਰੇਸੀ ਅਤੇ ਅਕ੍ਰਿਤਘਣ ਲੋਕਾਂ ਤੇ ਇਹ ਨਾਵਲ ਸਿੱਧਾ ਵਾਰ ਹੀ ਨਹੀਂ ਕਰਦਾ ਸਗੋਂ ਛੋਟੇ-ਛੋਟੇ ਵਾਕਾਂ ਦੇ ਸਹਾਰੇ ਵਿਅੰਗਾਤਮਕ ਸ਼ੈਲੀ ਵਿਚ ਇਕ ਮਾਹੌਲ ਵੀ ਤਿਆਰ ਕਰਦਾ ਹੈ।

ISBN 81-237-4785-3

**147. ਰਤੀਨਾਥ ਦੀ ਚਾਚੀ** (ਹਿੰਦੀ) : ਨਾਗਾਰਜੁਨ

ਅਨੁਵਾਦ : ਚੰਦਨ ਨੇਗੀ *ਸਫ਼ੇ : 148 ਕੀਮਤ : 60.00*

'ਰੱਤੀਨਾਥ ਦੀ ਚਾਚੀ' ਨਾਗਾਰਜੁਨ ਦਾ ਹਿੰਦੀ ਦਾ ਪਹਿਲਾ ਨਾਵਲ ਹੈ ਜੋ 1948 ਵਿਚ ਪ੍ਰਕਾਸ਼ਿਤ ਹੋਇਆ ਸੀ। 'ਰੱਤੀਨਾਥ ਦੀ ਚਾਚੀ' ਮਿਥਲਾ ਦੇ ਬ੍ਰਾਹਮਣ ਸਮੁਦਾਇ ਦੀ ਗੌਰੀ ਨਾਂ ਦੀ ਵਿਧਵਾ ਦੀ ਦੁੱਖ-ਦਰਦ ਭਰੀ ਜ਼ਿੰਦਗੀ ਦੀ ਕਥਾ ਹੈ। ਜਿਥੇ ਉਹ ਆਪਣੀ ਚਾਚੀ ਦੇ ਕਰੁਣਾਮਈ ਜੀਵਨ ਦਾ ਗਵਾਹ ਵੀ ਹੈ ਉਥੇ ਆਪਣੀ ਚਾਚੀ ਦੇ ਕਠਿਨ ਜੀਵਨ ਸੰਘਰਸ਼ ਦੀ ਕਥਾ, ਨਾਵਲ ਦੇ ਰੂਪ ਵਿਚ ਕਹਿੰਦਾ ਹੈ। ISBN 81-237-4706-3

**148. ਕਥਾ ਇਕ ਕੰਸ ਦੀ** (ਹਿੰਦੀ) : ਦਇਆ ਪ੍ਰਕਾਸ਼ ਸਿਨਹਾ

ਅਨੁਵਾਦ : ਡਾ. ਜਸਵਿੰਦਰ ਕੌਰ *ਬਿੰਦਰਾ* *ਸਫ਼ੇ : 70 ਕੀਮਤ : 35.00*

ਦਇਆ ਪ੍ਰਕਾਸ਼ ਦੇ ਕਵੀ ਮਨ ਨੇ ਦੋ ਪਾਤਰਾਂ ਨੂੰ ਬਹੁਤ ਮਹੱਤਵਪੂਰਣ ਬਣਾਇਆ ਹੈ। ਇਕ ਹੈ ਕੰਸ, ਦੂਸਰਾ ਹੈ ਸਵਾਤੀ। ਕੰਸ ਦੀ ਕਲਪਨਾ ਅਜਿਹੇ ਜਵਾਨ ਦੇ ਰੂਪ ਵਿੱਚ ਕੀਤੀ ਗਈ ਹੈ, ਜਿਹੜਾ ਪ੍ਰੇਮ ਕਰਦਾ ਹੈ, ਵੀਣਾ ਵਜਾਉਂਦਾ ਹੈ, ਕੋਮਲ ਹਿਰਦੇ ਦਾ ਮਾਲਕ ਹੈ ਅਤੇ ਹਰ ਤਰ੍ਹਾਂ ਦੇ ਹਮਲੇ ਦੇ ਵਿਰੁੱਧ ਹੈ। ਇਸ ਧਾਰਨਾ ਨੂੰ ਹੋਰ ਜ਼ਿਆਦਾ ਯਕੀਨੀ ਬਣਾਉਣ ਲਈ ਕੰਸ ਨੂੰ ਭਾਵੁਕ ਸੰਗੀਤ ਪ੍ਰੇਮੀ ਦੇ ਰੂਪ ਵਿਚ ਪੇਸ਼ ਕੀਤਾ ਜੋ ਇਸ ਆਦਿਮ ਯੁੱਗ ਦੇ ਬੇਰਹਿਮ ਵਾਤਾਵਰਣ ਵਿੱਚ ਅਹਿੰਸਾ, ਕਰੁਣਾ, ਫੁੱਲ ਅਤੇ ਸੁਗੰਧੀ ਦੀ ਗੱਲ ਕਰਦਾ ਸੀ। ISBN 81-237-4762-4

**149. ਆਜ਼ਾਦੀ ਤੋਂ ਬਾਅਦ ਦੀਆਂ ਹਿੰਦੀ ਕਹਾਣੀਆਂ** : ਕਮਲੇਸ਼ਵਰ (ਸੰਪਾਦਕ)
ਅਨੁਵਾਦ : ਪ੍ਰੇਮ ਗੋਰਖੀ *ਸਫ਼ੇ : 500 ਕੀਮਤ : 160.00*
ਇਹ ਕਹਾਣੀਆਂ ਆਜ਼ਾਦੀ ਦੇ ਬਾਅਦ ਦੇ ਸਮੇਂ ਦੀਆਂ ਹਿੰਦੀ ਕਹਾਣੀਆਂ ਦੇ ਅਨੇਕਾਂ ਰਚਨਾਤਕ ਪੱਖਾਂ ਅਤੇ ਬਦਲਾਵਾਂ ਦੀ ਗਵਾਹੀ ਦੇ ਰਹੀਆਂ ਅਤੇ ਆਪਣੇ ਦੌਰ ਵਿਚ ਸਭ ਤੋਂ ਜ਼ਿਆਦਾ ਚਰਚਿਤ ਰਹੀਆਂ ਹਨ ਅਤੇ ਸਲਾਹੀਆਂ ਵੀ ਗਈਆਂ ਹਨ। ਇਹ ਸੰਗ੍ਰਹਿ ਆਜ਼ਾਦੀ ਦੇ ਬਾਅਦ ਦੇ ਸਮਾਜ ਦੀ ਸੰਪੂਰਨ ਤਸਵੀਰ ਨੂੰ ਪੇਸ਼ ਕਰਦਾ ਹੈ। ਇਨ੍ਹਾਂ ਕਹਾਣੀਆਂ ਵਿਚ ਇਸ ਸਮੇਂ ਦੇ ਦੌਰਾਨ ਪ੍ਰਸਥਿਤੀਆਂ ਨੂੰ ਸਖ਼ਤੀ ਨਾਲ ਨਿਪਟਣ ਦੀ ਰਚਨਾਤਮਕ ਤਿਆਰੀ ਦੀ ਕਿਰਨ ਵੀ ਦਿਖਾਈ ਦਿੰਦੀ ਹੈ।

ISBN 81-237-4783-8

**150. ਜੈਨੇਂਦਰ ਕੁਮਾਰ ਦੀਆਂ ਕਹਾਣੀਆਂ** (ਹਿੰਦੀ) : ਪ੍ਰਦੀਪ ਕੁਮਾਰ (ਸੰਪਾਦਕ)
ਅਨੁਵਾਦਕ : ਡਾ. ਕਰਾਂਤੀ ਪਾਲ *ਸਫ਼ੇ : 116 ਕੀਮਤ : 50.00*
ਹਿੰਦੀ ਦੇ ਬਹੁਪੱਖੀ ਕਹਾਣੀਕਾਰ ਜੈਨੇਂਦਰ ਕੁਮਾਰ ਦੀਆਂ ਬਾਰ੍ਹਾਂ ਪ੍ਰਤੀਨਿਧ ਕਹਾਣੀਆਂ ਦਾ ਸੰਗ੍ਰਹਿ ਹੈ। ਇੱਥੇ ਜਿਹੜੀਆਂ ਬਾਰ੍ਹਾਂ ਕਹਾਣੀਆਂ ਪੇਸ਼ ਕੀਤੀਆਂ ਗਈਆਂ ਹਨ ਉਨ੍ਹਾਂ ਨਾਲ ਇਹ ਪੱਖ ਉੱਭਰਦਾ ਹੈ ਜਿਹੜਾ ਜੈਨੇਂਦਰ ਦੀ ਸਮੁੱਚੀ ਲਿਖਤ ਦੇ ਕੇਂਦਰ ਵਿਚ ਹੈ ਅਤੇ ਉਹ ਹੈ ਮਾਨਵੀ ਸੰਬੰਧ, ਮਾਨਵੀ ਵਿਵਹਾਰ ਅਤੇ ਮਾਨਵੀ ਨੀਤੀ 'ਚ ਗਹਿਰੀ ਸਮਝ ਅਤੇ ਹਮਦਰਦੀ ਭਰੀ ਅੰਤਰ-ਦ੍ਰਿਸ਼ਟੀ ਇਨ੍ਹਾਂ ਕਹਾਣੀਆਂ ਦੀ ਵਿਸ਼ੇਸ਼ਤਾ ਹੈ।

ISBN 81-237-4709-8

**151. ਪ੍ਰੇਮਚੰਦ ਦੀਆਂ ਚੋਣਵੀਆਂ ਕਹਾਣੀਆਂ** : ਰਾਧਾ ਕ੍ਰਿਸ਼ਨ (ਸੰਪਾਦਕ)
ਅਨੁਵਾਦ : ਦਲੀਪ ਕੌਰ *ਟਿਵਾਣਾ* *ਸਫ਼ੇ : 254 ਕੀਮਤ : 95.00*
ਇਸ ਪੁਸਤਕ ਵਿਚ ਪ੍ਰੇਮ ਚੰਦ ਦੀਆਂ 22 ਪ੍ਰਸਿੱਧ ਕਹਾਣੀਆਂ ਸ਼ਾਮਲ ਕੀਤੀਆਂ ਗਈਆਂ ਹਨ। ਇਨ੍ਹਾਂ ਕਹਾਣੀਆਂ ਦੇ ਪਾਠ ਤੋਂ ਸਪੱਸ਼ਟ ਹੁੰਦਾ ਹੈ ਕਿ ਪ੍ਰੇਮ ਚੰਦ ਆਪਣੇ ਕਥਾ-ਸੰਸਾਰ ਵਿਚ, ਵਾਸਤਵਿਕ ਰੂਪ ਵਿਚ ਬਿਨਾਂ ਕਿਸੇ ਤੋੜ-ਫੋੜ ਦੇ, ਬਿਨਾਂ ਕਿਸੇ ਛਲ-ਫ਼ਰੇਬ ਦੇ, ਬਿਨਾਂ ਸ਼ਬਦਾਂ ਦੀ ਜਾਦੂਗਰੀ ਦਿਖਾਈ ਸਿੱਧੀ-ਸਾਦੀ ਭਾਸ਼ਾ ਵਿਚ ਆਪਣੇ ਆਲੇ-ਦੁਆਲੇ ਨੂੰ ਜੋ ਅੱਖੀਂ ਦੇਖਿਆ, ਹੱਡੀਂ ਹੰਢਾਇਆ ਚਿਤਰਿਆ ਹੈ। ISBN 81-237-4606-7

**152. ਸੁਨੀਤਾ** : ਜੈਨੇਂਦਰ ਕੁਮਾਰ
ਅਨੁਵਾਦ : ਓਮ ਪ੍ਰਕਾਸ਼ ਗਾਸੋ *ਸਫ਼ੇ : 180 ਕੀਮਤ : 70.00*
'ਸੁਨੀਤਾ' ਨਾਵਲ ਵਿਚ ਜੈਨੇਂਦਰ ਕੁਮਾਰ ਦੇਸ਼ ਦੀ ਰਾਜਨੀਤੀ ਨਾਲ ਜੁੜੇ ਕਈ ਅਹਿਮ ਸੁਆਲਾਂ ਦੇ ਜਵਾਬ ਤਾਂ ਲੱਭਦਾ ਹੀ ਹੈ, ਮਨੁੱਖ ਦੇ ਮਨ ਵਿਚ ਘਰ ਕਰੀ ਬੈਠੀਆਂ ਕਈ ਮਾਨਸਿਕ ਗ੍ਰੰਥੀਆਂ ਦਾ ਵੀ ਵਿਵੇਚਨ ਕਰਦਾ ਹੈ। ISBN 81-237-4708-X

**153. ਇਲਾ** : ਪ੍ਰਭਾਕਰ ਸ਼੍ਰੋਤ੍ਰਿਯ
*ਅਨੁਵਾਦ : ਸੁਰਜੀਤ ਪਾਤਰ* *ਸਫ਼ੇ : 122 ਕੀਮਤ : 00.00*
ਇਲਾ ਇਕ ਅਚੰਭਿਤ ਕਰਨ ਵਾਲੀ ਪੁਰਾਣ-ਕਥਾ ਹੈ, ਜਿਸ ਦੀਆਂ ਤਹਿਆਂ ਖੋਲ੍ਹਦਿਆਂ

ਸਾਨੂੰ ਅੱਜ ਦੀਆਂ ਤੀਖਣ ਸਚਾਈਆਂ ਦਾ ਸੇਕ ਮਹਿਸੂਸ ਹੁੰਦਾ ਹੈ । ਅੱਜ ਜਦੋਂ ਕਿ ਮਸ਼ੀਨੀਕਰਣ, ਅਮਾਨਵਤਾ ਅਤੇ ਸਟਾਰ-ਵਾਰ ਦੇ ਖ਼ਤਰੇ ਕਿਸੇ ਪਲ ਫਟਣ ਨੂੰ ਤਿਆਰ-ਬਰ-ਤਿਆਰ ਲੱਗਦੇ ਹਨ ਤਾਂ ਇਹ ਵਿਚਾਰ ਆਪਣੇ ਆਪ ਵਿਚ ਬੜਾ ਬੇਹੂਦਾ ਹੈ ਕਿ ਤੁਸੀਂ ਜਦੋਂ ਚਾਹੋ, ਜਿਵੇਂ ਚਾਹੋ ਕਿਸੇ ਵੀ ਉਦੇਸ਼ ਨਾਲ ਕੁਦਰਤ ਦਾ ਇਸਤੇਮਾਲ ਕਰ ਸਕਦੇ ਹੋ । ਵਿਗਿਆਨ, ਮਨੋਵਿਗਿਆਨ, ਧਰਮ, ਦਰਸ਼ਨ, ਸਮਾਜ-ਸ਼ਾਸਤਰ, ਰਾਜਨੀਤੀ, ਕਲਾ, ਕਵਿਤਾ, ਅਤੀਤ, ਵਰਤਮਾਨ, ਸਭ ਕੁਝ ਏਥੇ ਆਰਕੈਸਟਰਾ ਰਚਦੇ ਹਨ । ਇਸ ਨੂੰ ਆਲੋਚਕਾਂ ਨੇ ਐਪਿਕ ਡਰਾਮਾ ਕਿਹਾ ਹੈ । ISBN 978-81-237-7205-9

## ਕਲਾਸਕੀ ਸਾਹਿਤ ਪੁਸਤਕਮਾਲਾ

**1. ਗੁਰੂ ਨਾਨਕ ਬਾਣੀ** : ਭਾਈ ਜੋਧ ਸਿੰਘ (ਸੰਪਾਦਕ)

*ਮੂਲ ਪੰਜਾਬੀ* — *ਸਫ਼ੇ : 130 ਕੀਮਤ : 305.00*

ਇਸ ਸੰਗ੍ਰਹਿ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਅੱਡ-ਅੱਡ ਸਿਰਲੇਖਾਂ ਹੇਠ ਅੰਕਿਤ ਕਰਕੇ ਉਨ੍ਹਾਂ ਦੇ ਧਾਰਮਿਕ, ਸਦਾਚਾਰਕ, ਭਾਈਚਾਰਕ ਅਤੇ ਨੈਤਿਕ ਵਿਚਾਰਾਂ ਤੇ ਸਿਧਾਂਤਾਂ ਨੂੰ ਪ੍ਰਗਟ ਕਰਨ ਦਾ ਯਤਨ ਕੀਤਾ ਗਿਆ ਹੈ । ISBN 978-81-237-8794-7

**2. ਨਾਨਕ ਬਾਣੀ** : ਪ੍ਰੋ. ਮਨਜੀਤ ਸਿੰਘ

*ਮੂਲ ਪੰਜਾਬੀ* — *ਸਫ਼ੇ : 181 ਕੀਮਤ : 370.00*

ਇਸ ਸੰਗ੍ਰਹਿ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਦਾ ਸੰਖੇਪ ਇਤਿਹਾਸ, ਜਪੁ ਜੀ ਸਾਹਿਬ, ਆਸਾ ਕੀ ਵਾਰ, ਆਰਤੀ, ਓਅੰਕਾਰ, ਸਿਧ ਗੋਸਟਿ ਅਤੇ ਬਾਬਰਵਾਣੀ ਸੰਖੇਪ ਸਾਰ ਤੇ ਅਰਥਾਂ ਸਮੇਤ ਦਰਜ ਹੈ । ISBN 978-81-237-8797-8

**3. ਬਾਰਾਮਾਹ** : ਸਿਧਾਰਥ

ਮੂਲ ਪੰਜਾਬੀ — *ਸਫ਼ੇ : 66 ਕੀਮਤ : 495.00*

ਗੁਰੂ ਨਾਨਕ ਦੇਵ ਜੀ ਦੀ ਬਾਰਾਮਾਹ ਬਾਣੀ ਜੋ ਰਾਗ ਤੁਖਾਰੀ ਵਿਚ ਲਿਖਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਮਹਾਨ ਕਾਵਿ-ਰਚਨਾ ਹੈ ਜੋ ਸਿਰਫ ਬਦਲਦੇ ਮੌਸਮਾਂ ਦਾ ਬਖਾਨ ਹੀ ਨਹੀਂ ਸਗੋਂ ਇਸ ਅੰਤਹੀਨ ਬ੍ਰਹਿਮੰਡ ਨੂੰ ਇਕ ਸੁਰ ਵਿਚ ਰੱਖਣ ਵਾਲੀ ਮਹਾਨ ਸ਼ਕਤੀ ਤੇ ਮਾਨਸ ਚੇਤਨਾ ਦੇ ਇਕ ਮਿਕ ਸਰੂਪ ਦਾ ਅਵਲੋਕਨ ਹੈ ।

ISBN 978-81-237-8795-4

**4. ਭਗਤਾਂ ਦੀ ਬਾਣੀ** : ਡਾ. ਧਰਮਪਾਲ ਸਿੰਗਲ

ਮੂਲ ਪੰਜਾਬੀ (ਦੂਜਾ ਸੰਸਕਰਣ) — *ਸਫ਼ੇ : 340 ਕੀਮਤ : 175.00*

ਗੁਰੂ ਸਾਹਿਬਾਨ ਤੋਂ ਛੁੱਟ ਗੁਰੂ ਗ੍ਰੰਥ ਸਾਹਿਬ ਵਿਚ 15 ਭਗਤਾਂ ਦੀ ਬਾਣੀ ਦਰਜ ਹੈ ।

ਇਨ੍ਹਾਂ ਤੋਂ ਛੁੱਟ ਬਾਬਾ ਸੁੰਦਰ ਜੀ, ਭਾਈ ਮਰਦਾਨਾ ਜੀ, ਸਤਾ ਤੇ ਬਲਵੰਡ ਦੇ ਪਦ ਵੀ ਦਰਜ ਹਨ ਅਤੇ 11 ਭੱਟਾਂ ਦੇ ਸਵੱਈਏ ਵੀ ਦਰਜ ਹਨ। ਇਸ ਤਰ੍ਹਾਂ ਕੁਲ ਮਿਲਾ ਕੇ 6 ਗੁਰੂ ਸਾਹਿਬਾਨ ਦੀ ਪਵਿੱਤਰ ਬਾਣੀ ਤੋਂ ਛੁੱਟ 30 ਹੋਰ ਸੰਤਾਂ-ਭਗਤਾਂ ਤੇ ਗੁਰੂ ਭਗਤਾਂ ਦੀ ਬਾਣੀ ਆਦਿ ਗ੍ਰੰਥ ਵਿਚ ਸੰਕਲਿਤ ਕੀਤੀ ਗਈ ਹੈ। ਇਹ ਠੀਕ ਹੈ ਕਿ ਆਦਿ ਗ੍ਰੰਥ ਵਿਚ ਭਗਤਾਂ ਦੀ ਬਾਣੀ ਸਿਰਲੇਖ ਹੇਠ ਆਈ ਬਾਣੀ 15 ਮਹਾਂਪੁਰਸ਼ਾਂ ਦੀ ਹੈ, ਪਰ ਸੰਪਾਦਕ ਨੇ ਭੱਟ ਬਾਣੀ ਤੇ ਗੁਰੂ ਘਰ ਦੇ ਹੋਰ ਭਗਤਾਂ ਨੂੰ ਵੀ ਇਸ ਸੰਗ੍ਰਹਿ ਵਿਚ ਸ਼ਾਮਲ ਕਰ ਲਿਆ ਹੈ ਕਿਉਂਕਿ ਇਨ੍ਹਾਂ ਦੀ ਬਾਣੀ ਵੀ ਉੱਤਮ ਭਗਤੀ ਕਾਵਿ ਹੀ ਹੈ। ਜੋ ਪਹਿਲੇ 15 ਮਹਾਂਪੁਰਸ਼ ਭਗਤ ਕਵੀ ਹਨ ਤਾਂ ਇਹ ਮਹਾਂਪੁਰਸ਼ ਗੁਰ ਭਗਤ ਕਵੀ ਜ਼ਰੂਰ ਹਨ। ਇਸ ਲਈ ਇਨ੍ਹਾਂ ਦੀ ਬਾਣੀ 'ਭਗਤ ਬਾਣੀ' ਵਿਚ ਹੀ ਸ਼ਾਮਲ ਕੀਤੀ ਗਈ ਹੈ।

ISBN 81-237-0920-8

**5. ਪੰਦਰ੍ਹਵੀਂ ਸਦੀ ਤਕ ਦਾ ਚੋਣਵਾਂ ਪੰਜਾਬੀ ਸਾਹਿਤ** : ਮਹਿੰਦਰ ਕੌਰ ਗਿੱਲ (ਸੰਪਾਦਿਕਾ)

ਮੂਲ ਪੰਜਾਬੀ *ਸਫ਼ੇ : 420 ਕੀਮਤ : 75.00*

ਪੰਦਰ੍ਹਵੀਂ ਸਦੀ ਤਕ ਦੇ ਪੰਜਾਬੀ ਸਾਹਿਤ ਤੋਂ ਇਕ ਤੱਥ ਸਹਿਜੇ ਹੀ ਪ੍ਰਾਪਤ ਹੁੰਦਾ ਹੈ ਕਿ ਇਸ ਕਾਲ ਦਾ ਬਹੁਤਾ ਸਾਹਿਤ ਬੋਲ ਸੰਸਾਰ ਦਾ ਸੁਆਮੀ ਹੈ। ਲਿਪੀਬੱਧ ਹੋਣਾ ਜਾਂ ਲਿਪੀਬੱਧ ਕਰਨਾ ਇਸ ਕਾਲ ਦਾ ਵਿਸ਼ੇਸ਼ ਗੁਣ ਲੱਛਣ ਨਹੀਂ। ਇਹ ਉਹ ਕਾਲ ਹੈ ਜਦੋਂ ਸਾਹਿਤ ਬੋਲ ਤੋਂ ਲਿਖਣ ਵੱਲ ਵਧ ਰਿਹਾ ਸੀ। ਇਸ ਪੁਸਤਕ ਵਿਚ ਪੰਦਰ੍ਹਵੀਂ ਸਦੀ ਤਕ ਦੇ ਆਦਿਕਾਲੀ ਸਾਹਿਤ ਸਿਰਜਣਾ ਦੀ ਚੋਣਵੀਂ ਵੰਨਗੀ ਪੇਸ਼ ਕੀਤੀ ਗਈ ਹੈ।

ISBN 81-237-3609-6

**6. ਸੋਲ੍ਹਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ** : ਡਾ. ਧਰਮਪਾਲ ਸਿੰਗਲ (ਸੰਪਾਦਕ)

ਮੂਲ ਪੰਜਾਬੀ *ਸਫ਼ੇ : 480 ਕੀਮਤ : 82.00*

ਸੋਲ੍ਹਵੀਂ ਸਦੀ ਈਸਵੀ ਨੂੰ ਪੰਜਾਬੀ ਸਾਹਿਤ ਦੀ ਹੋਈ ਉੱਨਤੀ ਅਤੇ ਸਰਬਪੱਖੀ ਵਿਕਾਸ ਦੀ ਦ੍ਰਿਸ਼ਟੀ ਤੋਂ ਪੰਜਾਬੀ ਸਾਹਿਤ ਦਾ ਸੁਨਹਿਰੀ ਯੁੱਗ ਕਿਹਾ ਜਾਂਦਾ ਹੈ।

ISBN 81-237-0498-4

**7. ਸਤਾਰ੍ਹਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ** : ਡਾ. ਦਰਸ਼ਨ ਸਿੰਘ (ਸੰਪਾਦਕ)

ਮੂਲ ਪੰਜਾਬੀ *ਸਫ਼ੇ : 340 ਕੀਮਤ : 76.00*

ਸਤਾਰ੍ਹਵੀਂ ਸਦੀ ਦੇ ਚੋਣਵੇਂ ਪੰਜਾਬੀ ਸਾਹਿਤ ਨੂੰ ਸੰਪਾਦਕ ਨੇ ਨੌਂ ਅਧਿਆਇਆਂ ਵਿਚ ਵੰਡਿਆ ਹੈ ਜਿਹੜੇ ਕਿ ਗੁਰਮਤਿ ਸਾਹਿਤ, ਵਾਰ ਕਾਵਿ, ਦਰਬਾਰੀ ਕਵੀ, ਭਗਤ ਕਵੀ, ਸੂਫ਼ੀ ਸਾਹਿਤ, ਉਦਾਸੀ ਸਾਹਿਤ, ਇਸਲਾਮੀ ਸਾਹਿਤ ਅਤੇ ਸਤਾਰ੍ਹਵੀਂ ਸਦੀ ਦੀ ਪੰਜਾਬੀ ਵਾਰਤਕ ਨਾਂ ਦੇ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ISBN 81-237-1752-0

**8. ਅਠਾਰ੍ਹਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ** : ਅਮਰਜੀਤ ਸਿੰਘ ਕਾਂਗ (ਸੰਪਾ.)

ਮੂਲ ਪੰਜਾਬੀ *ਸਫ਼ੇ : 408 ਕੀਮਤ : 80.00*

ਇਸ ਪੁਸਤਕ ਵਿਚ ਮੁੱਖ ਤੌਰ 'ਤੇ ਕਿੱਸਾ ਕਾਵਿ, ਸੂਫ਼ੀ ਸ਼ਾਇਰੀ, ਵਾਰ ਕਾਵਿ, ਪ੍ਰੇਮਾ ਭਗਤੀ ਕਾਵਿ ਤੇ ਗੱਦ ਸਾਹਿਤ ਨੂੰ ਇਕ ਥਾਂ 'ਤੇ ਸਮੇਟਿਆ ਗਿਆ ਹੈ ਤਾਂ ਜੋ ਅਠਾਰ੍ਹਵੀਂ ਸਦੀ ਦੀਆਂ ਸੰਪੂਰਣ ਸਾਹਿਤਕ ਵੰਨਗੀਆਂ ਦਾ ਖੁਲਾਸਾ ਹੋ ਸਕੇ ।

ISBN 81-237-2841-7

**9. ਉਨ੍ਹੀਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ** : ਡਾ. ਹਰਿਭਜਨ ਸਿੰਘ (ਸੰਪਾਦਕ)

ਮੂਲ ਪੰਜਾਬੀ *ਸਫ਼ੇ : 480 ਕੀਮਤ : 115.00*

ਪੰਜਾਬੀ ਸਾਹਿਤ ਨੂੰ ਉਨ੍ਹੀਵੀਂ ਸਦੀ ਦਾ ਯੋਗਦਾਨ ਬਹੁਤ ਮਾਣਯੋਗ ਹੈ । ਚਾਰ ਸ਼ਿਰੋਮਣੀ ਕਿੱਸਾਕਾਰਾਂ ਵਿਚੋਂ ਤਿੰਨ (ਹਾਸ਼ਮ, ਕਾਦਰਯਾਰ, ਫ਼ਜ਼ਲਸ਼ਾਹ) ਇਸੇ ਕਾਲਖੰਡ ਦੇ ਹਨ । ਤਿੰਨ ਪ੍ਰਮੁੱਖ ਕਾਫ਼ੀਕਾਰਾਂ ਵਿਚੋਂ ਇਕ (ਪੀਰ ਮੁਹੰਮਦ) ਇਸ ਸਮੇਂ ਦੀ ਦੇਣ ਹੈ । ਇਹ ਸਦੀ ਨਾ-ਕੇਵਲ ਆਪਣੇ ਤੋਂ ਪੁਰਾਣੇ ਸਾਹਿਤ-ਰੂਪਾਂ ਦੀ ਲੀਹ 'ਤੇ ਚੱਲੀ, ਬਲਕਿ ਇਸ ਨੇ ਆਉਣ ਵਾਲੇ ਯੁੱਗ ਲਈ ਵੀ ਪੂਰਨੇ ਪਾਏ । ਕਹਾਣੀ, ਨਾਵਲ ਅਤੇ ਨਾਟਕ ਦੇ ਖੇਤਰ ਵਿਚ ਪਹਿਲੇ ਨਕਸ਼ ਇਸੇ ਸਦੀ ਵਿਚ ਉਲੀਕੇ ਗਏ । ISBN 81-237-0525-5

**10. ਦਸਮ ਗ੍ਰੰਥ ਦੀ ਚੋਣਵੀਂ ਬਾਣੀ** : ਡਾ. ਸੇਵਾ ਸਿੰਘ (ਸੰਪਾਦਕ)

ਮੂਲ ਪੰਜਾਬੀ *ਸਫ਼ੇ : 350 ਕੀਮਤ : 160.00*

ਹਥਲੀ ਪੁਸਤਕ ਵਿਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਉਨ੍ਹਾਂ ਰਚਨਾਵਾਂ ਦੇ ਚੋਣਵੇਂ ਅੰਸ਼ ਸ਼ਾਮਲ ਕੀਤੇ ਗਏ ਹਨ ਜਿਨ੍ਹਾਂ ਦੇ ਆਧਾਰ 'ਤੇ ਗੁਰੂ ਜੀ ਦੇ ਜੀਵਨ ਅਤੇ ਚਿੰਤਨ ਨੂੰ ਵਧੇਰੇ ਸਪੱਸ਼ਟਤਾ ਨਾਲ ਸਮਝਿਆ ਜਾ ਸਕੇ । ਨਾਲ ਹੀ ਬਾਣੀ ਨੂੰ ਵਧੇਰੇ ਬੋਧ ਬਣਾਉਣ ਲਈ ਅਰਥ ਵੀ ਦਿੱਤੇ ਗਏ ਹਨ ਤੇ ਹਰ ਬਾਣੀ ਬਾਰੇ ਸੰਖੇਪ ਜਾਣਕਾਰੀ ਵੀ ਦਿੱਤੀ ਗਈ ਹੈ ।

ISBN 978-81-978-237-2280-0

**11. ਉਪਨਿਸ਼ਦਾਂ ਦੀਆਂ ਕਹਾਣੀਆਂ** : ਭਗਵਾਨ ਸਿੰਘ

*ਅਨੁਵਾਦ : ਡਾ. ਰਤਨ ਸਿੰਘ ਜੱਗੀ* *ਸਫ਼ੇ : 216 ਕੀਮਤ : 45.00*

'ਉਪਨਿਸ਼ਦਾਂ ਦੀਆਂ ਕਹਾਣੀਆਂ' ਦਾ ਮੰਤਵ ਇਹ ਹੀ ਹੈ ਕਿ ਉਨ੍ਹਾਂ ਗੂੜ੍ਹ ਅਰਥ ਭਰੇ ਸੂਤਰ-ਸਲੋਕਾਂ ਵਿਚ ਜੋ ਪ੍ਰਤੀਕਾਤਮਕ ਢੰਗ ਨਾਲ ਕਹਾਣੀ ਕਹਿ ਕੇ ਉਪਦੇਸ਼ ਤੇ ਨਸੀਹਤ ਨਿਹਿਤ ਹੈ, ਉਸ ਨੂੰ ਸਰਲ ਤੇ ਸਹਿਜ ਢੰਗ ਨਾਲ ਬਿਆਨ ਕੀਤਾ ਜਾ ਸਕੇ ਤਾਂ ਕਿ ਆਮ ਲੋਕਾਂ ਤੇ ਸਾਹਿਤ-ਪ੍ਰੇਮੀਆਂ ਨੂੰ ਆਸਾਨੀ ਨਾਲ ਸਮਝ ਆ ਸਕਣ ।

ISBN 81-237-2855-7

**12. ਸ਼ਹੀਦ-ਏ-ਆਜ਼ਮ ਭਗਤ ਸਿੰਘ ਕਾਵਿ** : ਡਾ. ਧਰਮਪਾਲ ਸਿੰਗਲ ਤੇ ਡਾ. ਬਲਦੇਵ ਸਿੰਘ 'ਬੱਦਨ' (ਸੰਪਾਦਕ)

ਮੂਲ ਪੰਜਾਬੀ *ਸਫ਼ੇ : 404 ਕੀਮਤ : 115.00*

ਭਗਤ ਸਿੰਘ ਕੇਵਲ ਇਕ ਵਿਅਕਤੀ ਨਹੀਂ ਸਗੋਂ ਪੂਰੀ-ਸੂਰੀ ਇਕ ਲਹਿਰ ਦਾ ਨਾਂ ਹੈ, ਜਿਸ ਨੇ ਦੇਸ਼ ਦੀ ਨੌਜਵਾਨੀ ਨੂੰ ਇਕ ਸੁਤੰਤਰਤਾ ਸੰਗਰਾਮ ਰਚਣ ਦਾ ਪੈਗ਼ਾਮ ਦਿੱਤਾ,

ਜਿਸ ਨੇ ਦੇਸ਼ ਵਿਚ ਚੱਲ ਰਹੀਆਂ ਦੋਵੇਂ ਕਿਸਮਾਂ ਦੀਆਂ ਆਜ਼ਾਦੀ ਸੰਗਰਾਮ ਵਿਚ ਜੁਟੀਆਂ ਸ਼ਕਤੀਆਂ ਵਿਚ ਸੁਚੱਜਾ ਸੰਗਮ ਕੀਤਾ । ਇਸ ਮਹਾਨ ਦੇਸ਼ ਭਗਤ, ਚਿੰਤਕ, ਆਗੂ ਅਤੇ ਅਮਰ ਸੈਨਾਨੀ ਬਾਰੇ 114 ਕਵੀਆਂ ਦੀਆਂ ਕਵਿਤਾਵਾਂ ਇਸ ਪੁਸਤਕ ਵਿਚ ਸ਼ਾਮਲ ਕੀਤੀਆਂ ਗਈਆਂ ਸਨ । ISBN 81-237-4465-X

**13. ਮਹਾਤਮਾ ਗਾਂਧੀ ਅਤੇ ਜਵਾਹਰ ਲਾਲ ਨਹਿਰੂ ਕਾਵਿ-ਸ਼ਰਧਾਂਜਲੀ :**

ਡਾ. ਧਰਮਪਾਲ ਸਿੰਗਲ ਅਤੇ ਡਾ. ਬਲਦੇਵ ਸਿੰਘ 'ਬੱਦਨ' (ਸੰਪਾਦਕ)

ਮੂਲ ਪੰਜਾਬੀ *ਸਫ਼ੇ : 448 ਕੀਮਤ : 110.00*

ਸਾਡੇ ਸਾਹਿਤਕਾਰਾਂ/ਕਵੀਆਂ ਨੇ ਮਹਾਤਮਾ ਗਾਂਧੀ ਅਤੇ ਜਵਾਹਰ ਲਾਲ ਨਹਿਰੂ ਵੱਲੋਂ ਦੇਸ਼ ਅਤੇ ਕੌਮ ਲਈ ਕੀਤੇ ਜਾ ਰਹੇ ਕੰਮਾਂ, ਮਾਰੇ ਗਏ ਹੰਭਲਿਆਂ ਅਤੇ ਨਿੱਗਰ-ਨਰੋਈ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਇਨ੍ਹਾਂ ਬਾਰੇ ਖੁੱਲ੍ਹ ਕੇ ਕਲਮ ਚਲਾਈ ਹੈ ।ਪੁਸਤਕ ਵਿਚ ਪੰਜਾਬੀ ਦੇ 147 ਪ੍ਰਸਿੱਧ ਕਵੀਆਂ ਦੀਆਂ ਇਨ੍ਹਾਂ ਦੋਵਾਂ ਸ਼ਖ਼ਸੀਅਤਾਂ ਬਾਰੇ ਲਿਖੀਆਂ ਗਈਆਂ ਕਵਿਤਾਵਾਂ ਪੇਸ਼ ਕੀਤੀਆਂ ਗਈਆਂ ਹਨ । ISBN 81-237-4483-8

**14. ਆਤਮਕਥਾ ਫ਼ਕੀਰਮੋਹਨ ਸੈਨਾਪਤੀ**

*ਅਨੁਵਾਦ : ਡਾ. ਜਸਵਿੰਦਰ ਕੌਰ ਬਿੰਦਰਾ* *ਸਫ਼ੇ : 256 ਕੀਮਤ : 55.00*

ਫ਼ਕੀਰਮੋਹਨ ਸੈਨਾਪਤੀ ਜਿਸ ਨੇ ਉੜੀਆ ਗੱਦ-ਸ਼ੈਲੀ ਨੂੰ ਇਕ ਨਵੀਂ ਦਿਸ਼ਾ ਦਿੱਤੀ, ਸਹਿਜ ਹੀ ਆਧੁਨਿਕ ਭਾਰਤੀ ਕਥਾ-ਸਾਹਿਤ ਦੇ ਪ੍ਰਵਰਤਕਾਂ ਵਿਚੋਂ ਇਕ ਹਨ । ਉਨ੍ਹਾਂ ਦੀ ਸ਼ਖ਼ਸੀਅਤ ਨਿਸ਼ਚੇ ਹੀ ਆਕਰਸ਼ਕ ਅਤੇ ਪ੍ਰੇਰਕ ਸੀ ਜੋ ਆਪਣੀ ਸਹਿਜਤਾ ਤੇ ਖੁੱਲ੍ਹੇਪਨ ਵਿਚ ਆਪਣਾ ਕੋਈ ਸਾਨੀ ਨਹੀਂ ਰੱਖਦਾ । ISBN 81-237-3324-0

**15. ਖੁੱਲ੍ਹੇ ਲੇਖ** : ਡਾ. ਅਮਰੀਕ ਸਿੰਘ ਪੁੰਨੀ (ਸੰਪਾਦਕ)

ਮੂਲ ਪੰਜਾਬੀ *ਸਫ਼ੇ : 162 ਕੀਮਤ : 45.00*

ਇਸ ਪੁਸਤਕ ਵਿਚ ਵਿਦਵਾਨ ਸੰਪਾਦਕ ਨੇ ਪ੍ਰੋ. ਪੂਰਨ ਸਿੰਘ ਦੇ 21 ਲੇਖ ਸ਼ਾਮਲ ਕੀਤੇ ਹਨ । ਵਿਦਿਆਰਥੀਆਂ ਅਤੇ ਖੋਜਾਰਥੀਆਂ ਲਈ ਪੁਸਤਕ ਬਹੁਤ ਹੀ ਲਾਹੇਵੰਦ ਹੈ ।

ISBN 81-237-3900-1

**16. ਚੋਣਵਾਂ ਪੰਜਾਬੀ ਸੂਫ਼ੀ ਕਲਾਮ :**

ਡਾ. ਧਰਮਪਾਲ ਸਿੰਗਲ ਅਤੇ ਡਾ. ਬਲਦੇਵ ਸਿੰਘ 'ਬੱਦਨ' (ਸੰਪਾਦਕ)

ਮੂਲ ਪੰਜਾਬੀ (ਦੂਜਾ ਸੰਸਕਰਣ) *ਸਫ਼ੇ : 496 ਕੀਮਤ : 125.00*

ਇਹ ਪੁਸਤਕ ਸੂਫ਼ੀ ਸਿਧਾਂਤਾਂ ਤੇ ਸੂਫ਼ੀਆਂ ਬਾਰੇ ਜਾਣਕਾਰੀ ਵੀ ਦਿੰਦੀ ਹੈ । ਪੰਜਾਬੀ ਸੂਫ਼ੀ ਕਾਵਿ ਦੇ ਪ੍ਰਭਾਵ ਨੂੰ ਪੰਜਾਬੀ ਸਾਹਿਤ ਅਤੇ ਸਭਿਆਚਾਰ ਨੇ ਕਬੂਲਿਆ ਹੈ । ਇਸ ਪੁਸਤਕ ਵਿਚ ਪੰਜਾਬੀ ਦੇ 19 ਪੰਜਾਬੀ ਸੂਫ਼ੀ ਕਵੀਆਂ ਦਾ ਕਲਾਮ ਸ਼ਾਮਲ ਕੀਤਾ ਗਿਆ ਹੈ ।

ISBN 81-237-4526-5

**17. ਮੱਧਕਾਲੀ ਪਾਠ : ਵਰਤਮਾਨ ਪਰਿਪੇਖ** : ਡਾ. ਜਗਬੀਰ ਸਿੰਘ

ਮੂਲ ਪੰਜਾਬੀ *ਸਫ਼ੇ : 108 ਕੀਮਤ : 40.00*

ਪੰਜਾਬੀ ਸਾਹਿਤ ਬਾਰੇ 11 ਆਲੋਚਨਾਤਮਕ ਲੇਖ ਸ਼ਾਮਲ ਕੀਤੇ ਹਨ : 'ਮੱਧਕਾਲੀ ਪੰਜਾਬੀ ਪ੍ਰਵਚਨ ਸਰੋਕਾਰ ਤੇ ਸੰਦਰਭ', 'ਸਮਕਾਲੀ ਧਰਮ ਚਿੰਤਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ', 'ਸਭਿਆਚਾਰਕ ਕ੍ਰਾਂਤੀ ਅਤੇ ਮੁਕਤੀ ਦਾ ਪ੍ਰਵਚਨ : ਸ੍ਰੀ ਗੁਰੂ ਗ੍ਰੰਥ ਸਾਹਿਬ', 'ਗੁਰਮਤਿ ਕਾਵਿ ਦੀ ਵਿਲੱਖਣਤਾ ਅਤੇ ਸਮਕਾਲੀਨ ਪ੍ਰਾਸੰਗਿਕਤਾ', 'ਗੁਰਬਾਣੀ ਵਿਚ ਅਕਥ ਕਥਾ ਵਿਧਾਨ', ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਾਲ ਅਤੇ ਮੌਤ ਦਾ ਸੰਕਲਪ (ਲੋਕਾਇਤ ਅਤੇ ਵੇਦਾਂਤ ਦਾ ਪਰਿਪੇਖ)', 'ਦਲਿਤ ਚੇਤਨਾ ਅਤੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ', 'ਗੁਰੂ ਨਾਨਕ ਦੇਵ ਰਚਿਤ ਮਾਰੂ ਸੋਲਹੇ : ਵਿਸ਼ਵ-ਦ੍ਰਿਸ਼ਟੀ ਤੇ ਵਿਚਾਰਧਾਰਾ', 'ਗੁਰੂ ਤੇਗ ਬਹਾਦਰ ਬਾਣੀ : ਪੁਨਰ-ਪਾਠ ਤੇ ਪੁਨਰ-ਵਿਆਖਿਆ', 'ਨਜ਼ਮ ਹੁਸੈਨ ਸੱਯਦ ਦੀ ਫਰੀਦ ਬਾਣੀ ਆਲੋਚਨਾ' ਅਤੇ 'ਮੱਧਕਾਲ ਵਿਚ ਲੇਖਕ ਦੀ ਭੂਮਿਕਾ । ISBN 81-237-4821-3

**18. ਪੰਜਾਬ ਦੇ ਸੰਤ ਕਵੀ** : ਡਾ. ਧਰਮਪਾਲ ਸਿੰਗਲ ਤੇ ਡਾ. ਬਲਦੇਵ ਸਿੰਘ 'ਬੱਦਨ'

ਮੂਲ ਪੰਜਾਬੀ *ਸਫ਼ੇ : 650 ਕੀਮਤ : 185.00*

ਪੰਜਾਬ ਦੇ ਸੰਤ ਕਵੀਆਂ ਬਾਰੇ ਇਹ ਪਹਿਲਾ ਸੰਗ੍ਰਹਿ ਛਾਪਣ ਦੀ ਕੋਸ਼ਿਸ਼ ਕੀਤੀ ਗਈ ਹੈ । ਇਸ ਪੁਸਤਕ ਵਿਚ ਪੰਜਾਬ ਦੇ 67 ਸੰਤ ਕਵੀਆਂ ਦੀ ਜੀਵਨੀ ਤੇ ਉਨ੍ਹਾਂ ਦੀ ਬਾਣੀ ਨੂੰ ਸ਼ਾਮਲ ਕੀਤਾ ਜਾ ਰਿਹਾ ਹੈ । ISBN 81-237-4662-8

**19. ਵਿੱਸਰਿਆ ਵਿਰਸਾ** : ਡਾ. ਨਰੇਸ਼

ਮੂਲ ਪੰਜਾਬੀ *ਸਫ਼ੇ : 80 ਕੀਮਤ : 35.00*

'ਵਿੱਸਰਿਆ ਵਿਰਸਾ' ਸਾਹਿਤ ਦੇ ਆਲੋਚਕਾਂ, ਵਿਚਾਰਕਾਂ, ਖੋਜਾਰਥੀਆਂ ਅਤੇ ਆਮ ਪਾਠਕਾਂ ਲਈ ਬਹੁ-ਪਰਤੀ ਤੇ ਬਹੁ-ਦਿਸ਼ਾਵੀ ਸੰਕੇਤ ਮੁਹੱਈਆ ਕਰਦੀ ਹੈ ।

ISBN 81-237-4707-1

**20. ਬੁੱਲ੍ਹੇ ਸ਼ਾਹ ਜੀਵਨ ਤੇ ਰਚਨਾ** : ਡਾ. ਹਰਜਿੰਦਰ ਸਿੰਘ ਢਿੱਲੋਂ (ਸੰਪਾਦਕ)

ਮੂਲ ਪੰਜਾਬੀ *ਸਫ਼ੇ : 234 ਕੀਮਤ : 75.00*

ਬੁੱਲ੍ਹੇ ਸ਼ਾਹ ਨੇ ਜਿਸ ਪ੍ਰਕਾਰ ਦੀ ਸਾਹਿਤ ਸਿਰਜਣਾ ਕੀਤੀ ਉਸ ਵਿਚ ਕਾਫ਼ੀਆਂ, ਬਾਰਾ ਮਾਹ, ਅਠਵਾਰਾ, ਦੋਹੜੇ, ਸੀਹਰਫ਼ੀਆਂ ਅਤੇ ਗੰਢਾਂ ਹਨ । ਬੇਸ਼ੱਕ ਬੁੱਲ੍ਹੇ ਸ਼ਾਹ ਦੁਆਰਾ ਰਚਿਤ ਕਾਫ਼ੀਆਂ ਵਿਚਾਰ ਅਤੇ ਰੂਪ ਦੀ ਦ੍ਰਿਸ਼ਟੀ ਤੋਂ ਵਧੇਰੇ ਲੋਕ-ਪ੍ਰਿਯ ਅਤੇ ਵਰਣਨਯੋਗ ਹਨ, ਪਰ ਦੂਜੇ ਕਾਵਿ-ਰੂਪ ਵੀ ਉਸ ਦੇ ਰਹੱਸਵਾਦੀ ਵਿਚਾਰਾਂ ਦੀ ਭਰਪੂਰ ਪੇਸ਼ਕਾਰੀ ਕਰਦੇ ਹਨ ।

ISBN 81-237-4653-9

**21. ਸ਼ਾਹ ਹੁਸੈਨ ਜੀਵਨ ਤੇ ਰਚਨਾ** : ਡਾ. ਨਰੇਸ਼ (ਸੰਪਾਦਕ)

ਮੂਲ ਪੰਜਾਬੀ *ਸਫ਼ੇ : 64 ਕੀਮਤ : 30.00*

ਇਕ ਸੂਫ਼ੀ ਕਵੀ ਦੇ ਤੌਰ ਤੇ ਸ਼ਾਹ ਹੁਸੈਨ ਸੂਫ਼ੀ-ਸਾਧਨਾ ਦੀ ਮੁਢਲੀ ਅਵਸਥਾ ਦਾ ਕਵੀ

ਹੈ । ਸ਼ਾਹ ਹੁਸੈਨ ਨੇ ਜਿਸ ਸੁਹਿਰਦਤਾ ਨਾਲ ਪੰਜਾਬੀ ਲੋਕ-ਜੀਵਨ ਨੂੰ ਪੰਜਾਬੀ ਕਵਿਤਾ ਵਿਚ ਪਰੋ ਕੇ ਉਸ ਦੇ ਸਰੋਦੀ ਪੱਖ ਦਾ ਨਿਰਮਾਣ ਕੀਤਾ ਹੈ, ਉਹ ਬਿਨਾਂ ਕਿਸੇ ਸ਼ੱਕ ਤੋਂ ਸ਼ਲਾਘਾਯੋਗ ਹੈ । ਇਸ ਪੁਸਤਕ ਵਿਚ ਵਧੇਰੇ ਕਰਕੇ ਕਾਫ਼ੀਆਂ ਹਨ ਤੇ ਕੁਝ ਕੁ ਦੋਹੜੇ ਤੇ ਪਦ ਹਨ । ISBN 81-237-4742-X

**22. ਸੁਲਤਾਨ ਬਾਹੂ ਦੀ ਪੰਜਾਬੀ ਕਵਿਤਾ (ਜੀਵਨੀ, ਸਾਧਨਾ ਅਤੇ ਮੂਲ ਪਾਠ) :**
ਡਾ. ਨਰੇਸ਼ (ਸੰਪਾਦਕ)

ਮੂਲ ਪੰਜਾਬੀ *ਸਫ਼ੇ : 114 ਕੀਮਤ : 40.00*

ਇਸ ਪੁਸਤਕ ਵਿਚ ਹਜ਼ਰਤ ਬਾਹੂ ਦੀ ਪੰਜਾਬੀ ਕਵਿਤਾ ਦਾ ਮੂਲ ਪਾਠ ਸੰਨ 2004 ਵਿਚ ਲਾਹੌਰ ਤੋਂ ਪ੍ਰਕਾਸ਼ਿਤ ਅਤੇ ਮਕ਼ਸੂਦ ਸਾਕ਼ਿਬ ਦੁਆਰਾ ਸੰਪਾਦਿਤ ਪੁਸਤਕ 'ਅਬਯਾਤ ਆਫ਼ ਹਜ਼ਰਤ ਸੁਲਤਾਨ ਬਾਹੂ' ਤੋਂ ਉਧਾਰਾ ਲਿਆ ਹੈ । ਭਾਸ਼ਾ ਅਤੇ ਕਾਵਿ-ਕਲਾ ਦੇ ਪੱਖ ਤੋਂ ਸੰਪਾਦਕ ਨੇ ਸੁਲਤਾਨ ਬਾਹੂ ਦੀ ਕਵਿਤਾ ਦਾ ਅਧਿਐਨ ਇਸ ਪੁਸਤਕ ਵਿਚ ਸ਼ਾਮਿਲ ਨਹੀਂ ਕੀਤਾ ਹੈ ਤਾਂ ਜੋ ਇਹ ਪੁਸਤਕ ਅਕਾਦਮਿਕ ਉਪਰਾਲਾ ਬਣਨ ਦੀ ਥਾਂ 'ਤੇ ਸੂਫ਼ੀ ਵਿਚਾਰਧਾਰਾ ਦੇ ਪ੍ਰਕਾਸ਼-ਮਾਨ ਹੋਣ ਦਾ ਸਾਧਨ ਬਣ ਸਕੇ । ISBN 978-81-237-5813-3

**23. ਸ਼ੇਖ਼ ਫ਼ਰੀਦ ਰਚਨਾ ਸਿਧਾਂਤਿਕ ਅਤੇ ਇਤਿਹਾਸਿਕ ਪਰਿਪੇਖ :**
ਡਾ. ਮੁਹੰਮਦ ਇਦਰੀਸ (ਸੰਪਾਦਕ)

ਮੂਲ ਪੰਜਾਬੀ *ਸਫ਼ੇ : 320 ਕੀਮਤ : 245.00*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਬਾ ਫ਼ਰੀਦ ਦੀ ਬਾਣੀ ਨੂੰ ਸ਼ਾਮਲ ਕਰਨਾ ਇਕ ਮਹੱਤਵਪੂਰਨ ਇਤਿਹਾਸਿਕ ਘਟਨਾ ਹੈ । ਉਨ੍ਹਾਂ ਦੀ ਬਾਣੀ ਦੇ ਦੋ ਸ਼ਬਦ ਰਾਗ ਆਸਾ ਵਿਚ, ਦੋ ਰਾਗ ਸੂਹੀ ਵਿਚ, ਇਕ ਰਾਗ ਸੂਹੀ ਲਲਿਤ ਵਿਚ ਅਤੇ 112 ਸਲੋਕ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ । ਹਥਲੀ ਪੁਸਤਕ ਵਿਚ ਬਾਬਾ ਫਰੀਦ ਬਾਰੇ 22 ਵਿਦਵਾਨਾਂ ਦੇ ਲੇਖ ਸ਼ਾਮਲ ਕੀਤੇ ਗਏ ਹਨ । ISBN 978-81-237-7112-0

**24. ਹਾਸ਼ਮ ਕ੍ਰਿਤ ਸੱਸੀ-ਪੁੰਨੂੰ** : ਡਾ. ਜਸਵਿੰਦਰ ਕੌਰ ਬਿੰਦਰਾ (ਸੰਪਾਦਕ)

ਮੂਲ ਪੰਜਾਬੀ *ਸਫ਼ੇ : 96 ਕੀਮਤ : 85.00*

ਸੱਸੀ ਪੁੰਨੂੰ ਦੀ ਕਹਾਣੀ ਕੱਛ ਦੇ ਇਲਾਕੇ ਵਿਚੋਂ ਸਿੰਧ ਥਾਣੀਂ ਪੰਜਾਬ ਵਿਚ ਦਾਖ਼ਲ ਹੋਈ ਮੰਨਿਆ ਗਿਆ ਹੈ । ਇਸ ਦਾ ਘਟਨਾ-ਸਥਲ ਪੰਜਾਬ ਨਹੀਂ । ਕਹਾਣੀ ਦਾ ਚੌਖਟਾ ਸੱਸੀ ਦੇ ਗੁਆਚੇ ਪੁੰਨੂੰ ਲਈ ਭਾਲ ਵਿਚ ਵਿਆਕੁਲਤਾ, ਵਿਰਲਾਪ ਤੇ ਕਰੁਣਾਮਈ ਜ਼ਿਕਰ ਹੈ ।
ISBN 978-81-237-7031-4

# ਫੁਟਕਲ ਪ੍ਰਕਾਸ਼ਨ

**1. ਦਸ ਪਾਤਸ਼ਾਹੀਆਂ, ਗੁਰੂ ਗ੍ਰੰਥ ਅਤੇ ਪੰਥ** : ਡਾ. ਗੁਰਚਰਨ ਸਿੰਘ ਔਲਖ

ਮੂਲ ਪੰਜਾਬੀ *ਸਫ਼ੇ : 228 ਕੀਮਤ : 95.00*

ਇਸ ਪੁਸਤਕ ਵਿਚ ਸਿੱਖ ਇਤਿਹਾਸ, ਬਾਣੀ ਅਤੇ ਵਿਚਾਰਧਾਰਾ ਸੰਬੰਧੀ ਸੋਲ੍ਹਾਂ ਲੇਖ ਸ਼ਾਮਲ ਹਨ। ਪਹਿਲੇ ਦਸ ਅਧਿਆਇ ਪਹਿਲੀ ਪਾਤਸ਼ਾਹੀ ਤੋਂ ਲੈ ਕੇ ਦਸਵੀਂ ਪਾਤਸ਼ਾਹੀ ਤੱਕ ਦੇ ਜੀਵਨ-ਬਿਰਤਾਂਤ ਨੂੰ ਪ੍ਰਸਤੁਤ ਕਰਦੇ ਹਨ। ਪੁਸਤਕ ਦੇ ਭਾਗ ਦੂਜੇ ਵਿਚ ਪੋਥੀ ਸਾਹਿਬ ਦੀ ਰਚਨਾ ਨੂੰ ਗੁਰੂ-ਪਦਵੀ ਕਿਵੇਂ ਮਿਲੀ ? ਸ੍ਰੀ ਗੁਰੂ ਗ੍ਰੰਥ ਸਾਹਿਬ ਦਸਾਂ ਪਾਤਸ਼ਾਹੀਆਂ ਦੀ ਜੋਤਿ ਕਿਵੇਂ ਹਨ ? ਆਦਿ ਪ੍ਰਸ਼ਨਾਂ ਦੇ ਉੱਤਰ ਵਿਸਥਾਰ ਸਹਿਤ ਦਿੱਤੇ ਗਏ ਹਨ। ਇਸ ਪੁਸਤਕ ਦਾ ਤੀਜਾ ਭਾਗ ਵੀ ਮਹੱਤਵਪੂਰਨ ਹੈ। ਇਸ ਵਿਚ ਨਿਰਮਲ ਪੰਥ ਤੋਂ ਲੈ ਕੇ ਖਾਲਸਾ ਪੰਥ ਤਕ ਦੀ ਵਿਕਾਸ-ਯਾਤਰਾ ਨੂੰ ਦਰਸਾਇਆ ਗਿਆ ਹੈ। ਅਖ਼ੀਰ ਵਿਚ ਖ਼ਾਲਸਾ ਪੰਥ ਦੇ ਭੂਤ, ਭਵਾਨ ਤੇ ਭਵਿੱਖ ਸੰਬੰਧੀ ਵੀ ਚਾਨਣਾ ਪਾਇਆ ਗਿਆ ਹੈ।

ISBN 81-237-6019-3

**2. ਸ਼ਹੀਦੀਨਾਮਾ** : ਰਤਨ ਸਿੰਘ

ਮੂਲ ਪੰਜਾਬੀ *ਸਫ਼ੇ : 70 ਕੀਮਤ : 45.00*

'ਸ਼ਹੀਦੀਨਾਮਾ' ਸ਼ਾਇਰ ਤੇ ਕਹਾਣੀਕਾਰ ਰਤਨ ਸਿੰਘ ਦੀ 'ਸੀਹਰਫ਼ੀਆਂ' ਦੀ ਪੁਸਤਕ ਹੈ। 'ਸੀਹਰਫ਼ੀ' ਇਕ ਮੱਧਕਾਲੀ ਛੰਦ ਹੈ। ਜਿਸ ਨੂੰ ਆਧੁਨਿਕ ਸਮੇਂ ਵਿਚ ਕਵੀ ਨੇ ਦੁਬਾਰਾ ਜਿਊਂਦਾ ਕਰ ਦਿੱਤਾ ਹੈ। ਸੱਤਰ ਸਫ਼ਿਆਂ ਦੀ ਇਸ ਪੁਸਤਕ ਵਿਚ ਕਵੀ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ ਤੇ ਸ਼ਹੀਦ ਊਧਮ ਸਿੰਘ ਦੀ ਦੇਸ਼ ਕੌਮ ਲਈ ਕੀਤੀ ਕੁਰਬਾਨੀ ਸੰਬੰਧੀ ਸੈਂਕੜੇ ਸੀਹਰਫ਼ੀਆਂ ਲਿਖੀਆਂ ਹਨ।

ISBN 978-81-237-6050-6

**3. ਸ਼ਖ਼ਸੀਅਤਾਂ** : ਡਾ. ਨਰੇਸ਼

ਮੂਲ ਪੰਜਾਬੀ *ਸਫ਼ੇ : 112 ਕੀਮਤ : 55.00*

ਇਸ ਪੁਸਤਕ ਵਿਚ ਡਾ. ਨਰੇਸ਼ ਨੇ 21 ਸ਼ਖ਼ਸੀਅਤਾਂ ਬਾਰੇ ਲਿਖਦਿਆਂ ਆਪਣੀ ਕਲਮ ਦੇ ਪ੍ਰਵਾਹ ਨੂੰ ਸ਼ਖ਼ਸੀਅਤ ਦੇ ਕਿਸੇ ਨਾ ਕਿਸੇ ਅਜਿਹੇ ਪੱਖ 'ਤੇ ਕੇਂਦ੍ਰਿਤ ਕਰਨ ਦਾ ਯਤਨ ਕੀਤਾ ਹੈ, ਜਿਸ ਨੂੰ ਉਸ ਦੇ ਜੀਵਨੀਕਾਰਾਂ ਨੇ ਓਨਾ ਮਹੱਤਵ ਨਹੀਂ ਦਿੱਤਾ, ਜਿੰਨੇ ਮਹੱਤਵ ਦਾ ਉਹ ਹੱਕਦਾਰ ਸੀ।

ISBN 978-81-237-6027-8

**4. ਪਿਆਰਾ ਸਿੰਘ ਦਾਤਾ ਦਾ ਚੋਣਵਾਂ ਹਾਸ-ਵਿਅੰਗ** : ਕੇ. ਐਲ. ਗਰਗ (ਸੰਪਾਦਕ)

ਮੂਲ ਪੰਜਾਬੀ *ਸਫ਼ੇ : 336 ਕੀਮਤ : 120.00*

ਪਿਆਰਾ ਸਿੰਘ ਦਾਤਾ ਪੰਜਾਬੀ ਹਾਸ-ਵਿਅੰਗ ਦੇ ਖੇਤਰ ਵਿੱਚ ਅਚੰਭੇ ਵਾਂਗ ਉਦੈ ਹੋਏ।

ਉਨ੍ਹਾਂ ਪੌਣੀ ਸਦੀ ਆਪਣੀ ਕਲਮ ਦੀ ਨਿਰੰਤਰਤਾ ਰਾਹੀਂ ਪੰਜਾਬੀ ਹਾਸ-ਵਿਅੰਗ ਦੇ ਖ਼ਜ਼ਾਨੇ ਭਰਪੂਰ ਹੀ ਨਹੀਂ ਕੀਤੇ, ਉਨ੍ਹਾਂ ਨੂੰ ਸਾਹਿਤਕ ਸਦੀਵਤਾ ਵੀ ਪ੍ਰਦਾਨ ਕੀਤੀ ।

ISBN 978-81-237-5787-2

**5. ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਮਾਨਵ ਏਕਤਾ** : ਡਾ. ਮਹਿੰਦਰ ਕੌਰ ਗਿੱਲ

ਮੂਲ ਪੰਜਾਬੀ *ਸਫ਼ੇ : 236 ਕੀਮਤ : 100.00*

ਹਥਲੀ ਪੁਸਤਕ ਵਿਚ ਡਾ. ਗਿੱਲ ਨੇ 11 ਅਧਿਆਇ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਮਾਨਵ ਏਕਤਾ' ਵਿਸ਼ੇ 'ਤੇ ਰੋਸ਼ਨੀ ਪਾਈ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਇਨ੍ਹਾਂ ਸਾਲਾਂ ਵਿਚ ਪਠਨ-ਪਾਠਨ ਦੇ ਨਾਲ-ਨਾਲ ਵਿਚਾਰ-ਅਧਿਐਨ ਦਾ ਕੇਂਦਰੀ-ਬਿੰਦੂ ਬਣੇ ਰਹੇ ।

ISBN 978-81-237-6049-0

**6. ਸੱਤ ਭਾਰਤੀ ਸੰਤ : ਜੀਵਨ-ਦਰਸ਼ਨ ਅਤੇ ਸੰਦੇਸ਼** : ਡਾ. ਬਲਦੇਵ ਵੰਸ਼ੀ

ਅਨੁਵਾਦ : ਡਾ. ਨਰੇਸ਼ *ਸਫ਼ੇ : 168 ਕੀਮਤ : 75.00*

ਇਸ ਪੁਸਤਕ ਵਿਚ ਡਾ. ਬਲਦੇਵ ਵੰਸ਼ੀ ਨੇ ਸੱਤ ਭਾਰਤੀ ਸੰਤਾਂ ਤੇ ਜੀਵਨ ਤੇ ਫ਼ਿਲਾਸਫ਼ੀ 'ਤੇ ਚਾਨਣਾ ਪਾਇਆ ਹੈ । ਇਨ੍ਹਾਂ ਸੱਤ ਸੰਤਾਂ ਦੇ ਜੀਵਨ-ਦਰਸ਼ਨ ਅਤੇ ਸੰਦੇਸ਼ ਨੂੰ ਡਾ. ਵੰਸ਼ੀ ਦੇ 21 ਅਧਿਆਵਾਂ ਵਿਚ ਵਿਚਾਰਿਆ ਹੈ । ISBN 978-81-237-6208-1

**7. ਪੰਜਾਬੀ ਸਾਹਿਤ ਦੇ ਮਾਨਵੀ ਸਰੋਕਾਰ** : ਡਾ. ਸਤੀਸ਼ ਕੁਮਾਰ ਵਰਮਾ

ਮੂਲ ਪੰਜਾਬੀ *ਸਫ਼ੇ : 100 ਕੀਮਤ : 40.00*

ਇਸ ਪੁਸਤਕ ਵਿਚਲੇ 12 ਲੇਖ ਡਾ. ਸਤੀਸ਼ ਕੁਮਾਰ ਵਰਮਾ ਦੇ ਪੰਜਾਬੀ ਸਾਹਿਤ ਖੇਤਰ ਵਿਚ ਪਿਛਲੇ ਤਿੰਨ ਦਹਾਕਿਆਂ ਤੋਂ ਲਗਾਤਾਰ ਕੀਤੇ ਜਾ ਰਹੇ ਕਾਰਜ ਦੇ ਵਿਸ਼ੇਸ਼ ਪ੍ਰਮਾਣ ਹਨ । ਬਾਰ੍ਹਵੀਂ ਸਦੀ ਤੋਂ ਬਾਬਾ ਫ਼ਰੀਦ ਰਾਹੀਂ ਆਰੰਭ ਹੋਏ ਪੰਜਾਬੀ ਸਾਹਿਤ ਦੇ ਉਦੋਂ ਤੋਂ ਲੈ ਕੇ ਹੁਣ ਤਕ ਦੀ ਯਾਤਰਾ ਦੇ ਪ੍ਰਮੁੱਖ ਪਛਾਣ-ਚਿੰਨ੍ਹਾਂ ਬਾਰੇ ਰਚੇ ਗਏ ਇਹ 12 ਲੇਖ ਇਸ ਪੁਸਤਕ ਦੀ ਕੇਂਦਰੀ ਸੁਰ ਨੂੰ ਉਭਾਰਦੇ ਹਨ । ISBN 978-81-237-5744-5

**8. ਪੰਜਾਬੀ ਨਾਟ-ਮੰਚ ਦਾ ਨਿਕਾਸ ਤੇ ਵਿਕਾਸ** : ਡਾ. ਸਤੀਸ਼ ਕੁਮਾਰ ਵਰਮਾ

ਮੂਲ ਪੰਜਾਬੀ *ਸਫ਼ੇ : 156 ਕੀਮਤ : 70.00*

ਪੰਜਾਬੀ ਮਨ 'ਤੇ ਨਾਟ-ਮੰਚ ਦੇ ਅੰਤਰ-ਸਰੋਕਾਰਾਂ ਸੰਬੰਧੀ ਬੜੀ ਵਿਗਿਆਨਕ ਵਿਆਖਿਆ ਪਹਿਲੇ ਅਧਿਆਇ ਵਿਚ ਪੜ੍ਹਨ ਨੂੰ ਮਿਲਦੀ ਹੈ । ਦੂਜਾ ਅਧਿਆਇ ਪੰਜਾਬੀ ਨਾਟ-ਮੰਚ ਦੀ ਨਿਕਾਸ ਪ੍ਰਕਿਰਿਆ ਉਪਰ ਰੌਸ਼ਨੀ ਪਾਉਂਦਾ ਹੈ । ਤੀਜਾ ਅਧਿਆਇ 'ਪੰਜਾਬੀ ਨਾਟ-ਮੰਚ-ਨਿਕਾਸ ਤੇ ਵਿਕਾਸ ਵੱਲ' ਦੀ ਇਤਿਹਾਸਕ ਪ੍ਰਕਿਰਿਆ ਨੂੰ ਪ੍ਰਗਟਾਉਂਦਾ ਹੈ । ਚੌਥਾ ਅਧਿਆਇ ਪੰਜਾਬੀ ਨਾਟ-ਮੰਚ ਦੀ ਵਿਕਾਸ-ਯਾਤਰਾ ਨੂੰ ਪ੍ਰਗਟਾਉਂਦਾ ਇਕ ਅਜਿਹਾ ਲੇ ਖ ਹੈ ਜਿਸ ਰਾਹੀਂ ਲੇਖਕ ਨੇ ਵਿਸ਼ਾਲ ਜਾਣਕਾਰੀ ਨੂੰ ਇੰਝ ਨਜਿੱਠਿਆ ਹੈ ਜਿਵੇਂ ਕੁੱਜੇ 'ਚ ਸਮੁੰਦਰ ਬੰਦ ਕਰ ਦਿੱਤਾ ਹੈ । ਪੰਜਵਾਂ ਅਧਿਆਇ ਪੰਜਾਬੀ ਨਾਟ-ਮੰਚ ਵਿਚ ਹੋ ਰਹੇ ਨਵੇਂ ਪ੍ਰਯੋਗਾਂ ਸੰਬੰਧੀ ਨਜ਼ਰਸਾਨੀ ਹੈ । ISBN 978-81-237-6454-4

**9. ਬੰਦੀ ਬੋਲ** : ਡਾ. ਗੁਰਦੇਵ ਸਿੰਘ ਸਿੱਧੂ (ਸੰਪਾਦਕ)

ਮੂਲ ਪੰਜਾਬੀ *ਸਫ਼ੇ : 378 ਕੀਮਤ : 100.00*

ਦੇਸ਼ ਦੀ ਆਜ਼ਾਦੀ ਲਈ ਲੜੇ ਗਏ ਸੁਤੰਤਰਤਾ ਅੰਦੋਲਨ ਦੌਰਾਨ ਅੰਗਰੇਜ਼ ਸਰਕਾਰ ਵਿਰੁੱਧ ਲਿਖੀ ਗਈ ਅਤੇ ਅੰਗਰੇਜ਼ ਸਰਕਾਰ ਦੁਆਰਾ ਜ਼ਬਤ ਪੰਜਾਬੀ ਕਵਿਤਾ ਆਪਣੇ ਸਮੇਂ ਦੇ ਇਤਿਹਾਸਿਕ ਜੀਵਨ ਦਾ ਚਿਤਰਣ ਕਰਨ ਸਦਕਾ ਤਤਕਾਲੀਨ ਰਾਜਨੀਤਿਕ ਅਤੇ ਸਮਾਜਿਕ ਸਥਿਤੀਆਂ ਦੀ ਜਾਣਕਾਰੀ ਪ੍ਰਦਾਨ ਕਰਨ ਲਈ ਮਹੱਤਵਪੂਰਨ ਸ੍ਰੋਤ ਤਾਂ ਹੈ ਹੀ, ਨਾਲ ਦੀ ਨਾਲ ਇਹ ਆਪਣੇ ਸਾਹਿਤਕ ਗੁਣਾਂ ਕਾਰਨ ਪੰਜਾਬੀ ਸਾਹਿਤ ਦਾ ਮਾਣ ਕਰਨ ਯੋਗ ਭਾਗ ਵੀ ਹੈ । ISBN 97881-237-5086-6

**10. ਸੋਹਲੇ ਸ਼ਹੀਦ ਭਗਤ ਸਿੰਘ** : ਡਾ. ਗੁਰਦੇਵ ਸਿੰਘ ਸਿੱਧੂ (ਸੰਪਾਦਕ)

ਮੂਲ ਪੰਜਾਬੀ *ਸਫ਼ੇ : 300 ਕੀਮਤ : 80.00*

ਹਥਲੇ ਸੰਗ੍ਰਹਿ ਵਿਚ ਸੁਤੰਤਰਤਾ ਉਪਰੰਤ ਪੰਜਾਬ ਦੇ ਪਰੰਪਰਾਗਤ ਗਾਇਕਾਂ-ਢਾਡੀਆਂ ਅਤੇ ਕਵੀਸ਼ਰਾਂ ਦੁਆਰਾ ਭਗਤ ਸਿੰਘ ਸੰਬੰਧੀ ਛੰਦਾਬੰਦੀ ਵਿਚ ਲਿਖੀਆਂ ਕਾਵਿ-ਰਚਨਾਵਾਂ ਨੂੰ ਸਥਾਨ ਦਿੱਤਾ ਗਿਆ ਹੈ । ਲੋਕਾਂ ਵਿਚ ਵਿਚਰਨ ਵਾਲੇ ਕਵੀਆਂ ਦੁਆਰਾ ਜਨ ਸਾਧਾਰਨ ਲੋਕਾਂ ਲਈ ਲਿਖੀਆਂ ਅਥਵਾ ਗਾਈਆਂ ਇਹ ਅਜਿਹੀਆਂ ਰਚਨਾਵਾਂ ਹਨ ਜਿਨ੍ਹਾਂ ਵਿਚੋਂ ਭਗਤ ਸਿੰਘ ਦੀ ਲੋਕਮਾਨਸ ਵਿਚ ਵਸੀ ਸ਼ਖ਼ਸੀਅਤ ਦੇ ਸਹਿਜ ਦਰਸ਼ਨ ਹੁੰਦੇ ਹਨ ।

ISBN 978-81-237-5203-7

**11. ਪੰਜਾਬ ਦੇ ਚੋਣਵੇਂ ਖਿਡਾਰੀ** : ਪ੍ਰਿੰਸੀਪਲ ਸਰਵਣ ਸਿੰਘ

ਮੂਲ ਪੰਜਾਬੀ *ਸਫ਼ੇ : 290 ਕੀਮਤ : 80.00*

ਖੇਡ ਜਗਤ ਵਿਚ ਪੰਜਾਬੀ ਖਿਡਾਰੀਆਂ ਨੇ ਵਾਹਵਾ ਮੱਲਾਂ ਮਾਰੀਆਂ ਹਨ । ਭਾਰਤ ਦੀ ਕੁਲ ਵੱਸੋਂ ਵਿਚ ਪੰਜਾਬੀ ਤਿੰਨ ਕੁ ਫ਼ੀਸਦੀ ਹੋਣਗੇ ਪਰ ਭਾਰਤ ਦੀਆਂ ਖੇਡ ਪ੍ਰਾਪਤੀਆਂ ਵਿਚ ਪੰਜਾਬੀਆਂ ਦਾ ਯੋਗਦਾਨ ਅੱਧਿਉਂ ਵੱਧ ਹੈ । ਹਥਲੀ ਪੁਸਤਕ ਵਿਚ ਵੱਖ-ਵੱਖ ਖੇਡਾਂ ਦੇ ਚੋਣਵੇਂ ਪੰਜਾਬੀ ਖਿਡਾਰੀਆਂ ਦੀਆਂ ਪ੍ਰਾਪਤੀਆਂ ਦਰਸਾਈਆਂ ਗਈਆਂ ਹਨ, ਅਤੇ ਉਨ੍ਹਾਂ ਦੇ ਸੰਖੇਪ ਸ਼ਬਦ ਚਿੱਤਰ ਉਲੀਕੇ ਹਨ । ISBN 978-81-237-5088-X

**12. ਆਲਰਾਊਂਡਰ** : ਸੂਰਯ ਪ੍ਰਕਾਸ਼ ਚਤੁਰਵੇਦੀ

*ਅਨੁਵਾਦ : ਬਿੰਦਰ ਬਿੰਦਰਾ* *ਸਫ਼ੇ : 220 ਕੀਮਤ : 85.00*

ਇਹ ਪੁਸਤਕ ਦੁਨੀਆਂ ਭਰ ਦੇ ਅਜਿਹੇ ਹੀ 16 ਜਮਾਂਦਰੂ ਅਤੇ ਕੁਦਰਤੀ ਪ੍ਰਤਿਭਾ ਦੇ ਧਨੀ ਕ੍ਰਿਕਟ ਖਿਡਾਰੀਆਂ ਦੀ ਸ਼ਖ਼ਸੀਅਤ ਅਤੇ ਯੋਗਦਾਨ ਦਾ ਲੇਖਾ-ਜੋਖਾ ਪੇਸ਼ ਕਰਦੀ ਹੈ । ਵੱਡੇ-ਵੱਡੇ ਰਿਕਾਰਡ ਵਾਲੇ ਸੈਂਕੜੇ ਖਿਡਾਰੀਆਂ 'ਚੋਂ ਇਨ੍ਹਾਂ 16 ਨੂੰ ਹੀ ਚੁਣਨ ਦਾ ਕਾਰਨ ਹਰੇਕ ਅਧਿਆਏ 'ਚ ਸਪੱਸ਼ਟ ਹੋ ਜਾਂਦਾ ਹੈ । ISBN 978-81-237-5227-3

**13. ਧਰਮ ਨਿਰਪੇਖ ਧਰਮ** : ਕਰਤਾਰ ਸਿੰਘ ਦੁੱਗਲ

ਮੂਲ ਪੰਜਾਬੀ *ਸਫ਼ੇ : 108 ਕੀਮਤ : 7.50*

ਅਤਿਅੰਤ ਸਰਲ ਢੰਗ ਨਾਲ ਲਿਖੀ ਇਹ ਪੁਸਤਕ ਇਸ ਤਰ੍ਹਾਂ ਦੇ ਇਕ ਧਰਮ ਸਿੱਖ ਧਰਮ ਨੂੰ ਇਸ ਦੇ ਧਰਮ-ਨਿਰਪੇਖ ਸੰਦਰਭ ਵਿਚ ਪੇਸ਼ ਕਰਦੀ ਹੈ । ਇਹ ਪੁਸਤਕ ਭਾਰਤੀ ਚੇਤਨਾ ਦੇ ਇਕ ਮਹੱਤਵਪੂਰਣ ਪਹਿਲੂ ਨੂੰ ਸਮਝਣ ਵਿਚ ਮਦਦ ਕਰਦੀ ਹੈ ।

**14. ਸੁਤੰਤਰਤਾ ਸੰਗ੍ਰਾਮ** : ਬਿਪਨ ਚੰਦਰ, ਅਮਲੇਸ਼ ਤ੍ਰਿਪਾਠੀ ਤੇ ਬਰੁਣ ਡੇ

ਅਨੁਵਾਦ : *ਗੁਲਜ਼ਾਰ ਸਿੰਘ ਸੰਧੂ* *ਸਫ਼ੇ : 228 ਕੀਮਤ : 21.50*

ਇਸ ਪੁਸਤਕ ਵਿਚ ਲੇਖਕ ਨੇ ਸੁਤੰਤਰਤਾ ਸੰਗਰਾਮ ਦੀ ਪੂਰੀ ਤਸਵੀਰ ਬਹੁਤ ਹੀ ਮਨਮੋਹਕ ਢੰਗ ਨਾਲ ਬਿਆਨ ਕੀਤੀ ਹੈ । ਇਸ ਪੁਸਤਕ ਵਿਚ ਲੇਖਕ ਨੇ ਬਰਤਾਨਵੀ ਸ਼ਾਸਨ ਦਾ ਪ੍ਰਭਾਵ, ਪ੍ਰਾਰੰਭਿਕ ਦੌਰ, ਰਾਸ਼ਟਰਵਾਦ ਦਾ ਦੌਰ, ਸਵਰਾਜ ਲਈ ਸੰਘਰਸ਼, ਸੁਤੰਤਰਤਾ ਦੇ ਸੰਦੇਸ਼ ਅਤੇ ਸੁਤੰਤਰਤਾ ਦੀਆਂ ਪ੍ਰਾਪਤੀਆਂ ਆਦਿ ਵਿਸ਼ਿਆਂ ਤੇ ਸਫ਼ਲਤਾ ਸਹਿਤ ਕਲਮ ਅਜ਼ਮਾਈ ਹੈ ।

**15. ਆਜ਼ਾਦੀ ਦੀ ਛਾਂ ਹੇਠ** : ਬੇਗਮ ਅਨੀਸ ਕਿਦਵਾਈ

ਅਨੁਵਾਦ : *ਤਾਰਾ ਸਿੰਘ* *ਸਫ਼ੇ : 434 ਕੀਮਤ : 36.00*

ਭਾਰਤ ਤੋਂ ਪਾਕਿਸਤਾਨ ਅਤੇ ਪਾਸਿਕਾਤਨ ਤੋਂ ਲੁੱਟ-ਖੋਹ ਕਰਕੇ ਅਤੇ ਉਜੱੜ ਕੇ ਆਉਣ ਵਾਲੇ ਸ਼ਰਨਾਰਥੀਆਂ ਨੂੰ ਜੋ ਪੀੜਾ ਅਤੇ ਦੁੱਖ ਸਹਾਰਨਾ ਪਿਆ ਅਤੇ ਜਿਸ ਤਰ੍ਹਾਂ ਦੇ ਲਾਲਚੀ ਲੋਕਾਂ ਨੇ ਮਾਨਵਤਾ ਨੂੰ ਛਿੱਕੇ ਤੇ ਟੰਗ ਕੇ ਉਨ੍ਹਾਂ ਨੂੰ ਲੁੱਟਿਆ-ਖੋਹਿਆ, ਉਨ੍ਹਾਂ ਦਾ ਸ਼ੋਸ਼ਣ ਕੀਤਾ, ਉਸ ਦੀ ਅੱਖੀਂ ਦੇਖੀ ਦਸਤਾਵੇਜ਼ ਹੈ ਬੇਗਮ ਅਨੀਸ ਕਿਦਵਾਈ ਦੀ ਇਹ ਕ੍ਰਿਤ 'ਆਜ਼ਾਦੀ ਦੀ ਛਾਂ ਹੇਠ' ।

**16. ਚੋਣਵੀਂ ਪੰਜਾਬੀ ਗ਼ਜ਼ਲ** : ਡਾ. ਜਗਤਾਰ

ਮੂਲ ਪੰਜਾਬੀ *ਸਫ਼ੇ : 224 ਕੀਮਤ : 58.00*

ਚੋਣਵੀਂ ਪੰਜਾਬੀ ਗ਼ਜ਼ਲ ਦਾ ਸੰਗ੍ਰਹਿਣ ਤੇ ਸੰਪਾਦਨ ਸੰਪਾਦਕ ਦੀ ਮਿਹਨਤ ਦਾ ਲਖਾਇਕ ਤਾਂ ਹੈ, ਨਾਲ ਹੀ ਉਸ ਦੀ ਇਮਾਨਦਾਰੀ, ਸੁਹਿਰਦਤਾ, ਗ਼ੈਰ-ਪੱਖਪਾਤੀ ਨਜ਼ਰੀਏ ਦਾ ਦਰਸਾਇਕ ਵੀ ਹੈ । ਇਸ ਸੰਗ੍ਰਹਿ ਵਿਚ 73 ਗ਼ਜ਼ਲ-ਗੋ ਸ਼ਾਇਰ ਸ਼ਾਮਲ ਹਨ ।

ISBN 81-237-072-0

**17. ਜਵਾਹਰ ਲਾਲ ਨਹਿਰੂ ਸੰਘਰਸ਼ ਦੇ ਪਲ** : ਅਰਜਨ ਦੇਵ (ਸੰਗ੍ਰਹਿ ਕਰਤਾ)

ਅਨੁਵਾਦ : *ਗੁਰਬਖਸ਼ ਸਿੰਘ ਫਰੈਂਕ* *ਸਫ਼ੇ : 415 ਕੀਮਤ : 61.00*

ਜਵਾਹਰ ਲਾਲ ਨਹਿਰੂ ਬਾਰੇ ਕਈ ਕਿਤਾਬਾਂ ਛਪੀਆਂ ਹਨ ਪਰ ਇਹ ਪੁਸਤਕ ਬਾਕੀਆਂ ਨਾਲੋਂ ਵੱਖਰੀ ਹੈ । ਨਹਿਰੂ ਦੀਆਂ ਲਿਖਤਾਂ ਅਤੇ ਤਕਰੀਰਾਂ ਵਿਚੋਂ ਲਏ ਅੰਸ਼ ਨੂੰ ਮੋਟੇ ਤੌਰ ਉਤੇ ਵਿਸ਼ਿਆਂ ਅਨੁਸਾਰ ਛੇ ਭਾਗਾਂ ਵਿਚ ਵੰਡਿਆ ਗਿਆ ਹੈ ।

ISBN 81-237-0672-3

**18. ਪੰਜਾਬੀ ਹਾਸ-ਵਿਅੰਗ** : ਪਿਆਰਾ ਸਿੰਘ ਦਾਤਾ (ਸੰਪਾਦਕ)

ਮੂਲ ਪੰਜਾਬੀ *ਸਫ਼ੇ : 226 ਕੀਮਤ : 45.00*

ਪੰਜਾਬੀ ਦੇ ਉੱਘੇ ਵਿਅੰਗ ਲੇਖਕਾਂ ਦੀਆਂ ਦੋ-ਦੋ ਰਚਨਾਵਾਂ ਨੂੰ ਇਸ ਪੁਸਤਕ ਵਿਚ ਸ਼ਾਮਲ ਕੀਤਾ ਗਿਆ ਹੈ।

ISBN 978-81-237-0984-6

**19. ਹਿੰਦੂ ਧਰਮ ਕੀ ਹੈ ?** : ਮਹਾਤਮਾ ਗਾਂਧੀ

ਅਨੁਵਾਦ : *ਗਗਨ ਗਿੱਲ* *ਸਫ਼ੇ : 114 ਕੀਮਤ : 28.00*

ਇਸ ਪੁਸਤਕ ਵਿਚ ਗਾਂਧੀ ਜੀ ਨੇ ਆਪਣੇ ਵਿਚਾਰ ਤਰਕਮਈ ਢੰਗ ਨਾਲ ਪੇਸ਼ ਕੀਤੇ ਹਨ।

ISBN 81-237-0981-1

**20. ਹਿੰਦੀ ਭਗਤੀ ਸਾਹਿਤ ਵਿੱਚ ਸਮਾਜਿਕ ਮੁੱਲ ਅਤੇ ਸਦਭਾਵਨਾ :**

ਡਾ. ਸਾਵਿੱਤਰੀ ਚੰਦਰ ਸ਼ੋਭਾ

ਅਨੁਵਾਦ : *ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 162 ਕੀਮਤ : 55.00*

ਇਸ ਪੁਸਤਕ ਵਿਚ ਮੁੱਖ ਰੂਪ ਵਿਚ ਹਿੰਦੀ ਭਗਤੀ ਅਤੇ ਹਿੰਦੀ ਸਾਹਿਤ ਵਿਚ ਲਿਖਿਤ ਸੂਫ਼ੀ ਪ੍ਰੇਮ ਅਧਿਆਤਮਕ ਦੇ ਮਾਧਿਅਮ ਨਾਲ ਮੱਧਕਾਲੀਨ ਭਾਰਤ ਵਿਚ ਸਮਾਜਿਕ ਅਤੇ ਉਦਾਰਵਾਦੀ ਤੱਤਾਂ ਨੂੰ ਰੇਖਾਂਕਿਤ ਕੀਤਾ ਗਿਆ ਹੈ।

ISBN 978-81-237-5680-6

**21. ਮਹਾਤਮਾ ਗਾਂਧੀ ਦੇ ਵਿਚਾਰ** : ਆਰ.ਕੇ. ਪ੍ਰਭੂ ਅਤੇ ਯੂ.ਆਰ. ਰਾਓ

(ਸੰਕਲਨ ਅਤੇ ਸੰਪਾਦਨ ਕਰਤਾ)

ਅਨੁਵਾਦ : *ਡਾ. ਗੁਰਬਖਸ਼ ਸਿੰਘ ਫਰੈਂਕ* *ਸਫ਼ੇ : 584 ਕੀਮਤ : 95.00*

ਇਸ ਪੁਸਤਕ ਵਿਚ ਵਿਦਵਾਨ ਸੰਪਾਦਕ ਨੇ ਮਹਾਤਮਾ ਗਾਂਧੀ ਦੇ ਵਿਚਾਰ ਤੇ ਫ਼ਿਲਾਸਫ਼ੀ ਨੂੰ ਸਾਰਥਕ ਢੰਗ ਨਾਲ ਪੇਸ਼ ਕੀਤਾ ਹੈ। ਇਹ ਪੁਸਤਕ ਸਰਵੋਦੇ ਸਾਧਕਾਂ, ਜੋ ਸੱਚ ਦੀ ਖੋਜ ਕਰਨ ਵਾਲੇ ਹਨ, ਨੂੰ ਗਾਂਧੀ ਦੇ ਵਿਚਾਰ ਸਮਝਣ ਵਿਚ ਸਹਾਈ ਹੋਵੇਗੀ।

ISBN 81-237-1208-1

**22. ਵਿਜੈ ਨਗਰ ਸਾਮਰਾਜ** : ਡੋਮਿੰਗਸ ਪਾਈ ਅਤੇ ਫਰਨਾਊ ਨੂਨੀਜ਼

ਅਨੁਵਾਦ : *ਡਾ. ਧਰਮਪਾਲ ਸਿੰਗਲ* *ਸਫ਼ੇ : 194 ਕੀਮਤ : 41.00*

ਇਹ ਵਿਜੈ ਨਗਰ ਰਾਜ ਅਤੇ ਇਸ ਦੇ ਕੁਝ ਪ੍ਰਮੁੱਖ ਸ਼ਾਸਕਾਂ ਖ਼ਾਸ ਕਰਕੇ ਮਹਾਨ ਕਿਸ਼ਨ ਦੇਵਰੱਯਾ ਦੀ ਕਹਾਣੀ ਹੈ ਜਿਸ ਨੂੰ ਦੋ ਪੁਰਤਗਾਲੀ ਪੁਰਾ-ਲੇਖਕਾਂ ਡੋਮਿੰਗਸ ਪਾਈ ਅਤੇ ਫਰਨਾਊ ਨੂਨੀਜ਼ ਨੇ ਲਿਖਿਆ ਹੈ। ਸੋਲ੍ਹਵੀਂ ਸਦੀ ਵਿਚ ਸ਼ਹਿਰ ਤੇ ਰਾਜ ਦੀ ਸਥਾਪਨਾ ਇਕ ਬਹੁਤ ਹੀ ਮਹੱਤਵਪੂਰਣ ਤੇ ਵਿਲੱਖਣ ਘਟਨਾ ਸੀ, ਜਿਸ ਨੇ ਦੱਖਣੀ ਭਾਰਤ ਦੀ ਸਮਾਜਿਕ ਅਤੇ ਰਾਜਨੀਤਕ ਤਸਵੀਰ ਬਦਲ ਕੇ ਰੱਖ ਦਿੱਤੀ।

ISBN 81-237-1044-5

**23. ਅਲਹਿੰਦ : ਅਲ-ਬਿਰੂਨੀ** : ਕਯਾਮੁੱਦੀਨ ਅਹਮਦ (ਸੰਪਾਦਕ)

ਅਨੁਵਾਦ : *ਡਾ. ਗੁਰਚਰਨ ਸਿੰਘ ਅਰਸ਼ੀ* *ਸਫ਼ੇ : 330 ਕੀਮਤ : 65.00*

ਅਲ-ਬਿਰੂਨੀ ਇਕ ਪ੍ਰਸਿੱਧ ਸ਼ਾਸਤਰੀ ਅਤੇ ਖਗੋਲ-ਵਿਗਿਆਨੀ ਸੀ। ਗਿਆਰ੍ਹਵੀਂ ਸਦੀ ਵਿਚ ਜਦੋਂ ਮਹਿਮੂਦ ਗ਼ਜ਼ਨਵੀ ਨੇ ਭਾਰਤ ਉਤੇ ਹਮਲਾ ਕੀਤਾ ਤਾਂ ਉਹ ਉਸ ਦੀ ਫ਼ੌਜ ਦੇ ਨਾਲ ਭਾਰਤ ਆਇਆ ਸੀ। ਉਸ ਦੀ ਪੁਸਤਕ 'ਭਾਰਤ ਦੀ ਖੋਜ' ਜੋ ਆਪਣੇ ਮੂਲ ਰੂਪ ਵਿਚ 'ਤਾਰੀਖ਼-ਉਲ-ਹਿੰਦ' ਦੇ ਨਾਂ ਨਾਲ ਪ੍ਰਸਿੱਧ ਹੈ ਨਾ ਕੇਵਲ ਉਸ ਦੇ ਗਿਆਨ ਦੀ ਲਖਾਇਕ ਹੈ ਸਗੋਂ ਇਕ ਉੱਤਮ ਕਿਸਮ ਦੇ ਇਤਿਹਾਸ ਦਾ ਗੌਰਵ-ਗ੍ਰੰਥ ਹੈ।

ISBN 978-81-237-3029-5

**24. ਪੰਜਾਬੀ ਨਾਰੀ ਕਾਵਿ** : ਡਾ. ਵਨੀਤਾ (ਸੰਪਾਦਕ)

ਮੂਲ ਪੰਜਾਬੀ *ਸਫ਼ੇ : 304 ਕੀਮਤ : 150.00*

ਪੁਸਤਕ ਸਮੁੱਚੇ ਪੰਜਾਬੀ ਨਾਰੀ ਕਾਵਿ ਦੀ ਪਹਿਚਾਣ ਕਾਇਮ ਕਰਦੀ ਹੈ ਕਿਉਂਕਿ ਪੰਜਾਬੀ ਨਾਰੀ ਕਾਵਿ ਇਸ ਸਾਰੀ ਸਦੀ ਉਤੇ ਫੈਲਿਆ ਹੋਇਆ ਹੈ ਅਤੇ ਇਸ ਵਿਚ ਵਿਸ਼ੇ ਅਤੇ ਰੂਪ ਦੀ ਦ੍ਰਿਸ਼ਟੀ ਤੋਂ ਇਕ ਗਤੀ ਅਤੇ ਵਿਕਾਸ ਨਜ਼ਰ ਆਉਂਦਾ ਹੈ। ਇਸ ਪੁਸਤਕ ਵਿਚ ਪੰਜਾਬੀ ਦੀਆਂ 75 ਕਵਿਤ੍ਰੀਆਂ ਨੂੰ ਸ਼ਾਮਲ ਕੀਤਾ ਗਿਆ ਹੈ।

ISBN 81-237-3946-5

**25. ਕਾਲੇ ਪਾਣੀ ਦਾ ਇਤਿਹਾਸਕ ਦਸਤਾਵੇਜ਼** : ਰਾਮਚਰਨ ਲਾਲ ਸ਼ਰਮਾ

*ਅਨੁਵਾਦ : ਡਾ. ਲਖਵਿੰਦਰ ਜੌਹਲ* *ਸਫ਼ੇ : 80 ਕੀਮਤ : 65.00*

ਇਸ ਪੁਸਤਕ ਵਿਚ ਕਾਲੇ ਪਾਣੀ ਦੀ ਜੇਲ੍ਹ ਦੇ ਬਹੁਤ ਹੀ ਭਿਆਨਕ ਅਤੇ ਜ਼ਾਲਮ ਵੇਰਵੇ ਦਰਜ ਹਨ। ਲੇਖਕ ਕਿਉਂਕਿ ਖ਼ੁਦ ਉਸ ਜੇਲ੍ਹ ਵਿਚ ਰਿਹਾ ਹੈ, ਇਸ ਲਈ ਇਹ ਪੁਸਤਕ ਅੱਖੀਂ ਡਿੱਠਾ ਯਥਾਰਥ ਦਸਤਾਵੇਜ਼ ਹੈ। ਇਹ ਦੁਰਲੱਭ ਪੁਸਤਕ ਸਾਡੇ ਕ੍ਰਾਂਤੀਕਾਰੀ ਅਤੇ ਆਜ਼ਾਦੀ ਦੀ ਲੜਾਈ ਦੇ ਬਿਰਤਾਂਤ ਦੀ ਅਨਮੋਲ ਧਰੋਹਰ ਹੈ।

ISBN 978-81-237-4324-0

**26. ਚੀਨੀ ਯਾਤਰੀ ਫ਼ਾਹਿਯਾਨ ਦਾ ਯਾਤਰਾ ਵਰਣਨ** :

*ਅਨੁਵਾਦ : ਪ੍ਰੋ. ਰਵਿੰਦਰ ਭੱਠਲ* *ਸਫ਼ੇ : 130 ਕੀਮਤ : 85.00*

ਪ੍ਰਾਚੀਨ ਕਾਲ ਵਿੱਚ ਈਸਾ ਤੋਂ ਪੂਰਵ ਹੀ ਧਰਮ, ਕਲਾ, ਨੀਤੀ, ਸਭਿਅਤਾ ਅਤੇ ਸੰਸਕ੍ਰਿਤੀ ਦੇ ਖੇਤਰ ਵਿਚ ਭਾਰਤ ਦੀ ਪ੍ਰਸਿੱਧੀ ਵਿਦੇਸ਼ਾਂ ਵਿੱਚ ਫੈਲ ਚੁੱਕੀ ਸੀ। ਇਹੀ ਕਾਰਨ ਹੈ ਕਿ ਭਾਰਤ ਸਦਾ ਤੋਂ ਹੀ ਵਿਦੇਸ਼ੀਆਂ ਦੀ ਖਿੱਚ ਦਾ ਕੇਂਦਰ ਰਿਹਾ ਹੈ। ਫ਼ਾਹਿਯਾਨ ਪਹਿਲਾ ਚੀਨੀ ਯਾਤਰੀ ਸੀ ਜਿਸ ਨੇ ਆਪਣੇ ਯਾਤਰਾ ਵਰਣਨ ਨੂੰ ਲਿੱਪੀਬੱਧ ਕੀਤਾ। ਹਥਲੀ ਪੁਸਤਕ ਫ਼ਾਹਿਯਾਨ ਦੀਆਂ ਰੋਚਕ ਯਾਦਾਂ ਦੇ ਮਾਧਿਅਮ ਨਾਲ ਉਸ ਸਮੇਂ ਦੇ ਭਾਰਤੀ ਪਰਿਵੇਸ਼ ਨੂੰ ਜਾਣਨ ਦਾ ਇਕ ਚੰਗਾ ਮੌਕਾ ਪ੍ਰਦਾਨ ਕਰਦੀ ਹੈ।

ISBN 978-81-237-4535-0

**27. ਕਿਉਂ ਛੂਟਹਿ ਬਿਨੁ ਪਿਆਰ** : ਕਰਤਾਰ ਸਿੰਘ ਦੁੱਗਲ

ਮੂਲ ਪੰਜਾਬੀ *ਸਫ਼ੇ : 64 ਕੀਮਤ : ਪੇ.ਬੈਕ : 30.00 ਸਜਿਲਦ : 135.00*

'ਕਿਉਂ ਛੂਟਹਿ ਬਿਨੁ ਪਿਆਰ' ਕਾਵਿ-ਸੰਗ੍ਰਹਿ ਵਿਚ ਸਰਦਾਰ ਕਰਤਾਰ ਸਿੰਘ ਦੁੱਗਲ ਦੀਆਂ 50 ਕਵਿਤਾਵਾਂ ਸ਼ਾਮਲ ਹਨ। ਕਰਤਾਰ ਸਿੰਘ ਦੁੱਗਲ ਗੁਰਬਾਣੀ ਵਿਚੋਂ ਇਕ ਤੁਕ ਲੈਂਦੇ ਹਨ ਅਤੇ ਫਿਰ ਉਸ ਦੀ ਕਾਵਿਕ-ਵਿਆਖਿਆ ਦੁਆਰਾ ਆਪਣੀ ਰਚਨਾ ਨੂੰ ਮੁਕੰਮਲ ਕਰਦੇ ਹਨ। ISBN 81-237-4835-3

**28. ਬੇੜੀਆਂ ਦਾ ਪੁਲ (ਗ਼ਜ਼ਲ ਸੰਗ੍ਰਹਿ)** : ਸੁਲੱਖਣ ਸਰਹੱਦੀ

ਮੂਲ ਪੰਜਾਬੀ *ਸਫ਼ੇ : 122 ਕੀਮਤ : 45.00*

ਹਥਲੀ ਪੁਸਤਕ ਵੀ ਇਕੋ ਜ਼ਮੀਨ ਵਿਚ ਲਿਖੀਆਂ 160 ਗ਼ਜ਼ਲਾਂ ਹੋਣ ਕਰਕੇ ਇਕ ਕੀਰਤੀ-ਮਾਨ ਵਜੋਂ ਸਥਾਪਤ ਹੋਈ ਹੈ। ਇਸ ਤੋਂ ਪਹਿਲਾਂ ਹਰਭਜਨ ਸਿੰਘ ਕੋਮਲ ਨੇ ਆਪਣੀ ਪੁਸਤਕ 'ਧਰਤੀ ਦੀ ਗ਼ਜ਼ਲ' ਰਾਹੀਂ ਇਕੋ ਜ਼ਮੀਨ ਵਿਚ 727 ਸ਼ਿਅਰ ਪਾਠਕਾਂ ਤਕ ਪਹੁੰਚਾਏ ਹਨ ਪਰ ਸਰਹੱਦੀ ਨੇ ਇਸ ਕਿਤਾਬ ਵਿਚ 1212 ਸ਼ਿਅਰ ਦੇ ਕੇ ਰਿਕਾਰਡ ਤੋੜ ਦਿੱਤਾ ਹੈ।

ISBN 81-237-4712-8

**29. ਮੈਂ ਨਾਸਤਕ ਕਿਉਂ ਹਾਂ** : ਸ਼ਹੀਦ ਭਗਤ ਸਿੰਘ

*ਅਨੁਵਾਦ : ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 48 ਕੀਮਤ : 25.00*

ਇਸ ਪੁਸਤਕ ਵਿਚ ਭਗਤ ਸਿੰਘ ਦੀ ਸ਼ਹੀਦੀ ਤੋਂ ਕੁਝ ਦਿਨ ਪਹਿਲਾਂ ਲਿਖਿਆ ਲੇਖ 'ਮੈਂ ਨਾਸਤਕ ਕਿਉਂ ਹਾਂ' ਅਤੇ ਇਕ ਬਜ਼ੁਰਗ ਇਲਕਲਾਬੀ ਲਾਲਾ ਰਾਮ ਸਰਨ ਦਾਸ ਦੀ ਕਵਿਤਾ ਦੀ ਪੁਸਤਕ 'ਡਰੀਮਲੈਂਡ' ਦੀ ਭਗਤ ਸਿੰਘ ਵਲੋਂ ਲਿਖੀ ਭੂਮਿਕਾ ਸ਼ਾਮਲ ਹੈ। ਇਹ ਦੋਵੇਂ ਲੇਖ ਭਗਤ ਸਿੰਘ ਦੀ ਤੀਖਣ ਬੁੱਧੀ, ਗਹਿਨ ਅਧਿਐਨ, ਜਟਿਲ ਵਿਸ਼ਿਆਂ ਬਾਰੇ ਉਨ੍ਹਾਂ ਦੀ ਸਮਝ ਅਤੇ ਆਮ ਲੋਕਾਂ ਦੀ ਸਮਝ ਦੇ ਅਨੁਸਾਰ ਭਾਸ਼ਾ ਵਿਚ ਪ੍ਰਗਟ ਕਰਨ ਦੀ ਸਮਰੱਥਾ ਨੂੰ ਦਰਸਾਉਂਦੇ ਹਨ। ISBN 978-81-237-4899-3

**30. ਮਲਕਜ਼ਾਦਾ ਵਾ ਸ਼ਾਹਪਰੀ-ਕ੍ਰਿਤ ਮੀਆਂ ਇਮਾਮ ਬਖ਼ਸ਼ :**

ਡਾ. ਗੁਲਜ਼ਾਰ ਸਿੰਘ ਕੰਗ (ਸੰਪਾਦਕ)

*ਮੂਲ ਪੰਜਾਬੀ* *ਸਫ਼ੇ : 150 ਕੀਮਤ : 50.00*

'ਮਲਕਜ਼ਾਦਾ ਵਾ ਸ਼ਾਹਪਰੀ' ਮੀਆਂ ਇਮਾਮ ਬਖ਼ਸ਼ ਦਾ ਪਹਿਲਾ ਕਿੱਸਾ ਹੈ ਜਿਸ ਨੂੰ ਆਪ ਨੇ 17 ਸਾਲ ਦੀ ਉਮਰ ਵਿਚ ਲਿਖਿਆ ਸੀ। ਇਸ ਨਾਲ ਪੰਜਾਬੀ ਕਿੱਸਾ ਯਥਾਰਥ ਵਰਣਨ ਤੋਂ ਹਟ ਕੇ ਕਲਪਨਾ ਦੇ ਨਵੇਂ ਦੌਰ ਵਿਚ ਦਾਖ਼ਲ ਹੁੰਦਾ ਹੈ।

ISBN 978-81-237-5444-4

**31. ਤੂੰ ਸਤਵੰਤੀ ਤੂੰ ਪ੍ਰਧਾਨ (ਸਿੱਖ ਸਮਾਜ ਦਾ ਨਾਰੀ ਮੰਡਲ) :**

ਡਾ. ਮਹਿੰਦਰ ਕੌਰ ਗਿੱਲ

*ਮੂਲ ਪੰਜਾਬੀ* *ਸਫ਼ੇ : 388 ਕੀਮਤ : 120.00*

ਗੁਰੂ ਮਹਿਲ, ਗੁਰੂ ਜਣਨੀਆਂ, ਗੁਰੂ ਭੈਣਾਂ, ਗੁਰੂ ਪੁੱਤਰੀਆਂ, ਗੁਰੂ ਨੂੰਹਾਂ, ਗੁਰੂ ਪ੍ਰੇਮਣਾਂ ਤੇ ਗੁਰੂ ਘਰ ਦੀਆਂ ਬੇਨਾਮ ਸ਼ਹੀਦ ਸਿੰਘਣੀਆਂ ਸਾਰੀਆਂ ਦੀਆਂ ਸਾਰੀਆਂ ਇਕ ਸੂਤ ਪ੍ਰੋਏ

ਧਾਗੇ ਵਿਚ ਪਰੁੱਚੀਆਂ, ਗੁਰੂ ਘਰ ਨੂੰ ਸਮਰਪਿਤ ਹਨ । ਇਹ ਸਿਦਕ ਭਰੋਸੇ ਦੀਆਂ ਮੂਰਤਾਂ, ਆਗਿਆਕਾਰਤਾ ਨਾਲ ਸੰਪੰਨ, ਗੁਰੂ ਸੇਵਾ ਵਿਚ ਖੀਵੀਆਂ, ਆਪੋ-ਆਪਣੀ ਸਮਰੱਥਾ ਤੇ ਲੋੜ ਅਨੁਸਾਰ ਸੀਰ ਪਾਉਂਦੀਆਂ ਰਹੀਆਂ । ਇਨ੍ਹਾਂ ਸਾਰੀਆਂ ਦਾ ਇਕੋ ਥਾਵੇਂ ਦੀਦਾਰ ਇਕ ਰੂਹਾਨੀ ਹੁਲਾਰਾ ਦੇਂਦਾ ਹੈ । ISBN 978-81-237-5446-8

**32. ਵਿਅੰਗ ਸਿਰਜਣਾ** : ਕੇ. ਐਲ. ਗਰਗ (ਸੰਪਾਦਕ)

*ਮੂਲ ਪੰਜਾਬੀ* *ਸਫ਼ੇ : 150 ਕੀਮਤ : 50.00*

'ਵਿਅੰਗ ਸਿਰਜਣਾ' ਪੰਜਾਬੀ ਦੇ ਵਿਅੰਗ-ਸਾਹਿਤ ਵਿਚ ਇਕ ਨਿਵੇਕਲੀ ਪੁਸਤਕ ਹੈ । ਇਸ ਪੁਸਤਕ ਵਿਚ ਪੰਜਾਬੀ ਦੇ ਪ੍ਰਮੁੱਖ ਅਤੇ ਪ੍ਰਸਿੱਧ ਵਿਅੰਗਕਾਰਾਂ ਨੇ ਵਿਅੰਗ ਲਿਖਣ ਸਮੇਂ ਕੀਤੇ ਤਜਰਬੇ, ਅਪਣਾਈਆਂ ਸ਼ੈਲੀਆਂ ਅਤੇ ਸਨਮੁਖ ਆਈਆਂ ਔਕੜਾਂ ਦਾ ਸੁਹਿਰਦ ਬਿਆਨ ਪੇਸ਼ ਕੀਤਾ ਹੈ । ISBN 978-81-237-5428-4

**33. ਸ਼ਹੀਦੀ ਵਾਰਾਂ** : ਡਾ. ਗੁਰਚਰਨ ਸਿੰਘ ਔਲਖ

*ਮੂਲ ਪੰਜਾਬੀ* *ਸਫ਼ੇ : 112 ਕੀਮਤ : 60.00*

ਹਥਲੀ ਪੁਸਤਕ ਵਿਚ ਸ੍ਰੀ ਗੁਰੂ ਅਰਜਨ ਦੇਵ, ਸ੍ਰੀ ਗੁਰੂ ਤੇਗ ਬਹਾਦਰ, ਬੰਦਾ ਸਿੰਘ ਬਹਾਦਰ, ਭਾਈ ਤਾਰਾ ਸਿੰਘ 'ਵਾਂ', ਭਾਈ ਮਨੀ ਸਿੰਘ, ਬਾਬਾ ਬੋਤਾ ਸਿੰਘ, ਭਾਈ ਮਹਿਤਾਬ ਸਿੰਘ ਮੀਰਾਂਕੋਟ, ਭਾਈ ਸੁੱਖਾ ਸਿੰਘ ਮਾੜੀ ਕੰਬੋਕੀ, ਬਾਬਾ ਦੀਪ ਸਿੰਘ ਸ਼ਹੀਦ, ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ ਤੇ ਸ਼ਹੀਦ ਊਧਮ ਸਿੰਘ ਸੁਨਾਮ ਬਾਰੇ ਕੁਲ 12 ਵਾਰਾਂ ਪਉੜੀਆਂ ਦੇ ਰੂਪ ਵਿਚ ਬੈਂਤ ਛੰਦ ਵਿਚ ਰਚੀਆਂ ਗਈਆਂ ਹਨ । ਲਗਭਗ 5 ਸਦੀਆਂ ਦੇ ਪ੍ਰਮੁੱਖ ਨਾਇਕਾਂ ਨੂੰ 'ਵਾਰਾਂ' ਦੇ ਵਾਹਣ ਦੁਆਰਾ ਪੰਜਾਬੀ ਪਾਠਕਾਂ ਦੇ ਸਨਮੁੱਖ ਕਰਕੇ ਪਾਠਕਾਂ ਨੂੰ ਆਪਣੇ ਇਤਿਹਾਸ ਦੇ ਗੌਰਵ ਤੋਂ ਜਾਣੂ ਕਰਵਾਇਆ ਗਿਆ ਹੈ ।

ISBN 978-81-237-6292-0

**34. ਮਿਥ ਖ਼ਿਲਾਫ ਮਨੁੱਖ** : ਬੈਰੋਜ ਡਨਹੈਮ

*ਅਨੁਵਾਦ : ਡਾ. ਗੁਰਚਰਨ ਸਿੰਘ ਅਰਸ਼ੀ* *ਸਫ਼ੇ : 326 ਕੀਮਤ : 95.00*

ਇਸ ਪੁਸਤਕ ਦਾ ਪਹਿਲਾ ਸੰਸਕਰਣ ਲਿਟਲ, ਬ੍ਰਾਹਊਨ ਐਂਡ ਕੰਪਨੀ, ਬੋਸਟਨ ਵੱਲੋਂ 1947 ਵਿਚ ਛਾਪਿਆ ਗਿਆ ਸੀ । ਹਿਲ ਐਂਡ ਵੈਂਗ, ਨਿਊਯਾਰਕ ਵੱਲੋਂ ਇਸ ਨੂੰ 1962 ਵਿਚ ਦੁਬਾਰਾ ਛਾਪਿਆ ਗਿਆ ਸੀ । ਇਹ ਪੁਸਤਕ ਮਿੱਥ ਅਤੇ ਮਨੁੱਖ ਦੇ ਦਵੰਦਵਾਦੀ ਰਿਸ਼ਤੇ ਨੂੰ ਮਾਰਕਸ-ਵਾਦ ਦੇ ਪੈਂਤੜੇ ਤੋਂ ਸਮਝਣ ਦਾ ਇਕ ਯਤਨ ਹੈ ।

ISBN 978-81-237-5906-7

**35. 1857 ਬਾਰੇ ਨਹਿਰੂ ਅਤੇ ਆਜ਼ਾਦ**

*ਅਨੁਵਾਦ : ਡਾ. ਨਰੇਸ਼* *ਸਫ਼ੇ : 40 ਕੀਮਤ : 18.00*

ਇਸ ਪੁਸਤਕ ਵਿਚ ਦੋ ਅਹਿਮ ਭਾਸ਼ਣ ਸ਼ਾਮਲ ਹਨ ਜਿਨ੍ਹਾਂ ਵਿਚ ਪੰਡਤ ਜਵਾਹਰ ਲਾਲ ਨਹਿਰੂ ਅਤੇ ਅਬਦੁਲ ਕਲਾਮ ਆਜ਼ਾਦ ਦੇ 1857 ਦੇ ਗ਼ਦਰ ਬਾਰੇ ਵਿਚਾਰ ਪੇਸ਼ ਹਨ ।

ਇਹ ਪੁਸਤਕ 1857 ਦੇ ਗ਼ਦਰ ਦਾ ਇਤਿਹਾਸ ਸਾਂਭੀ ਬੈਠੀ ਹੈ ।

ISBN 81-237-5225-9

**36. ਜੰਗਨਾਮਾ ਸਿੰਘਾਂ ਤੇ ਫਿਰੰਗੀਆਂ** (ਮੂਲ ਪੰਜਾਬੀ) : ਸ਼ਾਹ ਮੁਹੰਮਦ

*ਡਾ ਰਤਨ ਸਿੰਘ ਜੱਗੀ (ਸੰਪਾਦਕ)* *ਸਫ਼ੇ : 96 ਕੀਮਤ : 50.00*

'ਜੰਗਨਾਮਾ ਸਿੰਘਾਂ ਤੇ ਫਿਰੰਗੀਆਂ' ਕੌਮੀ ਭਾਵਨਾ ਨਾਲ ਭਰਪੂਰ ਇਕ ਹਿਰਦੇ-ਵੇਧਕ ਰਚਨਾ ਹੈ, ਜਿਸ ਵਿਚ ਕਵੀ ਸ਼ਾਹ ਮੁਹੰਮਦ ਨੇ ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਤੋਂ ਬਾਅਦ ਲਾਹੌਰ ਦਰਬਾਰ ਦੀ ਖ਼ਾਨਾਜੰਗੀ, ਅੰਗ੍ਰੇਜ਼ਾਂ ਦੀ ਕੁਟਿਲ ਨੀਤੀ ਅਤੇ ਵਸਦੇ-ਰਸਦੇ ਪੰਜਾਬ ਦੀ ਖੁੱਸਦੀ ਆਜ਼ਾਦੀ ਉਤੇ ਕੀਰਨੇ ਪਾਏ ਹਨ ਅਤੇ ਨਿਰਾਸ਼ਾ ਦੇ ਘੁੱਪ ਹਨੇਰੇ ਵਿਚੋਂ ਵੀ ਦੇਸ਼-ਹਿਤੈਸ਼ੀ ਸੁਰ ਨੂੰ ਗੂੰਜਾਇਆ ਹੈ । ISBN 978-81-237-6583-9

**37. ਨਹਿਰੂ-ਪਟੇਲ ਅਸਹਿਮਤੀਆਂ ਵਿਚਕਾਰ ਸਹਿਮਤੀ** : ਚੋਣਵੇਂ ਦਸਤਾਵੇਜ਼ ਅਤੇ ਪੱਤਰ-ਵਿਹਾਰ 1933-1950 : ਨੀਰਜਾ ਸਿੰਘ (ਸੰਪਾਦਕ)

*ਅਨਵਾਦ : ਡਾ. ਨਰੇਸ਼* *ਸਫ਼ੇ : 356 ਕੀਮਤ : 140.00*

ਇਸ ਪੁਸਤਕ ਵਿਚ ਪਹਿਲੀ ਵਾਰੀ ਪੰਡਤ ਜਵਾਹਰ ਲਾਲ ਨਹਿਰੂ ਅਤੇ ਸਰਦਾਰ ਵੱਲਭ ਭਾਈ ਪਟੇਲ ਵਿਚਕਾਰ ਹੋਇਆ ਪੱਤਰ-ਵਿਹਾਰ ਪਾਠਕਾਂ ਦੇ ਸਾਮ੍ਹਣੇ ਆ ਰਿਹਾ ਹੈ । ਭਾਰਤ ਦੇ ਸੁਤੰਤਰਤਾ-ਸੰਗ੍ਰਾਮ ਦੌਰਾਨ ਉਨ੍ਹਾਂ ਵਿਚਕਾਰ ਹੋਇਆ ਇਹ ਸੰਵਾਦ ਉਸ ਸਮੇਂ ਦੇ ਅਨੇਕਾਂ ਮਹੱਤਵਪੂਰਨ ਵਿਸ਼ਿਆਂ ਨੂੰ ਛੋਂਹਦਾ ਹੈ । ISBN 978-81-237-6584-6

**38. ਬਾਜ਼ੀਗਰ ਕਬੀਲੇ ਦਾ ਸਭਿਆਚਾਰ** : ਡਾ. ਮੋਹਨ ਤਿਆਗੀ

*ਮੂਲ ਪੰਜਾਬੀ* *ਸਫ਼ੇ : 210 ਕੀਮਤ : 120.00*

ਵਿਸ਼ਵ ਭਰ ਵਿਚ ਪਿਛਲੇ ਕੁਝ ਸਮੇਂ ਤੋਂ 'ਟਰਾਈਬਲ ਸਟੱਡੀਜ਼' ਦਾ ਰੁਝਾਨ ਜ਼ੋਰ ਫੜਦਾ ਜਾ ਰਿਹਾ ਹੈ । 'ਬਾਜ਼ੀਗਰ ਕਬੀਲੇ ਦਾ ਸਭਿਆਚਾਰ' ਪੁਸਤਕ ਨੂੰ ਲੇਖਕ ਨੇ 30 ਅਧਿਆਏ ਵਿਚ ਰੱਖ ਕੇ ਵਿਚਾਰਿਆ ਹੈ । ਲੇਖਕ ਨੇ ਪੁਸਤਕ ਵਿਚ ਇਸ ਵਿਸ਼ੇ 'ਤੇ ਖੇਤਰੀ ਕਾਰਜ ਕਰਦਿਆਂ ਵਾਸਤਵਿਕ ਜਾਣਕਾਰੀ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ ਹੈ ।

ISBN 978-81-237-6745-1

**39. ਮੈਂ ਪਲ ਦੋ ਪਲ ਕਾ ਸ਼ਾਇਰ ਹੂੰ** (ਸਾਹਿਰ ਦੀ ਸ਼ਾਇਰੀ ਅਤੇ ਉਨ੍ਹਾਂ ਦੀ ਸ਼ਖ਼ਸੀਅਤ) ਸੰਪਾਦਕ ਅਮਰ ਵਰਮਾ

ਅਨੁਵਾਦ ਅਤੇ ਲਿਪੀਅੰਤਰਕਾਰ : *ਡਾ. ਬਲਦੇਵ ਸਿੰਘ 'ਬੱਦਨ'*

*ਸਫ਼ੇ : 196 ਕੀਮਤ : 155.00*

ਸਾਹਿਰ ਲੁਧਿਆਣਵੀ ਨੇ ਜਿੰਨੇ ਤਜਰਬੇ ਸ਼ਾਇਰੀ ਵਿਚ ਕੀਤੇ ਹਨ ਉਹ ਦੂਜਿਆਂ ਨੇ ਘਟ ਹੀ ਕੀਤੇ ਹਨ । ਇਸ ਪੁਸਤਕ ਵਿਚ ਸਾਹਿਰ ਲੁਧਿਆਣਵੀ ਦੇ ਜੀਵਨ ਤੇ ਰਚਨਾ ਬਾਰੇ 9 ਵਿਦਵਾਨਾਂ ਦੇ ਲੇਖ ਹਨ ਅਤੇ 89 ਨਜ਼ਮਾਂ, ਗੀਤ ਅਤੇ ਗ਼ਜ਼ਲਾਂ ਹਨ ।

ISBN 978-81-237-7027-7

**40. ਪੰਜਾਬ ਦੇ ਟੱਪਰੀਵਾਸ** : ਡਾ. ਬਲਦੇਵ ਸਿੰਘ 'ਬੱਦਨ' (ਸੰਪਾਦਕ)

*ਮੂਲ ਪੰਜਾਬੀ* *ਸਫ਼ੇ : 152 ਕੀਮਤ : 125.00*

ਭਾਰਤ ਕਬੀਲਿਆਂ ਦਾ ਦੇਸ਼ ਹੈ। ਪੰਜਾਬ ਦੇ ਟੱਪਰੀਵਾਸਾਂ ਦੇ ਜੀਵਨ ਅਤੇ ਸਭਿਆਚਾਰ ਸੰਬੰਧੀ ਅਜੇ ਬਹੁਤ ਕੁਝ ਲਿਖਿਆ ਜਾਣਾ ਬਾਕੀ ਹੈ। ਇਸ ਪੁਸਤਕ ਵਿਚ ਪੰਜਾਬੀ ਦੇ ਪ੍ਰਸਿੱਧ ਅੱਠ ਵਿਦਵਾਨਾਂ ਦੇ ਲੇਖ ਸ਼ਾਮਲ ਹਨ।

ISBN 978-81-237-7033-8

**41. ਪੰਜਾਬ ਦੇ ਖਾਨਾਬਦੋਸ਼ ਕਬੀਲੇ** : ਡਾ. ਮੋਹਨ ਤਿਆਗੀ

*ਮੂਲ ਪੰਜਾਬੀ* *ਸਫ਼ੇ : 252 ਕੀਮਤ : 200.00*

ਡਾ. ਮੋਹਨ ਤਿਆਗੀ ਪਿਛਲੇ ਕਈ ਸਾਲਾਂ ਤੋਂ ਕਬੀਲਿਆਂ ਸੰਬੰਧੀ ਅਧਿਐਨ ਦੇ ਖੇਤਰ ਵਿਚ ਕਾਰਜਸ਼ੀਲ ਹਨ। ਇਸ ਪੁਸਤਕ ਵਿਚ ਉਨ੍ਹਾਂ ਦੇ ਪੰਜਾਬ ਦੇ ਵੱਖ-ਵੱਖ ਕਬੀਲਿਆਂ 'ਤੇ ਅੱਠ ਖੋਜ ਭਰਪੂਰ ਲੇਖ ਸ਼ਾਮਲ ਕੀਤੇ ਹਨ। ISBN 978-81-237-7098-7

**42. ਭਾਰਤ ਦੀ ਆਜ਼ਾਦੀ ਵਿਚ ਪੰਜਾਬ ਦਾ ਹਿੱਸਾ** : ਜਰਨੈਲ ਸਿੰਘ ਅੱਚਰਵਾਲ

*ਮੂਲ ਪੰਜਾਬੀ* *ਸਫ਼ੇ : 224 ਕੀਮਤ : 175.00*

ਇਹ ਪੁਸਤਕ ਇਕ ਤਰ੍ਹਾਂ ਨਾਲ ਪੰਜਾਬ ਦੇ ਇਤਿਹਾਸ ਦਾ ਇਕ ਮਹੱਤਵਪੂਰਨ ਦਸਤਾ-ਵੇਜ਼ ਹੈ। ਲੇਖਕ ਨੇ ਆਜ਼ਾਦੀ ਸੰਗਰਾਮ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੀਆਂ ਲਹਿਰਾਂ ਅਤੇ ਨਾਇਕਾਂ ਦਾ ਵਿਸਥਾਰ ਨਾਲ ਵਰਣਨ ਕੀਤਾ ਹੈ। ਕੂਕਾ ਲਹਿਰ ਅਤੇ ਸ਼ਹੀਦ ਭਗਤ ਸਿੰਘ ਬਾਰੇ ਕਈ ਨਵੇਂ ਪੱਖਾਂ 'ਤੇ ਰੋਸ਼ਨੀ ਵੀ ਪਾਈ ਗਈ ਹੈ।

ISBN 978-81-237-7030-7

**43. ਭਾਈ ਵੀਰ ਸਿੰਘ ਦੀ ਚੋਣਵੀਂ ਕਵਿਤਾ** : ਡਾ. ਬਲਦੇਵ ਸਿੰਘ 'ਬੱਦਨ' (ਸੰਪਾਦਕ)

*ਮੂਲ ਪੰਜਾਬੀ* *ਸਫ਼ੇ : 284 ਕੀਮਤ : 00.00*

ਭਾਈ ਵੀਰ ਸਿੰਘ (5 ਦਸੰਬਰ 1872--10 ਜੂਨ 1957) ਨੂੰ ਆਧੁਨਿਕ ਪੰਜਾਬੀ ਸਾਹਿਤ ਦਾ ਮੋਢੀ ਅਤੇ ਪੰਜਾਬੀ ਕਵਿਤਾ ਦਾ ਪਿਤਾਮਾ ਕਿਹਾ ਜਾਂਦਾ ਹੈ। ਇਨ੍ਹਾਂ ਦੀ ਰਚਨਾ ਉਤੇ ਗੁਰਮਤਿ ਕਾਵਿ ਦਾ ਪ੍ਰਭਾਵ ਪ੍ਰਤੱਖ ਨਜ਼ਰ ਆਉਂਦਾ ਹੈ। ਇਸ ਦੇ ਬਾਵਜੂਦ ਅੱਜ ਵੀ ਭਾਈ ਵੀਰ ਸਿੰਘ ਦੀ ਕਾਵਿ ਪ੍ਰਸੰਗਿਕਤਾ ਬਣੀ ਹੋਈ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਭਾਈ ਵੀਰ ਸਿੰਘ ਸ਼ੁੱਧ ਮਾਨਵਵਾਦੀ ਕਵੀ ਸਨ। (ਛਪਾਈ ਅਧੀਨ)

**44. ਪ੍ਰੋ. ਪੂਰਨ ਸਿੰਘ ਦੀ ਚੋਣਵੀਂ ਕਵਿਤਾ**: ਡਾ. ਜਸਵਿੰਦਰ ਕੌਰ ਬਿੰਦਰਾ (ਸੰਪਾਦਕ)

*ਮੂਲ ਪੰਜਾਬੀ* *ਸਫ਼ੇ : 000 ਕੀਮਤ : 135.00*

ਪੁਸਤਕ ਦੇ ਸ਼ੁਰੂ 'ਚ ਲੇਖਿਕਾ ਨੇ 'ਪੂਰਨ ਸਿੰਘ ਕਾਵਿ : ਸੁਤੰਤਰ ਸੋਚ ਤੇ ਹੋਂਦ ਦਾ ਲਖਾਇਕ' ਸਿਰਲੇਖ ਹੇਠ 25 ਪੰਨਿਆਂ ਦੀ ਭੂਮਿਕਾ ਲਿਖੀ ਹੈ। ਇਹ ਪੁਸਤਕ ਪ੍ਰੋ. ਪੂਰਨ ਸਿੰਘ ਦੀਆਂ 59 ਕਵਿਤਾਵਾਂ ਦਾ ਸੰਗ੍ਰਹਿ ਹੈ। ISBN 978-81-237-7207-3

**45. ਗਾਂਧੀ--ਪਟੇਲ ਖ਼ਤ ਅਤੇ ਤਕਰੀਰਾਂ** : ਨੀਰਜਾ ਸਿੰਘ (ਸੰਪਾਦਕ)

*ਅਨੁਵਾਦ : ਡਾ. ਗੁਰਚਰਨ ਸਿੰਘ ਅਰਸ਼ੀ* *ਸਫ਼ੇ : 192 ਕੀਮਤ : 65.00*

ਸਰਦਾਰ ਵੱਲਭਭਾਈ ਪਟੇਲ ਅਤੇ ਮਹਾਤਮਾ ਗਾਂਧੀ ਵਿਚਕਾਰ ਸੰਬੰਧਾਂ ਨੂੰ ਅਕਸਰ ਜਟਿਲ ਰੂਪ ਵਿਚ ਚਿਤਰਿਆ ਗਿਆ ਹੈ। ਇਕ ਸੰਤੁਲਿਤ ਅਤੇ ਇਤਿਹਾਸਿਕ ਤੌਰ 'ਤੇ ਪ੍ਰਾਸੰਗਿਕ ਪਰਿਪੇਖ ਵਿਚ ਉਨ੍ਹਾਂ ਦੀ ਕੁਝ ਅਹਿਮ ਖ਼ਤੋ-ਕਿਤਾਬਤ ਦਾ ਇਹ ਸੰਗ੍ਰਹਿ ਨਾ ਸਿਰਫ਼ ਹਰੇਕ ਦੇ ਦੂਜੇ ਦੇ ਪ੍ਰਤੀ ਆਪਸੀ ਆਦਰ ਨੂੰ ਸਾਹਮਣੇ ਲਿਆਉਂਦਾ ਹੈ, ਸਗੋਂ ਨੀਤੀਆਂ ਅਤੇ ਦਾਉ-ਪੇਚਾਂ ਦੇ ਮਸਲਿਆਂ ਵਿਚ ਦੋਹਾਂ ਦੇ ਮਤ-ਭੇਦਾਂ ਨੂੰ ਵੀ ਉਘਾੜਦਾ ਹੈ। ਅਜਿਹਾ ਕਰਦਿਆਂ ਹੋਇਆਂ ਇਹ ਕਿਤਾਬ ਭਾਰਤ ਦੀ ਆਜ਼ਾਦੀ ਦੀ ਜੱਦੋਜਹਿਦ ਦੇ ਇਤਿਹਾਸ ਵਿਚ ਕੁਝ ਅਤਿ ਮਹੱਤਵਪੂਰਣ ਦੌਰਾਂ ਉਤੇ ਰੋਸ਼ਨੀ ਪਾਉਂਦੀ ਹੈ। ਪੁਸਤਕ ਅਹਿੰਸਾ, ਘੱਟ-ਗਿਣਤੀਆਂ, ਸਮਾਜਵਾਦ, ਕਸ਼ਮੀਰ ਮਸਲਾ, ਦੇਸ਼ ਵੰਡ, ਮੁਸਲਿਮ ਲੀਗ, ਰਿਆਸਤਾਂ/ਰਾਜਾਂ ਦਾ ਪੁਨਰ ਗਠਨ, ਜਿਨਾਹ, ਸੰਪ੍ਰਦਾਇਕ ਫ਼ਸਾਦ, ਸ਼ਰਨਾਰਥੀਆਂ ਦੀ ਸੰਭਾਲ ਆਦਿ ਕਿੰਨੇ ਹੀ ਮਸਲਿਆਂ ਉਤੇ ਗਾਂਧੀ ਅਤੇ ਪਟੇਲ ਦੀ ਟਕਰਾਵੀਂ ਸੋਚ ਦੀ ਤਸਵੀਰਕਸ਼ੀ ਕਰਦੀ ਹੈ।

ISBN 978-81-237-5789-6

**46. ਸੇਵਾ ਪੰਥ : ਸਾਧਨਾ ਅਤੇ ਸਾਹਿਤ** : ਡਾ. ਰਤਨ ਸਿੰਘ ਜੱਗੀ

*ਮੂਲ ਪੰਜਾਬੀ* *ਸਫ਼ੇ : 112 ਕੀਮਤ : 100.00*

ਵਿਦਵਾਨ ਲੇਖਕ ਨੇ ਪੁਸਤਕ ਨੂੰ ਅੱਠ ਅਧਿਆਏ 'ਚ ਵੰਡ ਕੇ ਵਿਚਾਰਿਆ ਹੈ : ਸੇਵਾ ਪੰਥ ਦਾ ਸਰੂਪ ਅਤੇ ਵਿਕਾਸ, ਪਰਚੀ ਸਾਹਿਤ, ਸਾਖੀ ਸਾਹਿਤ, ਜੀਵਨੀ/ਪ੍ਰਸੰਗ ਸਾਹਿਤ, ਬਚਨ/ਸੁਖਨ ਸਾਹਿਤ, ਟੀਕਾ/ਪਰਮਾਰਥ ਸਾਹਿਤ ਅਤੇ ਫੁਟਕਲ ਸਾਹਿਤ। ਫੁਟਕਲ ਸਾਹਿਤ ਵਿਚ ਵਾਰ ਅੰਮ੍ਰਿਤਸਰ ਕੀ, ਬਬੇਕਸਰ ਅਤੇ ਸ਼ੀਰੀਂ ਫ਼ਰਹਾਦ ਦਾ ਬਿਰਤਾਂਤ ਸ਼ਾਮਲ ਹੈ।

ISBN 978-81-237-7208-0

## ਸਾਧਾਰਣ ਵਿਗਿਆਨ ਪੁਸਤਕਮਾਲਾ

**1. ਨੈਨੋ ਟੈਕਨਾਲੋਜੀ (ਅਗਲੀ ਕ੍ਰਾਂਤੀ)** : ਮੋਹਨ ਸੁੰਦਰ ਰਾਜਨ

*ਅਨੁਵਾਦ : ਡਾ. ਕੁਲਦੀਪ ਸਿੰਘ ਧੀਰ* *ਸਫ਼ੇ : 200 ਕੀਮਤ : 130.00*

ਨੈਨੋ ਟੈਕਨਾਲੋਜੀ ਸਾਡੇ ਨਿਤਾ ਪ੍ਰਤੀ ਦੇ ਜੀਵਨ ਵਿਚ ਇਕ ਨਵੀਂ ਕ੍ਰਾਂਤੀ ਦੀ ਦਸਤਕ ਹੈ। ਇਲੈਕਟ੍ਰਾਨਿਕਸ, ਜੀਵ-ਵਿਗਿਆਨ, ਭੌਤਿਕ ਵਿਗਿਆਨ, ਪਦਾਰਥ ਵਿਗਿਆਨ ਅਤੇ ਇੰਜੀਨੀਅਰੀ ਦੇ ਖੇਤਰਾਂ ਵਿਚ ਇਸ ਦੀ ਵਰਤੋਂ ਨੇ ਹੈਰਾਨ ਕਰਨ ਵਾਲੀਆਂ ਸੰਭਾਵਨਾਵਾਂ ਤੋਂ ਪਰਿਚਿਤ ਕਰਵਾਇਆ ਹੈ। ਇਸ ਵਿਚ ਇਸ ਟੈਕਨਾਲੋਜੀ ਤੋਂ ਸਮਾਜ ਨੂੰ ਹੋਣ ਵਾਲੇ ਸੰਭਾਵਿਤ ਖ਼ਤਰਿਆਂ ਅਤੇ ਆਤੰਕਵਾਦੀਆਂ ਵੱਲੋਂ ਇਸ ਟੈਕਨਾਲੋਜੀ ਦੀ ਦੁਰਵਰਤੋਂ ਬਾਰੇ ਪ੍ਰਗਟ ਕੀਤੀ ਜਾ ਰਹੀ ਚਿੰਤਾ ਦੀ ਚਰਚਾ ਵੀ ਸ਼ਾਮਲ ਹੈ।

ISBN 978-81-237-6249-4

**2. ਪਦਾਰਥੀ ਕਰਿਸ਼ਮੇ** : ਬੀ.ਸੀ. ਸ਼ਰਮਾ

ਅਨੁਵਾਦ : *ਡਾ. ਧਰਮਪਾਲ ਸਾਹਿਲ* *ਸਫ਼ੇ : 130 ਕੀਮਤ : 100.00*

ਪ੍ਰਾਚੀਨ ਸਮੇਂ ਵਿੱਚ ਮਨੁੱਖ ਨੇ ਆਪਣੀ ਲੋੜ ਮੁਤਾਬਕ ਪਦਾਰਥ ਨੂੰ ਅਪਣਾਇਆ ਸੀ, ਪਰ ਅੱਜਕੱਲ੍ਹ ਉਹ ਆਪਣੀਆਂ ਲੋੜਾਂ ਦੀ ਪੂਰਤੀ ਲਈ ਪਦਾਰਥ ਨੂੰ ਵਿਕਸਿਤ ਕਰ ਸਕਦਾ ਹੈ। ਇਸ ਪੁਸਤਕ ਵਿਚੋਂ, ਧਾਤਾਂ, ਸਿਰਾਮਿਕਸ, ਪਲਾਸਟਿਕ ਅਤੇ ਉਨ੍ਹਾਂ ਨੂੰ ਮਿਲਾ ਕੇ ਬਣੇ ਸੰਸ਼ਲਿਸ਼ਟਾਂ ਨੂੰ ਆਪਣੇ ਹਿਤਾਂ ਲਈ ਵਰਤ ਕੇ ਤਿਆਰ ਕੀਤੇ ਗਏ ਕਰਿਸ਼ਮਾਈ ਪਦਾਰਥਾਂ ਦਾ ਵਰਨਣ ਕੀਤਾ ਗਿਆ ਹੈ।

ISBN 978-81-237-6754-3

**3. ਬੱਚੇ ਅਤੇ ਉਨ੍ਹਾਂ ਦੀ ਦੇਖਭਾਲ** : ਡਾ ਸੁਭਾਸ਼ ਆਰਿਆ

ਅਨੁਵਾਦ : *ਜਸਵੰਤ ਸਿੰਘ ਅਮਨ* *ਸਫ਼ੇ : 200 ਕੀਮਤ : 65.00*

ਇਹ ਪੁਸਤਕ  ਗਰਭ ਅਵਸਥਾ, ਬੱਚੇ ਦਾ ਜਨਮ ਅਤੇ ਬੱਚੇ ਦੇ ਕਿਸ਼ੋਰ ਅਵਸਥਾ ਤਕ ਪਹੁੰਚਣ ਦੇ ਦੌਰਾਨ ਵਿਭਿੰਨ ਹਾਲਤਾਂ ਬਾਰੇ ਪ੍ਰਮਾਣਿਕ ਜਾਣਕਾਰੀ ਦਾ ਦਸਤਾਵੇਜ਼ ਹੈ।

ISBN 978-81-237-5345-4

**4 ਭਲਕ ਦੀਆਂ ਹੋਈਆਂ ਬੀਤੀਆਂ** : ਬਾਲ ਫੋਂਡਕੇ (ਸੰਪਾਦਕ)

*(ਸਾਹਿਤ ਅਕਾਦਮੀ ਵੱਲੋਂ 'ਰਾਸ਼ਟਰੀ ਅਨੁਵਾਦ ਪੁਰਸਕਾਰ' ਪ੍ਰਾਪਤ ਪੁਸਤਕ)*

ਅਨੁਵਾਦ : *ਡਾ. ਕਰਨਜੀਤ ਸਿੰਘ* *ਸਫ਼ੇ : 264 ਕੀਮਤ : 51.00*

ਸੰਪਾਦਕ ਬਾਲ ਫੋਂਡਕੇ ਦੁਆਰਾ ਸੰਕਲਿਤ ਵਿਭਿੰਨ ਭਾਰਤੀ ਭਾਸ਼ਾਵਾਂ ਦੀਆਂ ਚੋਣਵੀਆਂ ਵਿਗਿਆਨ ਕਥਾਵਾਂ ਦਾ ਮੂਲ ਵਿਸ਼ਾ-ਵਸਤੂ ਮੁੱਖ ਤੌਰ 'ਤੇ ਮਾਨਵ-ਕੇਂਦ੍ਰਿਤ ਹੈ, ਜੋ ਵਿਗਿਆਨਕ ਉੱਨਤੀ ਅਤੇ ਮਾਨਵੀ ਸੰਵੇਦਨਾਵਾਂ ਅਤੇ ਸਮਾਜਿਕ ਸਿਧਾਂਤਾਂ ਦੇ ਪ੍ਰੇਰਕ ਪ੍ਰਭਾਵ ਨੂੰ ਦਰਸਾਉਂਦੀਆਂ ਹਨ। ISBN 81-237-1227-8

**5. ਸਾਡੇ ਜਲ-ਸੋਮੇ** : ਰਾਮਾ

ਅਨੁਵਾਦ : *ਬਲਜੀਤ 'ਬੱਲੀ'* *ਸਫ਼ੇ : 112 ਕੀਮਤ : 9.75*

ਭਾਰਤ ਦੇ ਜਲ-ਸਾਧਨਾਂ ਦਾ ਮੁੱਖ ਸੋਮਾ ਵਰਖਾ ਹੈ। ਵਰਖਾ ਅਮੁੱਲ ਹੈ ਪਰੰਤੂ ਸਮੇਂ ਤੇ ਸਥਾਨ ਅਨੁਸਾਰ ਇਸ ਦੀ ਵੰਡ ਬਰਾਬਰ ਨਹੀਂ ਹੈ। ਇਸ ਕਰਕੇ ਜਲ ਸਾਂਭਣ, ਇਕੱਠਾ ਕਰਨ ਅਤੇ ਉਸ ਨੂੰ ਸਹੀ ਥਾਂ 'ਤੇ ਭੇਜਣ ਲਈ ਵੱਡੀਆਂ ਯੋਜਨਾਵਾਂ ਦੀ ਜ਼ਰੂਰਤ ਪੈਂਦੀ ਹੈ।

**6. ਦਮਾ** : ਡਾ. ਐਮ.ਪੀ.ਐਸ. ਮੈਨਨ

ਅਨੁਵਾਦ : *ਡਾ. ਕੁਲਵੰਤ ਸਿੰਘ* *ਸਫ਼ੇ : 64 ਕੀਮਤ : 22.00*

ਦਮਾ, ਇਸ ਬਿਮਾਰੀ ਤੋਂ ਪ੍ਰਭਾਵਿਤ ਹਜ਼ਾਰਾਂ ਪੁਰਾਣੇ ਮਰੀਜ਼ਾਂ ਲਈ ਸੱਚਮੁਚ ਹੀ ਇਕ ਪਹੇਲੀ ਹੈ। ਇਹ ਛੋਟੀ ਜਿਹੀ ਪੁਸਤਕ ਮਰੀਜ਼ਾਂ ਨੂੰ ਲਾਭ ਪਹੁੰਚਾਣ ਦੇ ਪੱਖੋਂ ਹੀ ਲਿਖੀ ਗਈ ਹੈ ਤੇ ਮਰੀਜ਼ਾਂ ਵੱਲੋਂ ਬਹੁਤ ਸਾਰੇ ਪੁੱਛੇ ਜਾਣ ਵਾਲੇ ਸਵਾਲਾਂ ਦੇ ਜਵਾਬ ਪ੍ਰਮਾਣਿਕ ਰੂਪ ਵਿਚ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ISBN 81-237-6514-0

**7. ਮਿਰਗੀ** : ਐਮ.ਸੀ. ਮਹੇਸ਼ਵਰੀ

ਅਨੁਵਾਦ : *ਡਾ. ਜਸਵੰਤ ਕੌਰ ਗਿੱਲ* *ਸਫ਼ੇ : 76 ਕੀਮਤ : 25.00*

ਇਹ ਕਿਤਾਬ ਮੁੱਖ ਤੌਰ 'ਤੇ ਮਿਰਗੀ ਦੇ ਰੋਗੀਆਂ ਤੇ ਉਨ੍ਹਾਂ ਦੇ ਸੰਬੰਧੀਆਂ ਲਈ ਲਿਖੀ ਗਈ ਹੈ ਅਤੇ ਇਸ ਦਾ ਮਨੋਰਥ ਮਿਰਗੀ ਬਾਰੇ ਹਰ ਤਰ੍ਹਾਂ ਦੀ ਜ਼ਰੂਰੀ ਜਾਣਕਾਰੀ ਦੇਣਾ ਹੈ।

ISBN 81-237-0325-2

**8. ਕੁਝ ਆਮ ਬਿਮਾਰੀਆਂ** : ਅਨੀਲ ਅਗਰਵਾਲ

ਅਨੁਵਾਦ : *ਡਾ. ਜਸਵੰਤ ਕੌਰ ਗਿੱਲ* *ਸਫ਼ੇ : 88 ਕੀਮਤ : 35.00*

ਇਸ ਪੁਸਤਕ ਵਿਚ ਵਿਪਰੀਤੀਆਂ (ਅਲਰਜੀਸ), ਪਿੱਠ-ਪੀੜ, ਸਾਹ-ਨਲੀ ਦੀ ਸੋਜ, ਆਮ ਜ਼ੁਕਾਮ, ਗੁਲਾਬੀ ਅੱਖ, ਕਬਜ਼, ਸਿਰਦਰਦ, ਕੰਨੋੜੂ ਅਤੇ ਸਾਈਨੋਸਾਈਟਸ ਜਿਹੀਆਂ ਆਮ ਬਿਮਾਰੀਆਂ ਬਾਰੇ ਵਿਸਥਾਰ ਨਾਲ ਦਿੱਤੀ ਗਈ ਜਾਣਕਾਰੀ ਪੜ੍ਹਨ ਨੂੰ ਮਿਲਦੀ ਹੈ।

ISBN 81-237-1069-0

**9. ਰੋਬੋਟ ਅਤੇ ਰੋਬੋਟ ਵਿਗਿਆਨ** : ਐਮ.ਆਰ. ਚਿਦੰਮਬਰਾ

ਅਨੁਵਾਦ : *ਪਰਮਜੀਤ ਕੌਰ* *ਸਫ਼ੇ : 90 ਕੀਮਤ : 25.00*

ਐਮ.ਆਰ. ਚਿਦੰਮਬਰਾ ਨੇ ਬੜੀ ਹੀ ਮਹੱਤਵਪੂਰਣ ਜਾਣਕਾਰੀ ਦੇ ਕੇ ਰੋਬੋਟ ਵਰਗੀ ਮਸ਼ੀਨ ਦਿਓ ਨਾਲ ਸਾਡੀ ਜਾਣ-ਪਛਾਣ ਕਰਵਾਈ ਹੈ। ਪੁਸਤਕ ਦੇ ਛੇ ਅਧਿਆਇ ਹਨ : ਮੁਖਬੰਧ, ਰੋਬੋਟ ਤੇ ਰੋਬੋਟ-ਵਿਗਿਆਨ, ਰੋਬੋਟਾਂ ਦੀ ਵਰਤੋਂ, ਰੋਬੋਟਾਂ ਨੂੰ ਉਨ੍ਹਾਂ ਦਾ ਕੰਮ ਸਿਖਾਉਣਾ, ਰੋਬੋਟ ਨਿਯੰਤਰਣ ਅਤੇ ਅੰਤਿਕਾ। ISBN 81-237-1704-0

**10. ਸਾਡੀ ਖ਼ੁਰਾਕ** : ਕੇ.ਟੀ. ਅਚਾਇਆ

ਅਨੁਵਾਦ : *ਡਾ. ਉਜਾਗਰ ਸਿੰਘ* *ਸਫ਼ੇ : 112 ਕੀਮਤ : 24.00*

ਸੰਤੁਲਿਤ ਖ਼ੁਰਾਕ, ਸਾਡੀ ਪਾਚਨ-ਪ੍ਰਣਾਲੀ, ਭੋਜਨ ਦੇ ਵਿਸ਼ੇ ਬਾਰੇ ਕੁਝ ਉਚਿਤ ਅਤੇ ਅਣਉਚਿਤ ਧਾਰਨਾਵਾਂ, ਦੁੱਧ ਪੀਂਦੇ ਬੱਚਿਆਂ, ਗਰਭਵਤੀ ਅਤੇ ਦੁੱਧ ਚੁੰਘਾਉਣ ਵਾਲੀਆਂ ਔਰਤਾਂ ਦੀ ਖ਼ੁਰਾਕ, ਖਾਧ-ਪਦਾਰਥਾਂ ਦੀ ਸਹੀ ਵਰਤੋਂ, ਵਿਸ਼ੇਸ਼ ਖ਼ੁਰਾਕਾਂ, ਗੰਦਗੀ, ਸਫ਼ਾਈ ਅਤੇ ਖ਼ੁਰਾਕ ਦੇ ਇਹ ਕੁਝ ਦਿਲਚਸਪ ਪਹਿਲੂ ਹਨ ਜਿਨ੍ਹਾਂ ਦਾ ਲੇਖਕ ਨੇ ਪੁਸਤਕ ਵਿਚ ਵਿਵੇਚਨ ਕੀਤਾ ਹੈ। ISBN 81-237-0810-6

**11. ਬੁਢਾਪਾ** : ਕਾਲੂਰੀ ਸੁੱਬਾ ਰਾਓ

ਅਨੁਵਾਦ : *ਡਾ. ਜਸਵੰਤ ਕੌਰ ਗਿੱਲ* *ਸਫ਼ੇ : 70 ਕੀਮਤ : 25.00*

ਬੁਢਾਪੇ ਦੀ ਇਹ ਸਾਧਾਰਣ ਕਿਰਿਆ ਸਰੀਰਕ, ਮਾਨਸਿਕ ਅਤੇ ਸਮਾਜਿਕ ਗੁੰਝਲਦਾਰ ਪਰਸਪਰ ਕਿਰਿਆਵਾਂ ਸਦਕਾ ਹੁੰਦੀ ਹੈ। ਸਾਦੀ ਸਪੱਸ਼ਟ ਬੋਲੀ ਵਿਚ ਲਿਖੀ ਗਈ ਇਹ ਪੁਸਤਕ ਸੁਝਾਉਂਦੀ ਹੈ ਕਿ ਕਿਉਂ ਅਤੇ ਕਿਵੇਂ ਹਰ ਜੀਵ ਜਿਸ ਨੇ ਉਤਪਤੀ ਦਾ ਰਾਹ ਬਣਾਇਆ ਹੈ, ਉਸ ਨੇ ਆਪਣੀ ਉਤਪਤੀ ਕਿਰਿਆ ਮੁਕਾਉਣ ਮਗਰੋਂ ਜ਼ਰੂਰ ਮਰਨਾ ਹੈ।

ISBN 81-237-2013-0

**12. ਨਸ਼ੀਲੀਆਂ ਦਵਾਈਆਂ** : ਅਨੀਲ ਅਗਰਵਾਲ

ਅਨੁਵਾਦ : *ਡਾ. ਜਸਵੰਤ ਸਿੰਘ* *ਸਫ਼ੇ : 155 ਕੀਮਤ : 50.00*

ਇਸ ਪੁਸਤਕ ਵਿਚ ਵਿਦਵਾਨ ਲੇਖਕ ਨੇ ਨਸ਼ੀਲੀਆਂ ਦਵਾਈਆਂ ਦਾ ਇਤਿਹਾਸ ਦਰਸਾਉਂਦੇ ਹੋਏ ਵਿਭਿੰਨ ਨਸ਼ੀਲੇ ਪਦਾਰਥਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਹੈ । ਇਨ੍ਹਾਂ ਨਸ਼ੀਲੇ ਪਦਾਰਥਾਂ ਦੇ ਪੈਦਾਵਾਰੀ ਮੁਲਕਾਂ ਅਤੇ ਤਸਕਰੀ ਦੇ ਢੰਗ-ਤਰੀਕਿਆਂ ਬਾਰੇ ਵੀ ਸੂਖਮਤਾ ਸਹਿਤ ਦਰਸਾਇਆ ਗਿਆ ਹੈ । ISBN 81-237-2837-9

**13. ਦਿਲ ਦੇ ਰੋਗ ਅਤੇ ਆਮ ਆਦਮੀ** : ਐਸ. ਪਦਮਾਵਤੀ

ਅਨੁਵਾਦ : *ਡਾ. ਹਰਸ਼ਿੰਦਰ ਕੌਰ* *ਸਫ਼ੇ : 62 ਕੀਮਤ : 25.00*

ਇਸ ਪੁਸਤਕ ਵਿਚ ਪ੍ਰਸਿੱਧ ਡਾਕਟਰ ਐਸ. ਪਦਮਾਵਤੀ ਨੇ ਬਹੁਤ ਹੀ ਸਰਲ ਅਤੇ ਸਪਸ਼ਟ ਸ਼ਬਦਾਂ ਵਿਚ ਦਿਲ ਦੇ ਰੋਗਾਂ ਬਾਰੇ ਜਾਣੂ ਕਰਵਾਇਆ ਹੈ । ਦਿਲ ਦੀ ਬਣਤਰ ਬਾਰੇ ਦੱਸਦਿਆਂ ਅਰੋਗ ਦਿਲ ਦੀ ਸੰਰਚਨਾ ਅਤੇ ਉਸ ਦੀ ਕਿਰਿਆ ਬਾਰੇ ਬਹੁਤ ਹੀ ਸੂਖਮਤਾ ਸਹਿਤ ਬਿਆਨ ਕੀਤਾ ਗਿਆ ਹੈ । ISBN 81-237-2838-7

**14. ਕੈਂਸਰ** : ਐਸ. ਐਮ. ਬੋਸ

ਅਨੁਵਾਦ : *ਰਾਜਿੰਦਰ ਕੌਰ ਸਰਾਉ, ਗੁਰਦੀਪ ਕੌਰ* *ਸਫ਼ੇ : 96 ਕੀਮਤ : 55.00*

ਮਨੁੱਖ ਨੂੰ ਪ੍ਰਭਾਵਿਤ ਕਰਨ ਵਾਲੀਆਂ ਬਿਮਾਰੀਆਂ ਵਿਚ ਕੈਂਸਰ ਸਭ ਤੋਂ ਜ਼ਿਆਦਾ ਖ਼ਤਰਨਾਕ ਰੋਗ ਹੈ । ਕਿਤਾਬ ਆਮ ਲੋਕਾਂ ਨੂੰ ਸਿੱਖਿਆ ਦਿੰਦੀ ਹੈ ਕਿ ਰੋਗ ਦੀ ਪਹਿਚਾਣ ਤੋਂ ਬਾਅਦ ਤੁਰੰਤ ਇਲਾਜ ਸ਼ੁਰੂ ਕਰ ਦੇਣਾ ਚਾਹੀਦਾ ਹੈ । ISBN 978-81-237-4937-2

**15. ਸਾਹ ਲੈਣਾ ਜ਼ਹਿਰ ਪੀਣਾ** : ਐਨ. ਮਨੀਵਾਸਾਕਮ

ਅਨੁਵਾਦ : *ਡਾ. ਆਰ.ਕੇ. ਬਹਿਲ* *ਸਫ਼ੇ : 112 ਕੀਮਤ : 36.00*

ਕੋਈ ਵੀ ਆਦਮੀ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦਾ ਕਿ ਅੱਜ ਸਾਨੂੰ ਵਾਤਾਵਰਣ ਬਾਰੇ ਗੰਭੀਰ ਸੰਕਟ ਦਾ ਸਾਮ੍ਹਣਾ ਕਰਨਾ ਪੈ ਰਿਹਾ ਹੈ । ਅਸੀਂ ਖ਼ੁਦ ਹੀ ਧਰਤੀ, ਵਾਯੂਮੰਡਲ ਅਤੇ ਸਮੁੰਦਰਾਂ ਵਰਗੀਆਂ ਕੁਦਰਤੀ ਸ਼ਕਤੀਆਂ ਦੇ ਸੰਤੁਲਨ ਨੂੰ ਕੁਝ ਇਸ ਤਰ੍ਹਾਂ ਵਿਗਾੜ ਕੇ ਰੱਖ ਦਿੱਤਾ ਹੈ ਕਿ ਉਹ ਸਮੁੱਚੀ ਮਨੁੱਖਤਾ ਲਈ ਬਿਪਤਾਜਨਕ ਬਣ ਸਕਦਾ ਹੈ । ਆਮ ਪਾਠਕਾਂ ਅਤੇ ਵਿਦਿਆਰਥੀਆਂ ਲਈ ਲਿਖੀ ਗਈ ਇਹ ਪੁਸਤਕ ਜਾਣਕਾਰੀ ਪ੍ਰਦਾਨ ਕਰਦੀ ਹੈ ਕਿ ਅਸੀਂ ਆਪਣੀ ਰੱਖਿਆ ਲਈ ਆਪਣੇ ਵਾਤਾਵਰਣ ਨੂੰ ਕਿਵੇਂ ਬਣਾਉਣਾ ਹੈ ?

ISBN 81-237-1957-4

**16. ਈਜਾਦਕਾਰ** : ਜਿਨ੍ਹਾਂ ਨੇ ਸਾਡੇ ਜੀਵਨ ਵਿਚ ਅਹਿਮ ਪਰਿਵਰਤਨ ਲਿਆਂਦਾ

ਕੇ.ਵੀ. ਗੋਪਾਲਕ੍ਰਿਸ਼ਨਨ

ਅਨੁਵਾਦ : *ਡਾ. ਡੀ. ਪੀ. ਸਿੰਘ* *ਸਫ਼ੇ : 186 ਕੀਮਤ : 50.00*

ਇਸ ਕਿਤਾਬ ਵਿਚ ਕੁਝ ਕੁ ਮਹਾਨ ਈਜਾਦਾਕਾਰਾਂ ਦੇ ਜੀਵਨ ਨਾਲ ਸੰਬੰਧਿਤ ਜਾਣਕਾਰੀ ਦਿੱਤੀ ਗਈ ਹੈ । ਸਫ਼ਲਤਾ ਪ੍ਰਾਪਤ ਹੋਣ ਤੋਂ ਪਹਿਲਾਂ ਇਨ੍ਹਾਂ ਵਿਚੋਂ ਕਈ ਖੋਜੀਆਂ ਨੂੰ ਅਨੇਕਾਂ

ਰੁਕਾਵਟਾਂ, ਮੁਸ਼ਕਲਾਂ ਅਤੇ ਨਿਰਮਾਣ ਦਾ ਸਾਮ੍ਹਣਾ ਕਰਨਾ ਪਿਆ ।

**17. ਆਰਿਉਵੇਦ ਅਲੱਗ ਅਲੱਗ ਪੱਖ** : ਸ਼ਰਦਿਨੀ ਡਹਾਣੂਕਰ ਅਤੇ ਉਰਮਿਲਾ ਥੱਤੇ

ਅਨੁਵਾਦ : *ਗੁਲਵੰਤ 'ਫ਼ਾਰਿਗ'* *ਸਫ਼ੇ : 124 ਕੀਮਤ : 45.00*

ਆਰਿਉਵੇਦ ਨਾਂ ਤੋਂ ਲੰਮੇ ਵਾਲਾਂ ਅਜਿਹੇ ਰਿਸ਼ੀਆਂ-ਮੁਨੀਆਂ ਦੇ ਬਿੰਬ ਉਭਰ ਕੇ ਸਾਹਮਣੇ ਆਉਂਦੇ ਹਨ, ਜੋ ਜੜ੍ਹੀਆਂ-ਬੂਟੀਆਂ ਵਾਲੀ 'ਸਰਬ ਰੋਗ ਅਉਖਧ' ਔਸ਼ਧੀਆਂ ਵੰਡਦੇ ਹਨ । ਪੁਸਤਕ ਵਿਚ ਸਰਲ ਜੜ੍ਹੀ-ਬੂਟੀ ਇਲਾਜ ਵੀ ਸੁਝਾਏ ਗਏ ਹਨ ਜਿਨ੍ਹਾਂ ਨੂੰ ਬਾਲ-ਅਵਸਥਾ, ਬਾਲਗਪਨ ਅਤੇ ਬਿਰਧ-ਅਵਸਥਾ ਦੇ ਦੌਰਾਨ ਰੋਗਾਂ ਦਾ ਇਲਾਜ ਕਰਨ ਲਈ ਘਰਾਂ ਵਿਚ ਰੱਖਿਆ ਜਾ ਸਕਦਾ ਹੈ । ISBN 81-237-4133-2

**18. ਦਿਲ ਇੱਕ ਅਨਮੋਲ ਰਤਨ** : ਡਾ. ਜੇ.ਟੀ. ਭਾਟੀਆ

ਮੂਲ ਪੰਜਾਬੀ *ਸਫ਼ੇ : 140 ਕੀਮਤ : 120.00*

ਇਸ ਕਿਤਾਬ ਰਾਹੀਂ ਹਾਰਟ ਅਟੈਕ ਤੋਂ ਬਚਾਓ ਲਈ ਇਕ ਸਰਲ ਅਤੇ ਸੌਖਾ ਗਿਆਰ੍ਹਾਂ ਸੂਤਰੀ ਪ੍ਰੋਗਰਾਮ ਪੇਸ਼ ਕੀਤਾ ਗਿਆ ਹੈ ਜਿਹੜਾ ਕਿ ਦਿਲ ਦੇ ਦੌਰੇ ਦੇ ਸੱਪ ਦੇ ਉਭਰਦੇ ਫਨ ਨੂੰ ਨੀਵਾਂ ਕਰਕੇ ਉਸ ਨੂੰ ਮੁੜ ਖੁੱਡ ਵੱਲ ਮੁੜ ਜਾਣ ਲਈ ਮਜ਼ਬੂਰ ਕਰ ਸਕਦਾ ਹੈ । ਲੇਖਕ ਨੇ ਪੁਸਤਕ ਨੂੰ 45 ਅਧਿਆਇਆਂ ਅਧੀਨ ਰੱਖ ਕੇ ਵਿਚਾਰਿਆ ਹੈ ।

ISBN 978-81-237-7032-1

## ਭਾਰਤ – ਦੇਸ਼ ਤੇ ਲੋਕ

**1. ਹਿਮਾਚਲ ਪ੍ਰਦੇਸ਼** : ਹਰੀ ਕ੍ਰਿਸ਼ਨ ਮਿੱਟੂ

ਅਨੁਵਾਦ : *ਡਾ. ਕਰਨਜੀਤ ਸਿੰਘ* *ਸਫ਼ੇ : 120 ਕੀਮਤ : 50.00*

'ਦੇਵ-ਭੂਮੀ' ਕਹੇ ਜਾਣ ਵਾਲੇ ਹਿਮਾਚਲ ਪ੍ਰਦੇਸ਼ ਦੇ ਇਤਿਹਾਸ, ਸਮਾਜਿਕ ਅਤੇ ਸਾਂਸਕ੍ਰਿਤਿਕ ਜੀਵਨ ਅਤੇ ਆਰਥਿਕ ਵਿਕਾਸ ਦੇ ਬਹੁ-ਪੱਖਾਂ ਦੀ ਜਾਣਕਾਰੀ ਇਸ ਪੁਸਤਕ ਵਿਚ ਦਿੱਤੀ ਗਈ ਹੈ । ਪ੍ਰਾਕ੍ਰਿਤਕ ਝਾਕੀ, ਲੋਕ, ਇਤਿਹਾਸ, ਸਭਿਆਚਾਰਕ ਵਿਰਸਾ, ਮੇਲੇ ਤੇ ਤਿਉਹਾਰ, ਆਰਥਿਕ ਵਿਕਾਸ, ਸੈਰ-ਸਪਾਟਾ ਅਤੇ ਪ੍ਰਸ਼ਾਸਨ ਤੇ ਲੋਕ ਕਲਿਆਣ ਬਾਰੇ ਵੀ ਚਾਨਣਾ ਪਾਇਆ ਗਿਆ ਹੈ । ISBN 81-237-4183-9

**2. ਭਾਰਤ ਦੇ ਫਲ** : ਰਣਜੀਤ ਸਿੰਘ

ਅਨੁਵਾਦ : *ਗੁਲਵੰਤ 'ਫ਼ਾਰਿਗ'* *ਸਫ਼ੇ : 236 ਕੀਮਤ : 75.00*

ਇਹ ਪੁਸਤਕ ਭਾਰਤ ਵਿਚ ਉਗਾਏ ਜਾਣ ਵਾਲੇ ਵੱਖ-ਵੱਖ ਫਲਾਂ, ਉਨ੍ਹਾਂ ਦੀ ਬਹੁਲਤਾ ਵਾਲੇ ਖੇਤਰਾਂ, ਉਨ੍ਹਾਂ ਦੀ ਕਾਸ਼ਤ ਅਤੇ ਵਾਧੇ-ਵਿਕਾਸ ਨਾਲ ਸੰਬੰਧਿਤ ਵੱਖ-ਵੱਖ ਪੱਖਾਂ ਅਤੇ ਉਨ੍ਹਾਂ ਦੀ ਦੇਸ਼ ਅਤੇ ਵਿਦੇਸ਼ ਵਿਚ ਮੰਗ ਬਾਰੇ ਵਿਸਥਾਰ ਸਹਿਤ ਵਰਣਨ ਪੇਸ਼ ਕਰਦੀ ਹੈ ।

ISBN 81-237-4326-2

**3. ਭਾਰਤੀ ਰੰਗਮੰਚ :** ਅਦਿੱਯ ਰੰਗਾਚਾਰੀਆ

ਅਨੁਵਾਦ : *ਗੁਰਮੁਖ ਸਿਘ ਸਹਿਗਲ* ਸਫ਼ੇ : 204 ਕੀਮਤ : 27.00

ਭਾਰਤੀ ਰੰਗਮੰਚ ਨੂੰ ਵਿਕਾਸ ਦੌਰਾਨ ਕਿਨ੍ਹਾਂ ਪੜ੍ਹਾਵਾਂ ਵਿਚੋਂ ਲੰਘਣਾ ਪਿਆ, ਇਹ ਕਿਤਾਬ ਉਸ ਦੀ ਸਪੱਸ਼ਟ ਅਤੇ ਸ਼ਾਨਦਾਰ ਤਸਵੀਰ ਪੇਸ਼ ਕਰਦੀ ਹੈ। ਸ਼ਕਤੀਆਂ ਅਤੇ ਪ੍ਰਭਾਵ ਜਿਨ੍ਹਾਂ ਨੇ ਰੰਗਮੰਚ ਦੀ ਹੋਂਦ ਨੂੰ ਸੰਭਵ ਬਣਾਉਣ ਵਿਚ ਯੋਗਦਾਨ ਪਾਇਆ ਹੈ, ਦਾ ਵੀ ਵਿਸ਼ਲੇਸ਼ਣ ਕੀਤਾ ਗਿਆ ਹੈ।

**4. ਰੋਜ਼ਾਨਾ ਬਣਾਏ ਜਾਣ ਵਾਲੇ ਭਾਰਤੀ ਭੋਜ-ਪਦਾਰਥ :** ਕੇ.ਟੀ. ਅਚਾਇਆ

ਅਨੁਵਾਦ : *ਡਾ. ਜਸਵੰਤ ਕੌਰ ਗਿੱਲ* *ਸਫ਼ੇ : 200 ਕੀਮਤ : 23.50*

ਇਹ ਪੁਸਤਕ ਇਕ ਖ਼ਾਕਾ ਜਿਹਾ ਦੱਸਦੀ ਹੈ, ਦੋਵੇਂ ਤਰ੍ਹਾਂ ਦੇ ਘੇਰੇ ਵਿਚ ਆਉਂਦੇ ਸਾਰੇ ਭੋਜਨਾਂ ਦੀ ਕੈਮਿਸਟਰੀ, ਤਕਨਾਲੋਜੀ ਤੇ ਪੌਸ਼ਟਿਕ ਸਿਫ਼ਤਾਂ ਬਾਰੇ। ਇਸ ਵਿਚ ਸ਼ਾਮਲ ਹਨ ਮੁੱਢਲੇ ਭੋਜ ਪਦਾਰਥ ਜਿਵੇਂ ਚੌਲ, ਕਣਕ, ਦੁੱਧ ਤੇ ਬਨਸਪਤੀ ਤੇਲ, ਤੇ ਨਾਲ ਹੀ ਨਵੀਨਤਮ ਗੁੰਝਲਦਾਰ ਪ੍ਰਾਸੈਸ ਕੀਤੇ ਭੋਜਨ, ਜਿਨ੍ਹਾਂ ਦੇ ਕੁਝ ਗਿਣਵੇਂ ਨਾਂ ਹਨ—ਬ੍ਰੈਡ, ਬਿਸਕੁਟ, ਜੈਮ, ਅਚਾਰ, ਚਾਕਲੇਟ, ਪਾਪੜ, ਇਡਲੀ ਤੇ ਮਠਿਆਈ।

**5. ਸਾਡੀ ਸੰਸਦ :** ਸੁਭਾਸ਼ ਸੀ. ਕੱਸ਼ਯਪ

ਅਨੁਵਾਦ : *ਡਾ. ਕੁਲਬੀਰ ਸਿੰਘ ਕਾਂਗ* *ਸਫ਼ੇ : 232 ਕੀਮਤ : 36.00*

ਲੇਖਕ ਨੇ ਪੁਸਤਕ ਨੂੰ ਪੰਦਰਾਂ ਕਾਂਡਾਂ ਵਿਚ ਵੰਡਿਆ ਹੈ। ਸੰਸਦ ਦਾ ਇਤਿਹਾਸ, ਸੰਸਦ ਦਾ ਬਜਟ, ਵਿਧਾਨਿਕ ਪ੍ਰਕ੍ਰਿਆ, ਸੰਸਦੀ ਕਮੇਟੀਆਂ, ਸੰਸਦੀ ਸਲੀਕਾ, ਸੰਸਦ ਦੇ ਵਿਸ਼ੇਸ਼ ਅਧਿਕਾਰ, ਸੰਸਦ ਦੀਆਂ ਸੇਵਾਵਾਂ ਅਤੇ ਅੰਤਰ-ਸੰਸਦੀ ਸੰਬੰਧ ਆਦਿ। ਇਨ੍ਹਾਂ ਕਾਂਡਾਂ ਦਾ ਅਧਿਐਨ ਆਪਣੇ ਆਪ ਵਿਚ ਰੌਚਕ ਵੀ ਹੈ, ਸੂਚਨਾਦਾਇਕ ਅਤੇ ਜਾਣਕਾਰੀ ਭਰਪੂਰ ਵੀ।

**6. ਜਾਣੇ-ਪਛਾਣੇ ਰੁੱਖ :** ਡਾ. ਐਚ. ਸਾਂਤਾਪੌਅ

ਅਨੁਵਾਦ : *ਗੁਲਵੰਤ 'ਫ਼ਾਰਿਗ'* *ਸਫ਼ੇ : 164 ਕੀਮਤ : 31.00*

ਇਸ ਪੁਸਤਕ ਵਿਚ ਲੇਖਕ ਨੇ 30 ਰੁੱਖਾਂ ਦਾ ਜ਼ਿਕਰ ਕੀਤਾ ਹੈ। ਇਨ੍ਹਾਂ ਰੁੱਖਾਂ ਦੀ ਵਿਗਿਆਨਕ ਅਹਿਮੀਅਤ, ਨਾਂ ਅਤੇ ਕੱਦ-ਕਾਠ, ਨਸਲ ਅਤੇ ਮੁੱਢਲੇ ਦੇਸ਼ਾਂ ਦੇ ਵਰਣਨ ਆਦਿ ਨੂੰ ਖ਼ੂਬ ਉਜਾਗਰ ਕੀਤਾ ਹੈ। ISBN 81-237-1207-3

**7. ਦੱਖਣੀ ਭਾਰਤ ਦੇ ਮੰਦਰ :** ਕੇ.ਆਰ. ਸਿਰੀਨਿਵਾਸਨ

ਅਨੁਵਾਦ : *ਡਾ. ਅਜੀਤ ਸਿੰਘ* *ਸਫ਼ੇ : 192 ਕੀਮਤ : 44.00*

ਇਸ ਪੁਸਤਕ ਵਿਚ ਦੱਖਣੀ ਭਾਰਤ ਦੇ ਸੁਰੱਖਿਅਤ ਮੰਦਰਾਂ ਦੀ ਕਾਲ-ਕ੍ਰਮ ਅਨੁਸਾਰ ਅਖੰਡ ਲੜੀ ਦੀ ਵਿਸਤ੍ਰਿਤ ਤਸਵੀਰ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਇਹ ਯਤਨ ਸਮੇਂ ਦੇ ਵਿਸ਼ਾਲ ਦੌਰ ਅਤੇ ਵਿਸ਼ਾਲ ਖੇਤਰ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੋਇਆ ਖੇਤਰੀ ਮੁਹਾਵਰੇ ਤੇ ਪਰਿਵਰਤਨਾਂ ਅਤੇ ਅਨੁਭਵੀ ਵਿਕਾਸਗਤ ਝੁਕਾਵਾਂ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ।

**8. ਰਾਜਸਥਾਨ** : ਧਰਮਪਾਲ

ਅਨੁਵਾਦ : *ਸੋਹਨ ਸਿੰਘ* *ਸਫ਼ੇ : 236 ਕੀਮਤ : 12.25*

ਰਾਜਸਥਾਨ ਦੇ ਲੋਕ-ਜੀਵਨ, ਸਮੂਹਿਕ ਵਿਕਾਸ ਅਤੇ ਅਤੀਤ ਨੂੰ ਇਸ ਪੁਸਤਕ ਵਿਚ ਬਹੁਤ ਹੀ ਰੌਚਕ ਸ਼ੈਲੀ ਵਿਚ ਪੇਸ਼ ਕੀਤਾ ਗਿਆ ਹੈ ।

**9. ਬਾਗ਼-ਬਗ਼ੀਚੇ** : ਲਾਇਕ ਫ਼ਤਹਿ ਅਲੀ

ਅਨੁਵਾਦ : *ਗੁਲਵੰਤ 'ਫ਼ਾਰਿਗ਼'* *ਸਫ਼ੇ : 120 ਕੀਮਤ : 39.00*

ਬਾਗ਼ਬਾਨੀ ਬਾਰੇ ਪ੍ਰਮਾਣਿਤ ਪੁਸਤਕਾਂ, ਭਾਰਤ ਵਿਚ ਸਾਰਵਜਨਿਕ ਜ਼ਮੀਨਾਂ ਦੀ ਰੂਪ-ਰੇਖਾ ਤਿਆਰ ਕਰਨ ਅਤੇ ਉਨ੍ਹਾਂ ਦੇ ਰੱਖ-ਰਖਾਅ ਲਈ ਜ਼ਿੰਮੇਵਾਰ ਲੋਕਾਂ ਨੂੰ ਪੇਸ਼ ਆਉਣ ਵਾਲੀਆਂ ਬਹੁ-ਪੱਖੀ ਸਮੱਸਿਆਵਾਂ ਦਾ ਵਰਣਨ ਨਹੀਂ ਕਰਦੀਆਂ । ਪੁਸਤਕ ਵਿਚ ਇਕ ਘਰੇਲੂ ਬਾਗ਼ਬਾਨ ਵਾਸਤੇ ਵੀ ਉਪਯੋਗੀ ਜਾਣਕਾਰੀ ਦਿੱਤੀ ਗਈ ਹੈ ।

**10. ਬਗ਼ੀਚੇ ਦੇ ਫੁੱਲ** : ਡਾ. ਵਿਸ਼ਨੂੰ ਸਵਰੂਪ

ਅਨੁਵਾਦ : *ਗੁਲਵੰਤ 'ਫ਼ਾਰਿਗ਼'* *ਸਫ਼ੇ : 236 ਕੀਮਤ : 10.00*

ਪੁਸਤਕ ਦਾ ਮੁੱਖ ਮਨੋਰਥ ਫੁੱਲਾਂ ਦੀ ਕਾਸ਼ਤ ਕਰਨ ਵਾਲਿਆਂ ਨੂੰ, ਖ਼ਾਸ ਤੌਰ 'ਤੇ ਸ਼ੌਕੀਆ ਫੁੱਲ ਉਗਾਉਣ ਵਾਲਿਆਂ ਨੂੰ, ਬਾਗ਼ਾਂ ਵਿਚ ਉਗਾਏ ਜਾਣ ਵਾਲੇ ਵਿਭਿੰਨ ਪ੍ਰਕਾਰ ਦੇ ਫੁੱਲਾਂ, ਬਾਗ਼ਾਂ ਵਿਚ ਉਨ੍ਹਾਂ ਦੀ ਵਰਤੋਂ ਅਤੇ ਉਨ੍ਹਾਂ ਦੀ ਖੇਤੀ ਦੇ ਢੰਗਾਂ ਬਾਰੇ ਵਾਕਫ਼ੀ ਦੇਣਾ ਹੈ ।

**11. ਸਾਡੀ ਨਿਆਂ-ਪਾਲਿਕਾ** : ਬਾਲਮੁਕੰਦ ਅਗਰਵਾਲ

ਅਨੁਵਾਦ : *ਓਮ ਪ੍ਰਕਾਸ਼ ਆਨੰਦ* *ਸਫ਼ੇ : 173 ਕੀਮਤ : 40.00*

ਭਾਰਤ ਵਿਚ ਨਿਆਂ-ਪ੍ਰਬੰਧ ਦਾ ਇਤਿਹਾਸ ਅਤੇ ਦੇਸ਼ ਦੀ ਵਰਤਮਾਨ ਨਿਆਂ ਪ੍ਰਕ੍ਰਿਆ ਦਾ ਸਰਲ ਭਾਸ਼ਾ ਵਿਚ ਵਿਵਰਣ ਪੁਸਤਕ ਵਿਚ ਅੰਕਿਤ ਹੈ । ISBN 81-2237-2489-6

**12. ਭਾਰਤੀ ਚਿੱਤਰਕਲਾ** : ਐਸ. ਸ਼ਿਵਾ ਰਾਮਾਮੂਰਤੀ

ਅਨੁਵਾਦ : *ਹਰਬੰਸ ਵਿਚ 'ਆਰਟਿਸਟ'* *ਸਫ਼ੇ : 120 ਕੀਮਤ : 45.00*

ਇਸ ਪੁਸਤਕ ਵਿਚ ਭਾਰਤ ਦੀ ਚਿੱਤਰਕਲਾ ਦੇ ਪੜਾਅ ਵਿਚ ਵਿਕਾਸ ਦੀ ਗੱਲ ਕਰਦਿਆਂ ਅਜੋਕੀ ਚਿੱਤਰਕਲਾ ਬਾਰੇ ਵੀ ਲੇਖਕ ਨੇ ਸਾਰਥਕ ਵਿਚਾਰ ਪੇਸ਼ ਕੀਤੇ ਹਨ ।

ISBN 81-237-3370-4

**13. ਦਵਾਈਆਂ ਵਾਲੇ ਪੌਦੇ** : ਸੁਧਾਂਸ਼ੂ ਕੁਮਾਰ ਜੈਨ

ਅਨੁਵਾਦ : *ਡਾ. ਗਿਆਨ ਸਿੰਘ* *ਸਫ਼ੇ : 196 ਕੀਮਤ : 130.00*

ਭਾਵੇਂ ਸਵਦੇਸ਼ੀ ਬੂਟੀਆਂ ਦੇ ਔਸ਼ਧੀ ਗੁਣਾਂ ਦੇ ਹਵਾਲੇ ਪੁਰਾਤਨ ਭਾਰਤੀ ਗ੍ਰੰਥਾਂ ਵਿਚ ਅਤੇ ਸਾਡੇ ਦੇਸ਼ ਵਿਚ ਪ੍ਰਚੱਲਿਤ ਲੋਕ-ਸਾਹਿਤ ਵਿਚ ਭਰੇ ਪਏ ਹਨ ਪਰ ਇਸ ਵਿਸ਼ੇ ਉਪਰ ਵਿਗਿਆਨਕ ਅਤੇ ਸਿਲਸਿਲੇਵਾਰ ਯਤਨ ਨਹੀਂ ਹੋਇਆ ਤਾਂ ਜੋ ਕਹਾਣੀਆਂ ਨੂੰ ਤੱਥਾਂ ਤੋਂ ਅਲੱਗ ਕਰਕੇ ਦੇਖਿਆ ਜਾ ਸਕੇ । ISBN 978-81-237-3379-1

**14. ਭਾਰਤ ਦੇ ਆਮ ਸੱਪ** : ਰੋਮੂਲਸ ਵਿਹਟੇਕਰ

ਅਨੁਵਾਦ : *ਡਾ. ਜਗਤਾਰ* *ਸਫ਼ੇ : 150 ਕੀਮਤ : 55.00*

ਇਸ ਪੁਸਤਕ ਵਿਚ ਭਾਰਤ ਵਿਚ ਮਿਲਦੀਆਂ ਸੱਪਾਂ ਦੀਆਂ 30 ਪ੍ਰਤੀਨਿਧ ਕਿਸਮਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਪੁਸਤਕ ਵਿਚ ਸੱਪਾਂ ਦੇ ਚਿੱਤਰਾਂ, ਉਨ੍ਹਾਂ ਦੀ ਵਿਆਖਿਆ, ਉਨ੍ਹਾਂ ਦੇ ਸੁਭਾਅ ਅਤੇ ਵਾਤਾਵਰਣ ਤੇ ਵਿਗਿਆਨਕ ਜਾਣਕਾਰੀ ਦੇਣ ਦਾ ਯਤਨ ਕੀਤਾ ਗਿਆ ਹੈ।

ISBN 81-237-3433-6

**15. ਸਾਡੇ ਪੰਛੀ** : ਸਲੀਮ ਅਲੀ ਅਤੇ ਲਾਇਕ ਫ਼ਤਹਿ ਅਲੀ

ਅਨੁਵਾਦ : *ਗੁਰਬਖ਼ਸ਼ ਸਿੰਘ 'ਸੋਚ'* *ਸਫ਼ੇ : 414 ਕੀਮਤ : 20.00*

ਇਸ ਪੁਸਤਕ ਵਿਚ ਪੰਛੀਆਂ ਬਾਰੇ ਵਿਸਤਾਰ ਸਹਿਤ ਜਾਣਕਾਰੀ ਉਪਲਬਧ ਹੈ। ਇਸ ਪੁਸਤਕ ਵਿਚ ਲੇਖਕ ਨੇ ਜਿਥੇ ਪੰਛੀ ਵਿਗਿਆਨ ਅਤੇ ਪੰਛੀ ਨਿਰੀਖਣ ਬਾਰੇ ਵਿਸਤਾਰ ਨਾਲ ਚਰਚਾ ਕੀਤੀ ਹੈ ਉਥੇ ਪੰਛੀਆਂ ਦੇ ਪੁਨਰ-ਉਤਪਾਦਨ, ਪ੍ਰਵਾਸ ਅਤੇ ਪੰਛੀਆਂ ਦੇ ਨਿਰੂਪਣ ਆਦਿ ਵਿਸ਼ਿਆਂ ਬਾਰੇ ਵੀ ਜਾਣਕਾਰੀ ਦਿੱਤੀ ਹੈ।

**16. ਭਾਰਤ ਦਾ ਕੌਮੀ ਸਭਿਆਚਾਰ** : ਐਸ. ਆਬਿਦ ਹੁਸੈਨ

ਅਨੁਵਾਦ : *ਡਾ. ਗੁਰਬਖਸ਼ ਸਿੰਘ ਫਰੈਂਕ* *ਸਫ਼ੇ : 210 ਕੀਮਤ : 28.00*

ਇਹ ਪੁਸਤਕ ਇਸ ਸਿਧਾਂਤ ਦੀ ਵਿਦਵਤਾ ਭਰਪੂਰ ਵਿਆਖਿਆ ਹੈ ਕਿ ਭਾਰਤ ਵਿਚ ਜ਼ਿੰਦਗੀ ਦੇ ਹਰ ਖੇਤਰ ਵਿਚ ਭਾਰੀ ਵੰਨ-ਸੁਵੰਨਤਾ ਦੇ ਹੁੰਦਿਆਂ ਵੀ, ਇਸ ਦੇ ਵਿਚ ਏਕਤਾ ਮੌਜੂਦ ਹੈ।

## ਨੌਜਵਾਨ ਭਾਰਤ ਪੁਸਤਕਮਾਲਾ

**1. ਭਾਰਤ ਦੇ ਆਜ਼ਾਦੀ ਸੰਗਰਾਮ ਵਿਚ ਕ੍ਰਾਂਤੀਕਾਰੀਆਂ ਦਾ ਯੋਗਦਾਨ** : ਹੀਰੇਨ ਗੋਹਾਈਂ

*ਅਨੁਵਾਦ : ਨਰਿੰਜਨ ਸਿੰਘ ਸਾਥੀ* *ਸਫ਼ੇ : 120 ਕੀਮਤ : 60.00*

ਇਸ ਪੁਸਤਕ ਵਿਚ ਕ੍ਰਾਂਤੀਕਾਰੀ ਲਹਿਰ ਦੇ ਰੁਝਾਨਾਂ ਦਾ ਰਾਸ਼ਟਰੀ ਚੇਤਨਾ ਦੇ ਤਿੰਨ ਪੜਾਵਾਂ ਵਿਚ ਵਿਸ਼ਲੇਸ਼ਣ ਕੀਤਾ ਹੈ। ਕ੍ਰਾਂਤੀਵਾਦ ਦੀ ਪ੍ਰਗਤੀ ਵਿਚ ਵੀ ਤਿੰਨ ਰੁਝਾਨ ਅਤੇ ਤਿੰਨ ਪੜਾਅ ਸਪੱਸ਼ਟ ਦਿਖਾਈ ਦਿੰਦੇ ਹਨ। ISBN 978-81-237-6580-8

**2. ਆਜ਼ਾਦ ਹਿੰਦ ਫ਼ੌਜ ਦੀ ਵਾਰਤਾ** : ਐਸ.ਏ. ਆਇਰ

ਅਨੁਵਾਦ : *ਅਮਰ ਸਿੰਘ* *ਸਫ਼ੇ : 128 ਕੀਮਤ : 16.00*

ਇਹ ਪੁਸਤਕ ਆਜ਼ਾਦ ਹਿੰਦ ਫ਼ੌਜ ਦੀ ਸਥਾਪਨਾ ਤੋਂ ਲੈ ਕੇ ਇਸ ਦੇ ਸਮੁੱਚੇ ਕਾਰਨਾਮਿਆਂ ਦੀ ਕਹਾਣੀ ਹੈ। ਇਸ ਪੁਸਤਕ ਵਿਚ ਸੁਭਾਸ਼ ਚੰਦਰ ਬੋਸ ਦੇ ਜੀਵਨ, ਉਨ੍ਹਾਂ ਦੇ ਰਾਜਸੀ ਮੈਦਾਨ ਵਿਚ ਕੁੱਦਣ, ਰਾਸ਼ਟਰੀ ਨੇਤਾ ਵਜੋਂ ਉਭਰਨ, ਪਹਿਲੀ ਆਜ਼ਾਦ ਹਿੰਦ ਫ਼ੌਜ,

ਸੰਕਟ ਅਤੇ ਆਜ਼ਾਦ ਹਿੰਦ ਵਿਚ ਫ਼ੌਜ ਦਾ ਟੁੱਟਣਾ, ਨੇਤਾ ਜੀ ਦੀ ਤੂਫ਼ਾਨੀ ਰਹਿਨੁਮਾਈ ਆਦਿ ਵਿਸ਼ਿਆਂ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ ਹੈ ।

**3. ਕਲਮੀ ਚਿੱਤਰ ਤੇ ਸ਼ਰਧਾਂਜਲੀਆਂ** : ਮਹਾਤਮਾ ਗਾਂਧੀ

ਅਨੁਵਾਦ : *ਪਿਆਰਾ ਸਿੰਘ ਸਹਿਰਾਈ* *ਸਫ਼ੇ : 164 ਕੀਮਤ : 21.00*

ਇਸ ਪੁਸਤਕ ਵਿਚ ਗਾਂਧੀ ਜੀ ਦੀ ਕਲਮ ਤੋਂ ਕੁਝ ਉਨ੍ਹਾਂ ਲੋਕਾਂ, ਮਰਦਾਂ ਤੇ ਇਸਤ੍ਰੀਆਂ ਦੇ ਰੇਖਾ-ਚਿੱਤਰ ਦਿੱਤੇ ਗਏ ਹਨ ਜਿਨ੍ਹਾਂ ਵਿਚੋਂ ਕਈਆਂ ਨਾਲ ਉਹ ਨੇੜਿਉਂ ਸੰਪਰਕ ਵਿਚ ਆਏ ਜਾਂ ਉਨ੍ਹਾਂ ਨਾਲ ਚਿੱਠੀ-ਪੱਤਰ ਕੀਤਾ ।

**4. ਭਾਰਤੀ ਸਮਾਜ** : ਸ਼ਿਆਮ ਚਰਣ ਦੂਬੇ

ਅਨੁਵਾਦ : *ਗੁਰਚਰਨ ਸਿੰਘ ਅਰਸ਼ੀ* *ਸਫ਼ੇ : 210 ਕੀਮਤ : 28.00*

ਭਾਰਤ ਦੇ ਸਮਾਜਿਕ ਆਪੇ ਬਾਰੇ ਆਲੋਚਨਾਤਮਕ ਜਾਗਰੂਕਤਾ ਪੈਦਾ ਕਰਨ ਦੇ ਆਸ਼ੇ ਨਾਲ ਰਚੀ ਇਸ ਪੁਸਤਕ ਦੇ ਅੱਠ ਅਧਿਆਏ ਹਨ । ਆਧਾਰ ਸਮੱਗਰੀ ਤੇ ਵਿਆਖਿਆਵਾਂ ਲਈ ਲੇਖਕ ਨੇ ਇਤਿਹਾਸ, ਭਾਰਤ-ਬੋਧ (ਇੰਡੋਲੋਜੀ), ਮਾਨਵ-ਵਿਗਿਆਨ ਤੇ ਸਮਾਜ-ਵਿਗਿਆਨ ਆਦਿ ਸੋਮਿਆਂ ਤੋਂ ਸਹਾਇਤਾ ਪ੍ਰਾਪਤ ਕੀਤੀ ਹੈ ਕਿਉਂਕਿ ਉਸ ਦੇ ਵਿਸ਼ਵਾਸ ਅਨੁਸਾਰ ਇਨ੍ਹਾਂ ਅਨੁਸ਼ਾਸਨਾਂ ਦੁਆਰਾ ਪ੍ਰਦਾਨ ਕੀਤੀਆਂ ਗਈਆਂ ਅੰਤਰ-ਦ੍ਰਿਸ਼ਟੀਆਂ ਭਾਰਤ ਦੀਆਂ ਸਮਾਜਿਕ ਅਸਲੀਅਤਾਂ ਉਤੇ ਰੋਸ਼ਨੀ ਪਾਉਣ ਲਈ ਲਾਜ਼ਮੀ ਹਨ ।

ISBN 81-237-0157-8

**5. ਆਜ਼ਾਦੀ ਦੇ ਮੁਕੱਦਮੇ** : ਬੀ.ਆਰ. ਅਗਰਵਾਲ

ਅਨੁਵਾਦ : *ਡਾ. ਨਰੇਸ਼* *ਸਫ਼ੇ : 200 ਕੀਮਤ : 41.00*

ਬ੍ਰਿਟਿਸ਼ ਰਾਜ ਦੌਰਾਨ ਚਲਾਏ ਗਏ ਇਹ ਮੁਕੱਦਮੇ ਭਾਰਤੀ ਸੁਤੰਤਰਤਾ ਸੰਗਰਾਮ ਦੇ 90 ਸਾਲਾਂ (1858-1946) ਦੇ ਇਤਿਹਾਸ ਦੀ ਕਹਾਣੀ ਕਹਿ ਰਹੇ ਹਨ । ਇਸ ਪੁਸਤਕ ਵਿਚ ਸਮੁੱਚੇ ਦੇਸ਼ ਦੇ ਪ੍ਰਮੁੱਖ ਦੇਸ਼ ਭਗਤਾਂ 'ਤੇ ਚਲਾਏ ਗਏ ਮੁਕੱਦਮਿਆਂ ਦੀ ਪ੍ਰਮਾਣਿਕ ਜਾਣਕਾਰੀ ਦਿੱਤੀ ਗਈ ਹੈ । ਇਨ੍ਹਾਂ ਮੁਕੱਦਮਿਆਂ ਤੋਂ ਤਤਕਾਲੀ ਸਮਾਜਿਕ, ਰਾਜਨੀਤਕ ਅਤੇ ਸੰਵਿਧਾਨਕ ਪ੍ਰਸਥਿਤੀਆਂ ਦੀ ਵੀ ਜਾਣਕਾਰੀ ਮਿਲੇਗੀ ਜਿਨ੍ਹਾਂ ਨੂੰ ਜਾਣਨਾ ਆਪਣੇ ਨਾਲ ਹੋਈ ਇਤਿਹਾਸਕ ਬੇ-ਇਨਸਾਫ਼ੀ ਨੂੰ ਜਾਣਨ ਦੇ ਬਰਾਬਰ ਹੈ ।

ISBN 81-237-1643-5

**6. ਲੋਕਤੰਤਰ ਦੀ ਪਛਾਣ** : ਡੇਵਿਡ ਬੀਥਾਮ ਤੇ ਕੇਵਿਨ ਬੋਇਲੇ

ਅਨੁਵਾਦ : *ਪਿਆਰਾ ਸਿੰਘ ਸਹਿਰਾਈ* *ਸਫ਼ੇ : 124 ਕੀਮਤ : 31.00*

ਇਹ ਪੁਸਤਕ ਉਸ ਘਾਲਣਾ ਦਾ ਸਿੱਟਾ ਹੈ ਜੋ ਲੋਕਤੰਤਰੀ ਪ੍ਰਣਾਲੀ ਦੇ ਮੁੱਖ ਪੱਖਾਂ ਨੂੰ ਬੜੇ ਸਪੱਸ਼ਟ ਢੰਗ ਨਾਲ ਪੇਸ਼ ਕਰਨ ਲਈ ਘਾਲੀ ਗਈ ਹੈ । ਇਹ ਉਨ੍ਹਾਂ ਬਹੁਤ ਸਾਰੇ ਸਵਾਲਾਂ ਦਾ ਉੱਤਰ ਦੇਣ ਵਿਚ ਸਹਾਈ ਹੁੰਦੀ ਹੈ ਜਿਹੜੇ ਲੋਕਤੰਤਰ ਦਾ ਅਧਿਐਨ ਕਰਨ ਦੌਰਾਨ ਉਭਰ ਕੇ ਸਾਹਮਣੇ ਆਉਂਦੇ ਹਨ ।

**7. ਐਥਲੈਟਿਕਸ ਵਿਚ ਸੋਨੇ ਦਾ ਤਮਗ਼ਾ ਕਿਵੇਂ ਪ੍ਰਾਪਤ ਕਰੀਏ** : ਐਰਿਕ ਪ੍ਰਭਾਕਰ

*ਅਨੁਵਾਦ : ਡਾ. ਗੁਰਬਖ਼ਸ਼ ਸਿੰਘ ਫਰੈਂਕ* *ਸਫ਼ੇ : 248 ਕੀਮਤ : 49.00*

ਹਥਲੀ ਪੁਸਤਕ ਖ਼ਾਸ ਕਰਕੇ ਭਾਰਤ ਨੂੰ ਧਿਆਨ ਵਿਚ ਰੱਖ ਕੇ ਟਰੈਕ ਐਂਡ ਫੀਲਡ ਐਥਲੈਟਿਕਸ ਬਾਰੇ ਲਿਖੀ ਗਈ ਹੈ । ਇਹ ਉਨ੍ਹਾਂ ਸਿਖਲਾਈ ਦੇ ਪ੍ਰੋਗਰਾਮਾਂ, ਕਸਰਤਾਂ ਅਤੇ ਤਕਨੀਕਾਂ ਦੇ ਵਿਸ਼ਾਲ ਅਧਿਐਨ ਦਾ ਸਿੱਟਾ ਹੈ, ਜੋ ਕਿ ਪੱਛਮ ਵਿਚ, ਪੂਰਬੀ ਯੂਰਪ ਵਿਚ, ਆਸਟ੍ਰੇਲੀਆ ਵਿਚ ਅਤੇ ਉਲੰਪਿਕ ਚੈਂਪੀਅਨਾਂ ਵਲੋਂ ਅਮਲ ਵਿਚ ਲਿਆਂਦੀਆਂ ਜਾਂਦੀਆਂ ਹਨ, ਸਿਰਫ਼ ਭਾਰਤ ਦੀ ਸਥਿਤੀ ਅਨੁਸਾਰ ਇਨ੍ਹਾਂ ਨੂੰ ਢਾਲ ਲਿਆ ਗਿਆ ਹੈ ।

ISBN 81-237-2030-0

**8. ਕੁਝ ਭਾਰਤੀ ਕ੍ਰਿਕਟ ਖਿਡਾਰੀ** : ਰੂਸੀ ਮੋਦੀ

*ਅਨੁਵਾਦ : ਸੋਹਣ ਸਿੰਘ* *ਸਫ਼ੇ : 128 ਕੀਮਤ : 9.25*

ਜਿਹੜੇ ਕ੍ਰਿਕਟ-ਖਿਡਾਰੀਆਂ ਨੇ ਆਪਣੀ ਸ਼ਾਨਦਾਰ ਸਫ਼ਲਤਾ ਨਾਲ ਸੰਸਾਰ ਦੇ ਕ੍ਰਿਕਟ ਖੇਤਰ ਵਿਚ ਭਾਰਤ ਦੀ ਸ਼ਾਨ ਨੂੰ ਚਾਰ ਚੰਨ ਲਾਏ, ਉਨ੍ਹਾਂ ਦੀ ਜਾਣ-ਪਛਾਣ ਕਰਾਉਣ ਲਈ ਇਹ ਅਨੂਠੀ ਸ਼ੈਲੀ ਵਿਚ ਲਿਖੀ ਪੁਸਤਕ ਬਹੁਤ ਹੀ ਸੋਹਣਾ ਕੰਮ ਕਰੇਗੀ ।

**9. ਜੰਗਲ ਦਾ ਚੌਧਰੀ ਹਾਥੀ** : ਰਾਮੇਸ਼ ਬੇਦੀ

*ਅਨੁਵਾਦ : ਹਰਭਜਨ ਸਿੰਘ ਬਟਾਲਵੀ* *ਸਫ਼ੇ : 96 ਕੀਮਤ : 35.00*

ਜੰਗਲ ਦਾ ਗੌਰਵ ਕਹੇ ਜਾਣ ਵਾਲੇ ਹਾਥੀ ਦੇ ਅਚਾਰ-ਵਿਹਾਰ, ਵਿਸ਼ੇਸ਼ਤਾਵਾਂ ਅਤੇ ਜੀਵਨ-ਸ਼ੈਲੀ ਦਾ ਵਰਣਨ ਪ੍ਰਸਿੱਧ ਵਣ-ਪ੍ਰਾਣੀ ਵਿਸ਼ੇਸ਼ੱਗ ਰਾਮੇਸ਼ ਬੇਦੀ ਨੇ ਰੌਚਕ ਸ਼ੈਲੀ ਵਿਚ ਕੀਤਾ ਹੈ ।

ISBN 81-237-2486-1

**10. ਨੌਜਵਾਨ ਵਰਗ ਲਈ ਬੁੱਧ** : ਡਾ. ਐਸ. ਭੱਟਾਚਾਰੀਆ

*ਅਨੁਵਾਦ : ਦਲਬੀਰ ਸਿੰਘ* *ਸਫ਼ੇ : 56 ਕੀਮਤ : 25.00*

2500 ਤੋਂ ਵੀ ਵੱਧ ਸਾਲ ਪਹਿਲਾਂ ਪਰਲੋਕ ਸਿਧਾਰ ਚੁੱਕੇ ਬੁੱਧ ਦੇ ਜੀਵਨ ਦੀ ਅੱਜ ਕੀ ਸਾਰਥਕਤਾ ਹੈ ? ਸਾਨੂੰ ਇਸ ਦਾ ਫ਼ੈਸਲਾ ਆਪ ਕਰਨਾ ਚਾਹੀਦਾ ਹੈ । ਪਰ ਅਸੀਂ ਇਹ ਫ਼ੈਸਲਾ ਆਪ ਕਰ ਸਕੀਏ, ਇਸ ਲਈ ਮੌਕਾ ਪ੍ਰਦਾਨ ਕਰਨਾ ਜ਼ਰੂਰੀ ਹੈ । ਇਸ ਕਰਕੇ ਹੀ ਇਹ ਪੁਸਤਕ ਲਿਖੀ ਗਈ ਹੈ ਜਿਸ ਵਿਚ ਬੁੱਧ ਵੱਲੋਂ ਕਹੀਆਂ ਗੱਲਾਂ ਸ਼ਾਮਲ ਕੀਤੀਆਂ ਗਈਆਂ ਹਨ ।

ISBN 81-237-3368-2

**11. ਕਿਸ਼ੋਰ ਅਵਸਥਾ ਦੀ ਜਾਣਕਾਰੀ** : ਨੀਰਜਾ ਸ਼ਰਮਾ

*ਅਨੁਵਾਦ : ਸ਼ਿਆਮ ਸੁੰਦਰ ਦੀਪਤੀ* *ਸਫ਼ੇ : 140 ਕੀਮਤ : 40.00*

ਸਾਧਾਰਨ, ਸਪੱਸ਼ਟ ਭਾਸ਼ਾ ਵਿਚ ਲਿਖੀ ਗਈ 11 ਤੋਂ 18 ਸਾਲ ਦੇ ਵਰਗ ਲਈ ਇਹ ਪੁਸਤਕ ਕਿਸ਼ੋਰਾਂ, ਨੌਜਵਾਨਾਂ, ਮਾਪਿਆਂ ਅਤੇ ਹੋਰ ਜੋ ਵੀ ਇਸ ਔਖੇ ਤਬਦੀਲੀ ਦੇ ਸਮੇਂ— ਬਚਪਨ ਤੋਂ ਗੁਜ਼ਰ ਕੇ ਕਿਸ਼ੋਰ ਅਵਸਥਾ ਵਿਚ ਬਦਲ ਰਹੀ ਉਮਰ ਬਾਰੇ ਜਾਣਕਾਰੀ ਦੇ ਚਾਹਵਾਨ ਨੇ, ਦਿਲਚਸਪ ਹੋਵੇਗੀ ।

ISBN 81-237-3690-8

**12. ਸ਼ਿਕਾਰੀ ਦੀਆਂ ਯਾਦਾਂ** : ਕੇਦਾਮਬਾਡੀ ਜਾਟੱਪਾ ਰਾਏ

ਅਨੁਵਾਦ : *ਡਾ. ਮਨਮੋਹਨ* *ਸਫ਼ੇ : 112 ਕੀਮਤ : 40.00*

ਬੇਟੇਆ ਨੇਨਾ (ਸ਼ਿਕਾਰੀ ਦੀਆਂ ਯਾਦਾਂ) ਮੂਲ ਰੂਪ ਵਿਚ ਕੰਨੜ ਭਾਸ਼ਾ ਵਿਚ 1978 ਵਿਚ ਛਪੀ, ਜਿਸ ਵਿਚ ਲੇਖਕ ਨੇ ਉਸ ਵੱਲੋਂ ਕੀਤੇ ਸਾਹਸ ਤੇ ਜੋਸ਼ੀਲੇ ਕਾਰਨਾਮਿਆਂ ਦਾ ਵਰਣਨ ਕੀਤਾ। ਪਰ ਸਭ ਤੋਂ ਮਹੱਤਵਪੂਰਣ ਇਹ ਹੈ ਕਿ ਅੱਜ ਤੋਂ ਸੌ ਸਾਲ ਪਹਿਲਾਂ ਦੇ ਭਾਰਤੀ ਸਮਾਜ ਦੇ ਇਕ ਵਰਗ ਦਾ ਪ੍ਰਮਾਣਿਕ ਚਿਤਰਣ ਹੈ। ISBN 81-237-3616-9

**13. ਟ੍ਰੈਕਿੰਗ** : ਮਨੋਹਰ ਪੁਰੀ

ਅਨੁਵਾਦ : *ਡਾ. ਜੀ. ਐਸ. ਸੇਠੀ* *ਸਫ਼ੇ : 128 ਕੀਮਤ : 55.00*

ਉੱਚੇ ਪਰਬਤਾਂ ਵਾਲਾ ਦੇਸ਼ ਹੋਣ ਦੇ ਬਾਵਜੂਦ ਭਾਰਤੀ ਨੌਜਵਾਨਾਂ ਦਾ ਰੁਝਾਨ ਟ੍ਰੈਕਿੰਗ ਵੱਲ ਹੁਣ ਤਕ ਉਤਸ਼ਾਹ ਵਾਲਾ ਨਹੀਂ ਰਿਹਾ ਹੈ। ਇਸ ਦਾ ਸਭ ਤੋਂ ਵੱਡਾ ਕਾਰਣ ਹੈ ਟ੍ਰੈਕਿੰਗ ਬਾਰੇ ਜਾਣਕਾਰੀ ਨਾ ਮਿਲਣਾ। ਇਸ ਗੱਲ ਨੂੰ ਧਿਆਨ ਵਿਚ ਰੱਖਦੇ ਹੋਏ ਵਿਸ਼ੇਸ਼ ਰੂਪ ਵਿਚ ਨੌਜਵਾਨ ਵਰਗ ਲਈ ਇਹ ਪੁਸਤਕ ਹੈ। ਟ੍ਰੇਨਿੰਗ ਦਾ ਮਹੱਤਵ, ਤਿਆਰੀ, ਲੋੜੀਂਦਾ ਸਮਾਨ, ਰੁਕਾਵਟਾਂ, ਸਾਵਧਾਨੀਆਂ, ਲੋੜੀਂਦੀ ਸਮੱਗਰੀ, ਕੁਝ ਟ੍ਰੇਨਿੰਗ ਪ੍ਰੋਗਰਾਮਾਂ ਦੀ ਵਿਵਹਾਰਕ ਜਾਣਕਾਰੀ ਇਸ ਪੁਸਤਕ ਦੇ ਵਿਸ਼ੇਸ਼ ਆਕ੍ਰਸ਼ਣ ਹਨ।

ISBN 81-237-4536-2

## ਭਾਰਤ ਦੀ ਲੋਕਧਾਰਾ

**1. ਭਾਰਤ ਦੀਆਂ ਲੋਕ-ਕਥਾਵਾਂ** : ਏ.ਕੇ. ਰਾਮਾਨੁਜਨ (ਸੰਕਲਨ ਅਤੇ ਸੰਪਾਦਨ)

ਅਨੁਵਾਦ : *ਡਾ. ਗੁਰਚਰਨ ਸਿੰਘ ਅਰਸ਼ੀ* *ਸਫ਼ੇ : 444 ਕੀਮਤ : 210.00*

'ਭਾਰਤ ਦੀਆਂ ਲੋਕ-ਕਥਾਵਾਂ' ਪੁਸਤਕ 22 ਭਾਰਤੀ ਭਾਸ਼ਾਵਾਂ ਦੀਆਂ ਚੋਣਵੀਆਂ ਲੋਕ-ਕਥਾਵਾਂ ਦਾ ਸੰਗ੍ਰਹਿ ਹੈ। ਭਾਰਤ ਦੇ ਵਧੇਰੇ ਖਿੱਤਿਆਂ ਦੀ ਨੁਮਾਇੰਦਗੀ ਕਰਦਾ ਹੋਇਆ ਇਹ ਸੰਗ੍ਰਹਿ ਇਸ ਉਪਮਹਾਦੀਪ ਦੀਆਂ ਲੋਕ-ਕਥਾਵਾਂ ਦੇ ਜ਼ਿਆਦਾ ਪ੍ਰਚੱਲਿਤ ਰੂਪ-ਭੇਦਾਂ ਦੀ ਵੰਨਗੀ ਪੇਸ਼ ਕਰਦਾ ਹੈ। ਇਨ੍ਹਾਂ ਕਹਾਣੀਆਂ ਦੀ ਚੋਣ ਕਰਨ ਵੇਲੇ ਸੰਗ੍ਰਹਿ-ਕਰਤਾ ਨੇ ਪੂਰੇ ਭਾਰਤਵਰਸ਼ ਦੀ ਮੌਖਿਕ ਪਰੰਪਰਾ ਨੂੰ ਸੰਕੇਤਕ ਰੂਪ ਵਿਚ ਪ੍ਰਕਾਸ਼ਮਾਨ ਕਰਨ ਦਾ ਭਰਪੂਰ ਯਤਨ ਕੀਤਾ ਹੈ। ISBN 978-81-237-5087-3

**2. ਪੰਜਾਬੀ ਸਭਿਆਚਾਰ ਮੂਲ ਪਛਾਣ** : ਡਾ. ਜਗੀਰ ਸਿੰਘ ਨੂਰ

ਮੂਲ ਪੰਜਾਬੀ *ਸਫ਼ੇ : 188 ਕੀਮਤ : 105.00*

ਡਾ. ਜਗੀਰ ਸਿੰਘ ਨੂਰ ਦੀ ਇਹ ਪੁਸਤਕ ਪੰਜਾਬੀ ਸਭਿਆਚਾਰ ਬਾਰੇ ਮਹੱਤਵਪੂਰਨ ਜਾਣਕਾਰੀ ਬੜੇ ਪ੍ਰਭਾਵਸ਼ਾਲੀ ਢੰਗ ਨਾਲ, ਸਮਾਜ-ਸ਼ਾਸਤਰੀ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਪ੍ਰਸਤੁਤ ਕਰਦੀ ਹੈ। ਇਸ ਪੁਸਤਕ ਵਿਚ ਗਿਆਰਾਂ ਨਿਬੰਧ ਦਰਜ ਕੀਤੇ

ਗਏ ਹਨ ਜੋ ਪੰਜਾਬੀ ਸਭਿਆਚਾਰ ਦੇ ਵੱਖ-ਵੱਖ ਪੱਖਾਂ ਬਾਰੇ ਭਰਪੂਰ ਜਾਣਕਾਰੀ ਦਿੰਦੇ ਹੋਏ ਵੀ ਸਮੁੱਚ ਵਿਚ ਇਕ ਤਸਵੀਰ ਪੇਸ਼ ਕਰਦੇ ਹਨ ।

ISBN 978-81-237-5343-0

**3. ਪੰਜਾਬ ਦੀ ਲੋਕਧਾਰਾ :** ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ

ਮੂਲ ਪੰਜਾਬੀ (5ਵਾਂ ਸੰਸਕਰਣ) *ਸਫ਼ੇ : 194 ਕੀਮਤ : 120.00*

ਪੰਜਾਬ, ਪੰਜ ਦਰਿਆਵਾਂ ਦੀ ਧਰਤੀ ਦੀ ਅਮੀਰ ਲੋਕਧਾਰਾ ਹੈ । ਇਸ ਪੁਸਤਕ ਵਿਚ ਲੇਖਕ ਨੇ ਦੇਸ਼ ਤੇ ਲੋਕ, ਪੁਰਾਣ ਕਥਾਵਾਂ, ਜਾਦੂ-ਟੂਣੇ ਤੇ ਧਰਮ, ਲੋਕਾਚਾਰ ਤੇ ਰੀਤੀ-ਰਿਵਾਜ, ਮੇਲੇ ਤੇ ਤਿਉਹਾਰ, ਮੌਖਿਕ ਸਾਹਿਤ, ਪੰਜਾਬ ਦੇ ਲੋਕ-ਨਾਚ, ਲੋਕ-ਸੰਗੀਤ, ਲੋਕ-ਕਲਾ ਤੇ ਲੋਕ-ਨਾਟ ਵਿਸ਼ਿਆਂ 'ਤੇ ਕਲਮ ਅਜ਼ਮਾਈ ਹੈ । ISBN 978-81-237-2859-9

**4. ਰਾਜਸਥਾਨ ਦੀ ਲੋਕਧਾਰਾ :** ਡੀ.ਆਰ. ਆਹੂਜਾ

*ਅਨੁਵਾਦ : ਡਾ. ਦਰਸ਼ਨ ਸਿੰਘ* *ਸਫ਼ੇ : 160 ਕੀਮਤ : 22.50*

ਰਾਜਸਥਾਨ ਸਾਂਸਕ੍ਰਿਤਿਕ ਵਿਵਿਧਤਾ ਵਾਲਾ ਪ੍ਰਦੇਸ਼ ਹੈ । ਇੱਥੋਂ ਦੇ ਲੋਕ-ਜੀਵਨ ਵਿਚ ਨਿਰੰਤਰ ਪ੍ਰਵਾਹ ਹੈ ਜਿਸ ਦੀ ਤਰਲਤਾ, ਸਰਲਤਾ, ਮਿਠਾਸ ਅਤੇ ਜੀਵੰਤਤਾ ਲੋਕ ਗੀਤਾਂ, ਲੋਕ ਕਹਾਣੀਆਂ, ਲੋਕ ਨਾਚਾਂ, ਲੋਕ ਸੰਗੀਤ, ਉਤਸਵ, ਤਿਉਹਾਰ, ਮਿੱਥਕ, ਪੌਰਾਣਿਕ ਆਦਿ ਵਿਚ ਸਹਿਜੇ ਹੀ ਮਿਲ ਜਾਂਦੀ ਹੈ । ਹਥਲੀ ਪੁਸਤਕ ਵਿਚ ਲੋਕ-ਜੀਵਨ ਅਤੇ ਲੋਕ-ਸਾਹਿਤ ਦੇ ਹਰ ਇਕ ਪੱਖ ਨੂੰ ਰੌਚਕ ਅਤੇ ਸਰਲ ਭਾਸ਼ਾ ਵਿਚ ਵਰਣਨ ਕੀਤਾ ਗਿਆ ਹੈ ।

**5. ਹਿਮਾਚਲ ਪ੍ਰਦੇਸ਼ : ਲੋਕ ਸਭਿਆਚਾਰ ਤੇ ਸਾਹਿਤ :** ਡਾ. ਗੌਤਮ ਸ਼ਰਮਾ ਵਿਅਥਿਤ

*ਅਨੁਵਾਦ : ਡਾ. ਸੰਤੋਖ ਸਿੰਘ ਸ਼ਹਰਯਾਰ* *ਸਫ਼ੇ : 226 ਕੀਮਤ : 30.00*

ਹਿਮਾਚਲ ਪ੍ਰਦੇਸ਼ ਸਭਿਆਚਾਰਕ ਤੌਰ 'ਤੇ ਅਨੇਕਤਾ ਵਾਲਾ ਦੇਸ਼ ਹੈ । ਇਸ ਪੁਸਤਕ ਵਿਚ ਲੇਖਕ ਨੇ ਹਿਮਾਚਲ ਪ੍ਰਦੇਸ਼ ਦੇ ਲੋਕ, ਪੌਰਾਣਿਕੀ ਅਤੇ ਮਿੱਥਕ, ਧਰਮ ਤੇ ਜਾਦੂ, ਰਿਵਾਜ ਅਤੇ ਪਰੰਪਰਾਵਾਂ, ਮੇਲੇ ਪੁਰਬ ਅਤੇ ਤਿਉਹਾਰ, ਭਾਸ਼ਾ ਅਤੇ ਬੋਲੀਆਂ, ਮੌਖਿਕ ਸਾਹਿਤ, ਲੋਕ-ਕਥਾਵਾਂ ਅਤੇ ਮਨੋਰੰਜਨ, ਲੋਕ ਨਾਚ, ਸਾਜ਼ ਅਤੇ ਸੰਗੀਤ ਆਦਿ ਵਿਸ਼ਿਆਂ ਤੇ ਸਫ਼ਲਤਾ ਸਹਿਤ ਕਲਮ ਅਜ਼ਮਾਈ ਹੈ ।

**6. ਆਸਾਮ ਦੀ ਲੋਕਧਾਰਾ :** ਜੋਗੇਸ਼ ਦਾਸ

*ਅਨੁਵਾਦ : ਸੋਹਿੰਦਰ ਸਿੰਘ ਵਣਜਾਰਾ ਬੇਦੀ* *ਸਫ਼ੇ : 150 ਕੀਮਤ : 27.00*

ਆਸਾਮ ਵਿਚ ਕਈ ਨਸਲਾਂ ਦੇ ਲੋਕ ਬੜੇ ਲੰਮੇ ਸਮੇਂ ਤੋਂ ਇਕ ਦੂਜੇ ਨਾਲ ਬਹੁਤ ਹੀ ਸਨੇਹ ਭਾਵ ਨਾਲ ਰਹਿ ਰਹੇ ਹਨ । ਇਸ ਪੁਸਤਕ ਵਿਚ ਲੇਖਕ ਨੇ ਸੱਤ ਅਧਿਆਵਾਂ— ਧਰਤੀ ਤੇ ਲੋਕ, ਪੌਰਾਣਿਕ ਅਤੇ ਦੰਦ-ਕਥਾਵਾਂ, ਧਾਰਮਿਕ ਵਿਸ਼ਵਾਸ ਅਤੇ ਜਾਦੂ-ਟੂਣਾ, ਰੀਤੀ-ਰਿਵਾਜ ਅਤੇ ਪਰੰਪਰਾਵਾਂ, ਮੇਲੇ ਅਤੇ ਉਤਸਵ, ਮੌਖਿਕ ਸਾਹਿਤ, ਲੋਕ ਸੰਗੀਤ ਅਤੇ ਨਾਚ ਆਦਿ ਬਾਰੇ ਚਰਚਾ ਕੀਤੀ ਗਈ ਹੈ ।

**7. ਬੰਗਾਲ ਦੀ ਲੋਕਧਾਰਾ** : ਅਸ਼ੂਤੋਸ਼ ਮੁਖਰਜੀ

ਅਨੁਵਾਦ : *ਡਾ. ਕਰਮਜੀਤ ਸਿੰਘ* *ਸਫ਼ੇ : 160 ਕੀਮਤ : 41.00*

ਬੰਗਾਲ ਦੀ ਲੋਕਧਾਰਾ ਦਾ ਸਰਬਪੱਖੀ ਅਧਿਐਨ ਕੀਤਾ ਗਿਆ ਹੈ। ਲੇਖਕ ਨੇ ਲੋਕ-ਜੀਵਨ ਅਤੇ ਸਾਹਿਤ ਦੇ ਹਰ ਪੱਖ ਨੂੰ ਰੋਚਕ ਤੇ ਸਰਲ ਭਾਸ਼ਾ ਵਿਚ ਵਰਣਨ ਕੀਤਾ ਹੈ।

ISBN 81-237-1539-3

**8. ਜਦੋਂ ਦਰਿਆਈ ਘੋੜਾ ਜੱਤਲ ਸੀ ਅਤੇ ਹੋਰ ਅਫ਼ਰੀਕੀ ਕਹਾਣੀਆਂ** : ਨਿੱਕ ਗਰੀਵਜ਼

ਅਨੁਵਾਦ : *ਕੇ. ਐਲ. ਗਰਗ* *ਸਫ਼ੇ : 144 ਕੀਮਤ : 92.00*

ਇਸ ਪੁਸਤਕ ਵਿਚ ਅਫ਼ਰੀਕੀ ਮਿਥਿਹਾਸ ਵਿਚੋਂ ਛੱਤੀ ਮਨਮੋਹਕ ਕਹਾਣੀਆਂ ਨੂੰ ਹਰੇਕ ਜੀਵ ਦੀ ਸੁੰਦਰ ਪੂਰੀ ਵੱਡੀ ਰੰਗਦਾਰ ਤਸਵੀਰ ਸਹਿਤ ਪੇਸ਼ ਕੀਤਾ ਗਿਆ ਹੈ। ਹਰ ਰੋਜ਼ ਫੈਲਦੇ ਜਾ ਰਹੇ ਸ਼ਹਿਰੀ ਜਨ-ਸਮੂਹ ਨੂੰ ਨਾ ਕੇਵਲ ਲੋਕ-ਗੀਤ ਅਤੇ ਮਿਥਿਹਾਸ ਦੀ ਹੀ ਸਗੋਂ ਅਫ਼ਰੀਕੀ ਜੰਗਲਾਂ ਦੇ ਵਿਭਿੰਨ ਜਾਨਵਰਾਂ ਬਾਰੇ ਰੋਚਕ ਤੱਥ ਦੱਸਣ ਅਤੇ ਚਿਤ੍ਰਿਤ ਕਰਨ ਦਾ ਯਤਨ ਕੀਤਾ ਗਿਆ ਹੈ। ISBN 81-237-1977-9

**9. ਜਦੋਂ ਸ਼ੇਰ ਉੱਡ ਸਕਦਾ ਸੀ ਅਤੇ ਹੋਰ ਅਫ਼ਰੀਕੀ ਕਹਾਣੀਆਂ** : ਨਿੱਕ ਗਰੀਵਜ਼

ਅਨੁਵਾਦ : *ਕੇ. ਐਲ. ਗਰਗ* *ਸਫ਼ੇ : 144 ਕੀਮਤ : 90.00*

ਇਸ ਪੁਸਤਕ ਵਿਚ ਅਫ਼ਰੀਕੀ ਮਿਥਿਹਾਸ ਵਿਚੋਂ ਮਨਮੋਹਕ ਕਹਾਣੀਆਂ ਨੂੰ ਹਰੇਕ ਜੀਵ ਦੀ ਸੁੰਦਰ ਪੂਰੀ ਵੱਡੀ ਰੰਗਦਾਰ ਤਸਵੀਰ ਸਹਿਤ ਪੇਸ਼ ਕੀਤਾ ਗਿਆ ਹੈ।

ISBN 81-237-2319-9

**10. ਜਦੋਂ ਦੁਨੀਆ ਨਵੀਂ ਨਵੀਂ ਬਣੀ** : ਵੇਰੀਅਰ ਐਲਵਿਨ

ਅਨੁਵਾਦ : *ਡਾ. ਅਮਰਜੀਤ ਕੌਂਕੇ* *ਸਫ਼ੇ : 96 ਕੀਮਤ : 26.00*

'ਜਦੋਂ ਦੁਨੀਆ ਨਵੀਂ ਨਵੀਂ ਬਣੀ' ਭਾਰਤ ਦੇ ਕਬੀਲਿਆਂ ਦੀਆਂ ਲੋਕ-ਕਥਾਵਾਂ ਦਾ ਇਕ ਵਿਸ਼ਾਲ ਸੰਗ੍ਰਹਿ ਹੈ। ਇਨ੍ਹਾਂ ਕਥਾਵਾਂ ਵਿਚ ਦੁਨੀਆਂ ਕਿਵੇਂ ਬਣੀ, ਦਰਿਆਵਾਂ ਨੇ ਆਪਣੇ ਰਾਹ ਕਿਵੇਂ ਲੱਭੇ ਤੇ ਭੂਚਾਲ ਕਿਵੇਂ ਹੋਂਦ ਵਿਚ ਆਏ, ਇਨ੍ਹਾਂ ਸਭ ਮਸਲਿਆਂ ਨੂੰ ਦਿਲਚਸਪ ਭਾਸ਼ਾ ਵਿਚ ਪੇਸ਼ ਕੀਤਾ ਗਿਆ ਹੈ। ਇਹ ਕਥਾਵਾਂ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਨਹੀਂ ਲਿਖੀਆਂ ਗਈਆਂ ਸਗੋਂ ਉਪਰੋਕਤ ਸਮੱਸਿਆਵਾਂ ਅਤੇ ਸਵਾਲਾਂ ਦਾ ਲੋਕਯਾਨਕ ਬਿਰਤਾਂਤ ਹਨ।

ISBN 81-237-2012-2

**11. ਤਾਮਿਲਨਾਡੂ : ਲੋਕ ਸੰਸਕ੍ਰਿਤੀ ਤੇ ਸਾਹਿਤ** : ਐਮ.ਐਲ. ਲਕਸ਼ਮਣ ਚੇਟੀਆਰ

ਅਨੁਵਾਦ : *ਪ੍ਰੋ. ਪ੍ਰੀਤਮ ਸਿੰਘ* *ਸਫ਼ੇ : 204 ਕੀਮਤ : 45.00*

ਸਾਂਸਕ੍ਰਿਤਿਕ ਦ੍ਰਿਸ਼ਟੀ ਤੋਂ ਖ਼ੁਸ਼ਹਾਲ ਪ੍ਰਦੇਸ਼ ਦੇ ਲੋਕਾਂ ਦਾ ਆਚਾਰ-ਵਿਚਾਰ, ਧਰਮ ਵਿਵਰਣ ਅਤੇ ਰੀਤੀ-ਰਿਵਾਜਾਂ ਦੀ ਭਰਪੂਰ ਜਾਣਕਾਰੀ ਦੇਣ ਵਾਲੀ ਇਹ ਇਕ ਸਾਰਥਕ ਪੁਸਤਕ ਹੈ।

ISBN 81-237-3054-3

**12. ਪੰਜਾਬੀ ਹਾਸ-ਵਿਲਾਸ** : ਡਾ. ਜਸਵੰਤ ਸਿੰਘ ਨੇਕੀ

ਮੂਲ ਪੰਜਾਬੀ *ਸਫ਼ੇ : 220 ਕੀਮਤ : 65.00*

ਇਸ ਪੁਸਤਕ ਵਿਚ ਕੋਈ ਚਾਰ ਸੌ ਦੇ ਕਰੀਬ ਚੁਟਕਲੇ ਹਨ ਜਿਨ੍ਹਾਂ ਦਾ ਪ੍ਰਮਾਣਿਕ ਪੰਜਾਬੀ ਸ੍ਰੋਤ ਸਿੱਧ ਕਰਨ ਲਈ ਖ਼ਾਸ ਸ਼ਰਤਾਂ ਲਾਈਆਂ ਗਈਆਂ ਹਨ। ਇਹ ਇਸ ਲਈ ਕਿਉਂਕਿ ਚੁਟਕਲਿਆਂ ਨੂੰ ਇਕ ਬੋਲੀ 'ਚੋਂ ਦੂਜੀ ਵਿਚ ਥੋੜ੍ਹੇ-ਘਣੇ ਬਦਲਾਉ ਨਾਲ ਖਿਸਕ ਜਾਣ ਦੀ ਆਦਤ ਹੁੰਦੀ ਹੈ। ਸ਼ੁੱਧ ਪੰਜਾਬੀ ਸਭਿਆਚਾਰ 'ਚੋਂ ਉਪਜੇ ਤੇ ਪੰਜਾਬੀ ਸੁਭਾਅ ਨਾਲ ਇਕਸੁਰ ਚੁਟਕਲਿਆਂ ਦੀ ਚੋਣ ਪੇਸ਼ ਕੀਤੀ ਗਈ ਹੈ।

ISBN 978-81-237-5346-1

**13. ਪਿੰਡਾਂ ਦਾ ਬਦਲ ਰਿਹਾ ਸਭਿਆਚਾਰਕ ਮੁਹਾਂਦਰਾ** : ਸੁਲੱਖਣ ਸਰਹੱਦੀ

ਮੂਲ ਪੰਜਾਬੀ *ਸਫ਼ੇ : 334 ਕੀਮਤ : 95.00*

ਸੁਲੱਖਣ ਸਰਹੱਦੀ ਨੇ ਇਹ ਪੁਸਤਕ ਪਿੰਡਾਂ ਦੇ ਸੰਦਰਭ ਵਿਚ ਲਿਖੀ ਹੈ। ਉਨ੍ਹਾਂ ਨੇ ਪਿੰਡਾਂ ਬਾਰੇ ਸਾਰੇ ਵੇਰਵੇ ਸ਼ੁੱਧ ਰੂਪ ਵਿਚ ਦੇਣ ਦਾ ਯਤਨ ਕੀਤਾ ਹੈ। ਇਸ ਪੁਸਤਕ ਵਿਚ ਉਨ੍ਹਾਂ ਨੇ ਕਿਸੇ ਵੀ ਰਾਜਸੀ ਪੈਂਤੜੇ ਨੂੰ ਪਹਿਲ ਨਹੀਂ ਦਿੱਤੀ।

ISBN 978-81-237-5683-7

**14. ਸਭਿਆਚਾਰਕ ਵਿਗਿਆਨ ਅਤੇ ਪੰਜਾਬੀ ਸਭਿਆਚਾਰ** :

ਡਾ. ਗੁਰਚਰਨ ਸਿੰਘ ਅਰਸ਼ੀ

ਮੂਲ ਪੰਜਾਬੀ *ਸਫ਼ੇ : 140 ਕੀਮਤ : 55.00*

ਇਸ ਪੁਸਤਕ ਵਿਚ ਡਾ. ਅਰਸ਼ੀ ਨੇ ਸਭਿਆਚਾਰ ਵਿਗਿਆਨ ਬਾਰੇ ਵਿਸਥਾਰ ਸਹਿਤ ਚਰਚਾ ਕਰਨ ਉਪਰੰਤ ਪੰਜਾਬੀ ਸਭਿਆਚਾਰ ਬਾਰੇ ਨਵੇਂ ਦ੍ਰਿਸ਼ਟੀਕੋਣ ਤੋਂ ਵਿਚਾਰ ਕੀਤੀ ਹੈ।

ISBN 978-81-237-5686-8

**15. ਵਿਸਰ ਰਿਹਾ ਪੰਜਾਬੀ ਵਿਰਸਾ** : ਸੁਲੱਖਣ ਸਰਹੱਦੀ

ਮੂਲ ਪੰਜਾਬੀ *ਸਫ਼ੇ : 516 ਕੀਮਤ : 195.00*

ਇਸ ਪੁਸਤਕ ਵਿਚ ਪੰਜਾਬੀ ਵਿਰਸੇ ਦੇ ਹਰ ਨਿੱਕੇ ਤੋਂ ਨਿੱਕੇ ਅਤੇ ਮਹਾਨ ਤੋਂ ਮਹਾਨ ਵਰਤਾਰੇ ਨੂੰ ਕਾਵਿਕ ਤੇ ਸਹਿਜਮੁਖੀ ਭਾਸ਼ਾ ਵਿਚ ਬਿਆਨ ਕੀਤਾ ਗਿਆ ਹੈ। ਪੁਸਤਕ ਦਾ ਹਰ ਕਾਂਡ ਦਿਲਚਪੀ ਭਰਪੂਰ ਹੈ। ਇਹ ਪੁਸਤਕ ਪੜ੍ਹਦਿਆਂ ਇਵੇਂ ਮਹਿਸੂਸ ਹੁੰਦਾ ਹੈ ਕਿ ਜਿਵੇਂ ਪੁਰਾਣੇ ਪੰਜਾਬ ਦੇ ਵਕਤ ਵਿਚ ਵਿਚਰ ਰਿਹਾ ਹੋਵੇ। ਸਾਨੂੰ ਪੂਰਨ ਆਸ ਹੈ ਕਿ ਵਿਸਰ ਰਹੇ ਪੰਜਾਬੀ ਵਿਰਸੇ ਨੂੰ ਜੀਵੰਤ ਤੌਰ ਤੇ ਰੂਪਮਾਨ ਕਰਦੀ ਇਹ ਪੁਸਤਕ ਆਪਣੇ ਖੇਤਰ ਦੀ ਸਭ ਤੋਂ ਬਿਹਤਰ ਪੁਸਤਕ ਹੋਵੇਗੀ।

ISBN 978-81-237-6437-5

**16. ਪਰੀ-ਰੁੱਖ** : *(ਪੰਜਾਬ ਦੀਆਂ ਲੋਕ-ਕਥਾਵਾਂ)* : ਰੁਸ਼ਪਾਲ ਕੌਰ ਸਿੱਧੂ

ਮੂਲ ਪੰਜਾਬੀ *ਸਫ਼ੇ : 260 ਕੀਮਤ : 150.00*

ਪੰਜਾਬ ਦਾ ਅਮੀਰ ਵਿਰਸਾ ਅਤੇ ਸੱਭਿਆਚਾਰ ਕਈ ਹਜ਼ਾਰ ਸਾਲਾਂ ਵਿਚ ਵਿਕਸਿਤ ਹੋਇਆ

ਹੈ। ਇਸ ਸੱਭਿਆਚਾਰ ਦੀ ਸਭ ਤੋਂ ਪ੍ਰਮਾਣਿਕ ਝਲਕ ਸਿਰਫ਼ ਲੋਕ-ਕਥਾਵਾਂ ਤੋਂ ਹੀ ਪਾਈ ਜਾ ਸਕਦੀ ਹੈ ਜੋ ਲੰਬੀਆਂ ਪੁਰਾਣੀਆਂ ਨਦੀਆਂ ਨਾਲ ਵਹਿੰਦੀ ਉਪਜਾਊ ਮਿੱਟੀ ਵਾਂਗ ਆਪਣੇ ਨਾਲ ਸਿਆਣਪ ਨੂੰ ਪੀੜ੍ਹੀ-ਦਰ-ਪੀੜ੍ਹੀ ਲੈ ਕੇ ਤੁਰਦੀਆਂ ਹਨ। 'ਪਰੀ-ਰੁੱਖ' ਹੁਣ ਤਕ ਮੌਖਿਕ ਰੂਪ ਵਿਚ ਪ੍ਰਚੱਲਿਤ ਇਸ ਪਰੰਪਰਾ ਨੂੰ ਲਿਖਤ ਰੂਪ ਵਿਚ ਸੰਭਾਲਣ ਅਤੇ ਸੰਕਲਨ ਕਰਨ ਦੀ ਇਕ ਨਿਰਾਲੀ ਕੋਸ਼ਿਸ਼ ਹੈ। ISBN 978-81-237-6740-6

**17. ਮਹਿਕ ਪੰਜਾਬ ਦੀ :** ਲੇਖਿਕਾ : ਰੁਸ਼ਪਾਲ ਕੌਰ

ਮੂਲ ਪੰਜਾਬੀ *ਸਫ਼ੇ : 191 ਕੀਮਤ : 185.00*

ਇਹ ਪੁਸਤਕ ਪੰਜਾਬੀ ਲੋਕ-ਗੀਤਾਂ ਅਤੇ ਹੋਰ ਲੋਕ-ਨਾਚਾਂ ਦਾ ਬਹੁਤ ਹੀ ਵਿਲੱਖਣ ਤੇ ਅਨਮੋਲ ਸੰਗ੍ਰਹਿ ਹੈ। ISBN 978-81-237-7990-4

## ਰਾਸ਼ਟਰੀ ਜੀਵਨੀਆਂ ਦੀ ਲੜੀ

**1. ਨਾਮਧਾਰੀ ਗੁਰੂ ਰਾਮ ਸਿੰਘ :** ਡਾ. ਜੋਗਿੰਦਰ ਸਿੰਘ

*ਅਨੁਵਾਦ : ਡਾ. ਨਰੇਸ਼* *ਸਫ਼ੇ : 180 ਕੀਮਤ : 80.00*

ਇਸ ਪੁਸਤਕ ਨੂੰ ਪੰਜ ਅਧਿਆਇਆਂ ਵਿਚ ਵੰਡ ਕੇ ਨਾਮਧਾਰੀ ਗੁਰੂ ਰਾਮ ਸਿੰਘ ਦੀ ਸ਼ਖ਼ਸੀਅਤ ਤੇ ਜੀਵਨ ਦਾ ਵੇਰਵਾ ਦਿੱਤਾ ਗਿਆ ਹੈ।

ISBN 978-81-237-6583-3

**2. ਇੰਦਰਾ ਗਾਂਧੀ :** ਇੰਦਰ ਮਲਹੋਤਰਾ

*ਅਨੁਵਾਦ : ਡਾ. ਮਨਮੋਹਨ* *ਸਫ਼ੇ : 178 ਕੀਮਤ : 60.00*

ਪੁਸਤਕ ਭਾਰਤ ਦੀ ਮਹਾਨ ਪ੍ਰਧਾਨ ਮੰਤਰੀ ਦੇ ਜੀਵਨ ਅਤੇ ਯੁਗ 'ਤੇ ਰੌਸ਼ਨੀ ਪਾਉਂਦੀ ਹੈ।

ISBN 81-237-4971-6

**3. ਝਾਂਸੀ ਦੀ ਰਾਣੀ ਲਕਸ਼ਮੀਬਾਈ :** ਪ੍ਰਤਿਭਾ ਰਾਨਾਡੇ

ਅਨੁਵਾਦ : ਬਿੰਦਰਾ ਬਸਰਾ *ਸਫ਼ੇ : 276 ਕੀਮਤ : 90.00*

ਪ੍ਰਸਤੁਤ ਪੁਸਤਕ 'ਚ ਝਾਂਸੀ ਦੀ ਰਾਣੀ ਦੀ ਬਹੁ-ਪੱਖੀ ਸ਼ਖ਼ਸੀਅਤ ਦੀਆਂ ਕਈ ਛੁਪੀਆਂ ਘਟਨਾਵਾਂ ਅਤੇ ਕਦਰਾਂ-ਕੀਮਤਾਂ ਨਾਲ ਜਾਣ-ਪਛਾਣ ਕਰਾਈ ਗਈ ਹੈ।

ISBN 978-81-237-5825-1

**4. ਗੁਰੂ ਅਮਰਦਾਸ : ਜੀਵਨ ਤੇ ਬਾਣੀ :** ਡਾ. ਹਰਬੰਸ ਸਿੰਘ ਧੀਮਾਨ

ਮੂਲ ਪੰਜਾਬੀ *ਸਫ਼ੇ : 150 ਕੀਮਤ : 75.00*

ਸਿੱਖਾਂ ਦੇ ਤੀਜੇ ਗੁਰੂ, ਗੁਰੂ ਅਮਰਦਾਸ ਜੀ ਨੇ ਲੰਗਰ ਨੂੰ ਨਿਯਮਕ ਰੂਪ ਵਿਚ ਸਥਾਪਿਤ

ਕਰ ਦਿੱਤਾ ਅਤੇ ਇਸ ਨੂੰ ਸਿੱਖ ਧਰਮ ਦਾ ਅਨਿੱਖੜਵਾਂ ਅੰਗ ਬਣਾ ਦਿੱਤਾ। ਇਸ ਦੀ ਸਥਾਪਨਾ ਰਾਹੀਂ ਗੁਰੂ ਜੀ ਨੇ ਸਮਾਜਿਕ ਅਤੇ ਵਰਣਕ ਪੱਖਪਾਤ ਅਤੇ ਛੂਤ-ਛਾਤ ਦੂਰ ਕਰਨ ਲਈ ਬਕਾਇਦਾ ਯਤਨ ਕੀਤਾ ਅਤੇ ਸਾਰੀ ਮਨੁੱਖਤਾ ਦੀ ਬਰਾਬਰੀ ਦਾ ਸੰਕਲਪ ਦ੍ਰਿੜ੍ਹ ਕਰਾਇਆ। ISBN 978-81-237-6418-4

**5. ਮੁਲਕ ਰਾਜ ਆਨੰਦ ਭੂਮਿਕਾ ਅਤੇ ਪ੍ਰਾਪਤੀ** : ਡਾ. ਅਮਰੀਕ ਸਿੰਘ

ਅਨੁਵਾਦ : ਡਾ. ਨਰੇਸ਼ *ਸਫ਼ੇ : 132 ਕੀਮਤ : 45.00*

ਇਸ ਪੁਸਤਕ ਦੇ ਦਸ ਅਧਿਆਏ ਹਨ : ਆਗਮਨ, ਅਨਟੱਚੇਬਲ ਅਤੇ ਉਸ ਤੋਂ ਮਗਰੋਂ, ਜੰਗ ਦੇ ਵਰ੍ਹੇ, ਮਾਰਗ ਦਾ ਪ੍ਰਕਾਸ਼ਨ, ਮਾਰਗ ਦਾ ਪ੍ਰਭਾਵ, ਵਿਚਕਾਰਲਾ ਗਲਪ, ਆਨੰਦ ਦੀਆਂ ਹੋਰ ਰਚਨਾਵਾਂ ਅਤੇ ਮੁਲਕ ਰਾਜ ਆਨੰਦ ਦੀ ਪ੍ਰਾਪਤੀ। 1905 ਤੋਂ 2004 ਤਕ ਦੇ ਲਗਭਗ ਇਕ ਸਦੀ ਦੇ ਆਨੰਦ ਦੇ ਜੀਵਨ ਦੀ ਝਲਕ ਇਸ ਪੁਸਤਕ ਵਿਚ ਹੈ।

ISBN 978-81-237-5742-1

**6. ਇਨਕਲਾਬੀ ਯਾਤਰਾ : ਸੀਤਾਦੇਵੀ ਅਤੇ ਪ੍ਰਿੰਸੀਪਲ ਛਬੀਲ ਦਾਸ ਦੀ ਜੀਵਨੀ**

ਮਨੋਰਮਾ ਦੀਵਾਨ

ਅਨੁਵਾਦ : *ਭਗਵੰਤ ਰਸੂਲਪੁਰੀ* *ਸਫ਼ੇ : 142 ਕੀਮਤ : 45.00*

'ਇਨਕਲਾਬੀ ਯਾਤਰਾ' ਭਾਰਤ ਦੀ ਆਜ਼ਾਦੀ ਦੀ ਜੰਗ ਵਿਚ ਭਾਗ ਲੈਣ ਵਾਲੇ ਇਕ ਕ੍ਰਾਂਤੀਕਾਰੀ ਵਿਆਹੁਤਾ ਜੋੜੀ ਸੀਤਾਦੇਵੀ ਅਤੇ ਪ੍ਰਿੰਸੀਪਲ ਛਬੀਲ ਦਾਸ ਦੀ ਜੀਵਨ ਕਹਾਣੀ ਹੈ। ਕੁਝ ਅਜਿਹੇ ਕ੍ਰਾਂਤੀਕਾਰੀ ਜਿਨ੍ਹਾਂ ਦਾ ਆਜ਼ਾਦੀ ਦੀ ਜੰਗ 'ਚ ਅਮੁੱਲਾ ਯੋਗਦਾਨ ਰਿਹਾ ਪਰੰਤੂ ਜਿਨ੍ਹਾਂ ਦੇ ਬਾਰੇ ਵਿਚ ਆਮ ਭਾਰਤੀ ਵਧੇਰੇ ਨਹੀ ਜਾਣਦੇ, ਉਨ੍ਹਾਂ ਨੂੰ ਇਹ ਜੀਵਨੀ ਬਹੁਤ ਕੁਝ ਜਾਣਨ ਦਾ ਮੌਕਾ ਦੇਵੇਗੀ। ISBN 978-81-237-5138-2

**7. ਗੁਰੂ ਅਰਜਨ ਦੇਵ** : ਡਾ. ਵਜ਼ੀਰ ਸਿੰਘ

ਮੂਲ ਪੰਜਾਬੀ *ਸਫ਼ੇ : 96 ਕੀਮਤ : 8.00*

ਗੁਰੂ ਅਰਜਨ ਦੇਵ ਦਾ ਸਿੱਖ ਧਰਮ ਅਤੇ ਪੰਜਾਬ ਦੇ ਇਤਿਹਾਸ ਵਿਚ ਵਿਸ਼ੇਸ਼ ਸਥਾਨ ਹੈ। ਇਸ ਪੁਸਤਕ ਵਿਚ ਜਿਥੇ ਗੁਰੂ ਅਰਜਨ ਦੇਵ ਜੀ ਦੀ ਅਦੁੱਤੀ ਸੇਵਾ ਬਾਰੇ ਚਾਨਣਾ ਪਾਇਆ ਗਿਆ ਹੈ ਉਥੇ ਗੁਰੂ ਜੀ ਦੀ ਸ਼ਖ਼ਸੀਅਤ ਅਤੇ ਉਨ੍ਹਾਂ ਦੇ ਸਮੇਂ ਦੀਆਂ ਮੁੱਖ ਘਟਨਾਵਾਂ ਦਾ ਵੀ ਬੜੇ ਸਰਲ, ਰੌਚਕ ਤੇ ਵਿਦਵਤਾਮਈ ਢੰਗ ਨਾਲ ਵਰਣਨ ਕੀਤਾ ਗਿਆ ਹੈ।

**8. ਸ਼ਿਵਾਜੀ** : ਸੇਤੂ ਮਾਧਵਰਾਓ ਐਸ. ਪਗਾੜੀ

ਅਨੁਵਾਦ : *ਗੁਰਮੁਖ ਸਿੰਘ ਸਹਿਗਲ* *ਸਫ਼ੇ : 166 ਕੀਮਤ : 15.00*

ਸ਼ਿਵਾਜੀ ਭਾਰਤ ਦੀਆਂ ਮਹਾਨ ਰਾਸ਼ਟਰੀ ਹਸਤੀਆਂ ਵਿਚੋਂ ਇਕ ਸਨ। ਉਹ ਧਾਰਮਿਕ ਨਿਸ਼ਠਾ ਰੱਖਣ ਵਾਲਾ ਕਾਰਜਸ਼ੀਲ ਵਿਅਕਤੀ ਸੀ। ਇਸ ਅਸਾਧਾਰਣ ਰਾਜਸੀ ਸੂਝ ਰੱਖਣ ਵਾਲੇ ਜਰਨੈਲ ਨੇ ਇਕ ਰਾਸ਼ਟਰ ਦੀ ਸਿਰਜਣਾ ਕੀਤੀ। ਇਸ ਜੀਵਨੀ ਵਿਚ ਲੇਖਕ ਨੇ ਸ਼ਿਵਾਜੀ ਦੀ ਸਰਬਪੱਖੀ ਸ਼ਖ਼ਸੀਅਤ 'ਤੇ ਚਾਨਣਾ ਪਾਇਆ ਹੈ।

**9. ਸ਼ੇਖ਼ ਨਿਜ਼ਾਮੁੱਦੀਨ ਔਲੀਆ** : ਪ੍ਰੋ. ਖ਼ਲੀਕ ਅਹਿਮਦ ਨਿਜ਼ਾਮੀ

ਅਨੁਵਾਦ : *ਹਰਬੰਸ ਸਿੰਘ ਤਸੱਵਰ* *ਸਫ਼ੇ : 72 ਕੀਮਤ : 9.00*

ਹਜ਼ਰਤ ਸ਼ੇਖ਼ ਨਿਜ਼ਾਮੁੱਦੀਨ ਔਲੀਆ ਦੀ ਇਹ ਜੀਵਨੀ ਸਮਾਜਿਕ ਅਤੇ ਪ੍ਰਮਾਣਿਕ ਸਮੱਗਰੀ ਦੇ ਆਧਾਰ 'ਤੇ ਲਿਖੀ ਗਈ ਹੈ । ਹਿੰਦੁਸਤਾਨ ਦੇ ਸਭਿਆਚਾਰਕ ਅਤੇ ਅਧਿਆਤਮਕ ਇਤਿਹਾਸ ਵਿਚ ਸ਼ੇਖ਼ ਨਿਜ਼ਾਮੁੱਦੀਨ ਔਲੀਆ ਦੀ ਸ਼ਖ਼ਸੀਅਤ ਅਤੇ ਉਨ੍ਹਾਂ ਦੇ ਕਾਰਨਾਮਿਆਂ ਨੂੰ ਇਕ ਵਿਸ਼ੇਸ਼ ਪਦਵੀ ਪ੍ਰਾਪਤ ਹੈ ।

**10. ਰਾਣੀ ਲਕਸ਼ਮੀਬਾਈ** : ਵ੍ਰਿੰਦਾਵਨਲਾਲ ਵਰਮਾ

ਅਨੁਵਾਦ : *ਨਵਤੇਜ ਪੁਆਧੀ* *ਸਫ਼ੇ : 92 ਕੀਮਤ : 35.00*

ਇਹ ਜੀਵਨੀ ਨਾਵਲੀ ਵਿਧੀ ਵਿਚ ਲਿਖੀ ਗਈ ਹੈ । ਇਸ ਪੁਸਤਕ ਵਿਚ 1857 ਦੇ ਸੁਤੰਤਰਤਾ ਸੰਗਰਾਮ ਦੀ ਉਜਵਲ ਮਣੀ ਲਕਸ਼ਮੀਬਾਈ ਦੇ ਪ੍ਰੇਰਕ ਜੀਵਨ ਦੀ ਝਾਕੀ ਨੂੰ ਪੇਸ਼ ਕੀਤਾ ਗਿਆ ਹੈ । ਇਹ ਲਕਸ਼ਮੀਬਾਈ ਦਾ ਉਹ ਪੂਰਨ ਚਿੱਤਰ ਹੈ ਜਿਸ ਤੋਂ ਸੁਤੰਤਰਤਾ ਸੰਗਰਾਮ ਦੇ ਸੈਨਿਕਾਂ ਨੇ ਸਦਾ ਪ੍ਰੇਰਨਾ ਲਈ ਹੈ । ISBN 978-81-237-5344-7

**11. ਚੰਦਰਗੁਪਤ ਮੌਰੀਆ** : ਲੱਲਨਜੀ ਗੋਪਾਲ

ਅਨੁਵਾਦ : *ਬਲਜੀਤ ਸਿੰਘ 'ਬੱਲੀ'* *ਸਫ਼ੇ : 64 ਕੀਮਤ : 9.00*

ਚੰਦਰਗੁਪਤ ਦਾ ਰਾਜ-ਕਾਲ ਇਕ ਐਸੀ ਬੁਨਿਆਦ ਸੀ, ਜਿਸ ਉਪਰ ਭਾਰਤ ਦੇ ਸਮੁੱਚੇ ਇਤਿਹਾਸ ਦਾ ਮਹੱਲ ਖੜ੍ਹਾ ਹੋਇਆ ਹੈ । ਆਪਣੇ ਦੇਸ਼ ਨੂੰ ਵਿਦੇਸ਼ੀ ਗ਼ੁਲਾਮੀ ਤੋਂ ਮੁਕਤ ਕਰਾਉਣ ਮਗਰੋਂ ਉਸ ਨੇ ਦੇਸ਼ ਵਿਚ ਨਵਾਂ ਜੀਵਨ ਭਰ ਦਿੱਤਾ ।

**12. ਰਮਨ ਮਹਾਰਿਸ਼ੀ** : ਕ੍ਰਿਸ਼ਣ ਸਵਾਮੀਨਾਥਨ

ਅਨੁਵਾਦ : *ਸੁਰਜੀਤ ਸਿੰਘ* *ਸਫ਼ੇ : 123 ਕੀਮਤ : 18.00*

ਰਮਨ ਮਹਾਰਿਸ਼ੀ ਬੁੱਧ ਅਤੇ ਸ਼ੰਕਰਾਚਾਰੀਆ ਦੀ ਪਰੰਪਰਾ ਦੇ ਰਿਸ਼ੀਆਂ ਵਿਚੋਂ ਸਨ । ਉਨ੍ਹਾਂ ਨੇ ਗਿਆਨ ਮਾਰਗ ਦੀ ਸਿੱਖਿਆ ਉਪਦੇਸ਼ਾਂ ਨਾਲੋਂ ਜ਼ਿਆਦਾ ਖ਼ੁਦ ਆਪਣੇ ਜੀਵਨ ਦੁਆਰਾ ਦਿੱਤੀ । ਉਨ੍ਹਾਂ ਨੇ ਸਾਧਨਾ-ਪੱਧਤੀ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਹੈ ।

**13. ਆਸਫ਼ ਅਲੀ** : ਸੁਧੀਰ ਪੰਤ

ਅਨੁਵਾਦ : *ਵਿਜੇ ਸ਼ਾਇਰ* *ਸਫ਼ੇ : 64 ਕੀਮਤ : 14.00*

ਦੇਸ਼ ਭਗਤ, ਅਹਿੰਸਾਵਾਦੀ, ਸੁਤੰਤਰਤਾ ਸੈਨਾਨੀ, ਸੰਗੀਤ ਅਤੇ ਕਲਾ ਦੇ ਪਾਰਖੂ ਅਤੇ ਭਾਵੁਕ ਪ੍ਰੇਮੀ ਆਸਫ਼ ਅਲੀ ਬਹੁਮੁਖੀ ਪ੍ਰਤਿਭਾ ਵਾਲੇ ਵਿਅਕਤੀ ਸਨ । ਇਸ ਪੁਸਤਕ ਵਿਚ ਲੇਖਕ ਨੇ ਆਸਫ਼ ਅਲੀ ਦੇ ਜੀਵਨ ਦੀਆਂ ਘਟਨਾਵਾਂ ਤੇ ਪ੍ਰਾਪਤੀਆ ਦਾ ਵਿਸਥਾਰ ਸਹਿਤ ਵਰਣਨ ਕੀਤਾ ਹੈ ।

**14. ਸੁਆਮੀ ਦਇਆਨੰਦ** : ਬੀ. ਕੇ. ਸਿੰਘ

ਅਨੁਵਾਦ : *ਜੀ.ਐਸ. ਮੋਹੇ* *ਸਫ਼ੇ : 104 ਕੀਮਤ : 13.50*

ਇਹ ਪੁਸਤਕ ਸੁਆਮੀ ਦਇਆਨੰਦ ਦੇ ਜੀਵਨ ਅਤੇ ਲਿਖਤਾਂ ਬਾਰੇ ਆਲੋਚਨਾ ਅਤੇ ਸਮਾਲੋਚਨਾ ਕਰਨ ਦਾ ਯਤਨ ਹੈ । ਇਸ ਪੁਸਤਕ ਵਿਚ ਸੁਆਮੀ ਜੀ ਦੇ ਜੀਵਨ ਦੀਆਂ ਮੁੱਖ ਘਟਨਾਵਾਂ ਅਤੇ ਸਥਿਤੀਆਂ ਨੂੰ 19ਵੀਂ ਸਦੀ ਦੇ ਭਾਰਤ ਦੀ ਪਿੱਠ-ਭੂਮੀ ਨੂੰ ਸਾਹਮਣੇ ਰੱਖ ਕੇ ਪੇਸ਼ ਕੀਤਾ ਹੈ ।

**15. ਗ਼ਦਰ ਪਾਰਟੀ ਨਾਇਕ ਕਰਤਾਰ ਸਿੰਘ ਸਰਾਭਾ** : ਡਾ. ਚਮਨ ਲਾਲ

*ਲੇਖਕ ਤੇ ਅਨੁਵਾਦ : ਚਮਨ ਲਾਲ* *ਸਫ਼ੇ : 102 ਕੀਮਤ : 40.00*

16 ਨਵੰਬਰ 1915 ਨੂੰ ਕਰਤਾਰ ਸਿੰਘ ਸਰਾਭਾ ਨੂੰ ਜਦੋਂ ਫਾਂਸੀ 'ਤੇ ਚੜ੍ਹਾਇਆ ਗਿਆ ਤਾਂ ਉਹ ਸਿਰਫ ਸਾਢੇ ਉੱਨੀ ਸਾਲ ਦੇ ਸਨ । ਸ਼ਹੀਦ ਸਰਾਭਾ ਅਤੇ ਉਨ੍ਹਾਂ ਦੇ ਸਾਥੀਆਂ ਨੇ ਭਾਰਤ 'ਤੇ ਕਾਬਜ਼ ਬਰਤਾਨਵੀ ਹਕੂਮਤ ਨੂੰ ਉਖਾੜ ਸੁੱਟਣ ਲਈ ਅਮਰੀਕਾ ਅਤੇ ਕਨੇਡਾ ਵਿਚ ਵਸੇ ਭਾਰਤੀਆਂ ਨੂੰ ਇਕਜੁਟ ਕਰਨ ਦਾ ਕੰਮ ਕੀਤਾ ਸੀ ।

ISBN 978-81-237-5342-3

**16. ਸ੍ਰੀ ਮਾਂ** : ਪ੍ਰੇਮਾਨੰਦ ਕੁਮਾਰ

*ਅਨੁਵਾਦ : ਡਾ. ਹਰਮਿੰਦਰ ਸਿੰਘ ਬੇਦੀ* *ਸਫ਼ੇ : 140 ਕੀਮਤ : 20.00*

ਪੱਛਮ ਵਿਚ ਅਜਿਹੀਆਂ ਵਰਣਨਯੋਗ ਇਸਤ੍ਰੀਆਂ ਹੋਈਆਂ ਹਨ ਜਿਨ੍ਹਾਂ ਨੇ ਭਾਰਤ ਨੂੰ ਆਪਣੇ ਸਾਧਨਾ ਕੇਂਦਰ ਦੇ ਰੂਪ ਵਿਚ ਚੁਣਿਆ ਸੀ । ਸ੍ਰੀ ਅਰਵਿੰਦ ਆਸ਼ਰਮ ਪਾਂਡੀਚਰੀ ਦੀ ਸ੍ਰੀ ਮਾਂ, ਮੀਰਾ ਦੀ ਧਰਮ ਸੇਵਾ ਵੀ ਇਸੇ ਕੋਟੀ ਦੀ ਹੈ ਅਤੇ ਇਨ੍ਹਾਂ ਨੇ ਵਿਲੱਖਣ ਪ੍ਰਾਪਤੀਆਂ ਵੀ ਕੀਤੀਆਂ ।

**17. ਸ੍ਰੀ ਨਾਰਾਇਣ ਗੁਰੂ** : ਮੁਰਕੋਟ ਕੁਨੱਪਾ

*ਅਨੁਵਾਦ : ਡਾ. ਕੁਲਜੀਤ ਸਿੰਘ* *ਸਫ਼ੇ : 72 ਕੀਮਤ : 11.00*

ਸ੍ਰੀ ਨਰਾਇਣ ਗੁਰੂ ਦੀ ਸਿੱਖਿਆ ਸ਼ੰਕਰਾਚਾਰੀਆ ਦੇ ਦਰਸ਼ਨ ਤੋਂ ਪ੍ਰਭਾਵਿਤ ਹੈ । ਉਹ ਸੱਚੇ ਅਰਥਾਂ ਵਿਚ ਕਰਮ ਗਿਆਨੀ ਅਤੇ ਪਰਮਵੇਤਾ ਸਨ । ਉਨ੍ਹਾਂ ਨੇ ਦੱਖਣ ਭਾਰਤ ਦੇ ਲੱਖਾਂ ਦਲਿਤਾਂ ਦੇ ਉਥਾਨ ਵਿਚ ਅਹਿਮ ਯੋਗਦਾਨ ਦਿੱਤਾ ।

**19. ਸਵਾਈ ਜੈਸਿੰਘ** : ਰਾਜਿੰਦਰ ਸ਼ੰਕਰ ਭੱਟ

*ਅਨੁਵਾਦ : ਸ਼ਮਸ਼ੇਰ ਸਿੰਘ ਚਾਹਿਲ* *ਸਫ਼ੇ : 160 ਕੀਮਤ : 19.00*

ਸਵਾਈ ਜੈਸਿੰਘ ਭਾਰਤੀ ਇਤਿਹਾਸ ਦੀ ਇਕ ਗੌਰਵਪੂਰਨ ਸ਼ਖ਼ਸੀਅਤ ਹੈ । ਜਦ ਤਕ ਸੰਸਾਰ ਵਿਚ ਮਾਨਵ ਸੇਵਾ, ਦੇਸ਼ ਭਗਤੀ ਅਤੇ ਸੰਸਕ੍ਰਿਤੀ ਦਾ ਆਦਰ ਹੋਵੇਗਾ ਉਸ ਸਮੇਂ ਤਕ ਸਵਾਈ ਜੈਸਿੰਘ ਦਾ ਨਾਂਅ ਰਹੇਗਾ ।

**20. ਸਵਾਮੀ ਰਾਮਤੀਰਥ** : ਡੀ.ਆਰ. ਸੂਦ

*ਅਨੁਵਾਦ : ਜੋਧ ਸਿੰਘ* *ਸਫ਼ੇ : 144 ਕੀਮਤ : 10.50*

ਸਵਾਮੀ ਰਾਮਤੀਰਥ ਦੀ ਸ਼ਖ਼ਸੀਅਤ ਕਈ ਪੱਖਾਂ ਤੋਂ ਮਹਾਨ ਹੈ । ਉਹ ਇਕ ਅਜਿਹੇ ਸੂਫ਼ੀ

ਸਨ ਜਿਨ੍ਹਾਂ ਨੇ ਭਾਰਤੀ ਤੇ ਗ਼ੈਰ-ਭਾਰਤੀ ਫ਼ਲਸਫ਼ੇ ਦੇ ਨਿਚੋੜ ਤੇ ਉਨ੍ਹਾਂ ਦੀ ਮਿਲਵੀਂ ਸੁਗੰਧੀ ਨੂੰ ਆਪਣੇ ਜੀਵਨ ਵਿਚ ਰਚਾਇਆ ਹੋਇਆ ਸੀ। ਸਵਾਮੀ ਰਾਮਤੀਰਥ ਦੀ ਜੀਵਨ-ਕਹਾਣੀ ਉਤਸ਼ਾਹਜਨਕ ਤੇ ਨਵਾਂ ਜੀਵਨ ਪ੍ਰਦਾਨ ਕਰਨ ਵਾਲੀ ਕਥਾ ਹੈ।

**21. ਅਹੱਲਿਆ ਬਾਈ** : ਹੀਰਾ ਲਾਲ ਸ਼ਰਮਾ

*ਅਨੁਵਾਦ : ਪ੍ਰੋ. ਮੋਹਨ ਸਿੰਘ* *ਸਫ਼ੇ : 126 ਕੀਮਤ : 15.00*

ਇਹ ਜੀਵਨੀ ਜਨ-ਸਾਧਾਰਣ ਦੇ ਲਈ ਰੌਚਕ ਤੇ ਚੰਗੇਰੇ ਆਦਰਸ਼ਾਂ ਅਨੁਸਾਰ ਢਾਲਣ ਵਿਚ ਉਨ੍ਹਾਂ ਦੀ ਸਹਾਇਤਾ ਕਰੇਗੀ, ਤਾਂ ਜੋ ਉਨ੍ਹਾਂ ਬਾਰੇ ਇਹ ਕਿਹਾ ਜਾ ਸਕੇ ਕਿ ਉਨ੍ਹਾਂ ਨੇ ਜੀਵਨ ਨੂੰ ਅਜਾਈਂ ਨਹੀਂ ਗੁਆ ਦਿੱਤਾ।

**22. ਤਾਂਤੀਆ ਤੋਪੇ** : ਇੰਦੂਮਤੀ ਸ਼ਿਊਰੇ

*ਅਨੁਵਾਦ : ਡਾ. ਸਤਪਾਲ ਕੌਰ* *ਸਫ਼ੇ : 96 ਕੀਮਤ : 15.00*

ਤਾਂਤੀਆ ਤੋਪੇ ਨੂੰ 1857 ਦੀ ਬਗ਼ਾਵਤ ਦੇ ਪ੍ਰਮੁੱਖ ਫ਼ੌਜੀ ਆਗੂਆਂ ਵਿਚੋਂ ਇਕ ਗਿਣਿਆ ਜਾਂਦਾ ਹੈ। ਤਾਂਤੀਆ ਇਕ ਮਹਾਨ ਰਾਸ਼ਟਰੀ ਨਾਇਕ ਹੈ। ਉਸ ਦਾ ਨਾਂਅ ਹਰ ਦਿਲ ਵਿਚ ਇਕ ਮਹਾਨ ਹਿੰਦੁਸਤਾਨੀ ਸਪੂਤ ਦੀ ਹੈਸੀਅਤ ਨਾਲ ਜ਼ਿੰਦਾ ਰਹੇਗਾ ਜਿਸ ਨੇ ਆਜ਼ਾਦੀ ਦੀ ਜੰਗ ਲਈ ਆਪਣੀ ਜਾਨ ਦੀ ਪ੍ਰਵਾਹ ਨਹੀਂ ਕੀਤੀ।

**23. ਟੀਪੂ ਸੁਲਤਾਨ** : ਬੀ. ਸ਼ੇਖ਼ ਅਲੀ

*ਅਨੁਵਾਦ : ਜੀ.ਐਸ. ਪੰਨੂੰ* *ਸਫ਼ੇ : 90 ਕੀਮਤ : 9.25*

ਈਸਟ ਇੰਡੀਆ ਕੰਪਨੀ ਨੂੰ ਹਿੰਦੁਸਤਾਨ ਦੀਆਂ ਰਿਆਸਤਾਂ ਦੇ ਜਿਨ੍ਹਾਂ ਰਾਜਿਆਂ ਵਿਰੁੱਧ ਘੋਲ ਕਰਨਾ ਪਿਆ, ਉਨ੍ਹਾਂ ਵਿਚੋਂ ਮੈਸੂਰ ਦਾ ਰਾਜਾ ਟੀਪੂ ਸੁਲਤਾਨ ਸ਼ਾਇਦ ਸਭ ਤੋਂ ਵੱਧ ਕੰਪਨੀ ਦਾ ਬਲਵਾਨ ਦੁਸ਼ਮਣ ਸੀ। ਅੰਗਰੇਜ਼-ਵਿਰੋਧੀ ਜਜ਼ਬਿਆਂ ਦੇ ਦੋਸ਼ ਤੋਂ ਇਲਾਵਾ, ਟੀਪੂ ਦੇ ਜੀਵਨ ਅਤੇ ਚਰਿੱਤਰ ਵਿਚ ਬਹੁਤ ਕੁਝ ਅਜਿਹਾ ਸੀ ਕਿ ਲੋਕਾਂ ਦੇ ਮਨਾਂ ਵਿਚ ਉਸ ਲਈ ਦਿਲਚਸਪੀ ਅਤੇ ਸ਼ਲਾਘਾ ਜਾਗਦੀ ਸੀ।

**24. ਮੇਰਾ ਵੀਰ ਬਲਰਾਜ** : ਭੀਸ਼ਮ ਸਾਹਨੀ

*ਅਨੁਵਾਦ : ਸ੍ਰੀਮਤੀ ਸ਼ੀਲਾ ਸਾਹਨੀ* *ਸਫ਼ੇ : 160 ਕੀਮਤ : 19.00*

ਬਲਰਾਜ ਸਾਹਨੀ ਸਿਨਮਾ ਅਤੇ ਰੰਗਮੰਚ ਦੀ ਮਹਾਨ ਸ਼ਖ਼ਸੀਅਤ ਸਨ। ਆਪਣੀ ਦ੍ਰਿੜ੍ਹਤਾ ਅਤੇ ਅਣਥੱਕ ਮਿਹਨਤ ਨਾਲ ਉਨ੍ਹਾਂ ਨੇ ਨਾ ਕੇਵਲ ਪ੍ਰਸਿੱਧੀ ਅਤੇ ਪ੍ਰਾਪਤੀਆਂ ਕੀਤੀਆਂ ਸਗੋਂ ਸਵੱਸਥ ਸ਼ਖ਼ਸੀਅਤ ਦੇ ਮਾਲਕ ਵੀ ਸਨ।

**25. ਨਾਮਦੇਵ** : ਲਕਸ਼ਮਣ ਗਣੇਸ਼ ਜੋਗ

*ਅਨੁਵਾਦ : ਪ੍ਰੋ. ਸਵਰਨ ਸਿੰਘ* *ਸਫ਼ੇ : 90 ਕੀਮਤ : 9.00*

ਸੰਤ ਨਾਮਦੇਵ ਮਹਾਰਾਸ਼ਟਰ ਦੇ ਪੂਜਨੀਕ ਸੰਤ ਹੋਏ ਹਨ। ਨਾਮਦੇਵ ਜੀ ਦੀ ਬਾਣੀ ਆਦਿ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ। ਭਗਤੀ ਲਹਿਰ ਵਿਚ ਉਨ੍ਹਾਂ ਦਾ ਮਹੱਤਵਪੂਰਣ ਸਥਾਨ

ਹੈ । ਇਹ ਪੁਸਤਕ ਉਨ੍ਹਾਂ ਦੇ ਜੀਵਨ ਅਤੇ ਬਾਣੀ ਨੂੰ ਪੇਸ਼ ਕਰਦੀ ਹੈ ।

**26. ਰਣਜੀਤ ਸਿੰਘ** : ਡੀ.ਆਰ. ਸੂਦ

ਅਨੁਵਾਦ : *ਸੁਖਬੀਰ* *ਸਫ਼ੇ : 104 ਕੀਮਤ : 9.75*

ਇਸ ਪੁਸਤਕ ਵਿਚ ਲੇਖਕ ਨੇ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਸਰਬਪੱਖੀ ਨਿਰਪੱਖ ਸ਼ਖ਼ਸੀਅਤ ਤੇ ਵਿਸਤਾਰ ਸਹਿਤ ਰੌਸ਼ਨੀ ਪਾਈ ਹੈ । ਇਸ ਪੁਸਤਕ ਵਿਚ ਲੇਖਕ ਨੇ ਰਣਜੀਤ ਸਿੰਘ ਦੇ ਖ਼ਾਨਦਾਨ ਦੇ ਮੁੱਢਲੇ ਸਾਲ, ਮੁੱਢਲੀਆਂ ਜਿੱਤਾਂ, ਕੋਹਿਨੂਰ ਦਾ ਪ੍ਰਸੰਗ, ਸ਼ਹਿਰੀ ਰਾਜ-ਪ੍ਰਬੰਧ, ਪ੍ਰਾਪਤੀਆਂ ਅਤੇ ਇਤਿਹਾਸ ਵਿਚ ਸਥਾਨ ਆਦਿ ਤੋਂ ਇਲਾਵਾ ਹੋਰ ਕਈ ਪੱਖਾਂ ਦਾ ਵਰਣਨ ਕੀਤਾ ਹੈ ।

**27. ਸੁਬਰਾਮਨੀਅਮ ਭਾਰਤੀ** : ਪ੍ਰੇਮਾਨੰਦ ਕੁਮਾਰ

ਅਨੁਵਾਦ : *ਮੋਹਨ ਭੰਡਾਰੀ* *ਸਫ਼ੇ : 138 ਕੀਮਤ : 13.00*

ਸੁਬਰਾਮਨੀਅਮ ਭਾਰਤੀ ਭਾਰਤ ਦੇ ਮਹਾਨ ਦੇਸ਼ ਭਗਤ ਕਵੀਆਂ ਵਿਚੋਂ ਹਨ । ਉਨ੍ਹਾਂ ਨੇ ਉਸ ਨਵੇਂ ਭਾਰਤ ਦਾ ਸੁਪਨਾ ਦੇਖਿਆ ਸੀ ਜੋ ਉਦੋਂ ਹੋਂਦ ਵਿਚ ਆ ਰਿਹਾ ਸੀ । ਪੁਸਤਕ ਸੁਬਰਾਮਨੀਅਮ ਭਾਰਤੀ ਦੇ ਜੀਵਨ, ਰਚਨਾ ਅਤੇ ਪ੍ਰਾਪਤੀਆਂ ਦਾ ਖ਼ੂਬਸੂਰਤ ਖ਼ਜ਼ਾਨਾ ਹੈ ।

**28. ਰਾਬਿੰਦਰਨਾਥ ਟੈਗੋਰ** : ਕ੍ਰਿਸ਼ਨਾ ਕ੍ਰਿਪਲਾਨੀ

ਅਨੁਵਾਦ : *ਡਾ. ਹਰਮਿੰਦਰ ਸਿੰਘ ਬੇਦੀ* *ਸਫ਼ੇ : 344 ਕੀਮਤ : 41.00*

ਕ੍ਰਿਸ਼ਨਾ ਕ੍ਰਿਪਲਾਨੀ ਨੇ ਮਹਾਤਮਾ ਗਾਂਧੀ ਅਤੇ ਹੋਰ ਸ਼ਖ਼ਸੀਅਤਾਂ ਬਾਰੇ ਵੀ ਪੁਸਤਕਾਂ ਲਿਖ ਕੇ ਸਨਮਾਨ ਹਾਸਲ ਕੀਤਾ ਪਰ ਟੈਗੋਰ ਬਾਰੇ ਲਿਖੀ ਜੀਵਨੀ ਸਭ ਤੋਂ ਵੱਧ ਪ੍ਰਸਿੱਧ ਹੋਈ । ਟੈਗੋਰ ਨਾਲ ਸਹਿਕਰਮੀ ਰਹਿਣ ਕਾਰਣ ਉਨ੍ਹਾਂ ਦੇ ਜੀਵਨ ਨੂੰ ਨੇੜਿਉਂ ਵੇਖਣ ਦਾ ਮੌਕਾ ਲੇਖਕ ਨੂੰ ਮਿਲਿਆ । ਇਸੇ ਕਾਰਣ ਟੈਗੋਰ ਦੀ ਸ਼ਖ਼ਸੀਅਤ ਦੇ ਅਨੇਕ ਪਹਿਲੂਆਂ ਨੂੰ ਬੜੀ ਬਰੀਕੀ ਨਾਲ ਸਮਝਣਯੋਗ ਹੋ ਸਕੇ । ISBN 81-237-0324-4

**29. ਗਾਂਧੀ ਇਕ ਜੀਵਨੀ** : ਕ੍ਰਿਸ਼ਨਾ ਕ੍ਰਿਪਲਾਨੀ

ਅਨੁਵਾਦ : *ਦੇਵ ਭਾਰਦਵਾਜ* *ਸਫ਼ੇ : 244 ਕੀਮਤ : 28.00*

ਗਾਂਧੀ ਜੀ ਦੀ ਪ੍ਰਤਿਭਾ ਉਨ੍ਹਾਂ ਦੀ ਦ੍ਰਿੜ੍ਹਤਾ, ਨਿਡਰਤਾ, ਅਣਥੱਕਤਾ ਅਤੇ ਨਿਰੰਤਰ ਨੈਤਿਕ ਤਾਂਘ ਲਈ ਆਗਿਆਕਾਰੀ ਢੰਗ ਨਾਲ ਕਸ਼ਟ ਸਹਿਣ ਵਿਚ ਮੌਜੂਦ ਹੈ । ਪੁਸਤਕ ਵਿਚ ਲੇਖਕ ਨੇ ਗਾਂਧੀ ਜੀ ਦੀ ਸਰਬ-ਪੱਖੀ ਸ਼ਖਸੀਅਤ 'ਤੇ ਵਿਸਥਾਰ ਸਹਿਤ ਚਾਨਣਾ ਪਾਇਆ ਹੈ ।

**30. ਕਬੀਰ** : ਪਾਰਸਨਾਥ ਤਿਵਾਰੀ

(ਨਵਾਂ ਸੰਸਕਰਣ)

ਅਨੁਵਾਦ : *ਈਸ਼ਰ ਸਿੰਘ ਅਟਾਰੀ* *ਸਫ਼ੇ : 85 ਕੀਮਤ : 70.00*

ਕਬੀਰ ਦੀ ਰਚਨਾ ਵਾਂਗ ਉਨ੍ਹਾਂ ਦੇ ਜੀਵਨ ਬਾਰੇ ਵੀ ਲੋਕਾਂ ਨੂੰ ਬਹੁਤ ਘੱਟ ਜਾਣਕਾਰੀ ਹੈ । ਡਾ. ਤਿਵਾਰੀ ਨੇ ਗੰਭੀਰ ਅਧਿਐਨ ਅਤੇ ਖੋਜ ਪਿੱਛੋਂ ਪ੍ਰਾਪਤ ਤੱਥਾਂ ਅਤੇ ਲੋਕਾਂ ਦੇ ਮੂੰਹੋਂ-

ਮੂੰਹ ਚਲੀਆਂ ਆ ਰਹੀਆਂ ਕਥਾਵਾਂ ਦੇ ਆਧਾਰ 'ਤੇ ਬੜੇ ਸਰਲ ਅਤੇ ਰੌਚਕ ਢੰਗ ਨਾਲ ਸਾਧਾਰਣ ਪਾਠਕਾਂ ਲਈ ਜੀਵਨੀ ਪੇਸ਼ ਕੀਤੀ ਹੈ। ISBN 81-237-3789-5

**31. ਗੁਰੂ ਗੋਬਿੰਦ ਸਿੰਘ** : ਡਾ. ਗੋਪਾਲ ਸਿੰਘ

ਮੂਲ ਪੰਜਾਬੀ *ਸਫ਼ੇ : 100 ਕੀਮਤ : 25.00*

ਇਸ ਜੀਵਨੀ ਦੇ ਲੇਖਕ ਡਾ. ਗੋਪਾਲ ਸਿੰਘ ਆਦਿ ਗ੍ਰੰਥ ਦੇ ਅੰਗਰੇਜ਼ੀ ਦੇ ਸੰਸਾਰ-ਪ੍ਰਸਿੱਧ ਟੀਕਾਕਾਰ, ਕਵੀ ਤੇ ਵਿਚਾਰਵਾਨ ਸਨ। ਹਥਲੀ ਜੀਵਨੀ ਉਨ੍ਹਾਂ ਨੇ ਸਭ ਪ੍ਰਾਚੀਨ ਇਤਿਹਾਸਾਂ ਦੀ ਖੋਜ ਕਰਕੇ ਲਿਖੀ ਹੈ। ISBN 81-237-3366-6

**32. ਸੈਫ਼ੂਦੀਨ ਕਿਚਲੂ** : ਤੌਫ਼ੀਕ ਕਿਚਲੂ

ਅਨੁਵਾਦ : *ਰਾਜਿੰਦਰ ਸਿੰਘ* *ਸਫ਼ੇ : 144 ਕੀਮਤ : 19.00*

ਇਹ ਪੁਸਤਕ ਮਹਾਨ ਆਜ਼ਾਦੀ ਸੰਗਰਾਮੀਏ ਅਤੇ ਸੰਸਾਰ ਅਮਨ ਲਹਿਰ ਦੇ ਸਰਗਰਮ ਨੇਤਾ ਸੈਫ਼ੁਦੀਨ ਕਿਚਲੂ ਦੇ ਜੀਵਨ ਅਤੇ ਕਰਮ ਨਾਲ ਸੰਬੰਧਿਤ ਹੈ, ਜਿਸ ਨੂੰ ਉਨ੍ਹਾਂ ਦੇ ਹੀ ਛੋਟੇ ਸਪੁੱਤਰ ਤੌਫ਼ੀਕ ਕਿਚਲੂ ਨੇ ਵੇਰਵਿਆਂ ਸਹਿਤ ਪੇਸ਼ ਕੀਤਾ ਹੈ।

**33. ਬੀਰਬਲ ਸਾਹਨੀ** : ਸ਼ਕਤੀ ਐਮ. ਗੁਪਤਾ

ਅਨੁਵਾਦ : *ਡਾ. ਮੋਹਨਜੀਤ* *ਸਫ਼ੇ : 88 ਕੀਮਤ : 14.00*

ਪ੍ਰੋਫ਼ੈਸਰ ਬੀਰਬਲ ਸਾਹਨੀ ਵਿਗਿਆਨਕ, ਵਿਦਵਾਨ, ਦੇਸ਼ ਭਗਤ ਅਤੇ ਕੋਮਲ ਹਿਰਦੇ ਵਾਲੇ ਧਾਰਮਿਕ ਵਿਅਕਤੀ ਸਨ। ਉਨ੍ਹਾਂ ਦੀ ਪ੍ਰਸਿੱਧੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਬਤੌਰ ਪੁਰਾਬਨਸਪਤੀ ਖੋਜ-ਵਿਗਿਆਨੀ ਦੇ ਹੋਈ। ਭੂਗੋਲ ਅਤੇ ਪੁਰਾ-ਬਨਸਪਤੀ ਵਿਦਿਆਰਥੀਆਂ ਅਤੇ ਖੋਜੀਆਂ ਲਈ ਤਾਂ ਇਸ ਪੁਸਤਕ ਦਾ ਪਾਠ ਪੰਧ-ਵਿਖਾਊ ਹੋਵੇਗਾ, ਆਮ ਪਾਠਕ ਨੂੰ ਵੀ ਇਸ ਤੋਂ ਕੁਝ ਕਰਨ ਦੀ ਉਸਾਰੂ ਪ੍ਰੇਰਨਾ ਮਿਲਦੀ ਹੈ।

ISBN 81-237-0204-3

**34. ਸਰਦਾਰ ਵੱਲਭ ਭਾਈ ਪਟੇਲ** : ਵਿਸ਼ਨੂੰ ਪ੍ਰਭਾਕਰ

ਅਨੁਵਾਦ : *ਨਵਯੁਗ ਵਡਾਲੀਆ* *ਸਫ਼ੇ : 74 ਕੀਮਤ : 11.00*

ਸਰਦਾਰ ਵੱਲਭ ਭਾਈ ਪਟੇਲ ਸੁਤੰਤਰਤਾ ਸੰਗਰਾਮ ਦੇ ਲੋਹ-ਪੁਰਖ ਦੇ ਨਾਂ ਨਾਲ ਜਾਣੇ ਜਾਂਦੇ ਹਨ। ਸੱਤ ਸੌ ਤੋਂ ਵਧੇਰੇ ਦੇਸੀ ਰਿਆਸਤਾਂ ਨੂੰ ਇਕ ਝੰਡੇ ਹੇਠ ਲਿਆਉਣ ਦਾ ਕੰਮ ਉਨ੍ਹਾਂ ਵਰਗੇ ਸਿਆਣੇ ਨੀਤੀਵਾਨ ਤੋਂ ਇਲਾਵਾ ਕਿਸੇ ਹੋਰ ਦੇ ਵੱਸ ਦੀ ਗੱਲ ਨਹੀਂ ਸੀ। ਸਰਦਾਰ ਪਟੇਲ ਦੇ ਇਹੋ ਜਿਹੇ ਜੀਵਨ ਦੇ ਕੁਝ ਜਾਣੇ-ਅਣਜਾਣੇ ਪੱਖਾਂ ਦਾ ਵਰਣਨ ਬਹੁਤ ਹੀ ਦਿਲਚਸਪ ਅਤੇ ਵਿਲੱਖਣ ਸ਼ੈਲੀ ਵਿਚ ਕੀਤਾ ਹੈ।

**35. ਨਾਗਾਰਜੁਨ** : ਕੇ. ਸਚਦਾਨੰਦ ਮੂਰਤੀ

ਅਨੁਵਾਦ : *ਡਾ. ਕਰਨਜੀਤ ਸਿੰਘ* *ਸਫ਼ੇ : 108 ਕੀਮਤ : 16.00*

ਨਾਗਾਰਜੁਨ ਸੰਸਾਰ ਵਿਚ ਹੁਣ ਤਕ ਹੋਏ ਮਹਾਨਤਮ ਦਰਸ਼ਨਵੇਤਾਵਾਂ ਵਿਚੋਂ ਇਕ ਹੈ। ਅਧਿਆਤਮਕ ਗਹਿਰਾਈ, ਮੰਤਕੀ ਸੂਖਮਤਾ ਅਤੇ ਆਤਮਿਕ ਅੰਤਰ-ਦ੍ਰਿਸ਼ਟੀ ਦੇ ਪੱਖੋਂ

ਭਾਰਤੀ ਚਿੰਤਕਾਂ ਵਿਚ ਸਿਵਾਏ ਸ਼ੰਕਰਾ ਦੇ ਉਸ ਦੇ ਜੋੜ ਦਾ ਹੋਰ ਕੋਈ ਨਹੀਂ ।

ISBN 81-237-364-6

**36. ਸਿਸਟਰ ਨਿਵੇਦਤਾ** : ਵਸੁਧਾ ਚਕ੍ਰਵਰਤੀ

ਅਨੁਵਾਦ : *ਡਾ. ਮਹਿੰਦਰ ਕੌਰ ਗਿੱਲ* *ਸਫ਼ੇ : 76 ਕੀਮਤ : 13.50*

ਸਿਸਟਰ ਨਿਵੇਦਿਤਾ ਦਾ ਸਾਰਾ ਜੀਵਨ ਲੋਕਾਂ ਦੀ ਭਲਾਈ ਹਿਤ ਬੀਤਿਆ ਜੋ ਕਿ ਮਨੁੱਖਤਾ ਲਈ ਇਕ ਰਾਹਨੁਮਾ ਹੈ । ਮਾਰਗਰੇਟ ਨੋਬਲ ਦੇ ਰੂਪ ਵਿਚ ਉਨ੍ਹਾਂ ਦਾ ਜਨਮ ਇੰਗਲੈਂਡ ਲਈ ਹੋਇਆ ਸੀ, ਪਰੰਤੂ ਉਹ ਹਿੰਦੂਤਵ ਅਤੇ ਪ੍ਰਸਾਰ ਖੇਤਰ ਭਾਰਤ ਤੋਂ ਬਹੁਤ ਪ੍ਰਭਾਵਿਤ ਹੋਈ ।

**37. ਸ਼ੇਰ ਸ਼ਾਹ ਸੂਰੀ** : ਵਿਦਿਆ ਭਾਸਕਰ

ਅਨੁਵਾਦ : ਵਿਸ਼ਵਾਸਦੀਪ *ਸਫ਼ੇ : 108 ਕੀਮਤ : 15.00*

ਸ਼ੇਰ ਸ਼ਾਹ ਸੂਰੀ ਆਪਣੇ ਸਮੇਂ ਦਾ ਇਕ ਵਿਸ਼ੇਸ਼ ਅਤੇ ਵਰਣਨਯੋਗ ਰਾਜ ਵਿਅਕਤੀ ਸੀ । ਉਸ ਨੇ ਰਾਜ ਅਤੇ ਸਮਾਜ ਸੰਗਠਨ ਵਿਚ ਨਵੀਆਂ ਚੀਜ਼ਾਂ ਸ਼ੁਰੂ ਕੀਤੀਆਂ ਜਿਸ ਤੋਂ ਉਸ ਦੀ ਕਲਪਨਾ ਅਤੇ ਸੰਗਠਨ ਸ਼ਕਤੀ ਦਾ ਪਰਿਚੈ ਮਿਲਦਾ ਹੈ । ਇਤਿਹਾਸਕਾਰਾਂ ਅਨੁਸਾਰ ਆਪਣੇ ਸਮੇਂ ਵਿਚ ਸ਼ੇਰ ਸ਼ਾਹ ਸੂਰੀ ਦੂਰਦਰਸ਼ੀ ਅਤੇ ਸੂਝ-ਬੂਝ ਵਾਲਾ ਵਿਅਕਤੀ ਸੀ ।

**38. ਰਮਨ ਅਤੇ ਰਮਨ ਵਰਤਾਰਾ** : ਜੀ.ਐਚ. ਕੇਸਵਾਨੀ

ਅਨੁਵਾਦ : *ਗੁਰਬਚਨ ਸਿੰਘ ਭੁੱਲਰ* *ਸਫ਼ੇ : 176 ਕੀਮਤ : 33.00*

ਇਸ ਪੁਸਤਕ ਵਿਚ ਨੋਬਲ ਇਨਾਮ-ਜੇਤੂ ਪ੍ਰਸਿੱਧ ਭਾਰਤੀ ਭੌਤਿਕ-ਵਿਗਿਆਨੀ ਸਰ ਚੰਦਰਸ਼ੇਖਰ ਵੈਂਕਟਾਰਮਨ ਦੇ ਖੋਜ-ਕਾਰਜ ਅਤੇ ਜੀਵਨ ਬਾਰੇ ਬੇਹੱਦ ਮਹੱਤਵਪੂਰਣ ਵੇਰਵੇ ਦਰਜ ਹਨ । ਪੁਸਤਕ ਵਿਚ ਕੁਲ 21 ਨਿਬੰਧ ਹਨ ਅਤੇ 7 ਕਾਂਡ ਅੰਤਿਕਾ ਵਿਚ ਸ਼ਾਮਲ ਹਨ । ਪੂਰੀ ਪੁਸਤਕ ਵਿਚ ਉਸ ਦੇ ਖੋਜ-ਕਾਰਜ ਅਤੇ ਖੋਜ-ਪ੍ਰਕਿਰਿਆ ਦਾ ਵਿਸਥਾਰ ਸਹਿਤ ਵਰਣਨ ਹੈ ।

ISBN 81-237-1251-0

**39. ਗੁਰੂ ਤੇਗ ਬਹਾਦਰ** : ਡਾ. ਭਜਨ ਸਿੰਘ ਗਿਆਨੀ

ਮੂਲ ਪੰਜਾਬੀ *ਸਫ਼ੇ : 163 ਕੀਮਤ : 37.00*

ਇਸ ਪੁਸਤਕ ਵਿਚ ਲੇਖਕ ਨੇ ਗੁਰੂ ਤੇਗ ਬਹਾਦਰ ਜੀ ਦੇ ਸਰਬਪੱਖੀ ਜੀਵਨ ਨੂੰ ਅਠਾਰਾਂ ਅਧਿਆਵਾਂ ਵਿਚ ਵੰਡ ਕੇ ਵਿਚਾਰਿਆ ਹੈ । ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਾਡੇ ਕੌਮੀ ਇਤਿਹਾਸ ਦਾ ਹੀ ਨਹੀਂ ਸਗੋਂ ਵਿਸ਼ਵ ਇਤਿਹਾਸ ਦਾ ਮਹਾਨ ਬਲੀਦਾਨ ਹੈ । ਗੁਰੂ ਤੇਗ ਬਹਾਦਰ ਜੀ ਦੀ ਜੀਵਨੀ ਸਾਡੀਆਂ ਪੀੜ੍ਹੀਆਂ ਲਈ ਇਕ ਚਾਨਣ ਮੁਨਾਰਾ ਹੈ ਜੋ ਦੇਸ਼, ਕੌਮ ਅਤੇ ਧਰਮ ਵਿਸ਼ਵਾਸ ਦੀ ਆਜ਼ਾਦੀ ਦੇ ਚਾਹਵਾਨਾਂ ਲਈ ਰੌਸ਼ਨ ਮੁਨਾਰਾ ਤੇ ਕੁਰਬਾਨੀ ਲਈ ਉਤਸ਼ਾਹ ਦਾ ਸੋਮਾ ਬਣਿਆ ਰਹੇਗਾ ।

ISBN 81-237-1413-0

**40. ਐਮ.ਐਨ. ਰਾਏ** : ਵੀ.ਬੀ. ਕਾਰਨਿਕ

ਅਨੁਵਾਦ : *ਪਰਿਤੋਸ਼ ਗਾਰਗੀ* *ਸਫ਼ੇ : 112 ਕੀਮਤ : 14.00*

ਐਮ.ਐਨ. ਰਾਏ ਹਮੇਸ਼ਾ ਆਮ ਲੋਕਾਂ ਦੇ ਪੱਖਪਾਤਾਂ, ਵਹਿਮਾਂ ਅਤੇ ਨੁਕਸਾਨ ਦੇਣ ਵਾਲੇ ਸਮਾਜੀ ਰਿਵਾਜਾਂ ਦੇ ਖ਼ਿਲਾਫ਼ ਲੜਨ ਨੂੰ ਤਿਆਰ ਰਹਿੰਦੇ ।

**41. ਜਗਦੀਸ਼ ਚੰਦਰ ਬੋਸ** : ਐਸ.ਐਨ. ਬਾਸੂ

ਅਨੁਵਾਦਕ : *ਈਸ਼ਰ ਸਿੰਘ ਅਟਾਰੀ* *ਸਫ਼ੇ : 106 ਕੀਮਤ : 8.00*

ਐਸ.ਐਨ. ਬਾਸੂ ਇਕ ਪ੍ਰਸਿੱਧ ਲਿਖਾਰੀ ਸਨ ਜਿਨ੍ਹਾਂ ਨੇ ਅੰਗਰੇਜ਼ੀ ਅਤੇ ਬੰਗਲਾ ਵਿਚ ਕਈ ਪੁਸਤਕਾਂ ਲਿਖੀਆਂ ਹਨ । ਸ੍ਰੀ ਜਗਦੀਸ਼ ਚੰਦਰ ਬੋਸ ਦੇ ਜੀਵਨ ਅਤੇ ਕੰਮ ਤੋਂ ਭਲੀਭਾਂਤ ਜਾਣੂ ਹੋਣ ਕਰਕੇ ਆਪ ਨੇ ਉਨ੍ਹਾਂ ਦੇ ਜੀਵਨ ਨੂੰ ਸਰਲ ਅਤੇ ਸਪੱਸ਼ਟ ਢੰਗ ਨਾਲ ਬਿਆਨਿਆ ਹੈ ।

**42. ਨੇਤਾ ਜੀ ਸੁਭਾਸ਼ ਚੰਦਰ ਬੋਸ** : ਸਿਸਿਰ ਕੁਮਾਰ ਬੋਸ

ਅਨੁਵਾਦ : *ਡਾ. ਨਰੇਸ਼* *ਸਫ਼ੇ : 136 ਕੀਮਤ : 75.00*

ਇਹ ਪੁਸਤਕ ਸਾਧਾਰਣ ਜਾਗਰੂਕ ਪਾਠਕਾਂ ਅਤੇ ਵਿਸ਼ੇਸ਼ ਤੌਰ ਤੇ ਉਨ੍ਹਾਂ ਨਵੀਆਂ ਪੀੜ੍ਹੀਆਂ ਲਈ ਲਿਖੀ ਗਈ ਹੈ, ਜਿਨ੍ਹਾਂ ਨੂੰ ਆਜ਼ਾਦੀ ਦੇ ਰਾਸ਼ਟਰੀ ਸੰਘਰਸ਼ ਦੇ ਅਨੁਭਵਾਂ ਦੀ ਪ੍ਰਤੱਖ ਜਾਣਕਾਰੀ ਨਹੀਂ ਹੈ । ਇਹ ਪੁਸਤਕ ਸਮਕਾਲੀ ਭਾਰਤ ਦੇ ਇਤਿਹਾਸ ਦੀ ਇਕ ਅਦੁੱਤੀ ਸ਼ਖ਼ਸੀਅਤ ਦੀ ਜ਼ਿੰਦਗੀ ਦੇ ਮੁਹਾਂਦਰੇ ਦੀ ਮੋਟੀ-ਮੋਟੀ ਰੂਪ-ਰੇਖਾ ਹੀ ਪੇਸ਼ ਕਰਦੀ ਹੈ ।

ISBN 978-81-237-0828-7

**43. ਮਿਰਜ਼ਾ ਗ਼ਾਲਿਬ** : ਮਾਲਿਕ ਰਾਮ

ਅਨੁਵਾਦ : *ਦੇਵਿੰਦਰ* *ਸਫ਼ੇ : 96 ਕੀਮਤ : 8.50*

ਸ਼ਾਇਦ ਮਿਰਜ਼ਾ ਗ਼ਾਲਿਬ ਹੀ ਉਰਦੂ ਦੇ ਅਜਿਹੇ ਕਵੀ ਹੋਏ ਹਨ ਜਿਨ੍ਹਾਂ ਦੀ ਸ਼ੁਹਰਤ ਇਸ ਦੇਸ਼ ਦੀਆਂ ਸੀਮਾਵਾਂ ਟੱਪ ਗਈ ਹੈ । ਇਸ ਪੁਸਤਕ ਦੇ ਦੂਜੇ ਕਾਂਡ ਵਿਚ 200 ਤੋਂ ਵੱਧ ਪ੍ਰਤੀਨਿਧ ਸ਼ਿਅਰ ਦਿੱਤੇ ਗਏ ਹਨ ਜਿਹੜੇ ਗ਼ਾਲਿਬ ਦੇ ਉਰਦੂ ਦੀਵਾਨ ਦਾ ਦਸਵਾਂ ਹਿੱਸਾ ਕਹੇ ਜਾ ਸਕਦੇ ਨੇ ।

**44. ਗੁਰੂ ਨਾਨਕ** : ਡਾ. ਗੋਪਾਲ ਸਿੰਘ

ਮੂਲ ਪੰਜਾਬੀ (ਨਵਾਂ ਸੰਸਕਰਣ) *ਸਫ਼ੇ : 98 ਕੀਮਤ : 85.00*

ਇਹ ਪੁਸਤਕ ਗੁਰੂ ਨਾਨਕ ਦੇ ਸਮੁੱਚੇ ਲੋਕ ਕਾਰਜ ਬਾਰੇ ਅਤੇ ਮਨੁੱਖਤਾ ਪ੍ਰਤੀ ਉਸ ਦੀ ਸੰਤੁਲਤ ਪਹੁੰਚ ਦੀ ਜਾਣਕਾਰੀ ਦਿੰਦੀ ਹੈ । ਇਸ ਪੁਸਤਕ ਵਿਚ ਪਾਠਕ ਨੂੰ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਵੀ ਝਲਕ ਮਿਲੇਗੀ ਅਤੇ ਉਨ੍ਹਾਂ ਦੇ ਉਪਦੇਸ਼ ਦਾ ਗਿਆਨ ਵੀ ਹੋਵੇਗਾ । ISBN 81-237-3367-8

**45. ਅਮੀਰ ਖੁਸਰੋ** : ਸੱਯਦ ਗ਼ੁਲਾਮ ਸਮਨਾਨੀ

ਅਨੁਵਾਦ : *ਪ੍ਰੋ. ਗੁਰਦਿਆਲ ਸਿੰਘ* *ਸਫ਼ੇ : 90 ਕੀਮਤ : 7.00*

ਖੁਸਰੋ ਇਕ ਸੱਚਾ ਭਾਰਤੀ ਸੀ। ਉਸ ਨੇ ਭਾਰਤੀ ਸਭਿਆਚਾਰ ਦੇ ਹਰ ਪੱਖ ਦਾ ਅਧਿਐਨ ਕੀਤਾ। ਇਸ ਦੇਸ਼ ਦੀ ਧਰਤੀ ਨਾਲ ਸੰਬੰਧਿਤ ਹਰ ਸ਼ੈਅ ਨੂੰ ਉਹ ਪਿਆਰ ਕਰਦੇ ਸਨ। ਉਹ ਕਈ ਭਾਰਤੀ ਭਾਸ਼ਾਵਾਂ ਜਾਣਦੇ ਸਨ ਤੇ ਉਨ੍ਹਾਂ ਵਿਚੋਂ ਕੁਝ ਵਿਚ ਪੂਰੀ ਯੋਗਤਾ ਨਾਲ ਲਿਖਦੇ ਵੀ ਸਨ।

**46. ਭਗਵਾਨ ਮਹਾਵੀਰ :** ਜਗਦੀਸ਼ ਚੰਦਰ ਜੈਨ

ਅਨੁਵਾਦ : *ਡਾ. ਗੁਰਬਚਨ* *ਸਫ਼ੇ : 72 ਕੀਮਤ : 12.00*

ਭਗਵਾਨ ਮਹਾਵੀਰ ਲੋਕਾਂ ਦੇ ਕਲਿਆਣ ਦੀ ਭਾਵਨਾ ਤੋਂ ਪ੍ਰੇਰਿਤ ਹੋਏ। ਦੂਜਿਆਂ ਦਾ ਨੁਕਸਾਨ ਕਰਨਾ ਹਿੰਸਾਤਮਕ ਕਾਰਜ ਹੈ। ਮਹਾਵੀਰ ਨੇ ਇਨ੍ਹਾਂ ਵਿਚਾਰਾਂ ਦੇ ਅਨੁਕੂਲ ਸੱਚੇ ਦਿਲੋਂ ਤੇ ਪੱਕੇ ਇਰਾਦੇ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ।

**47. ਬਾਬਾ ਸ਼ੇਖ ਫ਼ਰੀਦ :** ਪ੍ਰੋ. ਗੁਰਬਚਨ ਸਿੰਘ ਤਾਲਿਬ

ਮੂਲ ਪੰਜਾਬੀ *ਸਫ਼ੇ : 86 ਕੀਮਤ : 30.00*

ਇਸ ਪੁਸਤਕ ਵਿਚ ਲੇਖਕ ਨੇ ਫ਼ਰੀਦ ਜੀ ਦੇ ਸੰਖੇਪ ਜੀਵਨ, ਚਰਿੱਤਰ, ਸਿੱਖਿਆ, ਅੰਤਿਮ ਦਿਨ ਤੇ ਰੱਬ ਨਾਲ ਮਿਲਾਪ, ਆਦਿ ਗ੍ਰੰਥ ਵਿਚ ਸ਼ੇਖ ਫ਼ਰੀਦ ਦੀ ਬਾਣੀ, ਉਸ ਦੀ ਕਾਵਿ-ਕਲਾ ਦਾ ਸਰਵੇਖਣ, ਸੂਫ਼ੀ ਮਤ ਦੀ ਪਰੰਪਰਾ, ਪੰਜਾਬ ਵਿਚ ਸੂਫ਼ੀ ਮਤ ਦੇ ਲੱਛਣਾਂ ਆਦਿ ਮਹੱਤਵਪੂਰਣ ਵਿਸ਼ਿਆਂ 'ਤੇ ਸਫ਼ਲਤਾ ਸਹਿਤ ਕਲਮ ਅਜ਼ਮਾਈ ਹੈ।

ISBN 978-81-237-3590-0

**48. ਗੁਰੂ ਰਵਿਦਾਸ :** ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ

ਅਨੁਵਾਦ : *ਰਵੀ ਕੁਮਾਰ ਅਨੂ* *ਸਫ਼ੇ : 96 ਕੀਮਤ : 16.00*

ਇਸ ਪੁਸਤਕ ਵਿਚ ਗੁਰੂ ਰਵਿਦਾਸ ਜੀ ਦੇ ਜੀਵਨ, ਸਮਾਂ ਅਤੇ ਬਾਣੀ ਬਾਰੇ ਪ੍ਰਮਾਣਿਕ ਜਾਣਕਾਰੀ ਦਿੱਤੀ ਗਈ ਹੈ। ਲੇਖਕ ਨੇ ਇਸ ਪੁਸਤਕ ਵਿਚ ਰਾਮਾਨੰਦ ਦੇ ਭਗਤੀ ਅੰਦੋਲਨ ਤੇ ਗੁਰੂ ਰਵਿਦਾਸ, ਗੁਰੂ ਰਵਿਦਾਸ ਜੀਵਨ, ਗੁਰੂ ਰਵਿਦਾਸ ਬਾਣੀ ਦੀਆਂ ਵਿਸ਼ੇਸ਼ਤਾਵਾਂ ਅਤੇ ਵਿਚਾਰਧਾਰਾ, ਗੁਰੂ ਰਵਿਦਾਸ ਜੀ ਦੀ ਭਗਤੀ ਭਾਵਨਾ ਤੇ ਭਗਤੀ ਸਾਧਨਾ, ਗੁਰੂ ਰਵਿਦਾਸ ਜੀ ਦੀ ਸਮਾਜ ਨੂੰ ਦੇਣ ਅਤੇ ਰਵਿਦਾਸ ਬਾਣੀ ਆਦਿ ਵਿਸ਼ਿਆਂ ਦਾ ਅਧਿਐਨ ਕੀਤਾ ਹੈ।

ISBN 81-237-0551-4

**49. ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ :** ਕਰਤਾਰ ਸਿੰਘ ਦੁੱਗਲ

ਮੂਲ ਪੰਜਾਬੀ *ਸਫ਼ੇ : 126 ਕੀਮਤ : 8.50*

ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਪੰਜਾਬੀ ਪਾਠਕਾਂ ਲਈ ਕਿਸੇ ਜਾਣ-ਪਛਾਣ ਦੇ ਮੁਹਤਾਜ ਨਹੀਂ। ਅਕਾਲੀ ਲਹਿਰ ਤੋਂ ਲੈ ਕੇ ਭਾਰਤ ਆਜ਼ਾਦ ਹੋਣ ਤਕ ਆਜ਼ਾਦੀ ਦੇ ਸੰਘਰਸ਼ ਵਿਚ ਉਨ੍ਹਾਂ ਨੇ ਵੱਡਾ ਹਿੱਸਾ ਪਾਇਆ ਹੈ। ਲੇਖਕ ਨੇ ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਦੇ ਜੀਵਨ, ਉਨ੍ਹਾਂ ਦੀਆਂ ਕਹਾਣੀਆਂ, ਕਵਿਤਾਵਾਂ ਤੇ ਰੁਬਾਈਆਂ ਨੂੰ ਵੀ ਸ਼ਾਮਲ ਕੀਤਾ ਹੈ।

**50. ਸ੍ਰੀ ਅਰਵਿੰਦ** : ਨਵਜਾਤ

ਅਨੁਵਾਦ : *ਪੂਰਨ ਸਿੰਘ ਕੰਵਰ* *ਸਫ਼ੇ : 112 ਕੀਮਤ : 30.00*

ਸ੍ਰੀ ਅਰਵਿੰਦ ਮਹਾਨ ਦਾਰਸ਼ਨਿਕ ਸੰਤ ਹੋਣ ਦੇ ਨਾਲ-ਨਾਲ ਅੱਵਲ ਦਰਜੇ ਦੇ ਕਵੀ ਵੀ ਸਨ । ਅਰਵਿੰਦ ਨੇ ਮੁੱਢਲੇ ਸਾਲਾਂ ਵਿਚ ਸੁਤੰਤਰਤਾ ਲਹਿਰ ਵਿਚ ਵੀ ਸਰਗਰਮ ਹਿੱਸਾ ਲਿਆ । ISBN 81-237-2155-2

**51. ਡਾ. ਬਾਬਾ ਸਾਹਿਬ ਅੰਬੇਡਕਰ** : ਵਸੰਤਮੂਨ

ਅਨੁਵਾਦ : *ਡਾ. ਅਮਰਜੀਤ ਸਿੰਘ ਕਾਂਗ* *ਸਫ਼ੇ : 232 ਕੀਮਤ : 135.00*

ਵਸੰਤਮੂਨ ਡਾ. ਬਾਬਾ ਸਾਹਿਬ ਅੰਬੇਡਕਰ ਦੇ ਸਮਕਾਲੀ ਸਨ ਪਰ ਤਾਂ ਵੀ ਡਾ. ਅੰਬੇਡਕਰ ਨੂੰ ਸਮਝਣ ਲਈ ਉਨ੍ਹਾਂ ਦੀਆਂ ਲਿਖਤਾਂ ਥਾਣੀਂ ਵਿਚਾਰਿਆਂ ਉਨ੍ਹਾਂ ਦਾ ਦ੍ਰਿਸ਼ਟੀਕੋਣ ਤੇ ਅਨੁਭਵ ਹੋਰ ਗੂੜ੍ਹਾ ਹੋਇਆ । ਸਿੱਟੇ ਵਜੋਂ ਇਹ ਪੁਸਤਕ ਉਨ੍ਹਾਂ ਦੀ ਲਗਨ ਦਾ ਪ੍ਰਤੱਖ ਪ੍ਰਮਾਣ ਹੈ । ISBN 978-81-237-2990-9

**52. ਨਾਨਾ ਫਰਨਵੀਸ** : ਵਾਈ.ਐਨ. ਦੇਵਧਰ

ਅਨੁਵਾਦ : *ਪ੍ਰੋ. ਗੁਰਦਿਆਲ ਸਿੰਘ* *ਸਫ਼ੇ : 115 ਕੀਮਤ : 2.25*

ਨਾਨਾ ਫਰਨਵੀਸ ਭਾਰਤ ਦੇ ਇਤਿਹਾਸ ਵਿਚ ਅਠਾਰ੍ਹਵੀਂ ਸਦੀ ਦੇ ਉੱਘੇ ਰਾਜਸੀ ਅਤੇ ਨੀਤੀਵਾਨ ਵਿਅਕਤੀਆਂ ਵਿਚੋਂ ਇਕ ਸਨ ।

**53. ਅਕਬਰ** : ਲਾਰੰਸ ਬਿਨੀਅਨ

ਅਨੁਵਾਦ : *ਡਾ. ਹਰਨਾਮ ਸਿੰਘ ਸ਼ਾਨ* *ਸਫ਼ੇ : 96 ਕੀਮਤ : 35.00*

ਲਾਰੰਸ ਬਿਨੀਅਨ ਦੀ ਇਹ ਪੁਸਤਕ, 'ਅਕਬਰ' (Lawrence Binyon's 'Akbar'), ਇੱਕ ਵੱਖਰੀ ਤੇ ਵਿੱਕੋਲਿੱਤਰੀ ਸ਼ੈਅ ਹੈ; ਅਤੇ ਆਪਣੇ ਅਨੁਭਵ ਤੇ ਉਸ ਦੇ ਪ੍ਰਗਟਾਉ ਵਿੱਚ ਇਕਦਮ ਅਦੁੱਤੀ ਹੈ ।

**54. ਮਹਾਰਾਣਾ ਪ੍ਰਤਾਪ** : ਰਾਜਿੰਦਰ ਸ਼ੰਕਰ ਭੱਟ

ਅਨੁਵਾਦ : *ਨਰਿੰਦਰ ਭੁੱਲਰ* *ਸਫ਼ੇ : 96 ਕੀਮਤ : 15.00*

ਮਹਾਰਾਣਾ ਪ੍ਰਤਾਪ ਭਾਰਤੀ ਇਤਿਹਾਸ ਦੀ ਇਕ ਗੌਰਵਮਈ ਹਸਤੀ ਹੈ । ਇਸ ਪੁਸਤਕ ਵਿਚ ਲੇਖਕ ਨੇ ਮਹਾਰਾਣਾ ਪ੍ਰਤਾਪ ਦੀ ਜੀਵਨੀ ਦੇ ਮਹੱਤਵ ਨੂੰ ਪੇਸ਼ ਕੀਤਾ ਹੈ ਤੇ ਨਾਲ ਹੀ ਸਾਵਧਾਨੀ ਵੀ ਵਰਤੀ ਹੇ ਕਿ ਸ਼ਰਧਾ ਸੱਚ ਉਤੇ ਹਾਵੀ ਨਾ ਹੋ ਜਾਵੇ ।

**55. ਬਾਬਾ ਖੜਕ ਸਿੰਘ ਅਤੇ ਭਾਰਤ ਦਾ ਸੁਤੰਤ੍ਰਤਾ ਸੰਗਰਾਮ** : ਡਾ. ਮਹਿੰਦਰ ਸਿੰਘ

ਅਨੁਵਾਦ : *ਡਾ. ਕਰਨਜੀਤ ਸਿੰਘ* *ਸਫ਼ੇ : 96 ਕੀਮਤ : 45.00*

ਬਾਬਾ ਖੜਕ ਸਿੰਘ ਬਾਰੇ ਇਸ ਪੁਸਤਕ ਵਿਚ ਭਾਰਤ ਦੇ ਉਸ ਮਹਾਨ ਸਪੂਤ ਦੇ ਜੀਵਨ ਤੇ ਜੁਗ ਨੂੰ ਪੇਸ਼ ਕਰਨ ਦਾ ਉੱਦਮ ਕੀਤਾ ਗਿਆ ਹੈ ਜਿਹੜਾ ਬਹੁਤ ਕਰਕੇ ਪੰਜਾਬ ਵਿਚ ਘਟਨਾਵਾਂ ਦੇ ਧਾਰੇ ਨੂੰ ਮੋੜਨ ਅਤੇ ਸੂਬਾਈ ਰਾਜਨੀਤੀ ਵਿਚ ਰਾਸ਼ਟਰਵਾਦੀ ਤੇ ਧਰਮ-ਨਿਰਪੇਖ ਕਦਰਾਂ-ਕੀਮਤਾਂ ਦਾ ਬੀਜ ਬੀਜਣ ਵਾਲਾ ਸੀ । ISBN 81-237-4562-1

**56. ਅਮਰ ਸ਼ਹੀਦ ਸਰਦਾਰ ਭਗਤ ਸਿੰਘ** : ਜਿਤੇਂਦਰ ਨਾਥ ਸਾਨਿਆਲ
(ਨਵਾਂ ਸੰਸਕਰਣ)
ਅਨੁਵਾਦ : *ਸੁਰਿੰਦਰ ਸਿੰਘ ਜੌਹਰ* *ਸਫ਼ੇ : 372 ਕੀਮਤ : 205.00*
ਭਾਵੇਂ ਕਿ ਆਜ਼ਾਦੀ ਦੀ ਪ੍ਰਾਪਤੀ ਲਈ ਭਗਤ ਸਿੰਘ ਦੇ ਮਾਰਗ ਦੇ ਸਮਾਂਤਰ 'ਅਹਿੰਸਾ ਦੀ ਲਾਠੀ' ਵੀ ਪੂਰਨ ਸਰਗਰਮ ਰਹੀ, ਪਰੰਤੂ ਭਗਤ ਸਿੰਘ ਵਿਚਾਰਧਾਰਕ ਪ੍ਰਤੀਬੱਧਤਾ ਵਾਲੀ ਕੁਰਬਾਨੀ ਦਾ ਸੱਚਾ ਰਾਹ ਭਾਰਤੀ ਮਾਨਸਿਕਤਾ ਦੇ ਜਿਵੇਂ ਜ਼ਿਆਦਾ ਮੇਚੇ ਆਇਆ ਤੇ ਭਗਤ ਸਿੰਘ ਇਕ ਨਾਇਕ ਵਜੋਂ ਉਭਰਿਆ ਅਤੇ ਇਹ ਬਿੰਬ ਹੋਰ ਡੂੰਘੇਰਾ ਹੋ ਰਿਹਾ ਹੈ ।
ISBN 81-237-4607-5

**57. ਪੀ. ਸੀ. ਜੋਸ਼ੀ** : ਗਾਰਗੀ ਚਕਰਵਰਤੀ
ਅਨੁਵਾਦ : *ਪ੍ਰੋ. ਗੁਰਚਰਨ ਸਿੰਘ ਅਰਸ਼ੀ* *ਸਫ਼ੇ : 100 ਕੀਮਤ : 50.00*
ਨਾਮਵਰ ਸੁਤੰਤਰਤਾ ਸੰਗਰਾਮੀ ਤੇ ਮੋਢੀ ਕਮਿਊਨਿਸਟ ਨੇਤਾ ਪੂਰਨ ਚੰਦ ਜੋਸ਼ੀ ਜਾਂ ਪੀ. ਸੀ. ਜੋਸ਼ੀ, ਜਿਵੇਂ ਉਹ ਲੋਕਪ੍ਰਿਯ ਤੌਰ 'ਤੇ ਜਾਣਿਆ ਜਾਂਦਾ ਸੀ, ਬਾਰੇ ਲਿਖਿਆ ਇਹ ਨਿਬੰਧ ਜਿਤਨਾ ਇਸ ਲੀਡਰ ਦਾ ਵਿਸ਼ਲੇਸ਼ਣ ਹੈ, ਉਤਨਾ ਹੀ ਇਹ ਦੇਸ਼ ਵਿਚ ਕਮਿਊਨਿਸਟ ਲਹਿਰ ਅਤੇ ਪਾਰਟੀ ਦੇ ਹੋਂਦ ਵਿਚ ਆਉਣ ਅਤੇ ਭਾਰਤ ਵਿਚ ਇਸ ਦੇ ਵਿਕਾਸ ਨਾਲ ਜੁੜੀਆਂ ਅਦੁੱਤੀ ਔਕੜਾਂ ਦਾ ਵਰਣਨ ਵੀ ਹੈ ।
ISBN 978-81-237-5307-2

**58. ਬਟੂਕੇਸ਼ਵਰ ਦੱਤ ਭਗਤ ਸਿੰਘ ਦੇ ਸਹਿਯੋਗੀ** : ਅਨਿਲ ਵਰਮਾ
ਅਨੁਵਾਦ : *ਡਾ. ਜਸਵਿੰਦਰ ਕੌਰ ਬਿੰਦਰਾ* *ਸਫ਼ੇ : 190 ਕੀਮਤ : 90.00*
ਆਪਣਾ ਸਾਰਾ ਜੀਵਨ ਦੇਸ਼ ਦੇ ਉਤੇ ਕੁਰਬਾਨ ਕਰਨ ਵਾਲੇ ਬਟੂਕੇਸ਼ਵਰ ਦੱਤ ਦੇ ਜੀਵਨ ਦੇ ਵਧੇਰੇ ਪੰਨੇ ਅਜੇ ਵੀ ਬੰਦ ਹੀ ਹਨ । ਉਨ੍ਹਾਂ ਨੇ ਤੰਗੀ ਭਰੇ ਦਸ ਸਾਲ ਅੰਡੇਮਾਨ ਦੇ ਕਾਲੇਪਾਣੀ ਦੀ ਜੇਲ੍ਹ 'ਚ ਬਤੀਤ ਕੀਤੇ । ਪੁਸਤਕ ਉਸ ਮਹਾਨ ਆਜ਼ਾਦੀ ਘੁਲਾਟੀਏ ਦੇ ਜੀਵਨ ਸੰਘਰਸ਼ ਦਾ ਪ੍ਰਮਾਣਿਕ ਦਸਤਾਵੇਜ਼ ਹੈ, ਜਿਸ ਵਿਚ ਅਨੇਕਾਂ ਦੁਰਲੱਭ ਚਿੱਤਰ ਵੀ ਹਨ । ISBN 978-81-237-6417-7

**59. ਗੁਰੂ ਰਾਮਦਾਸ ਜੀਵਨ ਤੇ ਬਾਣੀ** : ਡਾ. ਕੁਲਦੀਪ ਸਿੰਘ ਧੀਰ
*ਮੂਲ ਪੰਜਾਬੀ* *ਸਫ਼ੇ : 147 ਕੀਮਤ : 75.00*
ਗੁਰੂ ਰਾਮਦਾਸ ਨੇ ਸਿੱਖਾਂ ਨੂੰ ਇਬਾਦਤ ਤੇ ਵਪਾਰ ਦਾ ਨਵਾਂ ਕੇਂਦਰ ਦਿੱਤਾ । ਵਿਆਪਕ ਰਾਜਨੀਤਕ ਉੱਥਲ-ਪੁੱਥਲ ਦੌਰਾਨ ਇਸ ਲਹਿਰ ਨੂੰ ਸੰਭਾਲਿਆ । ਇਸ ਨਵੀਂ ਲਹਿਰ ਦੀ ਸਪੱਸ਼ਟ ਪਛਾਣ ਦਾ ਵਿਰੋਧ ਹਰ ਪ੍ਰਕਾਰ ਦੀ ਸੌੜੀ ਪਰੰਪਰਾਗਤ ਸੋਚ ਵਾਲੇ ਮਤ-ਮਤਾਂਤਰਾਂ ਦੇ ਚੌਧਰੀਆਂ, ਸਵਾਰਥੀ ਲੋਕਾਂ ਅਤੇ ਤਾਕਤ ਦੇ ਕੇਂਦਰਾਂ ਵੱਲੋਂ ਹੋਣਾ ਹੀ ਸੀ ।
ISBN 978-81-237-6587-7

**60. ਭਾਪਾ ਪ੍ਰੀਤਮ ਸਿੰਘ ਜੀਵਨ-ਯਾਤਰਾ** : ਭਗਵਾਨ ਸਿੰਘ ਜੋਸ਼
*ਮੂਲ ਪੰਜਾਬੀ* *ਸਫ਼ੇ : 180 ਕੀਮਤ : 150.00*

ਭਾਪਾ ਪ੍ਰੀਤਮ ਸਿੰਘ ਦਾ ਸਥਾਨ ਵੀਹਵੀਂ ਸਦੀ ਦੇ ਪੰਜਾਬੀ ਜਗਤ ਦੀਆਂ ਕੱਦਾਵਰ ਸ਼ਖ਼ਸੀਅਤਾਂ ਵਿਚ ਆਉਂਦਾ ਹੈ, ਉਨ੍ਹਾਂ ਸ਼ਖ਼ਸੀਅਤਾਂ ਵਿਚ ਜਿਨ੍ਹਾਂ ਪੰਜਾਬੀ ਸਾਹਿਤ, ਭਾਸ਼ਾ ਅਤੇ ਪ੍ਰਕਾਸ਼ਕਾਂ ਨੂੰ ਇਕ ਬਹੁਤ ਮਹੱਤਵਪੂਰਨ ਤੇ ਚਿੰਰਜੀਵੀ ਸੇਧ ਪ੍ਰਦਾਨ ਕੀਤੀ। ਹਥਲੀ ਪੁਸਤਕ ਭਾਪਾ ਪ੍ਰੀਤਮ ਸਿੰਘ ਦੇ ਕੰਮ ਤੇ ਪੰਜਾਬੀ ਭਾਸ਼ਾ ਨੂੰ ਉਨ੍ਹਾਂ ਦੀ ਦੇਣ ਨੂੰ ਸਮਕਾਲੀ ਪੰਜਾਬ ਵਿਚ ਚੱਲੀ ਸਭਿਆਚਾਰਕ ਲਹਿਰ ਦੇ ਸੰਦਰਭ ਵਿਚ ਸਮਝਣ ਦਾ ਇਕ ਯਤਨ ਹੈ। ISBN 978-81-237-7029-1

**61. ਵਡ ਜੋਧਾ ਗੁਰੂ ਹਰਿਗੋਬਿੰਦ** : ਡਾ. ਕੁਲਦੀਪ ਸਿੰਘ ਧੀਰ

ਮੂਲ ਪੰਜਾਬੀ *ਸਫ਼ੇ : 150 ਕੀਮਤ : 00.00*

ਲੇਖਕ ਨੇ ਪੁਸਤਕ ਨੂੰ 10 ਅਧਿਆਵਾਂ ਵਿਚ ਵੰਡ ਕੇ ਵਿਚਾਰਿਆ ਹੈ : ਚਮਤਕਾਰੀ ਇਤਿਹਾਸਕ ਵਰ: ਗੁਰੂ ਹਰਿਗੋਬਿੰਦ, ਜਨਮ ਅਤੇ ਬਾਲਪਣ, ਤਖਤ ਬਿਰਾਜੇ ਸਤਿਗੁਰੂ, ਗਵਾਲੀਅਰ : ਸੱਚਾ ਪਾਤਸ਼ਾਹ ਬਨਾਮ ਸੂਬਾ ਪਾਤਸ਼ਾਹ, ਸ਼ਾਂਤੀ ਦਾ ਸਮਾਂ : ਗੁਰਮਤਿ ਦਾ ਪ੍ਰਚਾਰ, ਸਿੱਖ ਇਤਿਹਾਸ ਦੀ ਪਹਿਲੀ ਲੜਾਈ, ਹਰਿਗੋਬਿੰਦਪੁਰ : ਦੂਜੀ ਕਰਾਰੀ ਜੰਗ, ਮਾਲਵੇ ਦੀ ਸਾਰ : ਮਰਾੜ ਦੀ ਜੰਗ, ਪੈਂਦੇ ਖ਼ਾਨ : ਕਰਤਾਰਪੁਰ ਦੀ ਜੰਗ, ਕੀਰਤਪੁਰ ਸਾਹਿਬ ਜੋਤੀ ਜੋਤਿ ਸਮਾਉਣਾ। ISBN 978-81-237-7097-0

**62. ਕੁੰਵਰ ਸਿੰਘ ਅਤੇ 1857 ਦੀ ਕ੍ਰਾਂਤੀ** : ਡਾ. ਸੁਭਾਸ਼ ਸ਼ਰਮਾ ਤੇ ਹੋਰ

*ਅਨੁਵਾਦ : ਪ੍ਰੋ. ਨਵਸੰਗੀਤ ਸਿੰਘ* *ਸਫ਼ੇ : 100 ਕੀਮਤ : 45.00*

ਸੰਨ 1857 ਦੀ ਕ੍ਰਾਂਤੀ ਦੇ ਸਮੇਂ 75 ਸਾਲ ਦੀ ਉਮਰ ਵਿਚ ਕੁੰਵਰ ਸਿੰਘ ਨੇ ਜਿਸ ਬਹਾਦਰੀ, ਰਣਭੂਮੀ ਦੀ ਚਤੁਰਾਈ, ਯੁੱਧ ਕੌਸ਼ਲਤਾ ਅਤੇ ਅਪਾਰ ਸਾਹਸ ਦਿਖਾਇਆ, ਉਸ ਦੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ। ਇਸ ਪੁਸਤਕ ਵਿਚ ਮੱਧ ਭਾਰਤ ਦੇ ਲੋਕ-ਜੀਵਨ ਦਾ ਮਹੱਤਵਪੂਰਨ ਹਿੱਸਾ ਬਣ ਚੁੱਕੇ ਕੁੰਵਰ ਸਿੰਘ ਦੇ ਸਮੇਂ, ਸਮਾਜ ਅਤੇ ਸੰਘਰਸ਼ ਨੂੰ ਪ੍ਰਮਾਣਿਕਤਾ ਦੇ ਨਾਲ ਪੇਸ਼ ਕੀਤਾ ਗਿਆ ਹੈ। ISBN 978-81-237-5226-6

**63. ਹਰੀ ਸਿੰਘ ਨਲਵਾ** : ਡਾ. ਰਤਨ ਸਿੰਘ ਜੱਗੀ

ਮੂਲ ਪੰਜਾਬੀ *ਸਫ਼ੇ : 96 ਕੀਮਤ : 100.00*

ਪੰਜਾਬ ਦੇ ਮਹਾਨ ਯੋਧੇ ਅਤੇ ਨਾਇਕ ਹਰੀ ਸਿੰਘ ਨਲਵਾ ਬਾਰੇ ਇਸ ਪੁਸਤਕ ਵਿਚ ਜੀਵਨ ਯਾਤਰਾ ਇਸ ਢੰਗ ਨਾਲ ਪੇਸ਼ ਕੀਤੀ ਹੈ ਕਿ ਪੁਸਤਕ ਇਤਿਹਾਸ ਦਾ ਇਕ ਦੁਰਲੱਭ ਦਸਤਾਵੇਜ਼ ਹੋ ਗਈ ਹੈ। ISBN 978-81-237-7108-3

**64. ਕਰਮਯੋਗੀ ਨਾਵਲਕਾਰ ਨਾਨਕ ਸਿੰਘ** : ਕੰਵਲਜੀਤ ਸਿੰਘ ਸੂਰੀ

ਮੂਲ ਪੰਜਾਬੀ *ਸਫ਼ੇ : 212 ਕੀਮਤ : 165.00*

ਨਾਨਕ ਸਿੰਘ ਇਕ ਮਾਨਵਵਾਦੀ ਲੇਖਕ ਹੈ, ਇਨਸਾਨੀਅਤ ਹੀ ਉਸ ਦਾ ਧਰਮ ਹੈ, ਮਾਨਵੀ ਕਦਰਾਂ-ਕੀਮਤਾਂ ਦਾ ਉਦੇਸ਼ ਹੀ ਉਸ ਦੀ ਕਲਾ ਦਾ ਉਦੇਸ਼ ਹੈ। ਇਸ ਉਦੇਸ਼ ਦਾ ਕੋਈ ਸਿਰਾ ਸਮਾਜਵਾਦ ਨਾਲ ਜਾ ਮਿਲਦਾ ਹੈ, ਕੋਈ ਮਾਰਕਸਵਾਦ ਨਾਲ ਅਤੇ ਕੋਈ ਪ੍ਰਗਤੀਵਾਦ ਨਾਲ।

**65. 1857 ਦਾ ਮਹਾਨ ਵਿਦਰੋਹ ਅਤੇ ਮੌਲਵੀ ਅਹਿਮਦ ਉੱਲਾ ਸ਼ਾਹ** : ਰਸ਼ਿਮ ਕੁਮਾਰੀ

ਅਨੁਵਾਦ : *ਡਾ. ਹਰਬੰਸ ਸਿੰਘ ਧੀਮਾਨ* *ਸਫ਼ੇ : 96 ਕੀਮਤ : 00.00*

1857 ਤੇ ਪ੍ਰਮੁੱਖ ਵਿਦਰੋਹੀ ਮੌਲਵੀ ਅਹਿਮਦ ਉੱਲਾ ਸ਼ਾਹ ਭਾਰਤ ਦੇ ਵਿਸ਼ੇਸ਼ ਨੇਤਾ ਅਤੇ ਸੰਗਠਨਕਰਤਾ ਦੇ ਰੂਪ ਵਿਚ ਯਾਦ ਕੀਤੇ ਜਾਂਦੇ ਹਨ। ਆਜ਼ਾਦੀ ਲਈ ਉਹਨਾਂ ਦਾ ਦਿੱਤਾ ਬਲਿਦਾਨ, ਤਿਆਗ ਅਤੇ ਸੰਘਰਸ਼ ਅੱਜ ਵੀ ਸੁਨਹਿਰੀ ਅੱਖਰਾਂ ਵਿਚ ਦਰਜ ਹੈ।

**66. ਲੋਕਮਾਨਯ ਤਿਲਕ** : ਗ. ਪ੍ਰ. ਪ੍ਰਧਾਨ

ਅਨੁਵਾਦ : ਡਾ ਹਰਬੰਸ ਕੌਰ ਗਿੱਲ *ਸਫ਼ੇ : 150 ਕੀਮਤ : 144.00*

ਸੁਤੰਤਰਤਾ ਅੰਦੋਲਨ ਨੂੰ ਜਨ ਜਨ ਤਕ ਪਹੁੰਚਾਉਣ ਲਈ ਸਾਂਸਕ੍ਰਿਤਿਕ ਅਤੇ ਸਿੱਖਿਅਕ ਕ੍ਰਾਂਤੀ ਦਾ ਮਾਰਗ ਅਪਨਾਉਣ ਵਾਲੇ ਤਿਲਕ ਦੇ ਜੀਵਨ ਦੀ ਸਹਜ, ਸਰਲ ਭਾਸ਼ਾ ਵਿਚ ਪੇਸ਼ਕਾਰੀ।

ISBN 978-81-237-7206-6

## ਨਹਿਰੂ ਬਾਲ ਪੁਸਤਕਮਾਲਾ

**1. ਮਾਏ ਨੀ ਮਾਏ** *(ਬਾਲ ਕਾਵਿ-ਸੰਗ੍ਰਹਿ)* : ਪ੍ਰੋ. ਇੰਦੇ

ਮੂਲ ਪੰਜਾਬੀ *ਸਫ਼ੇ : 64 ਕੀਮਤ : 45.00*

ਮਾਂ, ਸਜੀਵ ਰੂਪ ਵਿਚ, ਬੱਚਿਆਂ ਦੀ ਵਿਸਤਾਰ ਨਾਲ ਗੱਲ ਕਰਦੀ ਏ। ਉਨ੍ਹਾਂ ਦੇ ਰੂਪ-ਰੰਗ ਤੇ ਖੋਟ ਵੱਲ ਵੀ ਸੰਕੇਤ ਕਰਦੀ ਏ। ਜਦੋਂ ਉਹਦੀ 'ਪਹਿਲੀ ਸੰਤਾਨ' ਉਹਦਾ ਮੁੰਡਾ ਆਪਣੀ ਛੋਟੀ ਭੈਣ ਨੂੰ ਸਤਾਉਂਦਾ ਦਿਸਦਾ ਏ, ਤਾਂ ਮਾਂ ਉਹਨੂੰ ਕੈਰੀ ਅੱਖ ਵਿਖਾਉਣੋਂ ਸੰਕੋਚ ਨਹੀਂ ਕਰਦੀ। ਬੱਚਾ ਗੁੱਸੇ ਵਿਚ ਚਿੱਠੀਆਂ ਲਿਖਦਾ ਏ ਪਰ ਮਾਂ ਆਪਣੀ ਚਿੱਠੀ ਵਿਚ ਸਹਿਜ ਰਹਿੰਦੀ ਏ।

ISBN 978-81-237-6581-5

**2. ਇਕ ਯਾਤਰਾ** : ਲੇਖਕ ਅਤੇ ਚਿਤਰਕਾਰ : ਜਗਦੀਸ਼ ਜੋਸ਼ੀ

ਅਨੁਵਾਦ : *ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 24 ਕੀਮਤ : 40.00*

ਇਹ ਪੁਸਤਕ ਪ੍ਰਾਇਮਰੀ ਵਰਗ ਦੇ ਬੱਚਿਆਂ ਦੀ ਮਾਨਸਿਕ ਪੱਧਰ ਨੂੰ ਮੁੱਖ ਰੱਖ ਕੇ ਤਿਆਰ ਕੀਤੀ ਗਈ ਹੈ। ਪੁਸਤਕ ਵਿਚ 'ਲਾਰਵੇ' ਤੇ 'ਪੁਸਤਕ ਦੇ ਪੰਨੇ' ਰਾਹੀਂ ਕਹਾਣੀ ਕਹੀ ਗਈ ਹੈ। 'ਪੁਸਤਕ ਦਾ ਪੰਨਾ' ਜਿਹੜਾ ਕਿ ਗਿਆਨ ਦਾ ਸੋਮਾ ਹੈ ਉਹ ਲਾਰਵਾ ਦੇ ਮਾਧਿਅਮ ਰਾਹੀਂ ਛੋਟੇ ਬੱਚਿਆਂ ਨੂੰ ਗਿਆਨ ਦਿੰਦਾ ਹੈ।

ISBN 978-81-237-6489-4

**3. ਸ਼ਹੀਦ ਅਬਦੁਲ ਹਮੀਦ** : ਸਈਅਦ ਅਹਿਸਾਨ ਅਲੀ

ਅਨੁਵਾਦ : *ਡਾ. ਚੰਦਰ ਮੋਹਨ* *ਸਫ਼ੇ : 32 ਕੀਮਤ : 45.00*

1965 ਈਸਵੀ ਦੇ ਹਿੰਦ-ਪਾਕ ਯੁੱਧ ਦੇ ਵੀਰ ਨਾਇਕ 'ਸ਼ਹੀਦ ਅਬਦੁਲ ਹਮੀਦ' ਦਾ ਪ੍ਰੇਰਨਾ ਭਰਪੂਰ ਜੀਵਨ-ਬ੍ਰਿਤਾਂਤ ਪ੍ਰਕਾਸ਼ਿਤ ਕੀਤਾ ਗਿਆ ਹੈ। ਪਰਮਵੀਰ ਚੱਕਰ ਵਿਜੇਤਾ ਅਬਦੁਲ

ਹਮੀਦ ਉੱਤਰ ਪ੍ਰਦੇਸ਼ ਦੇ ਗਾਜ਼ੀਪੁਰ ਜ਼ਿਲ੍ਹੇ ਦੇ ਇਕ ਛੋਟੇ ਜਿਹੇ ਪਿੰਡ ਧਾਮੂਪੁਰ ਵਿਚ 31 ਮਾਰਚ, 1933 ਦੇ ਦਿਨ ਪੈਦਾ ਹੋਇਆ। ISBN 978-81-237-6487-0

**4. ਦਾਦੀ ਅਤੇ ਜਾਨ ਦੇ ਦੁਸ਼ਮਣ** (ਦੋ ਪਾਕਿਸਤਾਨੀ ਕਹਾਣੀਆਂ) : ਹਸਨ ਮੰਜ਼ਰ

*ਅਨੁਵਾਦ : ਡਾ. ਮਨਪ੍ਰੀਤ ਕੌਰ ਸਹੋਤਾ* *ਸਫ਼ੇ : 30 ਕੀਮਤ : 45.00*

ਇਨ੍ਹਾਂ ਕਹਾਣੀਆਂ ਵਿਚ ਮਨੁੱਖੀ ਜਗਤ ਨੂੰ ਬੱਚਿਆਂ ਦੇ ਹਵਾਲੇ ਨਾਲ ਪੇਸ਼ ਕੀਤਾ ਹੈ। ਲੇਖਕ ਨੇ ਦਰਸਾਇਆ ਹੈ ਕਿ ਸਾਡੀ ਨਵੀਂ ਦੁਨੀਆ ਦੇ ਲੋਕ ਬਹੁਤ ਸਵਾਰਥੀ, ਪੱਥਰ ਦਿਲ ਅਤੇ ਚਾਲਾਕ ਹੋ ਗਏ ਹਨ। ਇਹ ਕਹਾਣੀਆਂ ਬੱਚਿਆਂ ਨੂੰ ਨੇਕੀ ਅਤੇ ਪ੍ਰੇਮ ਦੀ ਸਿੱਖਿਆ ਦਿੰਦੀਆਂ ਹਨ। ISBN 978-81-237-6493-1

**5. ਕਲੀ ਟਾਪੂ ਦੀ ਘਟਨਾ** : ਤਨੁਕਾ ਭੌਮਿਕ ਏਂਡੋ

*ਅਨੁਵਾਦ : ਗੁਰਪ੍ਰੇਮ ਲਹਿਰੀ* *ਸਫ਼ੇ : 60 ਕੀਮਤ : 80.00*

ਇਸ ਨਾਵਲ ਵਿਚ 2070 ਈਸਵੀ ਵਿਚ ਰਹਿਣ ਵਾਲੇ ਤਿੰਨ ਬਾਲਕਾਂ -- ਲੀਸ਼ਾ, ਨੀਲਾ ਅਤੇ ਆਰਨ ਦੇ ਰੋਬੋਟ ਕੇ. ਅਤੇ ਇਕ ਵਿਗਿਆਨੀ ਮਹਿਲਾ ਡਾ. ਮੀਕਾਡੋਸ (ਉਪਰ 95 ਸਾਲ) ਨੂੰ ਕੇਂਦਰ ਵਿਚ ਰੱਖ ਕੇ ਰਚਨਾ ਕੀਤੀ ਹੈ।

ISBN 978-81-237-6497-9

**6. ਇੰਦਰਾ ਪ੍ਰਿਯਦਰਸ਼ਨੀ** : ਮਨੋਰਮਾ ਜ਼ਫ਼ਰ

*ਅਨੁਵਾਦ : ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 72 ਕੀਮਤ : 25.00*

ਇਸ ਪੁਸਤਕ ਵਿਚ ਇੰਦਰਾ ਗਾਂਧੀ ਦੇ ਜਨਮ ਤੋਂ ਲੈ ਕੇ ਜੀਵਨ ਯਾਤਰਾ ਪੂਰੀ ਕਰਨ ਤਕ ਦੇ ਕੰਮਾਂ ਦਾ ਸੰਖੇਪ ਵੇਰਵਾ ਬੱਚਿਆਂ ਦੇ ਉਮਰ ਵਰਗ ਨੂੰ ਮੁੱਖ ਰੱਖ ਕੇ ਦਿੱਤਾ ਗਿਆ ਹੈ। ਬੋਧਰਾਜ ਦੇ ਚਿੱਤਰਾਂ ਨਾਲ ਸਜੀ ਇਹ ਪੁਸਤਕ ਬੱਚਿਆਂ ਲਈ ਪ੍ਰੇਰਨਾ ਦਾ ਸਰੋਤ ਹੈ।

ISBN 978-81-237-6828-1

**7. ਇਕ ਦਿਨ** : ਜਗਦੀਸ਼ ਜੋਸ਼ੀ

*ਅਨੁਵਾਦ : ਚਰਨਜੀਤ ਸਿੰਘ 'ਚੰਨ'* *ਸਫ਼ੇ : 32 ਕੀਮਤ : 45.00*

ਇਸ ਪੁਸਤਕ ਵਿਚ ਬੱਚਿਆਂ ਨੂੰ ਜੰਗਲ ਅਤੇ ਉਥੇ ਰਹਿੰਦੇ ਜਾਨਵਰਾਂ ਪੰਛੀਆਂ ਅਤੇ ਫ਼ਲਾਂ ਨੂੰ ਪਿਆਰ ਕਰਨ ਦੀ ਪ੍ਰੇਰਨਾ ਦਿੱਤੀ ਹੈ। ਉਸ ਮੌਕੇ ਇਹੋ ਜਿਹੀ ਪੁਸਤਕ ਦੀ ਸਾਰਥਕਤਾ ਹੋਰ ਵੀ ਵਧ ਜਾਂਦੀ ਹੈ ਜਦੋਂ ਸਰਕਾਰਾਂ ਜੰਗਲ ਅਤੇ ਉਸ ਵਿਚ ਰਹਿ ਰਹੇ ਜਾਨਵਰਾਂ, ਜੰਗਲੀ ਆਦਿਵਾਸੀਆਂ ਨੂੰ ਖ਼ਤਮ ਕਰ ਰਹੀ ਹੋਵੇ।

ISBN 978-81-237-6497-2

**8. ਸਾਰੀ ਦੁਨੀਆਂ ਪਿਆਰੀ ਦੁਨੀਆਂ** : ਜਯੰਤੀ ਮਨੋਕਰਨ

*ਅਨੁਵਾਦ : ਚਰਨਜੀਤ ਸਿੰਘ 'ਚੰਨ'* *ਸਫ਼ੇ : 16 ਕੀਮਤ : 30.00*

ਇਸ ਪੁਸਤਕ ਵਿਚ ਨੰਨ੍ਹੇ ਬੱਚਿਆਂ ਨੂੰ ਸੂਰਜ, ਹਵਾ, ਮੀਂਹ, ਨਦੀਆਂ, ਪਹਾੜ, ਬਰਫ਼, ਸਮੁੰਦਰ

ਨੂੰ ਪਿਆਰ ਕਰਨ ਅਤੇ ਉਨ੍ਹਾਂ ਵੱਲ ਸਨੇਹ ਰੱਖਣ ਦੀ ਪ੍ਰੇਰਨਾ ਦਿੱਤੀ ਹੈ ਤੇ ਨਾਲ ਹੀ ਉਸ ਦੇ ਵਿਰੋਧੀ ਰੁਝਾਨ ਜਿਵੇਂ ਸੋਕਾ, ਵਾਵਰੋਲਾ, ਤੂਫ਼ਾਨ, ਹੜ੍ਹ, ਜਵਾਲਾਮੁਖੀ, ਬਰਫ਼ੀਲਾ ਤੂਫ਼ਾਨ ਤੇ ਸੁਨਾਮੀ ਤੋਂ ਸੁਚੇਤ ਰਹਿਣ ਲਈ ਵੀ ਕਿਹਾ ਹੈ ।

ISBN 978-81-237-6469-6

**9. ਚਾਚੀ ਦੀਆਂ ਕਹਾਣੀਆਂ** : ਮੋਨੀਕਾ ਗੁਪਤਾ

ਅਨੁਵਾਦ : *ਸੁਰਿੰਦਰਪਾਲ ਸਿੰਘ* *ਸਫ਼ੇ : 16 ਕੀਮਤ : 30.00*

ਸਮਾਂ ਬਹੁਤ ਬਲਵਾਨ ਹੈ । ਦਾਦੀ ਜਾਂ ਨਾਨੀ ਦੇ ਕਿੱਸੇ ਹੁਣ ਪੁਰਾਣੇ ਹੋ ਚੁੱਕੇ ਹਨ । ਬੱਚਿਆਂ ਨੇ ਨਵੇਂ ਯੁੱਗ ਦੀ ਪਰਿਭਾਸ਼ਾ ਘੜ ਲਈ ਹੈ, ਅਜਿਹਾ ਹੀ ਸੰਦੇਸ਼ ਇਸ ਪੁਸਤਕ ਵਿਚ ਦਿੱਤਾ ਗਿਆ ਹੈ । ISBN 978-81-237-6468-9

**10. ਆਦਮੀ ਅਤੇ ਪਰਛਾਵਾਂ ਤੇ ਹੋਰ ਕਹਾਣੀਆਂ** : ਰਾਜੀਵ ਤਾਂਬੇ

ਅਨੁਵਾਦ : *ਸੁਖਮਿੰਦਰ ਸੇਖੋਂ* *ਸਫ਼ੇ : 24 ਕੀਮਤ : 40.00*

ਮਰਾਠੀ ਲੇਖਕ ਰਾਜੀਵ ਤਾਂਬੇ ਦੁਆਰਾ ਲਿਖਤ ਇਸ ਰਚਨਾ ਵਿਚ 4 ਕਹਾਣੀਆਂ ਸੰਕਲਿਤ ਹਨ । ਇਨ੍ਹਾਂ ਕਹਾਣੀਆਂ ਦੁਆਰਾ ਲੇਖਕ ਬਾਲ-ਮਨਾਂ ਨੂੰ ਸਮਝਾਉਂਦਾ ਹੈ ਕਿ ਇਸ ਦੁਨੀਆ ਵਿਚ ਹਰ ਇਕ ਵਸਤੂ ਮਹੱਤਵਪੂਰਨ ਹੈ । ਕਿਸੇ ਨੂੰ ਵੀ ਆਪਣੀ ਹੋਂਦ ਬਾਰੇ ਨਾ ਤਾਂ ਅਭਿਮਾਨ ਕਰਨਾ ਚਾਹੀਦਾ ਹੈ ਅਤੇ ਨਾ ਹੀ ਸ਼ਰਮਿੰਦਾ ਹੋਣਾ ਚਾਹੀਦਾ ਹੈ ।

ISBN 978-81-237-6465-0

**11. ਸੇਰ ਨੂੰ ਸਵਾ ਸੇਰ** : ਕੇਂਗਸਮ ਕੇਂਗਲਾਂਗ

ਅਨੁਵਾਦ : *ਪ੍ਰਕਾਸ਼ ਸਿੰਘ 'ਗਿੱਲ* *ਸਫ਼ੇ : 16 ਕੀਮਤ : 25.00*

ਇਕ ਚਲਾਕ ਜੰਗਲੀ ਕੁੱਤੇ ਨੂੰ ਭਾਲੂ ਨੇ ਕਿਸ ਤਰ੍ਹਾਂ ਸਬਕ ਸਿਖਾਇਆ ? ਉੱਤਰ-ਪੂਰਬੀ ਰਾਜਾਂ ਦੀ ਇਕ ਚਰਚਿਤ ਕਥਾ ਹੈ । ISBN 978-81-237-6466-5

**12. ਗੋਲਕ ਅਤੇ ਹੋਰ ਕਹਾਣੀਆਂ** : ਅਖਿਲੇਸ਼ ਸ੍ਰੀਵਾਸਤਵ ਚਮਨ

ਅਨੁਵਾਦ : *ਬਲਵਿੰਦਰ ਸਿੰਘ ਸੋਢੀ* *ਸਫ਼ੇ : 28 ਕੀਮਤ : 45.00*

ਪੁਸਤਕ ਵਿਚ 5 ਬਾਲ ਕਹਾਣੀਆਂ 'ਵਰ੍ਹੇ ਗੰਢ', 'ਮਿਹਨਤ ਦੀ ਖ਼ੁਸ਼ੀ', 'ਦੋਸਤੀ', 'ਗੋਲਕ' ਅਤੇ 'ਸਵੇਰ ਦਾ ਭੁੱਲਿਆ' ਸ਼ਾਮਲ ਹਨ । ISBN 978-81-237-6471-9

**13. ਕਿਉਂ ਮੁਸਕਰਾਏ ਬੁੱਧ 2500 ਸਾਲ ਬਾਅਦ** : ਆਬਿਦ ਸੁਰਤੀ

ਅਨੁਵਾਦ : *ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 48 ਕੀਮਤ : 55.00*

ਇਹ ਪੁਸਤਕ ਦੇਸ਼ ਦੇ ਵਿਭਿੰਨ ਪ੍ਰਸਿੱਧ ਸੈਰ-ਸਪਾਟਾ ਵਾਲੇ ਸਥਾਨਾਂ ਦੇ ਆਕਰਸ਼ਕ ਚਿੱਤਰਾਂ ਨਾਲ ਅਨੋਖੇ ਅੰਦਾਜ਼ ਵਿਚ ਆਪਸੀ ਭਾਈਚਾਰੇ ਦਾ ਸੰਦੇਸ਼ ਦਿੰਦੀ ਹੈ ।

ISBN 978-81-237-6462-7

**14. ਹੰਕਾਰ ਦੀ ਹਾਰ** : ਯੋਗਿੰਦਰਨਾਥ ਸ਼ਰਮਾ 'ਅਰੁਨ'

ਅਨੁਵਾਦ : *ਡਾ. ਭੁਪਿੰਦਰ ਸਿੰਘ ਬੇਦੀ* *ਸਫ਼ੇ : 16 ਕੀਮਤ : 30.00*

ਚਲਾਕ ਅਤੇ ਮੱਕਾਰ ਮਨੁੱਖ ਦੀ ਕਹਾਣੀ ਨੂੰ ਇਤਿਹਾਸਕ ਬਿਰਤਾਂਤਾਂ ਰਾਹੀਂ ਬਹੁਤ ਹੀ ਕੁਸ਼ਲਤਾ ਨਾਲ ਬਿਆਨ ਕੀਤਾ ਗਿਆ ਹੈ। ਕਹਾਣੀ ਮਨੁੱਖ ਨੂੰ ਬੇਈਮਾਨੀ, ਚਲਾਕੀ ਤੇ ਮਕਾਰੀ ਤੋਂ ਦੂਰ ਰਹਿਣ ਦਾ ਸੰਦੇਸ਼ ਦਿੰਦੀ ਹੈ। ISBN 978-81-237-6464-1

**15. ਰਾਜਕੁਮਾਰ ਤੇ ਮੂੰਗਿਆਂ ਦਾ ਸਮੁੰਦਰ** : ਦਾਈਸਾਕੂ ਇਕੇਦਾ

ਅਨੁਵਾਦ : *ਡਾ. ਹਰਸ਼ਿੰਦਰ ਕੌਰ* *ਸਫ਼ੇ : 62 ਕੀਮਤ : 75.00*

ਪੁਸਤਕ ਵਿਚ ਇਕ ਲੰਬੀ ਕਹਾਣੀ ਹੈ। ਇਸ ਕਹਾਣੀ ਵਿਚ ਲੇਖਿਕਾ ਨੇ ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਮਨੁੱਖੀ ਜ਼ਿੰਦਗੀ ਬਹੁਤ ਕੀਮਤੀ ਹੈ। ਟਾਪੂ ਵਿਚ ਰਹਿਣ ਵਾਲੇ ਲੋਕ ਜ਼ਿੰਦਗੀ ਦੀ ਕਦਰ ਕਰਦੇ ਹਨ ਅਤੇ ਸਦਾ ਸ਼ਾਂਤੀ ਚਾਹੁੰਦੇ ਹਨ।

ISBN 978-81-237-6473-3

**16. ਪਟਾਕੇ** : ਰਾਮਦਰਸ਼ ਮਿਸ਼ਰ

ਅਨੁਵਾਦ : *ਡਾ. ਕੁਲਵੀਰ* *ਸਫ਼ੇ : 16 ਕੀਮਤ : 30.00*

ਇਹ ਪੁਸਤਕ ਬੱਚਿਆਂ ਨੂੰ ਪ੍ਰਦੂਸ਼ਣ ਨਾ ਫੈਲਾਉਣ ਦੀ ਸਿੱਖਿਆ ਦਿੰਦੀ ਹੈ।

ISBN 978-81-237-6463-4

**17. ਗੋਲੂ ਦੀ ਡਫਲੀ** : ਪ੍ਰਵੀਣ ਦਵੇ

ਅਨੁਵਾਦ : *ਪ੍ਰਕਾਸ਼ ਕੌਰ ਸੰਧੂ* *ਸਫ਼ੇ : 20 ਕੀਮਤ : 35.00*

ਗੋਲੂ ਬਹੁਤ ਹੀ ਭੋਲਾ ਹੈ। ਉਹ ਸਭ ਦੇ ਕੰਮ ਆਉਂਦਾ ਹੈ। ਬਹੁਤ ਹੀ ਪਿਆਰੇ ਜਿਹੇ ਬੱਚੇ ਦੀ ਖ਼ੂਬਸੂਰਤ ਕਹਾਣੀ ਦੇ ਨਾਲ ਇਹ ਰਚਨਾ ਸਾਨੂੰ ਬਹੁਤ ਵੱਡਾ ਬਣਾਉਂਦੀ ਹੈ।

ISBN 978-81-237-6498-6

**18. ਇਸਰੋ ਦੀ ਕਹਾਣੀ** : ਵਸੰਤ ਗੋਵਾਰੀਕਰ

ਅਨੁਵਾਦ : *ਡਾ. ਕੁਲਦੀਪ ਸਿੰਘ ਧੀਰ* *ਸਫ਼ੇ : 84 ਕੀਮਤ : 105.00*

ਪ੍ਰਸਿੱਧ ਵਿਗਿਆਨਕ ਅਤੇ ਇਸਰੋ ਦੇ ਚੇਅਰਮੈਨ ਰਹੇ ਲੇਖਕ ਨੇ ਇਸ ਪੁਸਤਕ ਵਿਚ ਭਾਰਤ ਦੇ ਪੁਲਾੜੀ ਵਾਹਨ ਦੀ ਕਹਾਣੀ ਪੇਸ਼ ਕਰਦਿਆਂ ਦੱਸਿਆ ਹੈ ਕਿ ਕਿਸ ਤਰ੍ਹਾਂ 'ਇਕ ਵੀਰਾਨ ਸਥਾਨ 'ਤੇ ਇਕ ਛੋਟੇ ਜਿਹੇ ਕਮਰੇ ਵਿਚ ਸ਼ੁਰੂ ਹੋਇਆ ਭਾਰਤੀ ਪੁਲਾੜ ਦਾ ਸ਼ੋਧ ਕੇਂਦਰ ਇਸਰੋ ਅੱਜ ਦੁਨੀਆ ਦੀ ਮਹਾਂਸ਼ਕਤੀ ਬਣ ਗਿਆ ਹੈ।

ISBN 978-81-237-6501-3

**19. ਜੈਨੇਂਦਰ ਕੁਮਾਰ ਦੀਆਂ ਤਿੰਨ ਬਾਲ-ਕਹਾਣੀਆਂ** :

ਅਨੁਵਾਦ : *ਪ੍ਰਕਾਸ਼ ਕੌਰ ਸੰਧੂ* *ਸਫ਼ੇ : 48 ਕੀਮਤ : 80.00*

ਪੁਸਤਕ ਵਿਚ ਦਰਜ ਤਿੰਨ ਕਹਾਣੀਆਂ ਇਕ ਸਾਂਝੇ ਨੁਕਤੇ 'ਤੇ ਬੜੀ ਨਿੱਗਰ ਗੱਲ ਕਰਦੀਆਂ ਹਨ ਕਿ ਮਨੁੱਖ ਨੂੰ ਲਾਲਚ ਵਿਚ ਨਹੀਂ ਫਸਣਾ ਚਾਹੀਦਾ।

ISBN 978-81-237-6502-0

**20. ਕੱਦੂ ਤੋਂ ਅਚਾਰ ਤਕ** : ਸੁਨੀਲ ਗੁਪਤੇ

ਅਨੁਵਾਦ : *ਡਾ. ਭੁਪਿੰਦਰ ਸਿੰਘ ਬੇਦੀ* *ਸਫ਼ੇ : 64 ਕੀਮਤ : 80.00*

ਸਰਕਸ ਵਿਚ ਕਮਜ਼ੋਰ ਜ਼ਿਰਾਫ਼ ਦਾ ਮਨ ਨਹੀਂ ਲਗਦਾ ਸੀ । ਉਸ ਦਾ ਦੋਸਤ ਸੋਨੂ ਉਸ ਨੂੰ ਸੰਘਣੇ ਜੰਗਲਾਂ ਵਿਚ ਉਸ ਦੇ ਪਰਿਵਾਰ ਨਾਲ ਮਿਲਾਉਣ ਲਈ ਚਲ ਪੈਂਦਾ ਹੈ । ਰਸਤੇ ਵਿਚ ਉਸ ਨੂੰ ਕਈ ਦੋਸਤ ਮਿਲਦੇ ਹਨ, ਕਈ ਦਿੱਕਤਾਂ ਆਉਂਦੀਆਂ ਹਨ ।

ISBN 978-81-237-6520-4

**21. ਖ਼ਰਗੋਸ਼ ਅਤੇ ਕੱਛੂਕੁੰਮੇ ਦੀ ਦੌੜ** : ਕਿਰਨ ਤਾਮੁਲੀ

ਅਨੁਵਾਦ : *ਡਾ. ਜਗਦੀਸ਼ ਕੌਰ ਵਾਡੀਆ* *ਸਫ਼ੇ : 16 ਕੀਮਤ : 30.00*

ਜੰਗਲ ਵਿਚ ਇਕ ਵਾਰ ਕੱਛੂਕੁੰਮੇ ਅਤੇ ਖ਼ਰਗੋਸ਼ ਦੀ ਦੌੜ ਹੋਈ । ਖ਼ਰਗੋਸ਼ ਮਜ਼ਬੂਤ ਸੀ, ਫਿਰ ਵੀ ਹਾਰ ਗਿਆ । ਕਿਉਂ ? ਸੁੰਦਰ ਚਿੱਤਰਾਂ ਨਾਲ ਸਜੀ ਇਸ ਪੁਸਤਕ ਵਿਚ ਇਹ ਦਿਲਚਸਪ ਕਹਾਣੀ ਦਿੱਤੀ ਗਈ ਹੈ । ISBN 978-81-237-6499-3

**22. ਭੋਂਦੂ ਅਤੇ ਗੋਲੂ** : ਚੰਦਰਕਿਰਨ ਸੌਨਰੇਕਸਾ

ਅਨੁਵਾਦ : ਡਾ. *ਬਲਦੇਵ ਸਿੰਘ 'ਬੱਦਨ'* *ਸਫ਼ੇ : 28 ਕੀਮਤ : 45.00*

ਪੁਸਤਕ ਵਿਚ ਬੱਚਿਆਂ ਲਈ ਇਕ ਬਹੁਤ ਹੀ ਮਹੱਤਵਪੂਰਨ ਸੰਦੇਸ਼ ਹੈ ਕਿ ਪੜ੍ਹਾਈ ਦੀ ਸਾਡੇ ਜੀਵਨ ਵਿਚ ਕੀ ਮਹੱਤਤਾ ਹੈ । ISBN 978-81-237-6517-4

**23. ਛੁੱਟੀ...ਨਾ ਭਈ ਨਾ** : ਡਾ. ਜਸਵਿੰਦਰ ਕੌਰ ਬਿੰਦਰਾ

ਅਨੁਵਾਦ : ਡਾ. *ਬਲਦੇਵ ਸਿੰਘ 'ਬੱਦਨ'* *ਸਫ਼ੇ : 16 ਕੀਮਤ : 30.00*

ਇਸ ਪੁਸਤਕ ਵਿਚ ਬੱਚਿਆਂ ਨੂੰ ਪ੍ਰੇਰਨਾ ਦਿੰਦੀ ਹੈ ਕਿ ਜ਼ਿੰਦਗੀ ਵਿਚ ਹਰ ਵਸਤੂ ਦੀ ਆਪਣੀ ਮਹੱਤਤਾ ਹੈ ਅਤੇ ਜ਼ਿੰਦਗੀ ਵਿਚ ਨਿਰੰਤਰ ਗਤੀਸ਼ੀਲ ਰਹਿ ਕੇ ਮਨਚਾਹੀ ਮੰਜ਼ਲ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ । ISBN 978-81-237-6516-7

**24. ਅੰਡੇਮਾਨ ਦੀ ਪ੍ਰਾਚੀਨ ਕਹਾਣੀ** : ਅਨਵ੍ਰਿਤਾ ਅੱਬੀ

ਅਨੁਵਾਦ : *ਪ੍ਰੋ. ਇੰਦੇ* *ਸਫ਼ੇ : 16 ਕੀਮਤ : 30.00*

ਮੰਨਿਆ ਜਾਂਦਾ ਹੈ ਕਿ 70,000 ਸਾਲ ਪਹਿਲਾਂ ਅਫ਼ਰੀਕਾ ਤੋਂ ਪਹਿਲੀ ਵਾਰ ਪਰਵਾਸ ਕਰਕੇ ਆਏ ਬੰਦਿਆਂ ਦੀ ਇਹ ਪਹਿਲੀ ਕਹਾਣੀ ਹੈ ।

ISBN 978-81-237-6464-1

**25. ਦੇਸ਼ ਭਗਤ ਡਾਕੂ** : ਦਿਵਿਕ ਰਮੇਸ਼

ਅਨੁਵਾਦ : *ਅਮਰੀਕ ਡੋਗਰਾ* *ਸਫ਼ੇ : 20 ਕੀਮਤ : 35.00*

ਇਸ ਪੁਸਤਕ ਵਿਚ ਇਕ ਦੇਸ਼ ਭਗਤ ਗੇਂਦਾ ਲਾਲ ਦੀ ਕਹਾਣੀ ਹੈ ਜੋ 1880 ਈਸਵੀ ਵਿਚ ਦੁਨੀਆ ਦੇ ਅੱਠਵੇਂ ਅਜੂਬੇ ਵਾਲੇ ਸ਼ਹਿਰ ਆਗਰੇ ਦੇ ਇਕ ਪਿੰਡ ਬਟੇਸਰ ਵਿਚ ਭੋਲਾ ਦੀਕਸ਼ਤ ਦੇ ਘਰ ਪੈਦਾ ਹੋਇਆ । ਜਿਸ ਦਾ ਨਾਅਰਾ ਸੀ 'ਅਰੇ ਗੁਲਾਮੀ ? ਨਾ ਨਾ ਨਾ

ਨਾ, ਮਿਲੇ ਆਜ਼ਾਦੀ ਹਾਂ ਹਾਂ ਹਾਂ ਹਾਂ ।' ISBN 978-81-237-6515-0

**26. ਝੂੱਲੂ** : ਰਮੇਸ਼ ਪੱਤ੍ਰੀ

ਅਨੁਵਾਦਕ : *ਪ੍ਰੋ. ਬਲਦੇਵ ਸਿੰਘ ਬੱਲੀ* *ਸਫ਼ੇ : 46 ਕੀਮਤ : 30.00*

ਇਸ ਪੁਸਤਕ ਵਿਚ ਇਕ ਅਜਿਹੇ ਹਾਥੀ ਦੀ ਕਹਾਣੀ ਹੈ ਜੋ ਆਪਣੀ ਨਿਮਰਤਾ ਅਤੇ ਹਰ ਇਕ ਦੇ ਕੰਮ ਆਉਣ ਦੀ ਭਾਵਨਾ ਕਰਕੇ ਹਰ ਇਕ ਦੀ ਅੱਖ ਦਾ ਤਾਰਾ ਬਣ ਜਾਂਦਾ ਹੈ । ਉੜੀਆ ਬਾਲ ਸਾਹਿਤ ਦੀ ਇਕ ਮਹੱਤਵਪੂਰਨ ਪੁਸਤਕ ਹੈ ।

ISBN 978-81-237-6535-8

**27. ਦੋ ਕੁੱਤਿਆਂ ਦੀ ਕਹਾਣੀ** : ਦੀਪਕ ਪ੍ਰਹਰਾਜ

ਅਨੁਵਾਦ : *ਨਵਤੇਜ ਗੜ੍ਹਦੀਵਾਲਾ* *ਸਫ਼ੇ : 16 ਕੀਮਤ : 35.00*

ਸੜਕ ਦਾ ਕੁੱਤਾ ਆਲੀਸ਼ਾਨ ਕੋਠੀ ਵਿਚ ਚੋਰੀ ਕਰਨ ਵਾਲਿਆਂ ਨੂੰ ਫੜਵਾ ਦਿੰਦਾ ਹੈ ਫਿਰ ਉਸ ਦਾ ਨਾਗਰਿਕ ਅਭਿਨੰਦਨ ਹੁੰਦਾ ਹੈ । ISBN 978-81-237-6589-1

**28. ਚੁੱਘ ਗਲਹਿਰੀ** : ਬਿੱਟੀ ਮਿਥਲ

ਅਨੁਵਾਦ : *ਡਾ. ਅਨੁਰਾਗ ਸ਼ਰਮਾ* *ਸਫ਼ੇ : 16 ਕੀਮਤ : 45.00*

ਬੱਚਿਆਂ ਨੇ ਇਕ ਗਲਹਿਰੀ ਦਾ ਬੱਚਾ ਪਾਲ ਲਿਆ । ਪਰ ਉਨ੍ਹਾਂ ਨੂੰ ਅਸਲੀ ਖ਼ੁਸ਼ੀ ਉਸ ਸਮੇਂ ਮਿਲੀ ਜਦੋਂ ਉਹ ਦੂਜੀਆਂ ਗਲਹਿਰੀਆਂ ਕੋਲ ਰਹਿਣ ਚਲਾ ਗਿਆ ।

ISBN 978-81-237-6588-4

**29. ਬੋਲਣ ਵਾਲੀ ਡੱਬੀ** : ਦਿਵਿਕ ਰਮੇਸ਼

ਅਨੁਵਾਦ : *ਪਵਨ ਹਰਚੰਦਪੁਰੀ* *ਸਫ਼ੇ : 24 ਕੀਮਤ : 45.00*

ਚਿੱਤਰਕਾਰ ਦੀਪਕ ਕੁਮਾਰ ਦੇ ਚਿੱਤਰਾਂ ਨਾਲ ਸਜੀ ਬੱਚਿਆਂ ਲਈ ਮਹੱਤਵਪੂਰਨ ਪੁਸਤਕ ਹੈ । ISBN 978-81-237-6540-2

**30. ਨੰਨ੍ਹਾ ਬਬਲੂ ਅਤੇ ਪਰੀਆਂ** : ਨਵਨੀਤਾ ਦੇਵ ਸੇਨ

ਅਨੁਵਾਦ : *ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 16 ਕੀਮਤ : 30.00*

ਕਹਾਣੀ ਮਾਂ-ਵਿਹੂਣੇ ਬੱਚੇ ਦੀ ਮਾਨਸਿਕਤਾ ਨੂੰ ਪੇਸ਼ ਕਰਦੀ ਹੈ । ਲੇਖਕ ਪਰੀ-ਕਥਾ ਰਾਹੀਂ ਪਾਠਕ ਨੂੰ ਦੱਸਦਾ ਹੈ ਕਿ ਜਿਹੜੀ ਸੁੰਦਰ ਗੀਤ ਗਾਉਣ ਵਾਲੀ 'ਬੁਲਬੁਲ' ਹੈ ਉਹ ਅਸਲ ਵਿਚ ਪਹਿਲਾਂ ਸੁਰੀਲੀ ਬੰਸਰੀ ਵਜਾਉਣ ਵਾਲਾ ਬਬਲੂ ਹੀ ਸੀ ।

ISBN 978-81-237-6488-7

**31. ਸੁਲਤਾਨ ਦੀ ਪਸੰਦ ਅਤੇ ਹੋਰ ਕਹਾਣੀਆਂ** : ਕਲਾ ਥੈਰਾਨੀ

ਅਨੁਵਾਦ : *ਬਲਜਿੰਦਰ ਮਾਨ* *ਸਫ਼ੇ : 50 ਕੀਮਤ : 40.00*

ਇਸ ਪੁਸਤਕ ਵਿਚ ਚਾਰ ਬਾਲ-ਕਹਾਣੀਆਂ ਹਨ : 'ਸੁਲਤਾਨ ਦੀ ਪਸੰਦ', 'ਧਨ ਅਤੇ ਸਾਰੰਗੀ', 'ਸੁਪਨੇ ਦਾ ਮਤਲਬ' ਅਤੇ 'ਚਾਹ ਦੀ ਪਿਆਲੀ ਵਿਚ ਤੂਫ਼ਾਨ' ।

ISBN 978-81-237-5481-9

**32. ਕੈਕਟਸ** : ਰਾਮੇਂਦਰ ਕੁਮਾਰ

*ਅਨੁਵਾਦਕ : ਡਾ. ਕ੍ਰਿਸ਼ਨ ਕੁਮਾਰ ਰੱਤੂ* *ਸਫ਼ੇ : 24 ਕੀਮਤ : 35.00*

ਇਸ ਕਹਾਣੀ ਵਿਚ 'ਬਾਗਾਂ ਦੇ ਫੁੱਲ' ਆਪਣੀ ਸੁੰਦਰਤਾ 'ਤੇ ਮਾਣ ਕਰਦੇ ਹੋਏ ਕੈਕਟਸ ਨੂੰ ਭੱਦਾ ਅਤੇ ਆਪਣਾ ਦੁਸ਼ਮਣ ਸਮਝਦੇ ਹਨ। ਪਰ ਜਦੋਂ ਸੋਕਾ ਪੈ ਜਾਂਦਾ ਹੈ ਤਾਂ ਉਹ ਕੈਕਟਸ (ਕੰਡਿਆਲੀ ਥੋਰ੍ਹ) ਉਨ੍ਹਾਂ ਦਾ ਜੀਵਨਦਾਤਾ ਬਣ ਜਾਂਦਾ ਹੈ।

ISBN 978-81-237-6048-3

**33. ਨੰਨ੍ਹੇ ਸੂਰਜ** : ਜਸਵੰਤ ਸਿੰਘ ਵਿਰਦੀ

*ਮੂਲ ਪੰਜਾਬੀ* *ਸਫ਼ੇ : 16 ਕੀਮਤ : 30.00*

ਬੱਚੇ ਫੁੱਲ 'ਤੇ ਪਈਆਂ ਤ੍ਰੇਲ ਦੀਆਂ ਬੂੰਦਾਂ ਵਿਚ ਆਪਣੇ ਜਿਥੇ ਸੂਰਜ ਨੂੰ ਦੇਖਦੇ ਹਨ ਉਥੇ ਆਪਣਾ ਚਿਹਰਾ ਵੀ ਦੇਖ ਕੇ ਖ਼ੁਸ਼ ਹੁੰਦੇ ਹਨ। ਨਿੱਕੀਆਂ-ਨਿੱਕੀਆਂ ਗੱਲਾਂ ਵਿਚ ਉਨ੍ਹਾਂ ਦੇ ਖ਼ੁਸ਼ ਰਹਿਣ ਦਾ ਰਾਜ਼ ਪਤਾ ਲੱਗਦਾ ਹੈ। ISBN 978-81-237-6047-6

**34. ਮੁਸੀਬਤ ਤੋਂ ਛੁਟਕਾਰਾ** : ਡਾ. ਬਲਦੇਵ ਸਿੰਘ 'ਬੱਦਨ'

ਮੂਲ ਪੰਜਾਬੀ *ਸਫ਼ੇ : 32 ਕੀਮਤ : 45.00*

ਬੜੇ ਵਧੀਆ ਢੰਗ ਨਾਲ ਬੱਚਿਆਂ ਨੂੰ ਪੜ੍ਹਾਈ ਅਤੇ ਏਕਤਾ ਦੇ ਮਹੱਤਵ ਤੋਂ ਜਾਣੂ ਕਰਵਾਇਆ ਗਿਆ ਹੈ ਤੇ ਗੱਲਾਂ-ਗੱਲਾਂ ਵਿਚ ਹੀ ਜੰਗਲ, ਝੀਲ ਅਤੇ ਤਲਾਬ ਦੀ ਸੈਰ ਕਰਵਾ ਕੇ ਬੱਚਿਆਂ ਨੂੰ ਬਹੁਤ ਸਾਰੇ ਜਾਨਵਰਾਂ ਨਾਲ ਰੂ-ਬ-ਰੂ ਕਰਵਾ ਦਿੱਤਾ ਹੈ।

ISBN 978-81-237-6143-5

**35. ਘਰ ਵਾਪਸੀ** : ਰਵੀਂਦਰ ਨਾਥ ਠਾਕੁਰ

*ਅਨੁਵਾਦ : ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 24 ਕੀਮਤ : 19.00*

ਇਸ ਪੁਸਤਕ ਨੂੰ ਪਾਰਥ ਸੇਨ ਗੁਪਤਾ ਨੇ ਚਿੱਤਰਾਂ ਨਾਲ ਸ਼ਿੰਗਾਰਿਆ ਹੈ। ਇਹ ਕਹਾਣੀ ਫਾਟਿਕ ਚੱਕਰਵਰਤੀ ਬਾਰੇ ਹੈ ਜੋ ਸ਼ਰਾਰਤੀ ਹੈ ਤੇ ਕਿਸ਼ੋਰ ਅਵਸਥਾ ਵਿਚ ਹੈ। ਟੈਗੋਰ ਨੇ ਕਿਸ਼ੋਰ ਅਵਸਥਾ ਦਾ ਜੋ ਨਕਸ਼ਾ ਪੇਸ਼ ਕੀਤਾ ਹੈ ਉਹ ਕਲਾਸਕੀ ਹੈ।

ISBN 978-81-237-5650-9

**36. ਛੋਟੀ ਕੀੜੀ ਦੀ ਵੱਡੀ ਦਾਹਵਤ** : ਕੁਸੁਮਲਤਾ ਸਿੰਘ

*ਅਨੁਵਾਦ : ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 24 ਕੀਮਤ : 40.00*

ਕਿਸੇ ਜੰਗਲ ਵਿਚ ਕਾਫੀ ਦੇਰ ਮੀਂਹ ਨਾ ਪੈਣ ਕਾਰਣ ਜੰਗਲੀ ਜੀਵ ਭੁੱਖ ਪਿਆਸ ਨਾਲ ਦੁਖੀ ਹੋ ਗਏ। ਖਾਣ ਲਈ ਦਾਣੇ-ਦਾਣੇ ਨੂੰ ਤਰਸਣ ਲੱਗੇ। ਪਰ ਕੀੜੀਆਂ ਦੁਆਰਾ ਆਪਣੇ ਜਮ੍ਹਾਂ ਕੀਤੇ ਅਨਾਜ ਨੂੰ ਲਿਆ ਕੇ ਦੇਣ ਨਾਲ ਉਨ੍ਹਾਂ ਦੀ ਸਮੱਸਿਆ ਹੱਲ ਹੋ ਗਈ।

ISBN 978-81-237-6210-4

**37. ਜੰਗਲ ਦੇ ਦੋਸਤ** : ਬਿਮਲੇਂਦਰ ਚੱਕਰਵਰਤੀ

*ਅਨੁਵਾਦ : ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 16 ਕੀਮਤ : 30.00*

ਜੰਗਲ ਨੂੰ ਬਣਾਈ ਰੱਖਣ ਅਤੇ ਬਚਾਈ ਰੱਖਣ ਦੀ ਪ੍ਰੇਰਨਾ ਦਿੰਦੀ ਇਕ ਮਹੱਤਵਪੂਰਨ ਕਹਾਣੀ । ਪੁਸਤਕ ਦੇ ਚਿੱਤਰਕਾਰ ਸਵਪਨ ਨੰਦੀ ਹਨ ।

ISBN 978-81-237-6230-2

**38. ਡੁੱਬਿਆ ਹੋਇਆ ਕਿਲ੍ਹਾ** : ਸੰਜੀਵ ਜੈਸਵਾਲ 'ਸੰਜੇ'

ਅਨੁਵਾਦ : *ਮਨਧੀਰ ਸਿੰਘ ਦਿਓਲ* *ਸਫ਼ੇ : 96 ਕੀਮਤ : 120.00*

ਚਾਰ ਬੱਚਿਆਂ ਦਾ ਅਜਿਹਾ ਰੁਮਾਂਚਿਕ ਕਾਰਨਾਮਾ ਜਿਸ ਵਿਚ ਉਨ੍ਹਾਂ ਨੇ ਮਿਲ ਕੇ ਦੱਬਿਆ ਹੋਇਆ ਖ਼ਜ਼ਾਨਾ ਤਾਂ ਲੱਭਿਆ ਹੀ, ਕਈ ਖ਼ੂੰਖਾਰ ਡਾਕੂਆਂ ਨੂੰ ਹਥਿਆਰ ਸੁੱਟਣ ਲਈ ਵੀ ਮਜਬੂਰ ਕੀਤਾ । ISBN 978-81-237-6315-6

**39. ਕੀ ਹੋਇਆ ?** : ਜਗਦੀਸ਼ ਜੋਸ਼ੀ

ਅਨੁਵਾਦ : *ਡਾ. ਜਸਪਾਲ ਕੌਰ* *ਸਫ਼ੇ : 24 ਕੀਮਤ : 40.00*

ਲੇਖਕ ਨੇ ਕਹਾਣੀ ਵਿਚ ਬਾਲ ਉਤਸੁਕਤਾ ਕਾਇਮ ਰੱਖੀ ਹੈ । ਬਾਲ ਕਹਾਣੀ ਪੜ੍ਹ ਕੇ ਸੋਚਣ ਲਈ ਮਜ਼ਬੂਰ ਹਨ ਕਿ ਆਖ਼ਿਰ ਚੀਕੂ ਡਿੱਗਿਆ ਕਿਵੇਂ । ਚੰਗੀ ਕਹਾਣੀ ਦਾ ਇਹ ਗੁਣ ਹੁੰਦਾ ਹੈ । ISBN 978-81-237-6258-6

**40. ਨਵੀਂ ਸਵੇਰ** : *ਡਾ. ਬਲਦੇਵ ਸਿੰਘ 'ਬੱਦਨ'*

ਮੂਲ ਪੰਜਾਬੀ *ਸਫ਼ੇ : 24 ਕੀਮਤ : 25.00*

ਪੁਸਤਕ ਵਿਚ ਇਕ ਰੌਚਿਕ ਕਹਾਣੀ ਹੈ ਜਿਸ ਦੇ ਸ਼ਾਨਦਾਰ ਚਿੱਤਰ ਮੁਹੰਮਦ ਇਬਰਾਹੀਮ ਨੇ ਚਿੱਤਰੇ ਹਨ । ਇਸ ਕਹਾਣੀ ਰਾਹੀਂ ਲੇਖਕ ਨੇ ਜੰਗਲ ਦੇ ਰਾਜੇ ਨੂੰ ਲੋੜੋਂ ਵੱਧ ਸ਼ਿਕਾਰ ਕਰਨ ਤੋਂ ਰੋਕਿਆ ਹੈ । ISBN 978-81-237-5997-5

**41. ਪਿਆਰਾ ਦੋਸਤ** : ਦੀਪਕ ਕੁਮਾਰ ਕਲਿਤਾ

*ਅਨੁਵਾਦ : ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 28 ਕੀਮਤ : 40.00*

ਦੋਸਤੀ ਦੀ ਮਿਸਾਲ ਦਰਸਾਉਂਦੀ ਸੁੰਦਰ ਅਤੇ ਮਾਰਮਿਕ ਕਹਾਣੀ ।

ISBN 978-81-237-6228-3

**42. ਮੁੱਛਾਂ ਦੀ ਕਹਾਣੀ** : ਆਰ. ਕੇ. ਮੂਰਤੀ

ਅਨੁਵਾਦ : *ਪ੍ਰੋ. ਬਲਵੀਰ ਕੌਰ ਰੀਹਲ* *ਸਫ਼ੇ : 24 ਕੀਮਤ : 40.00*

ਰਾਮੂ ਦੀਆਂ ਵੱਡੀਆਂ ਮੁੱਛਾਂ ਜਿਸ ਤੋਂ ਉਸ ਦੀ ਪਤਨੀ ਮਧੂ ਵੀ ਭੈਅ ਖਾਂਦੀ ਸੀ, ਨੂੰ ਨਾਈ ਨੇ ਕਿਵੇਂ ਸਾਫ਼ ਕੀਤਾ, ਦੀ ਦਿਲਚਸਪ ਕਹਾਣੀ ਬੱਚਿਆਂ ਲਈ ਪੇਸ਼ ਕੀਤੀ ਗਈ ਹੈ ।

ISBN 978-81-237-6289-0

**43. ਨਿੰਮ ਬਾਬਾ** : ਐੱਸ. ਆਈ. ਫਾਰੂਕੀ

ਅਨੁਵਾਦ : *ਸਰਬਜੀਤ ਵਾਲੀਆ* *ਸਫ਼ੇ : 24 ਕੀਮਤ : 35.00*

ਨਿੰਮ ਦੇ ਦਰਖ਼ਤ ਦੇ ਬਾਰੇ ਪੂਰਨ ਜਾਣਕਾਰੀ ਬੜੇ ਹੀ ਰੌਚਿਕ ਢੰਗ ਨਾਲ ਦਿੱਤੀ ਗਈ ਹੈ । ਚਿੱਤਰਕਾਰ ਪਾਰਥਸੇਨ ਗੁਪਤਾ ਹਨ । ISBN 978-81-237-6294-4

**44. ਦਰਦ ਦਾ ਰਿਸ਼ਤਾ ਅਤੇ ਹੋਰ ਕਹਾਣੀਆਂ** : ਨਾਸਿਰਾ ਸ਼ਰਮਾ

ਅਨੁਵਾਦ : *ਡਾ. ਜਸਪਾਲ ਕੌਰ* *ਸਫ਼ੇ : 20 ਕੀਮਤ : 35.00*

ਇਸ ਪੁਸਤਕ ਵਿਚ ਬੱਚਿਆਂ ਲਈ ਸਚਿੱਤਰ ਤੇ ਸਿੱਖਿਆਦਾਇਕ ਤਿੰਨ ਕਹਾਣੀਆਂ ਸ਼ਾਮਲ ਹਨ : ਦਰਦ ਦਾ ਰਿਸ਼ਤਾ, ਦਾਦੀ ਜੀ ਦੀ ਸੋਟੀ ਦੇ ਨੰਨ੍ਹਾ ਪਿਕਾਸੋ। ਪੁਸਤਕ ਦੇ ਚਿੱਤਰ ਮਿੱਤਰਾਰੂਣ ਹਲਧਰ ਨੇ ਬਣਾਏ ਹਨ। ISBN 978-81-237-6287-6

**45. ਜ਼ਖ਼ਮੀ ਕਾਂ ਦੀ ਕਹਾਣੀ** : ਰਾਮੇਸ਼ ਬੇਦੀ

ਅਨੁਵਾਦ : *ਡਾ. ਭੁਪਿੰਦਰ ਸਿੰਘ ਬੇਦੀ* *ਸਫ਼ੇ : 24 ਕੀਮਤ : 15.00*

ਇਕ ਨੰਨ੍ਹੇ ਜ਼ਖ਼ਮੀ ਕਾਂ ਦੀ ਕਹਾਣੀ, ਜੋ ਘਰ ਵਿਚ ਬਿਲਕੁਲ ਪਾਲਤੂ ਜੀਵ ਦੀ ਤਰ੍ਹਾਂ ਰਹਿੰਦਾ ਹੈ। ISBN 978-81-237-6283-3

**46. ਕੱਚ ਦਾ ਬਕਸਾ** (ਨੀਂਦਰਲੈਂਡ ਦੀਆਂ ਲੋਕ-ਕਥਾਵਾਂ) : ਪੁਸ਼ਪਿਤਾ ਅਵਸਥੀ

ਅਨੁਵਾਦਕ : *ਬਲਵਿੰਦਰ ਸਿੰਘ ਸੋਢੀ* *ਸਫ਼ੇ : 32 ਕੀਮਤ : 45.00*

ਇਸ ਪੁਸਤਕ ਵਿਚ 12 ਕਹਾਣੀਆਂ ਜੋ ਮਾਨਵ ਜੀਵਨ ਅਤੇ ਮਾਨਵ ਦੇ ਜੀਵਨ ਲਈ ਹਨ ਜੋ ਉਸ ਨੂੰ ਮਾਨਵੀ, ਨਸਲਦਾਰ ਅਤੇ ਪ੍ਰਕਿਰਤੀ ਪ੍ਰੇਮੀ ਬਣਾ ਸਕੇ।

ISBN 978-81-237-6368-2

**47. ਸੋਨੇ ਦਾ ਪੱਥਰ** : ਸੁਰੇਸ਼ ਯਾਦਵ

ਅਨੁਵਾਦ : *ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 24 ਕੀਮਤ : 25.00*

ਕਾਂ ਅਤੇ ਲੂੰਬੜੀ ਦੀ ਤਰਸਯੋਗ ਮੌਤ ਦੀ ਕਹਾਣੀ ਜਿਸ ਵਿਚ ਉਨ੍ਹਾਂ ਦਾ ਲੋਭੀ ਤੇ ਕਪਟੀ ਮਨ ਹੀ ਉਨ੍ਹਾਂ ਦੀ ਮੌਤ ਦਾ ਕਾਰਣ ਬਣਿਆ।

ISBN 978-81-237-6290-8

**48. ਜਹਾਜ਼ ਦੀ ਕਹਾਣੀ** : ਬਿਮਲ ਕੁਮਾਰ ਸ੍ਰੀਵਾਸਤਵ

ਅਨੁਵਾਦ : *ਡਾ. ਕੁਲਦੀਪ ਸਿੰਘ ਧੀਰ* *ਸਫ਼ੇ : 56 ਕੀਮਤ : 75.00*

ਇਸ ਬਾਲ ਪੁਸਤਕ ਵਿਚ ਜਹਾਜ਼-ਸਾਜ਼ੀ ਦੀ ਯਾਤਰਾ ਵਿਚ ਬੀਤੀ ਇਕ ਸਦੀ ਵਿਚ ਵਿਚਿੱਤਰ ਪਰਿਵਰਤਨਾਂ ਦਾ ਸ਼ਾਨਦਾਰ ਇਤਿਹਾਸ ਅਤੇ ਆਉਣ ਵਾਲੇ ਸਾਲਾਂ ਵਿਚ ਇਸ ਦੇ ਵਿਕਾਸ ਦੀ ਗਾਥਾ ਹੈ। ISBN 978-81-237-6303-3

**49 ਇਕ ਸੀ ਚਿੜੀ** : ਸੰਤੋਸ਼ ਸਾਹਨੀ

ਅਨੁਵਾਦ : *ਗੁਰਿੰਦਰ ਸਿੰਘ ਕਲਸੀ* *ਸਫ਼ੇ : 40 ਕੀਮਤ : 55.00*

ਬੱਚਿਆਂ ਲਈ ਦਿਲਚਸਪ ਤੇ ਸਿੱਖਿਆਦਾਇਕ ਨਾਵਲ ਜਿਸ ਦੇ ਚਿੱਤਰ ਸ਼ੈਵਾਲ ਚੈਟਰਜੀ ਨੇ ਬਣਾਏ ਹਨ। ISBN 978-81-237-6371-2

**50. ਦੇਸ਼ ਲਈ ਕੁਰਬਾਨ** : ਆਰ. ਕੇ. ਟੰਡਨ

ਅਨੁਵਾਦ : *ਡਾ. ਮਨਿੰਦਰ ਸਿੰਘ ਕਾਂਗ* *ਸਫ਼ੇ : 120 ਕੀਮਤ : 125.00*

ਇਸ ਪੁਸਤਕ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਹੋ ਗਏ 18 ਸੈਨਾਨੀਆਂ ਦੇ ਜੀਵਨ ਸੰਘਰਸ਼ ਦੀ ਗਾਥਾ ਹੈ। ਇਸ ਵਿਚ ਭਗਤ ਸਿੰਘ, ਮਦਨ ਲਾਲ ਢੀਂਗਰਾ, ਕਰਤਾਰ ਸਿੰਘ ਸਰਾਭਾ, ਅਸ਼ਫ਼ਾਕ ਉੱਲ੍ਹਾ ਅਤੇ ਮੰਗਲ ਪਾਂਡੇ ਆਦਿ ਸ਼ਾਮਲ ਹਨ।

ISBN 978-81-237-5013-2

**51. ਜੰਗਲ ਵਿਚ ਮੰਗਲ :** ਸ਼ਾਂਤਨੂੰ ਤਾਮੂਲੀ

*ਅਨੁਵਾਦ : ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 24 ਕੀਮਤ : 40.00*

ਇਸ ਪੁਸਤਕ ਵਿਚ ਛੋਟੇ ਬੱਚੇ ਮਨੂੰ ਦਾ ਜੰਗਲੀ ਜਾਨਵਰਾਂ ਨਾਲ ਸਨੇਹ ਭਾਵ ਤੇ ਦੋਸਤੀ ਦਿਖਾਈ ਹੈ। ਮਨੂੰ ਗਹਿਰੇ ਟੋਏ ਵਿਚ ਡਿੱਗੇ ਗੈਂਡੇ ਨੂੰ ਪਿੰਡ ਵਾਲਿਆਂ ਦੀ ਮਦਦ ਨਾਲ ਬਚਾ ਲੈਂਦਾ ਹੈ। ISBN 978-81-237-6291-3

**52. ਸੋਨਾ ਦੀਆਂ ਅੱਖਾਂ :** ਊਸ਼ਾ ਯਾਦਵ

*ਅਨੁਵਾਦ : ਪ੍ਰਕਾਸ਼ ਸਿੰਘ ਗਿੱਲ* *ਸਫ਼ੇ : 60 ਕੀਮਤ : 25.00*

ਇਕ ਉਮਰ ਵਰਗ ਦੇ ਬੱਚਿਆਂ ਲਈ ਲਿਖੀ ਗਈ ਲੰਮੀ ਕਹਾਣੀ ਜੋ ਕਿ ਸਾਹਸੀ ਬਾਲ-ਕਥਾ ਹੈ, ਜਿਸ ਵਿਚ ਬੱਚੇ ਆਪਣੀ ਲਗਨ ਨਾਲ ਰਾਜ ਦੇ ਹਿਰਨ ਪਾਰਕ ਵਿਚ ਭ੍ਰਿਸ਼ਟਾਚਾਰ ਕਰਨ ਵਾਲੇ ਲੋਕਾਂ ਦਾ ਹਿਰਦਾ ਪਰਿਵਰਤਨ ਕਰ ਦਿੰਦੇ ਹਨ।

ISBN 978-81-237-6354-5

**53. ਅਜੂਬੇ** (ਨਾਵਲ) : ਲਕਸ਼ਮੀ ਖੰਨਾ 'ਸੁਮਨ'

*ਅਨੁਵਾਦ : ਡਾ. ਰਵੀ ਰਵਿੰਦਰ* *ਸਫ਼ੇ : 134 ਕੀਮਤ : 40.00*

ਇਹ ਤੇਰ੍ਹਾਂ ਬੌਣਿਆਂ ਦੀ ਕਹਾਣੀ ਹੈ, ਜੋ ਵਿਛੜ ਜਾਂਦੇ ਹਨ। ਬੱਚਿਆਂ ਦਾ ਇਕ ਸਮੂਹ ਉਨ੍ਹਾਂ ਨੂੰ ਬਹੁਤ ਹੀ ਰੁਮਾਂਚਿਤ ਤਰੀਕੇ ਨਾਲ ਲੱਭ ਕੇ ਆਪਸ ਵਿਚ ਮਿਲਵਾਉਂਦਾ ਹੈ।

ISBN 978-81-237-6269-2

**54. ਫ਼ੈਸਲਾ ਅਤੇ ਪੂਰਬ ਦੀਆਂ ਹੋਰ ਕਹਾਣੀਆਂ :** ਕਲਾ ਥੈਰਾਨੀ

*ਅਨੁਵਾਦ : ਸਤਿੰਦਰਪਾਲ ਸਿੰਘ* *ਸਫ਼ੇ : 48 ਕੀਮਤ : 60.00*

4 ਦੇਸ਼ਾਂ ਦੀਆਂ ਰੋਚਿਕ ਲੋਕ-ਕਥਾਵਾਂ ਦਾ ਸੰਗ੍ਰਹਿ। ਇਸ ਪੁਸਤਕ ਵਿਚ ਭਾਰਤ ਦੀ ਕਹਾਣੀ 'ਫ਼ੈਸਲਾ', ਇੰਡੋਨੇਸ਼ੀਆ ਦੀ ਕਹਾਣੀ 'ਗੁਨੋ ਅਤੇ ਕੋਇਓ', ਮਲੇਸ਼ੀਆ ਦੀ ਕਹਾਣੀ 'ਪਿਕਨਿਕ ਦੇ ਲਈ ਜਲਦੀ' ਅਤੇ ਜਾਪਾਨ ਦੀ ਕਹਾਣੀ 'ਸਾਗਰ ਵਿਚ ਚੱਕੀ ਦੇ ਪੱਥਰ' ਸ਼ਾਮਲ ਕੀਤੀਆਂ ਗਈਆਂ ਹਨ। ISBN 978-81-237-6259-3

**55. ਦੋਸਤ :** ਪ੍ਰਚੇਤਾ ਗੁਪਤਾ

*ਅਨੁਵਾਦ : ਜਗਦੀਸ਼ ਸਿੰਘ ਵਰਿਆਮ* *ਸਫ਼ੇ : 16 ਕੀਮਤ : 35.00*

ਲੇਖਕ ਨੇ ਇਸ ਕਹਾਣੀ ਰਾਹੀਂ ਵਰਖਾ ਆਉਣ ਦੀ ਕ੍ਰਿਆ ਬਾਲਾਂ ਨੂੰ ਸਮਝਾਉਣ ਦਾ ਯਤਨ ਕੀਤਾ ਹੈ। ISBN 978-81-237-6256-2

**56. ਜਾਦੂ ਦੀ ਬੰਸਰੀ ਅਤੇ ਹੋਰ ਕੋਰੀਆਈ ਕਹਾਣੀਆਂ** : ਦਿਵਿਕ ਰਮੇਸ਼ (ਸੰਗ੍ਰਹਿਕਰਤਾ)

ਅਨੁਵਾਦ : *ਨਰਿੰਜਨ ਸਿੰਘ ਸਾਥੀ* *ਸਫ਼ੇ : 56 ਕੀਮਤ : 75.00*

ਇਸ ਪੁਸਤਕ ਵਿਚ ਬੱਚਿਆਂ ਲਈ ਮਨੋਰੰਜਕ ਤੇ ਸਿੱਖਿਆਦਾਇਕ ਸੱਤ ਕਹਾਣੀਆਂ ਹਨ : ਜਾਦੂ ਦੀ ਬੰਸਰੀ, ਬਾਘਣੀ ਦਾ ਮੰਦਰ, ਕਿਸਾਨਾਂ ਦੀ ਦੇਵੀ, ਮਹਾਨ ਕੰਮ, ਆਂਡੇ ਵਿਚੋਂ ਰਾਜਾ, ਬੱਦਲਾਂ ਦੇ ਦਰਵਾਜ਼ੇ ਅਤੇ ਸ਼ੇਰ ਦੀ ਸਵਾਰੀ । ISBN 978-81-237-6306-4

**57. ਬਘਿਆੜ ਦਾ ਨੱਚਣਾ** : ਦਲੀਪ ਕੁਮਾਰ ਬਰੁਆ

ਅਨੁਵਾਦ : *ਡਾ. ਸਤਪ੍ਰੀਤ ਸਿੰਘ ਜੱਸਲ* *ਸਫ਼ੇ : 24 ਕੀਮਤ : 35.00*

ਆਸਾਮ ਵਿਚ ਪਰੰਪਰਾ ਤੋਂ ਚਲੇ ਆ ਰਹੇ ਖਰਗੋਸ਼ ਦੇ ਸ਼ਿਕਾਰ ਦਾ ਇਤਨਾ ਸੁੰਦਰ ਅਤੇ ਰੌਚਿਕ ਵਰਣਨ, ਕਿ ਬੱਚੇ ਇਕ ਵਾਰ ਸ਼ੁਰੂ ਕਰ ਕੇ ਪੂਰੀ ਕਹਾਣੀ ਪੜ੍ਹ ਕੇ ਹਟਣਗੇ ।

ISBN 978-81-237-6229-1

**58. ਸਹੇਲੀ** : ਸੁਰੇਖਾ ਪਾਣੰਦੀਕਰ

ਅਨੁਵਾਦ : *ਡਾ. ਰਾਜਵੰਤ ਕੌਰ ਪੰਜਾਬੀ* *ਸਫ਼ੇ : 56 ਕੀਮਤ : 75.00*

ਰਾਜਸਥਾਨ ਦੀ ਪਿੱਠ-ਭੂਮੀ 'ਤੇ ਆਧਾਰਿਤ ਇਕ ਲੜਕੀ ਅਤੇ ਉਸ ਦੀ ਸਹੇਲੀ ਊਠਣੀ ਦੀ ਕਹਾਣੀ । ਲੜਕੀ ਦੀ ਬਹਾਦਰੀ ਵੇਖਦਿਆਂ ਹੀ ਬਣਦੀ ਹੈ । ਪੁਸਤਕ ਦੇ ਚਿੱਤਰਕਾਰ ਹਨ ਸੁਭਾਸ਼ ਰਾਏ । ISBN 978-81-237-6215-9

**59. ਜੀਲਾਨੀ ਬਾਨੋ ਦੀਆਂ ਦੋ ਬਾਲ ਕਹਾਣੀਆਂ** : ਜੀਲਾਨੀ ਬਾਨੋ

ਅਨੁਵਾਦਕ : *ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 24 ਕੀਮਤ : 50.00*

ਇਸ ਪੁਸਤਕ ਵਿਚ ਉਰਦੂ ਦੀ ਪ੍ਰਸਿੱਧ ਲੇਖਿਕਾ ਜੀਲਾਨੀ ਬਾਨੋ ਦੀਆਂ ਦੋ ਕਹਾਣੀਆਂ 'ਮੁਸਕਰਾਉਂਦਾ ਗੁਲਾਬ' ਅਤੇ 'ਜਾਦੂ ਦਾ ਪਟਾਰਾ' ਸ਼ਾਮਿਲ ਹਨ ।

ISBN 978-81-237-6211-1

**60. ਬੁਲਬੁਲ ਅਤੇ ਮੁਨੂੰ** : ਕਸ਼ਮਾ ਸ਼ਰਮਾ

ਅਨੁਵਾਦ : *ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 32 ਕੀਮਤ : 45.00*

ਹਿੰਦੀ ਦੀ ਪ੍ਰਸਿੱਧ ਲੇਖਿਕਾ ਕਸ਼ਮਾ ਸ਼ਰਮਾ ਦੀਆਂ ਦੋ ਪ੍ਰੇਰਨਾਦਾਇਕ ਕਹਾਣੀਆਂ 'ਬੁਲਬੁਲ ਅਤੇ ਮੁਨੂੰ' ਅਤੇ 'ਭਾਨੂ ਚਾਚਾ' ਇਸ ਪੁਸਤਕ ਵਿਚ ਸ਼ਾਮਿਲ ਹਨ ।

ISBN 978-81-237-6213-5

**61. ਗੁਲੇ ਅੱਬਾਸ** : ਡਾ. ਜ਼ਾਕਿਰ ਹੁਸੈਨ

ਅਨੁਵਾਦ : *ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 32 ਕੀਮਤ : 45.00*

ਇਹ ਭਾਰਤ ਦੇ ਸਿੱਖਿਆ ਸ਼ਾਸਤਰੀ ਤੇ ਮਰਹੂਮ ਰਾਸ਼ਟਰਪਤੀ ਡਾ. ਜ਼ਾਕਿਰ ਹੁਸੈਨ ਦੁਆਰਾ ਲਿਖੀ ਗਈ ਕਹਾਣੀ ਹੈ । ਇਸ ਪੁਸਤਕ ਵਿਚ ਫੁੱਲ ਦਾ ਸਵੈ-ਗਿਆਨ ਪੇਸ਼ ਕੀਤਾ ਗਿਆ ਹੈ । ਫੁੱਲ ਹਨੇਰੇ ਤੋਂ ਰੋਸ਼ਨੀ ਵੱਲ ਵਧਦਾ ਹੈ ਤੇ ਬਿਮਾਰ ਕੁੜੀ ਦੇ ਮਨ ਨੂੰ ਖ਼ੁਸ਼ੀ ਦਿੰਦਾ

ਹੈ ਕਿ ਉਹ ਦੁਖੀ ਲੋਕਾਂ ਦੇ ਮਨ ਨੂੰ, ਭਾਵੇਂ ਥੋੜ੍ਹੇ ਸਮੇਂ ਲਈ ਸਹੀ, ਖ਼ੁਸ਼ੀ ਦਿੰਦਾ ਹੈ।
ISBN 978-81-237-6214-2

**62. ਬਾਂਸ ਦਾ ਘਰ** : ਨੀਰਾ ਜੈਨ
*ਅਨੁਵਾਦ : ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 16 ਕੀਮਤ : 30.00*
ਰਾਹੁਲ ਨਾਂ ਦੇ ਬੱਚੇ ਦੀ ਦਿਲਚਸਪ ਕਹਾਣੀ ਜਿਸ ਦੇ ਪਿਤਾ ਦੀ ਬਦਲੀ ਦਿੱਲੀ ਤੋਂ ਅਗਰਤਲਾ ਹੋ ਗਈ ਹੈ ਪਰ ਉਹ ਆਪਣੇ ਤੋਂ ਵਿਛੜ ਜਾਣ ਵਾਲੇ ਪਿਆਰੇ ਦੋਸਤਾਂ ਬਾਰੇ ਸੋਚਦਾ ਹੈ। ISBN 978-81-237-6236-6

**63. ਅੰਬ ਵਾਲੀ ਚਿੜੀ** : ਦੀਪਾ ਅਗਰਵਾਲ
*ਅਨੁਵਾਦ : ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 16 ਕੀਮਤ : 30.00*
ਰਸੀਲੇ ਅੰਬ ਅਤੇ ਲਾਲਚੀ ਵਿਅਕਤੀ ਦੇ ਪ੍ਰਸੰਗਾਂ 'ਤੇ ਆਧਾਰਿਤ ਇਕ ਰੌਚਿਕ ਕਹਾਣੀ। ਚਿੱਤਰਕਾਰ ਸੁਬੀਰ ਰਾਏ ਹਨ। ISBN 978-81-237-6231-9

**64. ਨਿਓਲ ਵੀ ਰਾਜਾ** : ਡਾ. ਬਲਦੇਵ ਸਿੰਘ 'ਬੱਦਨ'
ਮੂਲ ਪੰਜਾਬੀ *ਸਫ਼ੇ : 16 ਕੀਮਤ : 40.00*
'ਨਿਓਲ ਵੀ ਰਾਜਾ' ਜੰਗਲੀ ਜਾਨਵਰਾਂ ਨਾਲ ਸੰਵਾਦ ਹੈ ਜਿਸ ਵਿਚ ਤੰਦੂਆ ਹੋਰ ਜਾਨਵਰਾਂ ਲਈ ਮੁਸੀਬਤ ਬਣਿਆ ਹੋਇਆ ਹੈ। ਬਾਂਦਰ, ਹਿਰਨ, ਭਾਲੂ, ਚਿੜੀਆਂ ਆਦਿ ਤੇਂਦੂਏ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਨ। ਇਹ ਕਹਾਣੀ ਬੱਚਿਆਂ ਅੰਦਰ ਸਾਹਸ, ਦਲੇਰੀ ਤੇ ਬਹਾਦਰੀ ਦੀ ਭਾਵਨਾ ਨੂੰ ਉਤੇਜਿਤ ਕਰਦੀ ਹੈ। ISBN 978-81-237-6212-8

**65. ਪੰਜ ਮਿੱਤਰ** : ਸ਼ੀਰੀਨ ਰਿਜ਼ਵੀ
*ਅਨੁਵਾਦ : ਡਾ. ਹਰਨੇਕ ਸਿੰਘ ਕੈਲੇ* *ਸਫ਼ੇ : 28 ਕੀਮਤ : 50.00*
ਛੋਟੇ ਬੱਚਿਆਂ ਲਈ ਲਿਖੀ ਗਈ ਰੌਚਿਕ ਭਾਸ਼ਾ ਵਿਚ ਇਕ ਦਿਲਚਸਪ ਕਹਾਣੀ ਹੈ।
ISBN 978-81-237-6295-1

**66. ਬੱਚੇ ਜਿਨ੍ਹਾਂ ਨੇ ਕਮਾਲ ਕੀਤਾ** : ਤੰਗਾਮਣੀ
*ਅਨੁਵਾਦ : ਜਿੰਦਰ* *ਸਫ਼ੇ : 144 ਕੀਮਤ : 50.00*
ਅੱਜ ਦੀਆਂ 12 ਪ੍ਰਸਿੱਧ ਹਸਤੀਆਂ ਦੇ ਬਚਪਨ ਦੀਆਂ ਪ੍ਰਮੁੱਖ ਘਟਨਾਵਾਂ ਦੀ ਕਹਾਣੀ ਜਿਨ੍ਹਾਂ ਨੇ ਵਿਗਿਆਨ, ਉਦਯੋਗ, ਨਿਆਂਇਕ ਸੇਵਾ ਜਾਂ ਫ਼ਿਲਮ ਨਿਰਮਾਣ ਹੋਵੇ, ਵਿਚ ਆਪਣਾ ਸਿੱਕਾ ਜਮਾਇਆ। ਇਨ੍ਹਾਂ ਘਟਨਾਵਾਂ ਨੇ ਹੀ ਉਨ੍ਹਾਂ ਨੂੰ ਕੁਝ ਬਣਨ ਲਈ ਪ੍ਰੇਰਤ ਕੀਤਾ। ਇਕ ਸੁੰਦਰ ਅਤੇ ਪ੍ਰੇਰਨਾ-ਦਾਇਕ ਪੁਸਤਕ। ISBN 978-81-237-6384-2

**67. ਭਾਰਤ ਦੇ ਟੱਪਰੀਵਾਸ** : ਸ਼ਿਆਮ ਸਿੰਘ ਸ਼ਸ਼ੀ
*ਅਨੁਵਾਦ : ਕਿਰਪਾਲ ਕਜ਼ਾਕ* *ਸਫ਼ੇ : 64 ਕੀਮਤ : 25.00*
ਭਾਰਤ ਦੇ ਟੱਪਰੀਵਾਸਾਂ ਅਤੇ ਖ਼ਾਨਾਬਦੋਸ਼ਾਂ ਦੇ ਇਤਿਹਾਸ ਅਤੇ ਖਾਣ-ਪੀਣ ਆਦਿ ਦੀ

ਪ੍ਰਮਾਣਿਕ ਜਾਣਕਾਰੀ ਇਸ ਪੁਸਤਕ ਵਿਚ ਦਿੱਤੀ ਗਈ ਹੈ। ਇਹ ਪੁਸਤਕ ਪਾਠਕਾਂ ਵਿਚ ਭੁੱਲੇ-ਵਿਸਰੇ ਕਬੀਲਾ ਸਮਾਜਾਂ ਲਈ ਰੁਚੀ ਪੈਦਾ ਕਰਨ ਦਾ ਮਹਿਜ਼ ਇਕ ਉਪਰਾਲਾ ਹੈ।

ISBN 978-81-237-5648-6

**68. ਬਾਲ ਕੁਮਾਰੀ** : ਰਾਜਿੰਦਰ ਕੌਰ

ਮੂਲ ਪੰਜਾਬੀ *ਸਫ਼ੇ : 20 ਕੀਮਤ : 19.00*

ਅਜੋਕੇ ਯੁਗ ਵਿਚ ਥੁੜ੍ਹਾਂ-ਮਾਰੇ ਗਰੀਬ ਮਾਪਿਆਂ ਦੇ ਲੜਕਿਆਂ ਤੇ ਖਾਸ ਕਰਕੇ ਲੜਕੀਆਂ ਲਈ ਅਜਿਹੀਆਂ ਪੁਸਤਕਾਂ ਬਹੁਤ ਸਾਰਥਕ ਹਨ ਤੇ ਸੇਧ ਦੇਣ ਵਾਲੀਆਂ ਹਨ। ਕਹਾਣੀ ਮਨੋਵਿਗਿਆਨਕ ਪਹੁੰਚ ਦੀ ਸਫਲ ਮਿਸਾਲ ਹੈ।

ISBN 978-81-237-5652-3

**69. ਮਿਹਨਤ ਦੀ ਕਮਾਈ** : ਡਾ. ਦਰਸ਼ਨ ਸਿੰਘ ਆਸ਼ਟ

ਮੂਲ ਪੰਜਾਬੀ *ਸਫ਼ੇ : 16 ਕੀਮਤ : 25.00*

ਪੁਸਤਕ ਵਿਚ ਦਰਜ ਕਹਾਣੀ ਇਕ ਮਿਹਨਤੀ ਕਿਸਾਨ ਦੀ ਹੈ ਜੋ ਰਾਜੇ ਦਾ ਡਿੱਗਿਆ ਹੋਇਆ ਹਾਰ ਉਸ ਨੂੰ ਮਹਿਲ ਵਿਚ ਵਾਪਸ ਕਰਨ ਲਈ ਪਹੁੰਚ ਜਾਂਦਾ ਹੈ। ਇਹ ਕਹਾਣੀ ਬਾਲਕਾਂ ਨੂੰ ਹੱਥੀਂ ਮਿਹਨਤ ਕਰਨ ਦਾ ਸੁਨੇਹਾ ਦਿੰਦੀ ਹੈ।

ISBN 978-81-237-5651-6

**70. ਰਾਣਾ ਹਾਰਿਆ ਨਹੀਂ** : ਕਿਰਣ ਤਾਮੁਲੀ

ਅਨੁਵਾਦ : *ਬੀਬਾ ਬਲਵੰਤ* *ਸਫ਼ੇ : 32 ਕੀਮਤ : 35.00*

ਪੋਲੀਓ ਦੇ ਸ਼ਿਕਾਰ ਇਕ ਲੜਕੇ ਦੀ ਹਿੰਮਤ ਤੇ ਹੌਸਲੇ ਦੀ ਕਹਾਣੀ ਜੋ ਮੁਸ਼ਕਲ ਪ੍ਰਸਥਿਤੀਆਂ ਵਿਚੋਂ ਲੰਘਦੇ ਹੋਏ ਇਕ ਵਧੀਆ ਕ੍ਰਿਕੇਟ ਖਿਡਾਰੀ ਬਣਦਾ ਹੈ।

ISBN 978-81-237-5653-0

**71. ਚਮਕਦਾਰ ਗੁਫ਼ਾ** : ਅਰੂਪ ਕੁਮਾਰ ਦੱਤਾ

ਅਨੁਵਾਦ : *ਬਲਦੇਵ ਸਿੰਘ 'ਬੱਦਨ'* *ਸਫ਼ੇ : 36 ਕੀਮਤ : 25.00*

'ਚਮਕਦਾਰ ਗੁਫ਼ਾ' ਪੁਸਤਕ ਵੀ ਚਿੱਤਰਾਂ ਨਾਲ ਸ਼ਿੰਗਾਰੀ ਗਈ ਹੈ। ਇਸ ਪੁਸਤਕ ਦੇ ਨਾਇਕ ਦੋ ਬਾਲਕ ਹਨ -- ਬੇਨਯਾਦ ਤੇ ਉਸ ਦੀ ਭੈਣ ਛਗੁਨ। ਇਹ ਕਹਾਣੀ ਬਹੁਤ ਹੀ ਸੇਧ ਦੇਣ ਵਾਲੀ ਸਫਲ ਕਹਾਣੀ ਹੈ। ISBN 978-81-237-5654-7

**72. ਢੂ-ਕੂ** *(ਦੂਸਰੇ ਗ੍ਰਹਿ ਦਾ ਯਾਤਰੀ)* : ਜਗਦੀਸ਼ ਜੋਸ਼ੀ

ਅਨੁਵਾਦ : *ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 24 ਕੀਮਤ : 25.00*

ਇਹ ਬਾਲ-ਪੁਸਤਿਕਾ ਵਾਤਾਵਰਣ ਤੇ ਜੀਵ-ਜੰਤੂਆਂ ਦੀ ਸਾਂਭ-ਸੰਭਾਲ ਦਾ ਬੜੇ ਰੌਚਿਕ ਢੰਗ ਨਾਲ ਸੁਨੇਹਾ ਦਿੰਦੀ ਹੈ। ISBN 978-81-237-5656-1

**73. ਰਾਵਣ** : ਅੰਜਨੀ ਸ਼ਰਮਾ

ਅਨੁਵਾਦ : *ਬਲਵੀਰ ਕੌਰ ਰੀਹਲ* *ਸਫ਼ੇ : 16 ਕੀਮਤ : 30.00*

ਵੱਡੇ ਭਰਾ ਨਾਲ ਨਾਰਾਜ਼ ਬੱਚਿਆਂ ਨੇ ਆਪਣਾ ਵੱਖਰਾ ਰਾਵਣ ਤਾਂ ਬਣਾ ਲਿਆ ਪਰ ਉਸ ਨੂੰ ਸਾੜਨ ਲਈ ਉਸੇ ਵੱਡੇ ਭਰਾ ਦੀ ਮਦਦ ਲੈਣੀ ਪਈ।

ISBN 978-81-237-6257-9

**74. ਬਰਫੀਲੀ ਬੂੰਦ** : ਗਿਜੂਭਾਈ ਬਧੇਕਾ

ਅਨੁਵਾਦ : *ਡਾ. ਕਮਲਾ ਰੱਤੂ* *ਸਫ਼ੇ : 40 ਕੀਮਤ : 40.00*

ਇਸ ਪੁਸਤਕ ਵਿਚ ਬੱਚਿਆਂ ਲਈ 10 ਕਹਾਣੀਆਂ ਹਨ : ਇਕ ਅੱਖ ਵਾਲੀ ਚਿੜੀ, ਮੈਨੂੰ ਤੀੜੇ ਨੇ ਤੱਟਿਆ, ਛੇ ਨਮੂਨੇ, ਬਰਫ਼ੀਲੀ ਬੂੰਦ, ਨਾਨੀ ਮਰ ਗਈ ਕਾਂ ਦੀ, ਉਲਟੀ ਗੰਗਾ, ਅਲਬੇਲੀ ਮੋਰਨੀ, ਤੀਤਾਕੰਠ ਸ਼ੀਤਲਮ, ਭੂਤ ਪ੍ਰੇਤ ਜਾਂ ਚੂਹੀ ਅਤੇ ਤਿਕੜਮੀ ਬਾਣੀਆਂ।

ISBN 978-81-237-5657-8

**75. ਅਮਰੀਕੀ ਆਦਿਵਾਸੀ ਲੋਕ-ਕਥਾਵਾਂ** : ਊਸ਼ਾ ਆਇੰਗਰ

ਅਨੁਵਾਦ : *ਡਾ. ਜਸਵਿਦਰ ਕੌਰ ਬਿੰਦਰਾ* *ਸਫ਼ੇ : 64 ਕੀਮਤ : 55.00*

ਇਹ ਲੋਕ-ਕਥਾਵਾਂ ਬਿਲਕੁਲ ਭਾਰਤ ਦੀਆਂ ਲੋਕ-ਕਥਾਵਾਂ ਵਾਂਗ ਲਗਦੀਆਂ ਹਨ। ਇਨ੍ਹਾਂ ਕਥਾਵਾਂ ਵਿਚ ਛਲ-ਫ਼ਰੇਬ, ਹੁਸ਼ਿਆਰੀ ਆਦਿ ਸਭ ਤਰ੍ਹਾਂ ਦੇ ਗੁਣਾਂ ਨੂੰ ਦਰਸਾਇਆ ਗਿਆ ਹੈ ਕਿਉਂਕਿ ਇਹ ਜਾਨਵਰ ਅਤੇ ਮਨੁੱਖ ਦੇ ਗੁਣ ਹਨ।

ISBN 978-81-237-5655-4

**76. ਅੱਖੀਂ ਡਿੱਠੀ** : ਗਿਜੂਭਾਈ ਬਧੇਕਾ

ਅਨੁਵਾਦ : *ਡਾ. ਮਨਜੀਤ ਇੰਦਰਾ* *ਸਫ਼ੇ : 44 ਕੀਮਤ : 45.00*

ਇਸ ਪੁਸਤਕ ਵਿਚ 10 ਕਹਾਣੀਆਂ ਸ਼ਾਮਲ ਹਨ : ਇਕ ਅੱਖ ਵਾਲੀ ਚਿੜੀ, ਸਮਝਦਾਰ ਪਤਨੀ, ਹਾਥੀ ਵਰਗੇ ਕੰਨ, ਬੇਈਮਾਨ ਬਗਲਾ, ਅੱਖੀਂ ਦੇਖੀ, ਚੀਤਾ ਚੱਲਿਆ ਸਹੁਰੇ, ਖੜਬੜ-ਖੜਬੜ ਕੁਝ ਖੋਦ ਰਿਹਾ, ਕਾਂ ਚੱਲਿਆ ਹੰਸ ਦੀ ਚਾਲ, ਚਲ ਓ ਢੋਲਕ ਢਮ ਢਮ ਢਮ ਅਤੇ ਨਹਿਲੇ ਤੇ ਦਹਿਲਾ। ISBN 978-81-237-5649-3

**77. ਤਿਤਲੀ ਦਾ ਬਚਪਨ** : ਯੁਧਾਜੀਤ ਸੇਨਗੁਪਤਾ

ਅਨੁਵਾਦ : *ਬੁੱਧ ਸਿੰਘ ਨੀਲੋਂ* *ਸਫ਼ੇ : 20 ਕੀਮਤ : 19.00*

ਇਸ ਪੁਸਤਕ ਵਿਚ ਇੱਲੀ ਨਾਮ ਦੀ ਤਿੱਤਲੀ ਦਾ ਬਚਪਨ ਦਰਸਾਇਆ ਗਿਆ ਹੈ। ਇੱਲੀ ਆਪਣਾ ਪਰਛਾਵਾਂ ਤਲਾਅ ਵਿਚ ਦੇਖਦੀ ਹੈ ਤੇ ਆਪਣਾ ਬਦਸੂਰਤ ਤੇ ਘਸਮੈਲਾ ਰੰਗ ਦੇਖ ਕੇ ਉਦਾਸ ਹੋ ਜਾਂਦੀ ਹੈ। ਫਿਰ ਉਹ ਫੁੱਲ, ਸਤਰੰਗੀ ਪੀਂਘ, ਰਿੰਕੂ, ਸੇਬ, ਮੋਰ, ਲਾਲ-ਕਾਲੀ ਤਿਤਲੀ ਤੋਂ ਥੋੜ੍ਹਾ ਜਿਹਾ ਰੰਗ ਮੰਗਦੀ ਹੈ। ਅੰਤ ਵਿਚ ਖੋਲ 'ਚੋਂ ਨਿਕਲ ਕੇ ਸੁੰਡੀ ਤੋਂ ਤਿੱਤਲੀ ਬਣ ਜਾਂਦੀ ਹੈ। ISBN 978-81-237-5662-3

**78. ਹਾਥੀ ਤੇ ਭੰਵਰੇ ਦੀ ਦੋਸਤੀ** : ਟੀ. ਆਰ. ਰਾਜੇਸ਼

ਅਨੁਵਾਦ : *ਡਾ. ਰਵਿੰਦਰ* *ਸਫ਼ੇ : 28 ਕੀਮਤ : 25.00*

ਬੜੀ ਰੌਚਿਕ ਸ਼ੈਲੀ ਵਿਚ ਉਮਰ ਗੁੱਟ ਨੂੰ ਮੱਦੇ-ਨਜ਼ਰ ਰੱਖ ਕੇ ਇਹ ਅਨੁਵਾਦ ਕੀਤਾ ਗਿਆ ਹੈ। ਅਸਲ ਵਿਚ ਇਕ ਭੰਵਰਾ ਲਾਲਚ ਵੱਸ ਕਮਲ ਦੇ ਫੁੱਲ ਵਿਚ ਫਸ ਜਾਂਦਾ ਹੈ, ਜਿਸ ਨੂੰ ਦੂਸਰੇ ਦਿਨ ਨੰਨ੍ਹਾ ਹਾਥੀ ਆਜ਼ਾਦ ਕਰਵਾਉਂਦਾ ਹੈ। ਇੰਝ ਦੋਨੋਂ ਦੋਸਤ ਬਣ ਜਾਂਦੇ ਹਨ। ਇਹ ਕਹਾਣੀ ਨਿੱਕੜੇ ਬਾਲਾਂ ਨੂੰ ਲਾਲਚ ਤੋਂ ਬਚਣ ਦੀ ਸਲਾਹ ਦਿੰਦੀ ਹੋਈ ਮਨੋਰੰਜਨ ਅਤੇ ਸਿੱਖਿਆ ਪ੍ਰਦਾਨ ਕਰਦੀ ਹੈ। ISBN 978-81-237-5663-9

**79. ਅਲਾਮੇਲੂ ਦੀ ਭੁੱਖ** : ਜਯਾ ਪਰਮਾਸਿਵਨ

ਅਨੁਵਾਦ : *ਸਿਮਰਤ ਗਗਨ* *ਸਫ਼ੇ : 28 ਕੀਮਤ : 25.00*

ਇਹ ਕਹਾਣੀ ਅਲਾਮੇਲੂ ਬਾਰੇ ਹੈ ਜੋ ਦੱਖਣੀ ਭਾਰਤ ਵਿਚ ਆਪਣੇ ਪਤੀ ਦਾਸਾਰ ਨਾਲ ਰਹਿੰਦੀ ਹੈ। ਦਾਸਾਰ ਰੋਜ਼ ਆਪਣੀ ਮਧੁਰ ਆਵਾਜ਼ ਵਿਚ ਭਜਨ ਗਾ ਕੇ ਭੀਖ ਮੰਗਿਆ ਕਰਦਾ ਸੀ। ਭੀਖ ਕਾਰਨ ਦੋਹਾਂ ਦੇ ਪੇਟ ਭਰਨ ਲਈ ਭੋਜਨ ਮਿਲ ਜਾਂਦਾ ਸੀ। ਇਸ ਤੋਂ ਅੱਗੇ ਅਲਾਮੇਲੂ ਨੂੰ ਸਬਕ ਸਿਖਾਉਣ ਲਈ ਕਹਾਣੀ ਉਸਾਰੀ ਗਈ ਹੈ ਜੋ ਬਹੁਤ ਹੀ ਰੌਚਿਕ ਹੈ।

ISBN 978-81-237-5671-4

**80. ਜਿਹੋ ਜਿਹੀ ਮੈਂ ਹਾਂ ਚੰਗੀ ਹਾਂ** : ਗੀਤਿਕਾ ਗੋਇਲ

ਅਨੁਵਾਦ : *ਡਾ. ਹਰਨੇਕ ਸਿੰਘ ਕਲੇਰ* *ਸਫ਼ੇ : 16 ਕੀਮਤ : 19.00*

ਕਿਸੇ ਨੂੰ ਵੀ ਦੂਜੇ ਦੀ ਦੇਖਾ-ਦੇਖੀ ਆਪਣੀ ਹਾਲਤ 'ਤੇ ਦੁਖੀ ਨਹੀਂ ਹੋਣਾ ਚਾਹੀਦਾ। ਉਸ ਨੂੰ, ਜੋ ਉਹ ਹੈ, ਉਸ ਉਤੇ ਹੀ ਸੰਤੋਸ਼ ਕਰਨਾ ਚਾਹੀਦਾ ਹੈ।

ISBN 978-81-237-5667-7

**81. ਟਾਮ ਅਤੇ ਸ਼ਰਾਰਤੀ ਕਾਉਣੀ** : ਤਨੁਕਾ ਭੌਮਿਕ ਏਂਡੋ

ਅਨੁਵਾਦ : *ਕਾਨਾ ਸਿੰਘ* *ਸਫ਼ੇ : 16 ਕੀਮਤ : 19.00*

ਟਾਮ ਕੁੱਤਾ ਸ਼ਰਾਰਤੀ ਕਾਉਣੀ ਨੂੰ ਸਬਕ ਸਿਖਾਉਣਾ ਚਾਹੁੰਦਾ ਸੀ, ਪਰ ਉਸ ਦੇ ਆਂਡਿਆਂ ਨੂੰ ਦੇਖ ਕੇ ਤਰਸ ਭਾਵ ਨਾਲ ਭਰ ਜਾਂਦਾ ਹੈ। ਉਸ ਨੂੰ ਆਪਣਾ ਇਰਾਦਾ ਬਦਲਣਾ ਪਿਆ। ਇਹ ਕਹਾਣੀ ਟਾਮ ਦੇ ਭੋਲੇ ਸੁਭਾਉ ਤੇ ਕਾਉਣੀ ਦੇ ਸ਼ਰਾਰਤੀ ਭਾਵ ਨੂੰ ਦਰਸਾਉਂਦੀ ਹੈ।

ISBN 978-81-237-5670-7

**82. ਡ੍ਰੈਗਨ ਸੁਨਾਮੀ** *(10 ਜਪਾਨੀ ਲੋਕ-ਕਹਾਣੀਆਂ)* : ਹੇਮਾ ਪਾਂਡੇ

ਅਨੁਵਾਦ : *ਡਾ. ਕੁਲਬੀਰ ਸਿੰਘ ਸੂਰੀ* *ਸਫ਼ੇ : 48 ਕੀਮਤ : 55.00*

ਜਪਾਨੀ ਲੋਕ-ਕਹਾਣੀਆਂ 'ਚੋਂ ਇਸ ਪੁਸਤਕ ਵਿਚ ਡ੍ਰੈਗਨ ਸੁਨਾਮੀ, ਮੋਮੋਤਾਰੋ, ਇਕ ਇੰਚ ਦਾ ਸੈਮੂਰਾਈ, ਜਾਦੂ ਦੀ ਚੱਕੀ, ਮੱਥੇ ਵਾਲਾ ਬਾਬਾ, ਕੁਝ ਨਾ ਖਾਣ ਵਾਲੀ ਵਹੁਟੀ, ਪਹਾੜੀ ਨਾਸ਼ਪਾਤੀਆਂ, ਬੱਦਲ ਭੂਤ, ਡ੍ਰੈਗਨ ਰਾਜਕੁਮਾਰੀ ਅਤੇ ਤੋਜੋ ਅਤੇ ਪਹਾੜਾਂ ਦੀ ਭੂਤਨੀ ਕਹਾਣੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ISBN 978-81-237-5781-0

**83. ਫਿਰ ਕੀ ਹੋਇਆ ?** : ਗਿਆਨੇਸ਼ਵਰ

ਅਨੁਵਾਦ : *ਬਲਜਿੰਦਰ ਮਾਨ* *ਸਫ਼ੇ : 56 ਕੀਮਤ : 50.00*

ਇਸ ਕਹਾਣੀ ਵਿਚ ਮੁੱਖ ਪਾਤਰ ਬਾਂਦਰ ਅਤੇ ਮਨੁੱਖ ਦੋਵੇਂ ਹਨ। ਅਸਲ ਵਿਚ ਇਹ ਨਾਵਲ ਰੁੱਖਾਂ ਦੀ ਰੱਖਿਆ ਤੇ ਜੰਗਲਾਂ ਦੀ ਸਲਾਮਤੀ ਦੇ ਹੱਕ ਵਿਚ ਲਿਖਿਆ ਦਸਤਾਵੇਜ਼ ਹੈ। ਜੀਵਾਂ ਤੇ ਮਨੁੱਖ ਦੇ ਆਪਸੀ ਪ੍ਰੇਮ ਨੂੰ ਵਧਾਉਣ ਲਈ ਕੀਤਾ ਗਿਆ ਉੱਦਮ ਹੈ।

ISBN 978-81-237-5780-3

**84. ਉਦਾਸ ਮੱਛੀ ਦੀ ਕਹਾਣੀ** : ਅਮਰੇਂਦ੍ਰ ਚਕ੍ਰਵਰਤੀ

ਅਨੁਵਾਦ : *ਰਣਜੋਧ ਸਿੰਘ* *ਸਫ਼ੇ : 16 ਕੀਮਤ : 19.00*

ਲੇਖਕ ਆਪਣੇ ਬਚਪਨ ਦੀ ਇਕ ਕਹਾਣੀ ਸੁਣਾਉਂਦਾ ਹੈ। ਮਾਨਵਵਾਦੀ ਤੇ ਸੁਹਿਰਦ ਚੇਤਨਾ ਨਾਲ ਕਹਾਣੀ ਮੁੱਕ ਜਾਂਦੀ ਹੈ। ISBN 978-81-237-5669-1

**85. ਛੋਟਾ ਜਿਹਾ ਮੋਟਾ ਜਿਹਾ ਲੋਟਾ** : ਸੁਬੀਰ ਸ਼ੁਕਲਾ

ਅਨੁਵਾਦ : *ਰਣਜੋਧ ਸਿੰਘ* *ਸਫ਼ੇ : 16 ਕੀਮਤ : 19.00*

ਇਸ ਵਿਚ ਇਕ ਛੋਟੇ ਜਿਹੇ ਲੋਟੇ ਦੀ ਕਹਾਣੀ ਹੈ ਜੋ ਆਪਣੇ ਸੁਭਾਉ ਦੇ ਉਲਟ ਇਕ ਖੰਭੇ 'ਤੇ ਚੜ੍ਹ ਜਾਂਦਾ ਹੈ। ISBN 978-81-237-5666-0

**86. ਟਿਲਟਿਲ ਦਾ ਸਾਹਸ** : ਸਵਪਨ ਦੱਤਾ

ਅਨੁਵਾਦ : *ਸਿਮਰਤ ਸੁਮੈਰਾ* *ਸਫ਼ੇ : 16 ਕੀਮਤ : 15.00*

'ਟਿਲਟਿਲ ਦਾ ਸਾਹਸ' ਇਕ ਸਮੁੰਦਰੀ ਕਛੂਏ ਦੇ ਬੱਚੇ ਦੀ ਕਹਾਣੀ ਹੈ ਜੋ ਆਪਣੇ ਸਾਹਸ ਤੇ ਬਚਦਾ-ਬਚਾਉਂਦਾ ਸਮੁੰਦਰ ਤੱਕ ਲੈ ਜਾਂਦਾ ਹੈ। ਸਮੁੰਦਰ ਉਨ੍ਹਾਂ ਦਾ ਘਰ ਹੈ। ਘਰ ਪਹੁੰਚ ਕੇ ਸਾਰੇ ਪ੍ਰਸੰਨ ਹੁੰਦੇ ਹਨ। ISBN 978-81-237-5664-6

**87. ਬੁੱਧੀਮਾਨ ਕੱਛੂਕੁੰਮਾ** : ਬਰਕੀ ਇਕਬਾਲ ਅਹਿਮਦ

ਅਨੁਵਾਦ : *ਡਾ. ਪਾਲ ਕੌਰ* *ਸਫ਼ੇ : 24 ਕੀਮਤ : 25.00*

ਇਕ ਕੱਛੂਕੁੰਮੇ ਦੇ ਸੰਘਰਸ਼ ਦੀ ਕਹਾਣੀ, ਅੰਤ ਵਿਚ ਉਸ ਨੂੰ ਦੁਸ਼ਟ ਬਿੱਲੀ ਤੋਂ ਆਪਣੇ ਬੱਚਿਆਂ ਨੂੰ ਬਚਾਉਣ ਵਿਚ ਸਫਲਤਾ ਮਿਲ ਜਾਂਦੀ ਹੈ। ਕਹਾਣੀ ਬੜੀ ਸਰਲਤਾ ਤੇ ਰੋਚਿਕਤਾ ਕਾਰਨ ਬਾਲ-ਮਨਾਂ ਨੂੰ ਬੰਨ੍ਹੀ ਰੱਖਦੀ ਹੈ। ISBN 978-81-237-5665-3

**88. ਖੇਡ ਖੇਡ ਵਿਚ ਭਾਰਤ ਦੇਖੋ** : ਵਿਕੀ ਆਰੀਆ

ਅਨੁਵਾਦ : *ਡਾ. ਧਰਮਪਾਲ ਸਾਹਿਲ* *ਸਫ਼ੇ : 16 ਕੀਮਤ : 16.00*

ਭਾਰਤ ਦੇ ਵਿਭਿੰਨ ਰਾਜਾਂ ਆਦਿ ਦੀ ਰੋਚਕ ਜਾਣਕਾਰੀ ਇਸ ਪੁਸਤਕ ਵਿਚ ਦਿੱਤੀ ਗਈ ਹੈ। ਪੁਸਤਕ 'ਖੇਡ ਖੇਡ ਵਿਚ ਭਾਰਤ ਵੇਖੋ' ਵਿਚ ਲੇਖਕ ਨੇ ਭਾਰਤ ਦੇ ਰਾਜਾਂ ਬਾਰੇ ਸੰਖੇਪ ਪਰ ਪ੍ਰਭਾਵਸ਼ਾਲੀ ਜਾਣਕਾਰੀ ਪ੍ਰਦਾਨ ਕੀਤੀ ਹੈ।

ISBN 978-81-237-5672-1

**89. ਜੰਗਲ ਵਿਚ ਧਾਰੀਆਂ** : ਗੀਤਿਕਾ ਜੈਨ

ਅਨੁਵਾਦ : *ਭੁਪਿੰਦਰਪ੍ਰੀਤ ਕੌਰ* *ਸਫ਼ੇ : 20 ਕੀਮਤ : 19.00*

ਛੋਟੇ ਬੱਚਿਆਂ ਨੂੰ ਪਰੋਖ ਢੰਗ ਨਾਲ ਵਾਤਾਵਰਣ ਦੀ ਸਿੱਖਿਆ ਦੇਣ ਵਾਲੀ ਪੁਸਤਕ, ਜਿਸ ਵਿਚ ਬਾਘ ਆਪਣੀ ਕਹਾਣੀ ਸੁਣਾਉਂਦਾ ਹੈ। ਇਹ ਪੁਸਤਕ ਚੀਤਿਆਂ ਬਾਰੇ ਜਾਣਕਾਰੀ ਦਿੰਦੀ ਹੈ। ISBN 978-81-237-0000-0

**90. ਚਤੁਰਾਈ ਦਾ ਪੁਰਸਕਾਰ** : ਰਾਕੇਸ਼ ਚੱਕਰ

ਅਨੁਵਾਦ : *ਡਾ. ਪ੍ਰਿਥਵੀ ਰਾਜ ਥਾਪਰ* *ਸਫ਼ੇ : 16 ਕੀਮਤ : 25.00*

ਇਸ ਪੁਸਤਕ ਵਿਚ ਸੁਜਾਨ ਸਿੰਘ ਨਾਂ ਦੇ ਇਕ ਅਜਿਹੇ ਚਲਾਕ ਵਿਅਕਤੀ ਦੀ ਕਹਾਣੀ ਹੈ ਜੋ ਰਾਜੇ ਨੂੰ ਧੋਖਾ ਦੇ ਕੇ ਧਨ-ਦੌਲਤ ਨਾਲ ਮਾਲਾਮਾਲ ਹੋ ਜਾਂਦਾ ਹੈ ਅੰਤ ਕਿਸੇ ਨੂੰ ਡੰਗ ਮਾਰਨ ਵਾਲਾ ਆਪ ਹੀ ਡੰਗ ਦਾ ਸ਼ਿਕਾਰ ਹੋ ਜਾਂਦਾ ਹੈ।

ISBN 978-81-237-6286-9

**91. ਬੱਚਿਆਂ ਲਈ ਸਦਾਬਹਾਰ ਕਹਾਣੀਆਂ** : ਸਾਵਿੱਤਰੀ ਪਾਂਡਿਆਨ

ਅਨੁਵਾਦ : *ਅਮਰਜੀਤ ਕੌਰ 'ਹਿਰਦੇ'* *ਸਫ਼ੇ : 52 ਕੀਮਤ : 65.00*

ਇਸ ਪੁਸਤਕ ਵਿਚ ਕੁਲ ਛੇ ਕਹਾਣੀਆਂ ਹਨ। ਇਹ ਕਹਾਣੀਆਂ ਦੋਸਤੀ, ਹਿੰਮਤ, ਐਡਵੈਂਚਰ ਅਤੇ ਹੀਰੋ-ਪੂਜਾ ਆਦਿ ਭਾਵਨਾਵਾਂ ਨਾਲ ਜੁੜੀਆਂ ਹੋਈਆਂ ਹਨ।

ISBN 978-81-237-6150-3

**92. ਕਿਉਂ ?** : ਮੀਨਾਕਸ਼ੀ ਸਵਾਮੀ

ਅਨੁਵਾਦ : *ਪ੍ਰੋ. ਰਣਜੋਧ ਸਿੰਘ* *ਸਫ਼ੇ : 24 ਕੀਮਤ : 35.00*

ਇਹ ਪੁਸਤਕ ਇਕ ਪ੍ਰਸ਼ਨੋਤਰੀ ਹੈ ਜਿਸ ਵਿਚ ਇਕ ਬੱਚਾ ਮਾਂ ਕੋਲੋਂ ਅਜੀਬ ਸਵਾਲ ਪੁੱਛਦਾ ਹੈ। ISBN 978-81-237-6053-7

**93. ਬਰਫ਼ ਦੇ ਆਦਮੀ** : ਸੂਰਯਨਾਥ ਸਿੰਘ

ਅਨੁਵਾਦ : *ਡਾ. ਮਨਜੀਤ ਇੰਦਰਾ* *ਸਫ਼ੇ : 32 ਕੀਮਤ : 45.00*

ਵਿਗਿਆਨ ਦੀ ਤਰਜ਼ 'ਤੇ ਲਿਖੀ ਗਈ ਇਕ ਰੌਚਿਕ ਕਹਾਣੀ। ਇਕ ਬਾਲਕ ਤਮੰਨਾ ਭੁਲੇਖੇ ਨਾਲ ਬਰਫ਼ ਦੇ ਗ੍ਰਹਿ 'ਤੇ ਪੁੱਜ ਜਂਦਾ ਹੈ। ਉਥੋਂ ਦੀ ਵਿਕਾਸ ਯਾਤਰਾ ਦੇਖ ਕੇ ਉਹ ਹੈਰਾਨ ਰਹਿ ਜਾਂਦਾ ਹੈ। ਉਸ ਨੂੰ ਨਵੇਂ-ਨਵੇਂ ਵਿਗਿਆਨਕ ਅਨੁਭਵ ਹੁੰਦੇ ਹਨ।

ISBN 978-81-237-6153-4

**94. ਨੋਨਾ ਤੇ ਬਾਰਿਸ਼** : ਪ੍ਰਿਯਾ ਨਾਗਰਾਜਨ

ਅਨੁਵਾਦ : *ਮਨਵਿੰਦਰ ਕੌਰ* *ਸਫ਼ੇ : 24 ਕੀਮਤ : 35.00*

ਨਿੱਕੀ ਨੋਨਾ ਨੂੰ ਬਾਰਿਸ਼ ਪਸੰਦ ਨਹੀਂ ਸੀ। ਉਸ ਨੇ ਆਪਣੇ ਦਾਦਾ ਨੂੰ ਬਾਰਿਸ਼-ਨਲ ਬੰਦ ਕਰਨ ਦੀ ਬੇਨਤੀ ਕੀਤੀ। ਦਾਦਾ ਜੀ ਨੇ ਸਮਝਾਇਆ ਕਿ ਪਾਣੀ ਅਤੇ ਸੂਰਜ ਦੋਵੇਂ ਹੀ ਜ਼ਰੂਰੀ ਹਨ ਕਿਸੇ ਇਕ ਦੀ ਅਧਿਕਤਾ ਚੰਗੀ ਨਹੀਂ ਹੁੰਦੀ।

ISBN 978-81-237-6152-7

**95. ਡੋਬੂ ਤੇ ਰਾਜਕੁਮਾਰ :** ਗੋਵਿੰਦ ਸ਼ਰਮਾ

ਅਨੁਵਾਦ : *ਡਾ. ਰਾਜਵੰਤ ਕੌਰ ਪੰਜਾਬੀ* *ਸਫ਼ੇ : 40 ਕੀਮਤ : 45.00*

ਰਤਨਪੁਰ ਦਾ ਮਹਿਲ ਉੱਚੀ ਪਹਾੜੀ 'ਤੇ ਬਣਿਆ ਹੋਇਆ ਸੀ । ਆਮ ਲੋਕਾਂ ਨਾਲ ਘੁਲਣ-ਮਿਲਣ ਕਰਕੇ ਰਾਜਕੁਮਾਰ ਮਿਹਨਤ ਦਾ ਮੁੱਲ ਤੇ ਕਦਰ ਸਮਝਣ ਲੱਗ ਪਿਆ ਤੇ ਉਹ ਬਹੁਤ ਹੀ ਸਫ਼ਲ ਰਾਜਾ ਸਿੱਧ ਹੋਇਆ । ISBN 978-81-237-6209-8

**96. ਹਸਨ ਜਮਾਲ ਦੀਆਂ ਚਾਰ ਬਾਲ-ਕਹਾਣੀਆਂ**

ਅਨੁਵਾਦ : *ਡਾ. ਕੀਰਤ ਸਿੰਘ ਇਨਕਲਾਬੀ* *ਸਫ਼ੇ : 36 ਕੀਮਤ : 50.00*

ਹਿੰਦੀ ਦੇ ਪ੍ਰਸਿੱਧ ਲੇਖਕ ਦੀਆਂ ਚਾਰ ਪ੍ਰੇਰਕ ਅਤੇ ਮਹੱਤਵਪੂਰਣ ਕਹਾਣੀਆਂ ਦਾ ਸੰਗ੍ਰਹਿ । ਇਨ੍ਹਾਂ ਕਹਾਣੀਆਂ ਰਾਹੀਂ ਲੇਖਕ ਨੇ ਬਾਲਾਂ ਦੇ ਮਨਾਂ ਵਿਚੋਂ ਘ੍ਰਿਣਾ, ਬਦਲਾਖੋਰੀ ਜਿਹੀਆਂ ਅਲਾਮਤਾਂ ਮੁਕਾ ਕੇ ਕੱਢਣਾ, ਹਮਦਰਦੀ, ਦਇਆ ਭਾਵ ਜਗਾ ਕੇ ਮਾਨਵਵਾਦੀ ਦ੍ਰਿਸ਼ਟੀਕੋਣ ਦੇ ਸੰਚਾਰ ਦਾ ਯਤਨ ਕੀਤਾ ਹੈ । ISBN 978-81-237-6045-0

**97. ਨਿੱਕਾ ਬੂਟਾ :** ਜਮਰ ਜਲੀਲ

ਅਨੁਵਾਦ : *ਡਾ. ਅਮਰਜੀਤ ਕੌਂਕੇ* *ਸਫ਼ੇ : 16 ਕੀਮਤ : 30.00*

ਸੁਰੱਖਿਅਤ ਵਾਤਾਵਰਣ ਦਾ ਸੰਦੇਸ਼ ਦਿੰਦੀ ਇਕ ਪੁਸਤਿਕਾ । ਇਹ ਇਕ ਬਾਲ-ਗੀਤ ਹੈ ਜਿਸ ਵਿਚ ਕੁਝ ਬੱਚੇ ਇਕ ਪੌਦੇ ਦੀ ਸੇਵਾ-ਸੰਭਾਲ ਕਰਦੇ ਹਨ ।

ISBN 978-81-237-6046-9

**98. ਨੰਨ੍ਹੇ ਡੱਡੂ ਦੀ ਸੈਰ :** ਅਮਰ ਗੋਸਵਾਮੀ

ਅਨੁਵਾਦ : *ਡਾ. ਭੁਪਿੰਦਰ ਕੌਰ* *ਸਫ਼ੇ : 24 ਕੀਮਤ : 25.00*

ਇਹ ਇਕ ਨਿੱਕੇ ਡੱਡੂ ਦੀ ਕਹਾਣੀ ਹੈ ਜੋ ਆਸਾਮ ਦੇ ਜੰਗਲਾਂ ਵਿਚ ਇਕ ਝੀਲ ਕੰਢੇ ਰਹਿੰਦਾ ਹੈ । ਉਹ ਤਿਤਲੀਆਂ ਵਾਂਗ ਜੰਗਲ ਵਿਚ ਘੁੰਮਣਾ ਲੋਚਦਾ ਹੈ ।

ISBN 978-81-237-6144-2

**99. ਰਾਮੂ ਅਤੇ ਰੋਬੋਟ :** ਅਰੁਣ ਸੇਦਵਾਲ

ਅਨੁਵਾਦ : *ਸੀ. ਪੀ. ਕੰਬੋਜ* *ਸਫ਼ੇ : 32 ਕੀਮਤ : 45.00*

ਯੰਤਰਾਂ ਵਿਚ ਵਿਗਾੜ ਪੈ ਜਾਣ 'ਤੇ ਉਹ ਮਨੁੱਖ ਦੇ ਮਿੱਤਰ ਨਾ ਰਹਿ ਕੇ ਦੁਸ਼ਮਣ ਬਣ ਜਾਂਦੇ ਹਨ । ਮਨੋਵਿਗਿਆਨ-ਕਥਾ ਦੇ ਰੂਪ ਵਿਚ ਲਿਖੀ ਗਈ ਇਹ ਕਹਾਣੀ ਮਨੋਰੰਜਨ ਦੇ ਨਾਲ ਜਾਣਕਾਰੀ ਵੀ ਦਿੰਦੀ ਹੈ । ISBN 978-81-237-6142-5

**100. ਵੱਡਾ ਮੂਰਖ ਕੌਣ (ਅਫ਼ਰੀਕੀ ਲੋਕ-ਕਥਾਵਾਂ) :** ਸ੍ਰੀਕ੍ਰਿਸ਼ਨ ਕੁਮਾਰ ਤ੍ਰਿਵੇਦੀ

ਅਨੁਵਾਦ : *ਸੀ. ਮਾਰਕੰਡਾ* *ਸਫ਼ੇ : 16 ਕੀਮਤ : 30.00*

ਇਸ ਪੁਸਤਕ ਵਿਚ ਅਫ਼ਰੀਕੀ ਲੋਕ-ਕਥਾ 'ਤੇ ਆਧਾਰਿਤ ਤਿੰਨ ਮਨੋਰੰਜਕ ਕਹਾਣੀਆਂ ਹਨ । ਹਲਕਾ-ਫੁਲਕਾ ਹਾਸਰਸ ਕਹਾਣੀਆਂ ਨੂੰ ਰੋਚਕ ਬਣਾਉਂਦਾ ਹੈ ।

ISBN 978-81-237-6151-0

**101. ਮਨ ਦਾ ਪੰਛੀ** : ਬਿਮਲੇਂਦਰ ਚਕਰਵਰਤੀ
ਅਨੁਵਾਦ : *ਅਰਤਿੰਦਰ ਸੰਧੂ* *ਸਫ਼ੇ : 16 ਕੀਮਤ : 19.00*
ਪ੍ਰਕਿਰਤੀ ਅਤੇ ਮਨੁੱਖ ਦੇ ਗਹਿਰੇ ਸੰਬੰਧਾਂ ਨੂੰ ਪ੍ਰਦਰਸ਼ਿਤ ਕਰਦੀ ਮਨੋਰੰਜਕ ਕਹਾਣੀ ।
ISBN 978-81-237-5661-5

**102. ਚੰਦਾ ਗਿਣਤੀ ਭੁੱਲ ਗਿਆ** : ਸੰਜੀਵ ਜਾਇਸਵਾਲ 'ਸੰਜੇ'
ਅਨੁਵਾਦ : *ਪਵਨ ਹਰਚੰਦਪੁਰੀ* *ਸਫ਼ੇ : 16 ਕੀਮਤ : 45.00*
ਇਸ ਪੁਸਤਕ ਵਿਚ ਪਿਆਰੇ ਚੰਦਾ ਦੀ ਕਹਾਣੀ ਹੈ ਜੋ ਤਾਰੇ ਗਿਣਨਾ ਚਾਹੁੰਦਾ ਹੈ ਪਰ ਗਿਣਤੀ ਭੁੱਲ ਜਾਂਦਾ ਹੈ । ਅੰਤ ਉਸ ਨੂੰ ਪਤਾ ਲੱਗਦਾ ਹੈ, "ਧਰਤੀ ਉਤੇ ਜਿੰਨੇ ਬੱਚੇ ਪਿਆਰੇ-ਪਿਆਰੇ, ਅੰਬਰ ਦੇ ਵਿੱਚ ਓਨੇ ਹੀ ਹਨ ਤਾਰੇ ।"
ISBN 978-81-237-6372-9

**103. ਪੀਊ ਅਤੇ ਉਸ ਦੇ ਜਾਦੂਈ ਦੋਸਤ** : ਸੋਰਿਤ ਗੁਪਤੋ
ਅਨੁਵਾਦ : *ਬਲਵਿੰਦਰ ਸਿੰਘ ਸੋਢੀ* *ਸਫ਼ੇ : 24 ਕੀਮਤ : 35.00*
ਇਸ ਪੁਸਤਕ ਵਿਚ ਨੰਨ੍ਹੀ ਪੀਊ ਦੀ ਦਿਲਚਸਪ ਕਹਾਣੀ ਹੈ ਜੋ ਜਾਦੂਈ ਡੱਬੇ ਨਾਲ ਸੰਬੰਧਿਤ ਹੈ । ਇਸ ਡੱਬੇ ਵਿਚ ਜਾਦੂਈ ਪੈਨਸਿਲ ਹੈ ਜੋ ਪੀਊ ਦਾ ਮਨੋਰੰਜਨ ਕਰਦੀ ਹੈ ।
ISBN 978-81-237-6369-9

**104. ਖੋਏ ਦਾ ਗੱਡਾ** : ਅਵਨਿੰਦਰਨਾਥ ਠਾਕੁਰ
ਅਨੁਵਾਦ : *ਡਾ. ਵਿਨੈਨੀਤ ਕੌਰ* *ਸਫ਼ੇ : 52 ਕੀਮਤ : 50.00*
ਲੋਕ-ਕਥਾ ਸ਼ੈਲੀ ਵਿਚ ਲਿਖੀ ਗਈ ਇਸ ਕਥਾ ਵਿਚ ਇਕ ਬਾਂਦਰ ਦੀ ਮਦਦ ਨਾਲ ਵੱਡੀ ਰਾਣੀ ਆਪਣਾ ਖੋਹਿਆ ਹੋਇਆ ਮਾਨ-ਸਨਮਾਨ ਪ੍ਰਾਪਤ ਕਰਦੀ ਹੈ । ਇਹ ਪਰੀਕਥਾ ਬੱਚਿਆਂ ਦਾ ਕੇਵਲ ਮਨੋਰੰਜਨ ਹੀ ਨਹੀਂ ਕਰਦੀ ਬਲਕਿ ਉਨ੍ਹਾਂ ਨੂੰ ਕਲਪਨਾ ਦੇ ਰੰਗ-ਬਰੰਗੇ ਸੰਸਾਰ ਵਿਚ ਲੈ ਜਾਂਦੀ ਹੈ । ISBN 978-81-237-5013-2

**105. ਗੋਲੂ ਗੜੱਪ ਗੜੱਪਦਾਸ** *(ਹੰਗਰੀ ਦੀਆਂ ਲੋਕ-ਕਥਾਵਾਂ)* : ਪ੍ਰਮੋਦ ਕੁਮਾਰ ਸ਼ਰਮਾ
ਅਨੁਵਾਦ : *ਡਾ. ਰੁਪਿੰਦਰ ਕੌਰ* *ਸਫ਼ੇ : 32 ਕੀਮਤ : 45.00*
ਇਸ ਪੁਸਤਕ ਵਿਚ ਹੰਗਰੀ ਦੀਆਂ 8 ਲੋਕ-ਕਹਾਣੀਆਂ ਸ਼ਾਮਿਲ ਕੀਤੀਆਂ ਗਈਆਂ ਹਨ । ਇਨ੍ਹਾਂ ਲੋਕ-ਕਥਾਵਾਂ ਵਿਚ ਪਸ਼ੂ, ਪੰਛੀ, ਰਾਜੇ, ਰਾਜਕੁਮਾਰ ਅਤੇ ਆਮ ਆਦਮੀ ਇਕ ਦੂਜੇ ਦੇ ਸੰਗ-ਸਾਥ ਵਿਚਰਦੇ ਹਨ । ਕਹਾਣੀਆਂ ਤੋਂ ਮਾਲੂਮ ਹੋ ਜਾਂਦਾ ਹੈ ਕਿ ਦੁਨੀਆਂ ਦੇ ਦੂਰ-ਦੁਰਾਡੇ ਦੇਸ਼ਾਂ ਵਿਚ ਰਹਿਣ ਵਾਲੇ ਆਦਿਮ ਵਿਅਕਤੀਆਂ ਦਾ ਮਨ ਇਕੋ ਤਰ੍ਹਾਂ ਸੋਚਦਾ-ਵਿਚਾਰਦਾ ਹੈ । ISBN 978-81-237-4670-2

**106. ਮੋਰ ਦੇ ਖੰਭ**: ਗਿਰਿਜਾ ਕੁਲਸ੍ਰੇਸ਼ਟ
ਅਨੁਵਾਦ : *ਦਵਿੰਦਰਪ੍ਰੀਤ* *ਸਫ਼ੇ : 16 ਕੀਮਤ : 30.00*
ਪੁਸਤਕ ਵਿਚ ਵਿਸ਼ਾਲ ਨਾਂ ਦੇ ਬੱਚੇ ਦੀ ਕਹਾਣੀ ਹੈ ਜੋ ਆਪਣੇ ਪਿਆਰੇ ਗੱਭਰੂ (ਵੱਛੇ)

ਲਈ ਸੁੰਦਰ ਮੋਰ ਦੇ ਖੰਭੇ ਇਕੱਠੇ ਕਰਦਾ ਹੈ । ISBN 978-81-237-6370-5

**107. ਤੁੰਪਾ ਤੇ ਚਿੜੀ ਦੇ ਨੰਨ੍ਹੇ ਬੱਚੇ** : ਸਵਪਨ ਰਾਏ ਚੱਕਰਵਰਤੀ

ਅਨੁਵਾਦ : *ਭੁਪਿੰਦਰ ਸਿੰਘ ਆਸ਼ਟ* *ਸਫ਼ੇ : 16 ਕੀਮਤ : 30.00*

ਇਸ ਪੁਸਤਕ ਵਿਚ ਬੱਚਿਆਂ ਅਤੇ ਪੰਛੀਆਂ ਵਿਚਾਲੇ ਦੋਸਤੀ ਦੀ ਕਹਾਣੀ ਪੇਸ਼ ਕੀਤੀ ਗਈ ਹੈ । ਸੁੰਦਰ ਚਿੱਤਰਾਂ ਦੇ ਨਾਲ ਬੱਚਿਆਂ ਦੀ ਸੂਝ-ਬੂਝ ਨੂੰ ਇਸ ਕਹਾਣੀ ਵਿਚ ਪੇਸ਼ ਕੀਤਾ ਗਿਆ ਹੈ । ISBN 978-81-237-6392-2

**108. ਸੰਤ ਗੁਰੂ ਰਵਿਦਾਸ : ਡਾ. ਧਰਮਪਾਲ ਸਿੰਗਲ**

ਮੂਲ ਪੰਜਾਬੀ *ਸਫ਼ੇ : 44 ਕੀਮਤ : 65.00*

ਇਸ ਪੁਸਤਕ ਵਿਚ ਗੁਰੂ ਰਵਿਦਾਸ ਜੀ ਦੀ ਜੀਵਨ ਕਹਾਣੀ ਅਤੇ ਉਨ੍ਹਾਂ ਦੇ ਜੀਵਨ ਦੀਆਂ ਸਿੱਖਿਆਵਾਂ ਨੂੰ ਪੇਸ਼ ਕੀਤਾ ਗਿਆ ਹੈ । ISBN 978-81-237-6390-3

**109. ਹੀਰੋਸੀਮਾ ਦਾ ਦਰਦ** : ਤੋਸ਼ੀ ਮਾਰੂਕੀ

*ਅਨੁਵਾਦ : ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 50 ਕੀਮਤ : 80.00*

6 ਅਗਸਤ 1945 ਈਸਵੀ ਦੀ ਸਵੇਰੇ ਸਵਾ ਅੱਠ ਵਜੇ ਜਪਾਨ ਦੇ ਹੀਰੋਸੀਮਾ ਵਿਚ ਇਕ ਭਿਅੰਕਰ, ਅੱਖਾਂ ਨੂੰ ਚੁੰਧਿਆ ਦੇਣ ਵਾਲੀ ਚਮਕ ਲੋਕਾਂ ਨੂੰ ਚੀਰ ਕੇ ਨਿਕਲ ਗਈ । ਅਸਲ ਵਿਚ ਇਹ ਇਕ ਪਰਮਾਣੂ ਬੰਬ ਸੀ ਜਿਸ ਨੂੰ ਮਾਨਵ ਦੇ ਇਤਿਹਾਸ ਵਿਚ ਪਹਿਲੀ ਵਾਰ ਕਿਸੇ 'ਤੇ ਸੁੱਟਿਆ ਗਿਆ ਸੀ । ਇਸ ਪੁਸਤਕ ਦੇ ਨਾਲ ਉਸ ਦਾ ਸੰਦੇਸ਼ ਅਤੇ ਪ੍ਰਾਰਥਨਾ ਇਹ ਹੈ ਕਿ ਸਾਨੂੰ ਇਸ ਤਰ੍ਹਾਂ ਦੇ ਪਰਮਾਣੂ ਬੰਬ ਦੇ ਦੁਖਾਂਤ ਨੂੰ ਫਿਰ ਨਹੀਂ ਦੁਹਰਾਉਣਾ ਚਾਹੀਦਾ । ISBN 978-81-237-6389-7

**110. WWW.ਸੰਘਣਾ ਜੰਗਲ.ਕਾਮ** : ਹਰੀਕ੍ਰਿਸ਼ਨ ਦੇਵਸਰੇ

ਅਨੁਵਾਦ : *ਨਛੱਤਰ* *ਸਫ਼ੇ : 60 ਕੀਮਤ : 45.00*

ਇਸ ਬਾਲ ਨਾਵਲ ਦਾ ਨਾਇਕ ਬਿਹਾਰੀ ਬਾਂਦਰ ਉਸ ਨਵੀਂ ਪੀੜ੍ਹੀ ਦੀ ਪ੍ਰਤੀਨਿਧਤਾ ਕਰਦਾ ਹੈ ਜਿਹੜੀ ਕੰਪਿਊਟਰ ਵਰਗੀ ਆਧੁਨਿਕ ਸੂਚਨਾ ਤਕਨੀਕ ਪ੍ਰਣਾਲੀ ਦਾ ਪੂਰਾ ਗਿਆਨ ਰੱਖਦੀ ਹੈ । ਪੁਸਤਕ ਵਿਚ ਇੰਟਰਨੈੱਟ, ਮੋਬਾਈਲ, ਟੀ.ਵੀ., ਈ.ਮੇਲ, ਕੁਮੈਂਟਰੀ, ਕਾਪੀਰਾਈਟ ਐਕਟ, ਵੈਬ ਅਤੇ ਕਲੋਨਿੰਗ ਵਿਧੀ ਆਦਿ ਬਾਰੇ ਦਿਲਚਸਪ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ । ISBN 978-81-237-5013-2

**111. ਰੰਗ-ਬਿਰੰਗੀ ਮੁਰਗੀ** : ਗਿਜੂਭਾਈ ਬਧੇਕਾ

ਅਨੁਵਾਦ : *ਸ਼ਾਹ ਚਮਨ* *ਸਫ਼ੇ : 40 ਕੀਮਤ : 35.00*

ਇਸ ਪੁਸਤਕ ਵਿਚ 10 ਕਹਾਣੀਆਂ ਹਨ ਜਿਨ੍ਹਾਂ ਦਾ ਬਿਆਨ ਅਤੇ ਸ਼ੈਲੀ ਨਿਵੇਕਲੀ ਤਰ੍ਹਾਂ ਦੀ ਹੈ । ਇਹ ਜੋ ਬੱਚਿਆਂ ਨੂੰ ਨੈਤਿਕ ਕਦਰਾਂ ਦਾ ਪਾਠ ਪੜ੍ਹਾਉਂਦੀਆਂ ਹੋਈਆਂ ਹੱਕ ਅਤੇ ਸੱਚ ਦੇ ਮਹੱਤਵ ਨੂੰ ਦਰਸਾਉਂਦੀਆਂ ਹਨ ।

ISBN 978-81-237-4983-6

**112. ਰਾਜਾ ਜੋ ਬੰਟੇ ਖੇਡਦਾ ਸੀ** : ਐਚ. ਸੀ. ਮਦਾਨ

ਅਨੁਵਾਦ : *ਸੁਰਿੰਦਰਜੀਤ ਕੌਰ* *ਸਫ਼ੇ : 30 ਕੀਮਤ : 25.00*

ਇਹ ਕਹਾਣੀ ਛੋਟੇ ਰਾਜ ਦੇ ਇਕ ਨੌਂ ਸਾਲਾ ਬਾਲ ਰਾਜੇ ਦੀ ਲੰਮੀ ਕਹਾਣੀ ਹੈ ਜੋ ਆਪਣੇ ਸਿਰ 'ਤੇ ਮੁਕਟ ਧਾਰਨ ਕਰਨ ਨੂੰ ਇਕ ਭਾਰ ਸਮਝਦਾ ਹੈ ਪਰੰਤੂ ਰਾਜੇ ਦਾ ਨੇਕਦਿਲ ਪ੍ਰਧਾਨ ਮੰਤਰੀ ਉਸ ਬਾਲ ਦੀ ਅਗਵਾਈ ਕਰਕੇ ਉਸ ਨੂੰ ਇਕ ਚੰਗਾ ਸ਼ਾਸਕ ਅਤੇ ਆਦਰਸ਼ਕ ਰਾਜਾ ਬਣਾਉਣ ਵਿਚ ਭਰਪੂਰ ਕੋਸ਼ਿਸ਼ ਕਰਦਾ ਹੈ।

ISBN 978-81-237-5014-9

**113. ਕਾਬੁਲੀਵਾਲਾ** : ਰਾਬਿੰਦਰਨਾਥ ਠਾਕੁਰ

ਅਨੁਵਾਦ : *ਪ੍ਰੋ. ਇੰਦੇ* *ਸਫ਼ੇ : 20 ਕੀਮਤ : 25.00*

ਇਸ ਕਹਾਣੀ ਵਿਚ ਮੈਲੇ-ਕੁਚੈਲੇ ਕਪੜੇ ਪਹਿਨਣ ਵਾਲਾ ਰਹਿਮਤ ਕਾਬਲੀ ਵਾਲਾ ਲੇਖਕ ਦੀ ਪੰਜ ਵਰ੍ਹਿਆਂ ਦੀ ਬੇਟੀ ਮਿੰਨੀ ਨਾਲ ਇਕ ਜਜ਼ਬਾਤੀ ਰਿਸ਼ਤਾ ਜੋੜ ਬੈਠਦਾ ਹੈ। ਉਸ ਨੂੰ ਮਿੰਨੀ ਵਿਚੋਂ ਆਪਣੀ ਉਸ ਨੰਨ੍ਹੀ ਬੇਟੀ ਦਾ ਰੂਪ ਨਜ਼ਰ ਆਉਂਦਾ ਰਹਿੰਦਾ ਹੈ ਜਿਸ ਨੂੰ ਉਹਨੂੰ ਆਪਣੇ ਕਾਰ-ਵਿਹਾਰ ਦੇ ਸਿਲਸਿਲੇ ਵਿਚ ਕਾਬੁਲ ਛੱਡ ਕੇ ਆਉਣਾ ਪੈਂਦਾ ਹੈ। ਇਹ ਬਾਲ-ਕਹਾਣੀ ਭਾਰਤੀ ਬਾਲ-ਸਾਹਿਤ ਦਾ ਗੌਰਵ ਹੈ।

ISBN 978-81-237-5012-5

**114. ਪਹੀਏ ਦੀ ਕਹਾਣੀ** : ਅਨੂਪ ਰਾਏ

ਅਨੁਵਾਦ : *ਡਾ. ਚੰਦਰ ਮੋਹਨ* *ਸਫ਼ੇ : 16 ਕੀਮਤ : 18.00*

ਕੀੜੀਆਂ ਆਪਣੀ ਮਿਹਨਤ ਦੇ ਬਲਬੂਤੇ ਭਾਰ ਢੋਣ ਦੇ ਅਕੇਵੇਂ ਤੋਂ ਥੱਕ ਹਾਰ ਕੇ ਇਕੱਠੀਆਂ ਮਿਲ ਕੇ ਭਾਰ ਢੋਣ ਬਾਰੇ ਸੋਚਦੀਆਂ ਹਨ। ਸੰਚਾਰ ਦੇ ਸਾਧਨ ਹੌਲੀ-ਹੌਲੀ ਕਿਵੇਂ ਵਿਕਸਿਤ ਹੋਏ, ਇਸ ਕਹਾਣੀ ਰਾਹੀਂ ਬਿਆਨਿਆ ਗਿਆ ਹੈ। ਇਹ ਕਹਾਣੀ ਬੱਚਿਆਂ ਨੂੰ ਨਵੀਆਂ ਖੋਜਾਂ ਦੀ ਚਿਣਗ ਪੈਦਾ ਕਰਨ ਦਾ ਯਤਨ ਵੀ ਹੈ।

ISBN 978-81-237-5017-0

**115. ਇਕ ਰਾਤ ਜੰਗਲ ਵਿਚ** : ਕਸ਼ਮਾ ਸ਼ਰਮਾ

ਅਨੁਵਾਦ : *ਸੋਮਾ ਸਬਲੋਕ* *ਸਫ਼ੇ : 28 ਕੀਮਤ : 18.00*

ਇਸ ਪੁਸਤਕ ਦੀ ਕਹਾਣੀ ਦੱਸਦੀ ਹੈ ਕਿ ਜਾਨਵਰ ਵੀ ਆਪਣੇ ਨਾਲ ਹਮਦਰਦੀ ਤੇ ਪਿਆਰ ਕਰਨ ਵਾਲਿਆਂ ਨੂੰ ਪਛਾਣਦੇ ਹਨ ਅਤੇ ਔਖੀ ਘੜੀ ਵਿਚ ਉਨ੍ਹਾਂ ਦੀ ਮਦਦ ਕਰਕੇ ਖੁਸ਼ੀ ਅਨੁਭਵ ਕਰਦੇ ਹਨ। 'ਕਰ ਭਲਾ ਹੋ ਭਲਾ' ਦਾ ਮੁਹਾਵਰਾ ਇਸ ਕਹਾਣੀ ਦੇ ਪੂਰੀ ਤਰ੍ਹਾਂ ਮੇਚ ਆਉਂਦਾ ਹੈ।

ISBN 81-237-4985-3

**116. ਦੁਸ਼ਟ ਕਾਂ** : ਸੰਜੀਵ ਠਾਕੁਰ

ਅਨੁਵਾਦ : *ਡਾ. ਸ਼ਰਨਜੀਤ ਕੌਰ* *ਸਫ਼ੇ : 16 ਕੀਮਤ : 25.00*

ਚਿੜੀ ਦੇ ਆਂਡੇ ਖਾਣ ਦੇ ਲਾਲਚ ਵਿਚ ਕਾਂ ਦੀ ਚੁੰਝ ਹੀ ਜਲ ਗਈ। ਬੱਚਿਆਂ ਲਈ

ਮਨਮੋਹਕ ਚਿੱਤਰਾਂ ਵਾਲੀ ਦਿਲਚਸਪ ਕਹਾਣੀ ਹੈ ।

ISBN 978-81-237-5298-3

**117. ਅਨੰਦੀ ਦੀ ਸਤਰੰਗੀ ਪੀਂਘ** : ਅਨੂਪ ਰੇਅ

*ਅਨੁਵਾਦ : ਪ੍ਰੋ. ਇੰਦੇ* *ਸਫ਼ੇ : 16 ਕੀਮਤ : 25.00*

ਇਸ ਕਹਾਣੀ ਦੀ ਨੰਨ੍ਹੀ-ਮੁੰਨੀ ਨਾਇਕਾ ਆਨੰਦੀ ਨਿਰਮਲ, ਨੀਲੇ ਅੰਬਰ ਦੇ ਆਰ-ਪਾਰ ਵਿਛੀ ਹੋਈ ਸਤਰੰਗੀ ਪੀਂਘ ਦੇ ਰੰਗਾਂ ਵਾਂਗ ਬਗ਼ੀਚੀ ਦੇ ਫੁੱਲਾਂ ਨੂੰ ਵੰਨ-ਸੁਵੰਨੇ ਰੰਗ ਨਾਲ ਚਿੱਤਰਦੀ ਹੈ । ਇਹ ਕਹਾਣੀ ਕਲਾ ਪ੍ਰਤੀ ਦਿਲਚਸਪੀ ਰੱਖਣ ਵਾਲੇ ਬੱਚਿਆਂ ਅੰਦਰ ਛੁਪੀ ਹੋਈ ਰਚਨਾਤਮਕ ਪ੍ਰਤਿਭਾ ਨੂੰ ਉਜਾਗਰ ਕਰਦੀ ਹੈ ।

ISBN 978- 81-237-5133-7

**118. ਪੱਕੀ ਦੋਸਤੀ** : ਏਂਡਰੀਲਾ ਮਿਤ੍ਰਾ

*ਅਨੁਵਾਦ : ਅਰਵਿੰਦ ਕੌਰ* *ਸਫ਼ੇ : 20 ਕੀਮਤ : 20.00*

ਦੋਸਤੀ ਦੀ ਪੱਕੀ ਮਿਸਾਲ ਬਾਰੇ ਬੱਚਿਆਂ ਲਈ ਸੁੰਦਰ ਪੁਸਤਕ ਹੈ ।

ISBN 978-81-237-4981-5

**119. ਰਾਜੂ ਤੇ ਜਿੰਮੀ** : ਬੰਦਿਤਾ ਫੂਕਨ

*ਅਨੁਵਾਦ : ਡਾ. ਗੁਰਚਰਨ ਸਿੰਘ ਔਲਖ* *ਸਫ਼ੇ : 48 ਕੀਮਤ : 18.00*

ਰਾਜੂ ਤੇ ਜਿੰਮੀ ਦੇ ਆਪਸੀ ਸਨੇਹ ਨੂੰ ਪ੍ਰਗਟਾਉਂਦੀ ਇਹ ਕਹਾਣੀ ਬੱਚਿਆਂ ਨੂੰ ਜਾਨਵਰਾਂ ਪ੍ਰਤੀ ਪ੍ਰੇਮ ਕਰਨ ਦਾ ਸਬਕ ਦਿੰਦੀ ਹੈ । ISBN 978-81-237-5299-0

**120. ਪਸ਼ੂ-ਪੰਛੀ ਜੋ ਨਹੀਂ ਭੁੱਲਣੇ** : ਰਸਕਿਨ ਬਾਂਡ

*ਅਨੁਵਾਦ : ਜਸਬੀਰ ਭੁੱਲਰ* *ਸਫ਼ੇ : 64 ਕੀਮਤ : 35.00*

ਅੰਗਰੇਜ਼ੀ ਦੇ ਚਰਚਿਤ ਲੇਖਕ ਨੇ ਇਸ ਪੁਸਤਕ ਵਿਚ ਪਸ਼ੂ-ਪੰਛੀਆਂ ਪ੍ਰਤੀ ਸਨੇਹ ਨੂੰ ਨਿਵੇਕਲੇ ਨਜ਼ਰੀਏ ਤੋਂ ਪੇਸ਼ ਕੀਤਾ ਹੈ । ISBN 978-81-237-5300-3

**121. ਮਾਂ ਦੇ ਬਰਾਬਰ ਹੋਰ ਕੌਣ** : ਕੇਂਗਸਮ ਕੇਂਗਲਮ

*ਅਨੁਵਾਦਕ : ਪ੍ਰੋ. ਹਮਦਰਦਵੀਰ ਨੌਸ਼ਹਿਰਵੀ* *ਸਫ਼ੇ : 32 ਕੀਮਤ : 30.00*

ਇਸ ਕਹਾਣੀ ਵਿਚ ਮਨੁੱਖੀ ਸਮਾਜ ਜਾਂ ਜਨੌਰ-ਸਮਾਜ ਵਿਚ ਆਪਣੇ ਬੱਚਿਆਂ ਪ੍ਰਤੀ ਮਾਂ ਦੀ ਚਿੰਤਾ ਪ੍ਰਗਟ ਕੀਤੀ ਗਈ ਹੈ । ਇਹ ਬਾਲ-ਕਹਾਣੀ ਇਸ ਗੱਲ ਵੱਲ ਸੰਕੇਤ ਕਰਦੀ ਹੈ ਕਿ ਮਾਂ ਦਾ ਆਪਣੇ ਬੱਚੇ ਨਾਲ ਇਸ ਕਿਸਮ ਦਾ ਨਾਤਾ ਹੁੰਦਾ ਹੈ ਕਿ ਉਹ ਲੱਖ ਮੁਸੀਬਤਾਂ ਝੱਲ ਕੇ ਵੀ ਉਸ ਨੂੰ ਆਂਚ ਨਹੀਂ ਆਉਣ ਦਿੰਦੀ ।

ISBN 978-81-237-4982-2

**122. ਅੱਪੂ ਦੀ ਕਹਾਣੀ** : ਨਵਕ੍ਰਿਸ਼ਨ ਮਹੰਤ

*ਅਨੁਵਾਦ : ਗੁਰਮੇਲ ਮਡਾਹੜ* *ਸਫ਼ੇ : 36 ਕੀਮਤ : 35.00*

ਇਸ ਪੁਸਤਕ ਵਿਚ ਲੇਖਕ ਨੇ ਬਾਲਾਂ ਵਿਚ ਸੇਵਾ, ਹਮਦਰਦੀ, ਪਿਆਰ, ਮਿਲਵਰਤਣ ਤੇ ਮਿੱਤਰਤਾ ਜਿਹੀਆਂ ਚੰਗੀਆਂ ਮਾਨਵੀ ਭਾਵਨਾਵਾਂ ਦਾ ਪ੍ਰਸਾਰ ਕਰਨ ਦਾ ਯਤਨ ਕੀਤਾ ਹੈ। ਘ੍ਰਿਣਾ, ਚੋਰੀ, ਈਰਖਾ ਜਿਹੀਆਂ ਦੁਰਭਾਵਨਾਵਾਂ ਤੋਂ ਬੱਚਿਆਂ ਨੂੰ ਸੁਚੇਤ ਕਰਨ ਦੀ ਕੋਸ਼ਿਸ਼ ਕੀਤੀ ਹੈ। ISBN 81-237-5132-0

**123. ਚਬਰ-ਚਬਰ** : ਗਿਜੁਭਾਈ ਬਧੇਕਾ

*ਅਨੁਵਾਦ : ਡਾ. ਅਮਰ ਕੋਮਲ* *ਸਫ਼ੇ : 40 ਕੀਮਤ : 35.00*

ਇਸ ਪੁਸਤਕ ਵਿਚ ਬੱਚਿਆਂ ਲਈ 11 ਦਿਲਚਸਪ ਕਹਾਣੀਆਂ ਸ਼ਾਮਲ ਕੀਤੀਆਂ ਗਈਆਂ ਹਨ। ਚਿਤਰਕਾਰ ਆਬਿਦ ਸੁਰਤੀ ਦੇ ਰੰਗੀਨ ਚਿਤਰਾਂ ਨੇ ਪੁਸਤਕ ਦੀ ਖ਼ੂਬਸੂਰਤੀ ਨੂੰ ਚਾਰ ਚੰਨ ਲਾ ਦਿੱਤੇ ਹਨ। ISBN 978-81-237-5164-1

**124. ਉੱਡਣ-ਖਟੋਲਾ** *(ਮੂਲ ਉਰਦੂ)* : ਰਤਨ ਸਿੰਘ

*ਅਨੁਵਾਦ : ਰਤਨ ਸਿੰਘ* *ਸਫ਼ੇ : 52 ਕੀਮਤ : 45.00*

ਬੱਚਿਆਂ ਨੂੰ ਸੇਧ ਦੇਣ ਵਾਲਾ ਇਹ ਬਹੁਤ ਹੀ ਰੌਚਕ ਨਾਵਲ ਹੈ।

ISBN 978-81-237-5181-8

**125. ਖੁਸ਼ੀ ਭਰਿਆ ਦਿਨ ਐਤਵਾਰ** : ਦੇਬਾਸ਼ੀਸ਼ ਦੇਬ

*ਅਨੁਵਾਦ : ਅਰਵਿੰਦ ਕੌਰ* *ਸਫ਼ੇ : 24 ਕੀਮਤ : 25.00*

ਬੱਚਿਆਂ ਨੂੰ ਕੇਵਲ ਐਤਵਾਰ ਹੀ ਚੰਗਾ ਲੱਗਦਾ ਸੀ। ਪਰ ਬਾਅਦ ਵਿਚ ਉਸ ਦੀ ਸਮਝ ਵਿਚ ਆਉਂਦਾ ਹੈ ਕਿ ਹਰ ਦਿਨ ਹੀ ਅੱਛਾ ਹੁੰਦਾ ਹੈ।

ISBN-978-81-237-4987-7

**126. ਪਹੇਲੀ** : ਜਗਦੀਸ਼ ਜੋਸ਼ੀ

*ਅਨੁਵਾਦ : ਬਲਦੇਵ ਸਿੰਘ 'ਬੱਦਨ'* *ਸਫ਼ੇ : 24 ਕੀਮਤ : 25.00*

ਇਸ ਪੁਸਤਕ ਦੀ ਕਹਾਣੀ ਮੁਨੀਆ ਨਾਂ ਦੀ ਨੰਨ੍ਹੀ ਜਿਹੀ ਚਿੜੀਆ ਨਾਲ ਸੰਬੰਧਿਤ ਹੈ। ਨੰਨ੍ਹੀ ਚਿੜੀ ਨੇ ਸੂਰਜ ਦੇ ਰਹੱਸ ਨੂੰ ਜਾਣਨ ਲਈ ਬਹੁਤ ਮਿਹਨਤ ਕੀਤੀ। ਅਖੀਰ ਉਸ ਦੀ ਮਿਹਨਤ ਸਫਲ ਹੋਈ। ਇਸ ਮਨਮੋਹਕ ਕਹਾਣੀ ਦੇ ਚਿੱਤਰ ਬਹੁਤ ਸੁੰਦਰ ਹਨ।

ISBN 978-81-237-5186-3

**127. ਚੂਹਾ ਸੱਤਾ ਪੂਛਾਂ ਵਾਲਾ** : ਗਿਜੁਭਾਈ ਬਧੇਕਾ

*ਅਨੁਵਾਦ : ਪ੍ਰੋ. ਰਵਿੰਦਰ ਭੱਠਲ* *ਸਫ਼ੇ : 40 ਕੀਮਤ : 35.00*

'ਗਿਜੁਭਾਈ ਦਾ ਗੁਲਦਸਤਾ' ਲੜੀ ਦੀ ਤੀਜੀ ਪੁਸਤਕ ਵਿਚ ਬੱਚਿਆਂ ਨੂੰ ਗੁਣਗੁਣਾਉਣ ਵਾਲੀਆਂ 8 ਕਹਾਣੀਆਂ ਸ਼ਾਮਲ ਹਨ। ISBN 978-81-237-5306-5

**128. ਘਨਾਦਾ ਦੇ ਸਾਹਸੀ ਕਾਰਨਾਮੇ** : ਪਰਮਿੰਦਰ ਮਿਤਰਾ

*ਅਨੁਵਾਦ : ਕੇ. ਐਲ. ਗਰਗ* *ਸਫ਼ੇ : 224 ਕੀਮਤ : 55.00*

ਕੋਨਨ ਡੋਇਲ ਦੇ ਸ਼ੇਰਲਾਕ ਹੋਲਮਜ਼ (Sherlock Holmes) ਵਾਂਗ ਪਰਮਿੰਦਰ ਮਿੱਤਰਾ ਨੇ ਘਨਾਦਾ ਦੇ ਰੂਪ ਵਿਚ ਇਕ ਅਭੁੱਲ ਪਾਤਰ ਉਸਾਰਿਆ ਹੈ ਤੇ ਉਨ੍ਹਾਂ ਦੀਆਂ ਘਨਾਦਾ ਕਹਾਣੀਆਂ ਦਾ ਬੰਗਲਾ ਸਾਹਿਤ ਵਿਚ ਕੋਈ ਹੋਰ ਬਦਲ ਨਹੀਂ ਹੈ ।

ISBN 978-81-237-5303-4

**129. ਲਾਲ ਪਤੰਗ** : ਗੀਤਾ ਧਰਮਰਾਜਨ

*ਅਨੁਵਾਦ : ਡਾ. ਜਗਤਾਰ* *ਸਫ਼ੇ : 24 ਕੀਮਤ : 5.00*

ਇਸ ਪੁਸਤਕ ਵਿਚ ਲਾਲ ਪਤੰਗ ਦੀ ਦਿਲਚਸਪ ਕਹਾਣੀ ਹੈ ਜੋ ਆਕਾਸ਼ ਵਿਚ ਉੱਚੇ ਤੋਂ ਉੱਚੇ ਉੱਡਣਾ ਚਾਹੁੰਦੀ ਹੈ ਤੇ ਅੰਤ ਕੁਝ ਮੁੱਢਲੀਆਂ ਰੁਕਾਵਟਾਂ 'ਤੇ ਕਾਬੂ ਪਾਉਣ ਤੋਂ ਬਾਅਦ ਸਫ਼ਲਤਾ ਹਾਸਲ ਕਰ ਲੈਂਦੀ ਹੈ । ISBN 978-81-237-24652-2

**130. ਆਓ ਸੱਪਾਂ ਨੂੰ ਜਾਣੀਏ** : ਜਈ ਅਤੇ ਹੋਮ ਵਿਹਟੇਕਰ

*ਅਨੁਵਾਦ : ਡਾ. ਜਗਤਾਰ* *ਸਫ਼ੇ : 64 ਕੀਮਤ : 5.00*

ਇਸ ਪੁਸਤਕ ਵਿਚ ਭਾਰਤ ਵਿਚ ਪਾਏ ਜਾਣ ਵਾਲੇ ਸੱਪਾਂ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ ਹੈ । ਜ਼ਹਿਰੀਲੇ ਤੇ ਜ਼ਹਿਰ ਤੋਂ ਰਹਿਤ ਸੱਪਾਂ ਬਾਰੇ, ਸੱਪਾਂ ਦੇ ਭੋਜਨ, ਸੱਪਾਂ ਨਾਲ ਸੰਬੰਧਿਤ ਮਿੱਥ, ਸੱਪ ਦੇ ਡੰਗ ਮਾਰਨ ਤੇ ਕੀ ਕਰਨਾ ਚਾਹੀਦਾ ਹੈ, ਸੱਪਾਂ ਦੀ ਵਫ਼ਾਦਾਰੀ ਅਤੇ ਹੋਰ ਭਰਪੂਰ ਜਾਣਕਾਰੀ ਅੰਕਿਤ ਹੈ । ਤਸਵੀਰਾਂ ਸਹਿਤ ਪੁਸਤਕ ਬੜੇ ਹੀ ਰੋਚਕ ਤੇ ਸਰਲ ਢੰਗ ਨਾਲ ਲਿਖੀ ਗਈ ਹੈ ।

**131. ਤਾਨਸੇਨ : ਸੰਗੀਤ ਦਾ ਜਾਦੂਗਰ** : ਅਸ਼ੋਕ ਦਾਵਰ

*ਅਨੁਵਾਦ : ਡਾ. ਜਗਬੀਰ ਸਿੰਘ* *ਸਫ਼ੇ : 32 ਕੀਮਤ : 5.00*

ਇਸ ਪੁਸਤਕ ਵਿਚ ਭਾਰਤ ਦੇ ਮਹਾਨ ਸੰਗੀਤਕਾਰ ਅਤੇ ਗਾਇਕ ਤਾਨਸੇਨ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ ਗਈ ਹੈ । ਲੇਖਕ ਤੇ ਰੂਪਕਾਰ ਅਸ਼ੋਕ ਦਾਵਰ ਨੇ ਰੋਚਕ ਤੇ ਸਰਲ ਢੰਗ ਨਾਲ ਤਾਨਸੇਨ ਦੀ ਜੀਵਨ ਕਹਾਣੀ ਨੂੰ ਪੇਸ਼ ਕੀਤਾ ਹੈ । ਪੁਸਤਕ ਵਿਚ ਅੰਕਿਤ ਇਤਿਹਾਸਕ ਹਵਾਲੇ ਬੱਚਿਆਂ ਦੇ ਗਿਆਨ ਵਿਚ ਵਾਧਾ ਕਰਦੇ ਹਨ ।

**132. ਸਾਡੇ ਅਖ਼ਬਾਰਾਂ ਦੀ ਕਹਾਣੀ** : ਚੰਚਲ ਸਰਕਾਰ

*ਅਨੁਵਾਦ : ਡਾ. ਅਮਰੀਕ ਸਿੰਘ ਪੁੰਨੀ* *ਸਫ਼ੇ : 64 ਕੀਮਤ : 5.00*

ਇਸ ਪੁਸਤਕ ਵਿਚ ਲੇਖਕ ਨੇ ਸਾਡੇ ਅਖ਼ਬਾਰਾਂ ਦੀ ਕਹਾਣੀ, ਭਾਰਤੀ ਅਖ਼ਬਾਰਾਂ ਦਾ ਇਤਿਹਾਸ, ਸੰਪਾਦਕ, ਛਾਪੇਖਾਨੇ ਦਾ ਤੱਤ, ਪ੍ਰਬੰਧ, ਚੰਗਾ ਅਖ਼ਬਾਰ ਕਿਹੜਾ ਹੈ, ਪ੍ਰੈੱਸ ਦੀ ਹਾਲਤ, ਆਉਣ ਵਾਲਾ ਕੱਲ੍ਹ ਆਦਿ ਵਿਸ਼ਿਆਂ 'ਤੇ ਰੌਸ਼ਨੀ ਪਾਈ ਹੈ ।

**133. ਅਸੀਂ ਸਭ ਭਾਰਤਵਾਸੀ ਹਾਂ** : ਮੇਹਰੂ ਜੇ. ਵਾਡੀਆ

*ਅਨੁਵਾਦ : ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 24 ਕੀਮਤ : 5.00*

ਵਧੀਆ ਦਿੱਖ ਵਾਲੀ ਇਸ ਪੁਸਤਕ ਵਿਚ ਦੇਸ਼ ਦੀ ਏਕਤਾ ਤੇ ਅਖੰਡਤਾ 'ਤੇ ਜ਼ੋਰ ਦਿੱਤਾ ਗਿਆ ਹੈ । ਇਹਦੇ ਹਰ ਪੰਨੇ ਉਤੇ ਸਾਡੇ ਦੇਸ਼ ਦੇ ਵੱਖਰੇ-ਵੱਖਰੇ ਭਾਗਾਂ ਦੇ ਉਚੇਚੇ ਲੱਛਣਾਂ

ਦੀ, ਉਨ੍ਹਾਂ ਦੀ ਵਿਲੱਖਣ ਬੋਲੀ ਦੀ, ਉਨ੍ਹਾਂ ਵਿਚ ਪ੍ਰਚੱਲਿਤ ਪਹਿਰਾਵਿਆਂ ਤੇ ਤਿਉਹਾਰਾਂ ਦੀ, ਉਨ੍ਹਾਂ ਦੀ ਵਿਲੱਖਣ ਬਨਸਪਤੀ ਤੇ ਪਸ਼ੂ ਜਾਤੀ ਦੀ, ਉਨ੍ਹਾਂ ਦੇ ਪ੍ਰਚੱਲਿਤ ਸੰਗੀਤ ਸਾਜ਼ਾਂ ਤੇ ਨਾਚਾਂ, ਆਮ ਵਰਤੋਂ ਵਿਚ ਆਉਣ ਵਾਲੇ ਨਾਵਾਂ ਦੀ ਪਛਾਣ ਕਰਵਾਈ ਗਈ ਹੈ ।

**134. ਗੋਮੁਖ ਯਾਤਰਾ** : ਸ਼ੀਲਾ ਸ਼ਰਮਾ

ਅਨੁਵਾਦ : *ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 64 ਕੀਮਤ : 5.00*

ਸਾਡੇ ਦੇਸ਼ ਦਾ ਉੱਤਰ ਕਾਸ਼ੀ, ਗੰਗੋਤਰੀ ਤੇ ਗੋਮੁਖ ਪਰਬਤੀ ਖੰਡ ਕੁਦਰਤ ਦੇ ਨਜ਼ਾਰਿਆਂ ਤੇ ਉਸ ਦੀ ਅਮੀਰੀ ਨਾਲ ਭਰਪੂਰ ਹੈ । ਗੰਗਾ ਦਰਿਆ ਦੀ ਜੰਮਣ-ਭੋਂ ਹੋਣ ਸਦਕਾ ਇਹ ਖੰਡ ਪੁਰਾਤਨ ਸਮਿਆਂ ਤੋਂ ਪੂਜ ਵੀ ਮੰਨਿਆ ਜਾਂਦਾ ਹੈ । ਇਸ ਪੁਸਤਕ ਵਿਚ ਉੱਤਰ ਕਾਸ਼ੀ ਤੋਂ ਗੋਮੁਖ ਤਕ ਦੀ ਯਾਤਰਾ ਨੂੰ ਦੋ ਬੱਚਿਆਂ ਅਤੇ ਉਨ੍ਹਾਂ ਦੇ ਦਾਦਾ ਦੀ ਜ਼ੁਬਾਨੀ ਬੜੇ ਹੀ ਰੌਚਕ ਢੰਗ ਨਾਲ ਪੇਸ਼ ਕੀਤਾ ਹੈ ।

**135. ਫ਼ਿਲਮਾਂ ਕਿਵੇਂ ਬਣਦੀਆਂ ਹਨ** : ਖ਼ਵਾਜਾ ਅਹਿਮਦ ਅੱਬਾਸ

ਅਨੁਵਾਦ : *ਕਪੂਰ ਸਿੰਘ ਘੁੰਮਣ* *ਸਫ਼ੇ : 64 ਕੀਮਤ : 5.00*

ਇਸ ਪੁਸਤਕ ਵਿਚ ਲੇਖਕ ਨੇ 'ਫ਼ਿਲਮਾਂ ਕਿਵੇਂ ਬਣਦੀਆਂ ਹਨ' ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੰਤੀ ਹੈ । ਫ਼ਿਲਮ ਬਣਨ ਸਮੇਂ ਕਲਾਕਾਰ ਨੂੰ ਪੇਸ਼ ਆਉਣ ਵਾਲੀਆ ਸਮੱਸਿਆਵਾਂ ਦਾ ਵਰਣਨ ਵੀ ਬੜਾ ਦਿਲਚਸਪ ਹੈ ।

**136. ਬੈਲਗੱਡੀਆਂ ਅਤੇ ਉਪਗ੍ਰਹਿ** : ਮੋਨੀਸ਼ਾ ਬਾਬ

ਅਨੁਵਾਦ : *ਸਤਿੰਦਰਪਾਲ ਸਿੰਘ ਕਪੂਰ* *ਸਫ਼ੇ : 64 ਕੀਮਤ : 5.00*

ਇਸ ਪੁਸਤਕ ਵਿਚ ਭਾਰਤ ਵਿਚ ਗਿਆਨ ਅਤੇ ਤਕਨਾਲੋਜੀ ਦੇ ਵਿਕਾਸ ਬਾਰੇ ਜਿਥੇ ਵਿਸਤਾਰ ਸਹਿਤ ਜਾਣਕਾਰੀ ਦਿੱਤੀ ਗਈ ਹੈ ਉਥੇ ਵਿਗਿਆਨ ਦੇ ਖੇਤਰ ਵਿਚ ਭਾਰਤ ਦੀਆਂ ਅਹਿਮ ਪ੍ਰਾਪਤੀਆਂ ਦੀ ਚਰਚਾ ਵੀ ਹੈ ।

**137. ਪ੍ਰਦੂਸ਼ਣ** : ਐਨ. ਸ਼ੇਸ਼ਾਗਿਰੀ

ਅਨੁਵਾਦ : *ਸ਼ੰਗਾਰਾ ਸਿੰਘ ਭੁੱਲਰ* *ਸਫ਼ੇ : 64 ਕੀਮਤ : 5.00*

ਇਸ ਪੁਸਤਕ ਵਿਚ ਦਰਿਆਵਾਂ, ਸਮੁੰਦਰਾਂ ਅਤੇ ਸਾਡੇ ਚੁਗਿਰਦੇ ਵਿਚ ਪਾਏ ਜਾਣ ਵਾਲੇ ਪ੍ਰਦੂਸ਼ਣ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ ਹੈ ਕਿ ਇਹ ਕਿਵੇਂ ਮਨੁੱਖਾਂ, ਜਾਨਵਰਾਂ ਤੇ ਦਰਖ਼ਤਾਂ ਆਦਿ ਨੂੰ ਨੁਕਸਾਨ ਪਹੁੰਚਾਉਂਦਾ ਹੈ ।

**138. ਸਭ ਦਾ ਸਾਥੀ ਸਭ ਦਾ ਦੋਸਤ** : ਉਮਾਸ਼ੰਕਰ ਜੋਸ਼ੀ

ਅਨੁਵਾਦ : *ਜਗਜੀਤ ਗਗਨ* *ਸਫ਼ੇ : 32 ਕੀਮਤ : 5.00*

ਪ੍ਰਸਿੱਧ ਗੁਜਰਾਤੀ ਲੇਖਕ ਨੇ ਇਸ ਪੁਸਤਕ ਵਿਚ ਮਹਾਤਮਾ ਗਾਂਧੀ ਦੀ ਜ਼ਿੰਦਗੀ ਦੀਆਂ ਦਿਲਚਸਪ ਘਟਨਾਵਾਂ ਪੇਸ਼ ਕੀਤੀਆਂ ਹਨ ।

**139. ਪਾਗਲ ਅੰਬ** : ਏ. ਐਨ. ਪੇਂਡਨੇਕਰ

ਅਨੁਵਾਦ : *ਹਰਭਜਨ ਸਿੰਘ ਬਟਾਲਵੀ* *ਸਫ਼ੇ : 32 ਕੀਮਤ : 5.00*

ਇਸ ਪੁਸਤਕ ਵਿਚ ਪਾਗਲ ਅੰਬ ਬਾਰੇ ਇਕ ਹਾਸ-ਭਰਪੂਰ ਕਹਾਣੀ ਅੰਕਿਤ ਹੈ ਜੋ ਇਕ ਥਾਂ ਖੜ੍ਹਾ ਹੋਣ ਕਰਕੇ ਅਕੇਵਾਂ ਮਹਿਸੂਸ ਕਰਦਾ ਹੈ। ਉਹ ਸੰਸਾਰ ਨੂੰ ਦੇਖਣਾ ਚਾਹੁੰਦਾ ਹੈ ਅਤੇ ਆਨੰਦ ਦੀ ਤਲਾਸ਼ ਵਿਚ ਹੈ।

**140. ਭਾਰਤ ਦੇ ਹੋਣਹਾਰ ਸਪੂਤ** : ਸਿਗਰੁਨ ਸ੍ਰੀਵਾਸਤਵ

ਅਨੁਵਾਦ : *ਬਲਜੀਤ ਬੱਲੀ* *ਸਫ਼ੇ : 64 ਕੀਮਤ : 5.00*

ਇਸ ਪੁਸਤਕ ਵਿਚ 6 ਬਹਾਦਰ ਬੱਚਿਆਂ ਦੀਆਂ ਬਹਾਦਰੀ ਨਾਲ ਸੰਬੰਧਿਤ ਘਟਨਾਵਾਂ ਦਾ ਵਰਣਨ ਹੈ ਜਿਨ੍ਹਾਂ ਨੂੰ ਇੰਡੀਅਨ ਕੌਂਸਲ ਚਾਇਲਡ ਵੈਲਫ਼ੇਅਰ ਵਲੋਂ ਬਹਾਦਰੀ ਲਈ ਪੁਰਸਕਾਰ ਦਿੱਤੇ ਜਾਂਦੇ ਹਨ। ਇਹ ਪੁਸਤਕ ਬੱਚਿਆਂ ਵਿਚ ਬਹਾਦਰੀ, ਨਿਡਰਤਾ ਅਤੇ ਸੂਰਬੀਰਤਾ ਦੇ ਭਾਵ ਜਗਾਉਂਦੀ ਹੈ। ਬੱਚਿਆਂ ਵਿਚ ਚੰਗੇ ਨਾਗਰਿਕ ਅਤੇ ਭਾਈਚਾਰੇ ਦੀ ਭਾਵਨਾ ਵਧਾਉਂਦੀ ਹੈ।

**141. ਪੂਛ ਨੇ ਬਿਪਤਾ ਪਾਈ** : ਐਮ.ਸੀ. ਗੈਬਰੀਅਲ

ਅਨੁਵਾਦ : *ਅਮਰ ਸਿੰਘ* *ਸਫ਼ੇ : 32 ਕੀਮਤ : 5.00*

ਇਸ ਪੁਸਤਕ ਵਿਚ ਇਕ ਚੂਹੇ ਦੀ ਕਹਾਣੀ ਨੂੰ ਬੜੇ ਹੀ ਸਰਲ ਅਤੇ ਰੌਚਕ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਚੂਹਾ ਜਿਸ ਦੀ ਲੰਬੀ ਪੂਛ ਕੱਟੀ ਜਾਂਦੀ ਹੈ ਤੇ ਉਹ ਇਸ ਨੂੰ ਦੁਬਾਰਾ ਪ੍ਰਾਪਤ ਕਰਨ ਲਈ ਯਤਨ ਕਰਦਾ ਹੈ।

**142. ਸਦੀਵੀ ਪੁਸਤਕਾਂ** : ਮਨੋਜ ਦਾਸ

ਅਨੁਵਾਦ : *ਗੁਰਚਰਨ ਸਿੰਘ* *ਸਫ਼ੇ : 64 ਕੀਮਤ : 5.00*

ਇਸ ਪੁਸਤਕ ਵਿਚ ਲੇਖਕ ਨੇ ਭਾਰਤ ਦੇ ਮਹਾਨ ਮਹਾਂਕਾਵਿ ਜਿਵੇਂ ਰਾਮਾਇਣ, ਮਹਾਂਭਾਰਤ, ਵੇਦ, ਉਪਨਿਸ਼ਦ, ਪੁਰਾਣ ਅਤੇ ਪੰਚਤੰਤਰ ਬਾਰੇ ਭਰਪੂਰ ਜਾਣਕਾਰੀ ਦਿੱਤੀ ਹੈ।

**143. ਬੜਾ ਪਾਣੀ** : ਲੀਲਾ ਮਜੂਮਦਾਰ

ਅਨੁਵਾਦ : *ਗੁਲਜ਼ਾਰ ਸਿੰਘ ਸੰਧੂ* *ਸਫ਼ੇ : 64 ਕੀਮਤ : 5.00*

ਪੁਸਤਕ ਵਿਚ ਲੇਖਕ ਨੇ ਆਸਾਮ ਵਿਚ ਰਹਿ ਰਹੇ ਇਕ ਬੰਗਾਲੀ ਪਰਿਵਾਰ ਦੀ ਕਹਾਣੀ ਨੂੰ ਦਿਲਚਸਪ ਢੰਗ ਨਾਲ ਪੇਸ਼ ਕੀਤਾ ਹੈ। ਪੁਸਤਕ ਵਿਸ਼ੇ ਤੇ ਦਿੱਖ ਪੱਖੋਂ ਵਧੀਆ ਹੈ।

**144. ਬਾਪੂ-I, II** : ਐਫ.ਸੀ. ਫ਼ਰੀਟਸ

ਅਨੁਵਾਦ : *ਪਿਆਰਾ ਸਿੰਘ ਸਹਿਰਾਈ* *ਸਫ਼ੇ : 64 ਕੀਮਤ : 5.00*

ਇਸ ਪੁਸਤਕ ਵਿਚ ਲੇਖਕ ਨੇ ਮਹਾਤਮਾ ਗਾਂਧੀ ਦੀ ਜੀਵਨ ਕਹਾਣੀ ਨੂੰ ਜਨਮ ਤੋਂ ਲੈ ਕੇ ਮਰਨ ਤਕ, ਬੜੇ ਹੀ ਸਾਦੇ, ਸਰਲ ਤੇ ਰੌਚਕ ਢੰਗ ਨਾਲ ਪੇਸ਼ ਕੀਤਾ ਹੈ। ਪੁਸਤਕ ਦੋ ਖੰਡਾਂ 'ਚ ਹੈ।

**145. ਤਿਆਰ-ਬਰ-ਤਿਆਰ** : ਉਮਾ ਆਨੰਦ

ਅਨੁਵਾਦ : *ਗੁਲਵੰਤ* *ਸਫ਼ੇ : 64 ਕੀਮਤ : 5.00*

ਤਿੰਨ ਬਾਲ ਸਕਾਊਟਾਂ ਦੀ ਰੁਮਾਂਚਕਾਰੀ ਅਤੇ ਦਿਲਚਸਪ ਕਹਾਣੀ । ਬੇਹੱਦ ਦਿਲਚਸਪ ਵੇਰਵਾ । ਰੂਪਕਾਰ ਵੈਜੈਂਤੀ ਰਾਨਾਡੇ ਹਨ ।

**146. ਤੇਰ੍ਹਾਂ ਚੋਣਵੀਆਂ ਕਹਾਣੀਆਂ** : (ਸੰਪਾਦਿਤ)

ਅਨੁਵਾਦ : *ਇੰਦਰਜੀਤ ਕੌਰ* *ਸਫ਼ੇ : 130 ਕੀਮਤ : 12.00*

ਇਸ ਪੁਸਤਕ ਵਿਚ ਭਾਰਤ ਦੀਆਂ ਮੁੱਖ ਭਾਸ਼ਾਵਾਂ ਦੀਆਂ 13 ਕਹਾਣੀਆਂ ਅੰਕਿਤ ਹਨ । ਇਹ ਲੋਕ-ਕਹਾਣੀਆਂ ਨਹੀਂ ਜਿਨ੍ਹਾਂ ਵਿਚ ਪਰੀਆਂ, ਦਿਓ, ਰਾਜੇ ਰਾਣੀਆਂ ਬਾਰੇ ਮਿਥਿਹਾਸਕ ਦ੍ਰਿਸ਼ਟੀ ਅਪਣਾਈ ਗਈ ਹੋਵੇ ਸਗੋਂ ਇਹ ਨਿਰੋਲ ਭਿੰਨ-ਭਿੰਨ ਮੌਲਿਕ ਸਿਰਜਣਾ ਦੀਆਂ ਕਿਰਤਾਂ ਹਨ ਜਿਨ੍ਹਾਂ ਰਾਹੀਂ ਕਲਾਤਮਕ ਢੰਗ ਨਾਲ ਬੱਚਿਆਂ ਨੂੰ ਕੋਈ ਨਾ ਕੋਈ ਉਸਾਰੂ ਸੇਧ ਦੇਣ ਦਾ ਯਤਨ ਕੀਤਾ ਗਿਆ ਹੈ । ਇਹੋ ਪੁਸਤਕ ਦੀ ਵਿਲੱਖਣਤਾ ਹੈ ।

**147. ਸਵੈ-ਭਰੋਸੇ ਦਾ ਚਾਨਣ** : ਜਸਵੰਤ ਸਿੰਘ ਕੰਵਲ (ਸੰਪਾਦਕ)

ਮੂਲ ਪੰਜਾਬੀ *ਸਫ਼ੇ : 64 ਕੀਮਤ : 6.00*

ਇਸ ਪੁਸਤਕ ਵਿਚ ਬੱਚਿਆਂ ਦੇ ਗਿਆਨ ਵਿਚ ਵਾਧਾ ਕਰਨ ਵਾਲੀਆਂ ਪੰਜਾਬੀ ਦੇ ਪੰਜ ਲੇਖਕਾਂ ਗੁਰਬਖ਼ਸ਼ ਸਿੰਘ ਪ੍ਰੀਤਲੜੀ, ਗੁਰਦਿਆਲ ਸਿੰਘ, ਪ੍ਰਿੰ. ਸਰਵਣ ਸਿੰਘ, ਡਾ. ਜਸਵੰਤ ਗਿੱਲ ਅਤੇ ਜਸਵੰਤ ਸਿੰਘ ਕੰਵਲ ਦੀਆਂ ਕਹਾਣੀਆਂ ਸ਼ਾਮਲ ਹਨ ।

**148. ਕ੍ਰਿਕਟ** : ਵਿਜੈ ਮਰਚੈਂਟ

ਅਨੁਵਾਦ : *ਜੀ. ਐਸ. ਮੋਹੇ* *ਸਫ਼ੇ : 64 ਕੀਮਤ : 5.00*

ਕ੍ਰਿਕਟ ਦੀ ਖੇਡ ਦੇ ਤਕਨੀਕੀ ਪੱਖਾਂ ਨੂੰ ਬਹੁਤ ਖ਼ੂਬੀ ਨਾਲ ਇਸ ਪੁਸਤਕ ਵਿਚ ਉਘਾੜਿਆ ਗਿਆ ਹੈ । ਕ੍ਰਿਕਟ ਦੇ ਸ਼ੌਕੀਨ ਬੱਚਿਆਂ ਲਈ ਬੇਹੱਦ ਜ਼ਰੂਰੀ ਪੁਸਤਕ ਹੈ ।

**149. ਬਿੱਲੀ ਮਾਸੀ ਦਾ ਪਰਿਵਾਰ** : ਐਮ. ਡੀ. ਚਤੁਰਵੇਦੀ

ਅਨੁਵਾਦ : *ਨਵਤੇਜ ਸਿੰਘ* *ਸਫ਼ੇ : 64 ਕੀਮਤ : 5.00*

ਬਿੱਲੀ ਦੇ ਪਰਿਵਾਰ ਵਿਚ ਬੜੇ ਪਸ਼ੂ ਆਉਂਦੇ ਹਨ । ਉਨ੍ਹਾਂ ਵਿਚੋਂ ਮੁੱਖ ਜੀਵ ਤੇ ਖ਼ਾਸ ਕਰਕੇ ਉਹ ਜਿਹੜੇ ਸਾਡੇ ਦੇਸ਼ ਵਿਚ ਮਿਲਦੇ ਹਨ ਜਿਵੇਂ ਸ਼ੇਰ, ਬੱਬਰ, ਤੇਂਦੂਆ ਤੇ ਚੀਤੇ ਆਦਿ ਦਾ ਹੀ ਇਸ ਕਿਤਾਬ ਵਿਚ ਜ਼ਿਕਰ ਕੀਤਾ ਗਿਆ ਹੈ । ਲੇਖਕ ਨੇ ਬਿੱਲੀ ਪਰਿਵਾਰ ਦੇ ਛੋਟੇ ਤੇ ਵੱਡੇ ਜੀਵਾਂ ਵਿਚ 39 ਵਰ੍ਹੇ ਬਿਤਾਏ । ਇਹ ਪੁਸਤਕ ਇਨ੍ਹਾਂ ਜੰਗਲੀ ਜੀਵਾਂ ਬਾਰੇ ਉਨ੍ਹਾਂ ਦੇ ਆਪਣੇ ਤਜਰਬੇ ਦੇ ਆਧਾਰ ਉਤੇ 1968 ਵਿਚ ਲਿਖੀ ਗਈ ਸੀ ।

**150. ਗੌਤਮ ਬੁੱਧ** : ਲੀਲਾ ਜਾਰਜ

ਅਨੁਵਾਦ : *ਜਗਦੀਸ਼ ਕੌਸ਼ਿਲ* *ਸਫ਼ੇ : 64 ਕੀਮਤ : 5.00*

ਇਸ ਪੁਸਤਕ ਵਿਚ ਗੌਤਮ ਬੁੱਧ ਦੀ ਜੀਵਨ ਕਹਾਣੀ ਨੂੰ ਬੜੇ ਹੀ ਸਰਲ ਤੇ ਦਿਲਚਸਪ ਢੰਗ ਨਾਲ ਵਰਨਣ ਕੀਤਾ ਗਿਆ ਹੈ । ਮਹਾਤਮਾ ਬੁੱਧ ਦੇ ਬਚਪਨ, ਜਵਾਨੀ ਤੇ ਅੰਤਿਮ ਸਮੇਂ ਤੋਂ ਇਲਾਵਾ ਬੁੱਧ ਮਤ ਦੇ ਮੂਲ ਸਿਧਾਂਤਾਂ ਦਾ ਵਰਨਣ ਬਾਲ-ਪਾਠਕ ਦੇ ਮਨ ਵਿਚ ਇਕ ਸਵੱਛ ਬਿੰਬ ਪੈਦਾ ਕਰਨ ਦੀ ਸਮਰੱਥਾ ਰਖਦਾ ਹੈ ।

**151. ਈਦਗਾਹ** : ਪ੍ਰੇਮਚੰਦ

ਅਨੁਵਾਦ : *ਤੇਜਿੰਦਰ ਸਿੰਘ ਸੰਧੂ* *ਸਫ਼ੇ : 32 ਕੀਮਤ : 5.00*

ਇਸ ਪੁਸਤਕ ਵਿਚ ਇਕ ਗਰੀਬ ਛੋਟੇ ਬੱਚੇ ਦੀ ਕਹਾਣੀ ਹੈ ਜੋ ਈਦ ਦੇ ਮੇਲੇ ਵਿਚ ਜਾਂਦਾ ਹੈ ਤੇ ਵਾਪਸੀ ਤੇ ਇਕ ਚਿਮਟਿਆਂ ਦੀ ਜੋੜੀ ਚੋਰੀ ਕਰਕੇ ਲਿਆਉਂਦਾ ਹੈ । ਉਸ ਬੱਚੇ ਦਾ ਖ਼ਿਆਲ ਹੈ ਕਿ ਇਨ੍ਹਾਂ ਚਿਮਟਿਆਂ ਦੀ ਮਦਦ ਨਾਲ ਉਸ ਦੀ ਦਾਦੀ ਦੇ ਖਾਣਾ ਬਣਾਉਂਦੇ ਸਮੇਂ ਹੱਥ ਨਹੀਂ ਸੜਨਗੇ ।

**152. ਭਾਰਤ ਵਿਚ ਹਾਕੀ** : ਸਾਰਾਦਿੰਦੂ ਸਾਨਿਆਲ

ਅਨੁਵਾਦ : *ਸਰਵਣ ਸਿੰਘ* *ਸਫ਼ੇ : 64 ਕੀਮਤ : 5.00*

ਇਸ ਪੁਸਤਕ ਵਿਚ ਭਾਰਤ ਦੀ ਕੌਮੀ ਖੇਡ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ ਹੈ । ਭਾਰਤ ਵੱਲੋਂ ਉਲੰਪਿਕ ਵਿਚ ਕੀਤੀਆਂ ਖੇਡ ਪ੍ਰਾਪਤੀਆਂ ਦੀ ਵੀ ਇਸ ਪੁਸਤਕ ਵਿਚ ਚਰਚਾ ਹੈ । ਤਸਵੀਰਾਂ ਦਿਲ-ਟੁੰਬਵੀਆਂ ਤੇ ਦਿੱਖ ਕਮਾਲ ਦੀ ਹੈ ।

**153. ਮੁਨੀਆ ਨੇ ਸੋਨਾ ਕਿਵੇਂ ਲੱਭਾ** : ਜਗਦੀਸ਼ ਜੋਸ਼ੀ

ਅਨੁਵਾਦ : *ਵਿਸ਼ਵਾਸਦੀਪ* *ਸਫ਼ੇ : 32 ਕੀਮਤ : 5.00*

'ਮੁਨੀਆਂ' ਇਕ ਨਿੱਕਾ ਜਿਹਾ ਚਿੜੀ ਦਾ ਬੋਟ ਹੈ ਜਿਸ ਨੇ ਇਕ ਨਿੱਕਾ ਜਿਹਾ ਬੂਟਾ ਲਾਇਆ ਹੋਇਆ ਸੀ । ਉਸ ਦੀ ਕਹਾਣੀ ਬੱਚਿਆਂ ਨੂੰ ਉਤਸੁਕ ਕਰਨ ਦੇ ਨਾਲ-ਨਾਲ ਗਿਆਨ ਅਤੇ ਮਨੋਰੰਜਨ ਦੋਵੇਂ ਤੱਤ ਪ੍ਰਦਾਨ ਕਰਨ ਦੀ ਸਮਰੱਥਾ ਰਖਦੀ ਹੈ ।

**154. ਮੋਰਾ** : ਮੁਲਖ ਰਾਜ ਆਨੰਦ

ਅਨੁਵਾਦ : *ਅੰਮ੍ਰਿਤਾ ਪ੍ਰੀਤਮ* *ਸਫ਼ੇ : 40 ਕੀਮਤ : 5.00*

ਇਕ ਨਟਖਟ ਹਾਥੀ ਦੇ ਬੱਚੇ ਮੋਰਾ ਦੀ ਕਹਾਣੀ, ਜਿਸ ਨੂੰ ਕਈ ਵਾਰ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ ਪਰ ਉਸ ਨੇ ਤਾਂ ਵੀ ਹਿੰਮਤ ਨਹੀਂ ਹਾਰੀ । ਰੂਪਰੋਚਤ ਹਾਲਰ ਦੀਆਂ ਰੰਗਦਾਰ ਤਸਵੀਰਾਂ ਨੇ ਕਿਤਾਬ ਦੀ ਦਿੱਖ ਨੂੰ ਵਧੀਆ ਬਣਾ ਦਿੱਤਾ ਹੈ ।

**155. ਬੱਸ ਦੀ ਸੈਰ** : ਵੱਲੀਕਾਨਨ

ਅਨੁਵਾਦ : *ਨਵਯੁਗ ਵਡਾਲੀਆ* *ਸਫ਼ੇ : 32 ਕੀਮਤ : 5.00*

ਇਸ ਪੁਸਤਕ ਵਿਚ ਇਕ ਅਜਿਹੀ ਲੜਕੀ ਦੀ ਕਹਾਣੀ ਹੈ ਜਿਸ ਨੂੰ ਪਹਿਲੀ ਵਾਰ ਬੱਸ ਵਿਚ ਸਫ਼ਰ ਕਰਨ ਦਾ ਮੌਕਾ ਮਿਲਦਾ ਹੈ । ਬੱਸ ਦੀ ਸੈਰ ਦੌਰਾਨ ਲੜਕੀ ਨੂੰ ਹੋਏ ਨਵੇਂ ਅਨੁਭਵ ਦਾ ਦਿਲਚਸਪ ਵਰਣਨ ਪਾਠਕ ਦਾ ਧਿਆਨ ਇੱਧਰ-ਉਧਰ ਨਹੀਂ ਜਾਣ ਦਿੰਦਾ । ਇਹ ਪੁਸਤਕ ਬੱਚੇ ਨੂੰ ਘਰ ਤੋਂ ਉਂਗਲ ਫੜ ਨਾਗਰਿਕਤਾ ਦੇ ਦੁਆਰ ਦਾਖ਼ਲ ਕਰਾਉਣ ਦੀ ਸਮਰੱਥਾ ਰੱਖਦੀ ਹੈ । ਕਥਾ ਅਤੇ ਚਿੱਤਰਾਂ ਦੀ ਰੋਚਕਤਾ ਬਾਲ-ਪਾਠਕ ਨੂੰ ਕੀਲਣ ਦੀ ਸਮਰੱਥਾ ਰੱਖਦੀ ਹੈ ।

**156. ਮਹਾਂਭਾਰਤ** : ਕੇ. ਕੁਟੁੰਭ ਰਾਏ

ਅਨੁਵਾਦ : *ਸਿੱਧੂ ਦਮਦਮੀ* *ਸਫ਼ੇ : 64 ਕੀਮਤ : 5.00*

ਇਸ ਪੁਸਤਕ ਵਿਚ ਮਹਾਂਭਾਰਤ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਗਈ ਹੈ। ਬੱਚਿਆਂ ਲਈ ਗਿਆਨ ਵਧਾਉਣ ਵਾਲੀ ਪੁਸਤਕ ਹੈ। ਤਸਵੀਰਾਂ ਨੇ ਕਿਤਾਬ ਦੀ ਖ਼ੂਬਸੂਰਤੀ ਵਿਚ ਚੋਖਾ ਵਾਧਾ ਕੀਤਾ ਹੈ।

**157. ਮਤਸਯਾ : ਇਕ ਸੁੰਦਰ ਮੱਛੀ** : ਸ਼ਾਂਤਾ ਰਾਮੇਸ਼ਵਰ ਰਾਓ
ਅਨੁਵਾਦ : *ਦੀਦਾਰ ਸਿੰਘ* *ਸਫ਼ੇ : 32 ਕੀਮਤ : 5.00*
ਇਸ ਪੁਸਤਕ ਵਿਚ ਇਕ ਛੋਟੀ ਮੱਛੀ ਮਤਸਯਾ ਦੀ ਦਿਲਚਸਪ ਕਹਾਣੀ ਹੈ। ਸਿਗਰੁਨ ਸ੍ਰੀਵਾਸਤਵ ਦੇ ਚਿੱਤਰ ਮਨਮੋਹਕ ਹਨ।

**158. ਇਕ ਵਾਰੀ ਦੀ ਗੱਲ-1** : ਐਮ. ਚੋਕਸੀ ਅਤੇ ਪੀ.ਐਮ. ਜੋਸ਼ੀ
ਅਨੁਵਾਦ : *ਗੁਲਜ਼ਾਰ ਸਿੰਘ ਸੰਧੂ* *ਸਫ਼ੇ : 64 ਕੀਮਤ : 5.00*
ਇਸ ਪੁਸਤਕ ਵਿਚ ਲੇਖਕ ਨੇ ਉਨ੍ਹਾਂ ਮਨਮੋਹਕ ਕਹਾਣੀਆਂ ਨੂੰ ਅੰਕਿਤ ਕੀਤਾ ਹੈ ਜੋ ਮੋਹਿੰਜੋਦਾਰੋ ਤੋਂ ਲੈ ਕੇ ਚੋਲਾ ਰਾਜ ਤਕ ਦੇ ਜੀਵਨ ਨੂੰ ਪੇਸ਼ ਕਰਦੀਆਂ ਹਨ।

**159. ਇਕ ਵਾਰੀ ਦੀ ਗੱਲ-2** : ਐਮ. ਚੋਕਸੀ ਅਤੇ ਪੀ.ਐਮ. ਜੋਸ਼ੀ
ਅਨੁਵਾਦ : *ਗੁਲਜ਼ਾਰ ਸਿੰਘ ਸੰਧੂ* *ਸਫ਼ੇ : 64 ਕੀਮਤ : 5.00*
ਇਸ ਪੁਸਤਕ ਵਿਚ ਲੇਖਕ ਨੇ ਭਾਰਤ ਦੇ ਇਤਿਹਾਸ ਵਿਚੋਂ 4 ਕਹਾਣੀਆਂ ਦਾ ਵਰਣਨ ਕੀਤਾ ਹੈ। ਇਹ ਕਹਾਣੀਆਂ ਜਿਥੇ ਇਤਿਹਾਸਕ ਜਾਣਕਾਰੀ ਨਾਲ ਭਰਪੂਰ ਹਨ ਉਥੇ ਇਨ੍ਹਾਂ ਵਿਚੋਂ ਦੂਜੀ ਤੋਂ ਸੱਤਵੀਂ ਸਦੀ ਦੇ ਸਭਿਆਚਾਰ ਬਾਰੇ ਵੀ ਜਾਣਕਾਰੀ ਮਿਲਦੀ ਹੈ।

**160. ਭਾਰਤੀ ਜਲ ਸੈਨਾ** : ਕਮਾਂਡਰ ਆਰ.ਐਨ. ਗੁਲਾਟੀ
ਅਨੁਵਾਦ : *ਗੁਲਵੰਤ 'ਫ਼ਾਰਿਗ'* *ਸਫ਼ੇ : 64 ਕੀਮਤ : 5.00*
ਇਸ ਪੁਸਤਕ ਵਿਚ ਭਾਰਤੀ ਜਲ ਸੈਨਾ ਦੇ ਜਨਮ ਤੋਂ ਇਲਾਵਾ, ਇਸ ਦੁਆਰਾ ਭਾਰਤ ਲਈ ਸ਼ਾਂਤੀ ਤੇ ਯੁੱਧ ਸਮੇਂ ਨਿਭਾਈ ਅਹਿਮ ਭੂਮਿਕਾ ਦਾ ਦਿਲਚਸਪ ਵਰਣਨ ਹੈ।

**161. ਓਲੰਪਿਕ ਖੇਡਾਂ ਤੇ ਮਹਾਨ ਖਿਡਾਰੀ** : ਮੇਲਵਿਲ ਡੀਮੈਲੋ
ਅਨੁਵਾਦ : *ਬਾਲੀ ਚੋਪੜਾ* *ਸਫ਼ੇ : 64 ਕੀਮਤ : 5.00*
ਇਸ ਪੁਸਤਕ ਵਿਚ ਓਲੰਪਿਕ ਖੇਡਾਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਦਾ ਵਰਣਨ ਹੈ। ਨਾਲ ਹੀ ਓਲੰਪਿਕ ਖੇਡਾਂ ਦੇ ਜਨਮ ਤੋਂ ਲੈ ਕੇ ਹੁਣ ਤਕ ਦਾ ਇਤਿਹਾਸ ਦਿੱਤਾ ਹੈ।

**162. ਸਾਡਾ ਸਰੀਰ** : ਰਾਮੇਸ਼ ਬਿਜਲਾਨੀ
ਅਨੁਵਾਦ : *ਡਾ. ਅੰਮ੍ਰਿਤਲਾਲ ਪਾਲ* *ਸਫ਼ੇ : 32 ਕੀਮਤ : 5.00*
ਇਸ ਪੁਸਤਕ ਵਿਚ ਸਰੀਰ ਦੇ ਵਿਭਿੰਨ ਅੰਗਾਂ ਦੇ ਕੰਮ ਕਰਨ ਦੇ ਢੰਗ ਬਾਰੇ ਦਿਲਚਸਪ ਜਾਣਕਾਰੀ ਦਿੱਤੀ ਗਈ ਹੈ।

**163. ਸਾਡੇ ਲਾਭਦਾਇਕ ਬੂਟੇ** : ਕੇ.ਐਸ. ਸ਼ੇਖਰਮ
ਅਨੁਵਾਦ : *ਤਾਰਾ ਸਿੰਘ ਅਨਜਾਣ* *ਸਫ਼ੇ : 32 ਕੀਮਤ : 5.00*

ਇਸ ਪੁਸਤਕ ਵਿਚ ਉਨ੍ਹਾਂ ਪੌਦਿਆਂ ਅਤੇ ਦਰਖ਼ਤਾਂ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ ਹੈ ਜੋ ਜਾਨਵਰਾਂ ਅਤੇ ਮਨੁੱਖਾਂ ਵਾਸਤੇ ਲਾਭਦਾਇਕ ਹਨ ।

**164. ਯੁਵਰਾਜ ਰਾਮ** : ਹੰਸਾ ਮਹਿਤਾ

*ਅਨੁਵਾਦ : ਪ੍ਰੋ. ਰਾਮ ਸਿੰਘ* *ਸਫ਼ੇ : 64 ਕੀਮਤ : 5.00*

ਬਾਲਮੀਕੀ ਰਾਮਾਇਣ ਉਤੇ ਆਧਾਰਿਤ ਰਾਮਚੰਦਰ ਜੀ ਦੇ ਰਾਜਗੱਦੀ 'ਤੇ ਬੈਠਣ ਤਕ ਦੀ ਕਹਾਣੀ ਇਸ ਪੁਸਤਕ ਵਿਚ ਦਰਜ ਹੈ । ਪੁਸਤਕ ਦੇ ਰੂਪਕਾਰ ਸੁਕੁਮਾਰ ਚੈਟਰਜੀ ਹਨ ।

**165. ਪ੍ਰੇਮਚੰਦ** : ਅੰਮ੍ਰਿਤ ਰਾਏ

*ਅਨੁਵਾਦ : ਨਵਯੁਗ ਵਡਾਲੀਆ* *ਸਫ਼ੇ : 64 ਕੀਮਤ : 5.00*

ਇਸ ਪੁਸਤਕ ਵਿਚ ਲੇਖਕ ਨੇ ਪ੍ਰੇਮ ਚੰਦ ਦੀਆਂ ਲਿਖਤਾਂ ਰਾਹੀਂ ਹੀ ਉਸ ਦੀ ਜੀਵਨ-ਕਹਾਣੀ ਤੇ ਸ਼ਖ਼ਸੀਅਤ 'ਤੇ ਰੋਸ਼ਨੀ ਪਾਈ ਹੈ ।

**166. ਚੋਟੀ ਤੋਂ ਚੋਟੀ** : ਬ੍ਰਿਗੇਡੀਅਰ ਗਿਆਨ ਸਿੰਘ

*ਮੂਲ ਪੰਜਾਬੀ* *ਸਫ਼ੇ : 64 ਕੀਮਤ : 5.00*

ਇਸ ਪੁਸਤਕ ਵਿਚ ਪਰਬਤਾਰੋਹੀਆਂ ਦੀ ਕਹਾਣੀ ਨੂੰ ਬੜੇ ਹੀ ਦਿਲ-ਟੁੰਬਵੇਂ ਢੰਗ ਨਾਲ ਪੇਸ਼ ਕੀਤਾ ਗਿਆ ਹੈ ।

**167. ਸਾਡੀ ਫ਼ੌਜ** : ਮੇਜਰ ਜਨਰਲ ਡੀ.ਕੇ. ਪਾਟਿਲ

*ਅਨੁਵਾਦ : ਕਰਮ ਸਿੰਘ* *ਸਫ਼ੇ : 64 ਕੀਮਤ : 5.00*

ਇਸ ਪੁਸਤਕ ਵਿਚ ਭਾਰਤੀ ਫ਼ੌਜ ਦੇ ਜਨਮ ਤੋਂ ਲੈ ਕੇ ਇਸ ਦੀ ਅਜੋਕੀ ਸਥਿਤੀ ਤਕ ਦੀ ਜਾਣਕਾਰੀ ਅਤੇ ਭਾਰਤੀ ਫ਼ੌਜ ਦੁਆਰਾ ਲੜੇ ਗਏ ਯੁੱਧਾਂ ਦਾ ਵੀ ਵਰਣਨ ਹੈ ।

**168. ਟੁੱਟਿਆ ਖੰਭ ਤੇ ਹੋਰ ਏਸ਼ੀਆਈ ਕਹਾਣੀਆਂ** : ਬਲੇਂਦਰ ਧਨੋਆ

*ਅਨੁਵਾਦ : ਸੁਕੀਰਤ ਆਨੰਦ* *ਸਫ਼ੇ : 48 ਕੀਮਤ : 5.00*

ਇਸ ਪੁਸਤਕ ਵਿਚ ਪੰਜ ਦਿਲਚਸਪ ਬਾਲ-ਕਥਾਵਾਂ ਸ਼ਾਮਲ ਹਨ । ਇਹ ਕਥਾਵਾਂ ਆਪਣੀ ਰੌਚਕਤਾ ਸਦਕਾ ਬਾਲ-ਪਾਠਕਾਂ ਵਿਚ ਸਾਹਿਤਕ ਭੁੱਖ ਪੈਦਾ ਕਰਨ ਦੀ ਸਮਰੱਥਾ ਹੀ ਨਹੀਂ ਰਖਦੀਆਂ ਸਗੋਂ ਅਚੇਤ ਤੌਰ 'ਤੇ ਜੀਵਨ ਪ੍ਰਤੀ ਸੁਚੱਜੀ ਨੀਝ ਤੇ ਸਾਰਥਕ ਦ੍ਰਿਸ਼ਟੀਕੋਣ ਪ੍ਰਦਾਨ ਕਰਨ ਦੇ ਸਮਰੱਥ ਵੀ ਹਨ ।

**169. ਪੁਸਤਕਾਂ ਦੀ ਅਨੋਖੀ ਦੁਨੀਆਂ** : ਸੈਮੁਅਲ ਇਸਰਾਇਲ

*ਅਨੁਵਾਦ : ਨਵਯੁਗ ਵਡਾਲੀਆ* *ਸਫ਼ੇ : 64 ਕੀਮਤ : 5.00*

ਇਸ ਪੁਸਤਕ ਵਿਚ ਕਿਤਾਬਾਂ ਦੇ ਹੋਂਦ ਵਿਚ ਆਉਣ ਬਾਰੇ ਅਤੇ ਕਿਤਾਬਾਂ ਦੀ ਛਪਾਈ ਲਈ ਵਰਤੀ ਜਾਂਦੀ ਆਧੁਨਿਕ ਤਕਨਾਲੋਜੀ ਬਾਰੇ ਜਾਣਕਾਰੀ ਹੈ । ਕਿਤਾਬਾਂ ਰਾਹੀਂ ਮਨੁੱਖੀ ਗਿਆਨ ਵਿਚ ਹੋਣ ਵਾਲੇ ਵਾਧੇ ਦੀ ਵੀ ਇਸ ਵਿਚ ਚਰਚਾ ਹੈ ।

**170. ਬ੍ਰਹਿਮੰਡ ਦਾ ਵਰਦਾਨ** : ਮੋਹਨ ਸੁੰਦਰ ਰਾਜਨ

ਅਨੁਵਾਦ : *ਚੰਦਰ ਹਰੀ* *ਸਫ਼ੇ : 56 ਕੀਮਤ : 5.00*

ਇਸ ਪੁਸਤਕ ਵਿਚੋਂ ਵਿਗਿਆਨ ਬਾਰੇ ਜਾਣਕਾਰੀ ਮਿਲਦੀ ਹੈ । ਇਸ ਪੁਸਤਕ ਵਿਚ ਉਨ੍ਹਾਂ ਤਿੰਨ ਬੱਚਿਆਂ ਦੀ ਕਹਾਣੀ ਹੈ ਜੋ ਲਮੀਨੋ ਤੇਜ਼ਾਬ ਦੇ ਟੀਕੇ ਲੱਗਣ ਕਾਰਣ ਬਹੁਤ ਹੁਸ਼ਿਆਰੀ ਤੇ ਅਕਲਮੰਦੀ ਤੋਂ ਕੰਮ ਲੈਂਦੇ ਹਨ ।

**171. ਪਾਣੀ** : ਰਾਮਾ

ਅਨੁਵਾਦ : *ਬਲਬੀਰ ਮਾਧੋਪੁਰੀ* *ਸਫ਼ੇ : 64 ਕੀਮਤ : 5.00*

ਇਸ ਪੁਸਤਕ ਵਿਚ ਪਾਣੀ ਦੀ ਮਹੱਤਤਾ, ਫ਼ਾਇਦੇ, ਇਸ ਦੀ ਉਪਲੱਬਧਤਾ, ਪਾਣੀ ਪ੍ਰਦੂਸ਼ਣ, ਪਾਣੀ ਦੇ ਸਰੋਤਾਂ ਅਤੇ ਪੂਰਤੀ ਬਾਰੇ ਜਾਣਕਾਰੀ ਦਿੱਤੀ ਗਈ ਹੈ ।

**172. ਚਾਹ ਦੀ ਕਹਾਣੀ** : ਅਨੂਪ ਕੁਮਾਰ ਦੱਤਾ

ਅਨੁਵਾਦ : *ਡਾ. ਕ੍ਰਿਸ਼ਨ ਕੁਮਾਰ ਰੱਤੂ* *ਸਫ਼ੇ : 64 ਕੀਮਤ : 5.00*

ਚਾਹ ਦੇ ਬਾਗ਼ ਨੂੰ ਪਿਛੋਕੜ ਵਿਚ ਰੱਖ ਕੇ ਲੇਖਕ ਨੇ ਚਾਹ ਦੀ ਉਗਾਈ ਤੇ ਸਪਲਾਈ ਬਾਰੇ ਦਿਲਚਸਪ ਵਾਰਤਾ ਪੇਸ਼ ਕੀਤੀ ਹੈ । ਪੁਸਤਕ ਦੇ ਰੂਪਕਾਰ ਮਰੀਨਲ ਮਿਤਰਾ ਹਨ ।

**173. ਚਿੜੀਆਘਰ ਵਿਚ** : ਰਸਕਿਨ ਬਾਂਡ

ਅਨੁਵਾਦ : *ਸੁਰਜੀਤ* *ਸਫ਼ੇ : 64 ਕੀਮਤ : 5.00*

ਇਸ ਪੁਸਤਕ ਵਿਚ ਚਿੜੀਆਘਰ ਵਿਚਲੇ ਵੱਖ-ਵੱਖ ਜਾਨਵਰਾਂ ਤੇ ਪੰਛੀਆਂ ਬਾਰੇ ਰੌਚਕ ਵੇਰਵਾ ਹੈ । ਇਨ੍ਹਾਂ ਜਾਨਵਰਾਂ ਤੇ ਪੰਛੀਆਂ ਵਿਚ ਨਾਇਬ ਸਾਰਸ, ਕਾਲਾ ਮਿਰਗ, ਚਿਪੈਂਜੀ, ਮਗਰਮੱਛ, ਹਾਥੀ, ਜਿਰਾਫ਼, ਗੁਆਨਾ ਸੂਰ, ਦਰਿਆਈ ਘੋੜਾ ਤੋਂ ਇਲਾਵਾ ਹੋਰ ਕਈ ਜਾਨਵਰਾਂ ਤੇ ਪੰਛੀਆਂ ਦਾ ਵਰਣਨ ਹੈ ।

**174. ਤਿੱਲੀ-ਤਿਤਲੀ** : ਰਮੇਸ਼ ਬਖ਼ਸ਼ੀ

ਅਨੁਵਾਦ : *ਹਰਭਜਨ ਸਿੰਘ ਬਟਾਲਵੀ* *ਸਫ਼ੇ : 32 ਕੀਮਤ : 5.00*

ਇਕ ਨੰਨ੍ਹੀ ਬੱਚੀ ਲਿਲੀ ਦਾ ਖ਼ੂਬਸੂਰਤ ਸੁਪਨਾ ਇਸ ਪੁਸਤਕ ਦੇ ਪੰਨਿਆਂ ਉਤੇ ਫੈਲਿਆ ਹੋਇਆ ਹੈ । ਤਿੱਲੀ-ਤਿਤਲੀ ਅਤੇ ਤੀਤਲ (ਨਰ) ਦੇ ਰੋਮਾਂਸ ਦੀ ਕਹਾਣੀ ਬੱਚਿਆਂ ਨੂੰ ਇਸ ਗੰਭੀਰ ਵਿਸ਼ੇ ਬਾਰੇ ਸਹਿਜ ਹੀ ਗਿਆਨ-ਬੋਧ ਕਰਵਾਉਣ ਵਿਚ ਪੂਰੀ ਤਰ੍ਹਾਂ ਸਫ਼ਲ ਹੈ । ਪੁਸਤਕ ਦੀ ਛਾਪ ਮੋਟੇ ਅੱਖਰਾਂ ਵਿਚ ਹੈ ।

**175. ਪੰਛੀ ਜਗਤ** : ਜਮਾਲਆਰਾ

ਅਨੁਵਾਦ : *ਈਸ਼ਰ ਸਿੰਘ ਅਟਾਰੀ* *ਸਫ਼ੇ : 64 ਕੀਮਤ : 5.00*

ਇਸ ਪੁਸਤਕ ਵਿਚ ਲੇਖਕ ਨੇ ਭਾਰਤ ਦੇ ਪੰਛੀਆਂ ਬਾਰੇ ਬੜੀ ਹੀ ਦਿਲਚਸਪ ਜਾਣਕਾਰੀ ਸਾਦੇ ਤੇ ਸਰਲ ਢੰਗ ਨਾਲ ਦਿੱਤੀ ਹੈ । ਪੁਸਤਕ ਤਸਵੀਰਾਂ ਨਾਲ ਸਜਾ ਕੇ ਛਾਪੀ ਗਈ ਹੈ ।

**176. ਰੁੱਖਾਂ ਦੀ ਦੁਨੀਆ** : ਰਸਕਿਨ ਬਾਂਡ

*ਅਨੁਵਾਦ : ਅਮਰਜੀਤ ਕੌਰ ਪਸਰੀਚਾ* *ਸਫ਼ੇ : 64 ਕੀਮਤ : 5.00*

ਭਾਰਤ ਵਰਗੇ ਵਿਸ਼ਾਲ ਦੇਸ਼ ਵਿਚ ਕਈ ਪ੍ਰਕਾਰ ਦੇ ਦਰਖ਼ਤ ਹਨ। ਬੱਚਿਆਂ ਨੂੰ ਸ਼ਕਤੀਸ਼ਾਲੀ ਬੋਹੜ, ਪਵਿੱਤਰ ਪਿੱਪਲ, ਅੰਬ, ਕੁੰਜ, ਸਿੰਮਲ ਦੇ ਰੁੱਖ, ਜੰਗਲ, ਤਾੜ ਆਦਿ ਬਾਰੇ ਦਿਲਚਸਪ ਜਾਣਕਾਰੀ ਦਿੱਤੀ ਗਈ ਹੈ।

**177. ਸਿਆਣਾ ਅਤੇ ਚਲਾਕ** : ਕਲਾ ਥੈਰਾਨੀ

*ਅਨੁਵਾਦ : ਰਜਵੰਤ ਸਿੰਘ ਰਾਣਾ* *ਸਫ਼ੇ : 32 ਕੀਮਤ : 5.00*

ਇਸ ਪੁਸਤਕ ਵਿਚ ਪੂਰਬ ਦੀਆਂ ਛੇ ਕਹਾਣੀਆਂ ਅੰਕਿਤ ਹਨ। ਬੱਚਿਆਂ ਵਾਸਤੇ ਗਿਆਨ ਵਿਚ ਵਾਧਾ ਕਰਨ ਵਾਲੀ ਪੁਸਤਕ ਹੈ।

**178. ਸਭ ਤੋਂ ਪਿਆਰਾ ਕੌਣ** : ਰਾਧਾ ਐਮ. ਖੰਬਾਦਕੋਨੇ

*ਅਨੁਵਾਦ : ਇਕਬਾਲਦੀਪ* *ਸਫ਼ੇ : 32 ਕੀਮਤ : 5.00*

ਇਸ ਪੁਸਤਕ ਵਿਚ ਉਨ੍ਹਾਂ ਮੁੱਖ ਦਰਖ਼ਤਾਂ ਦਾ ਵਰਨਣ ਹੈ ਜਿਨ੍ਹਾਂ ਦੇ ਫੁੱਲ ਗਰਮੀਆਂ ਦੀ ਰੁੱਤ ਵਿਚ ਖਿੜਦੇ ਹਨ। ਇਨ੍ਹਾਂ ਫੁੱਲਾਂ ਵਿਚ ਮੁਕਾਬਲੇ ਦੀ ਕਹਾਣੀ ਨੂੰ ਲੇਖਕ ਨੇ ਬੜੇ ਦਿਲਚਸਪ ਢੰਗ ਨਾਲ ਪੇਸ਼ ਕੀਤਾ ਹੈ।

**179. ਜਦੋਂ ਦਰਿਆ ਬੋਲ ਪਿਆ** : ਕਮਲਾ ਨਾਇਰ

*ਅਨੁਵਾਦ : ਡਾ. ਚਮਨ ਲਾਲ* *ਸਫ਼ੇ : 32 ਕੀਮਤ : 5.00*

ਇਸ ਪੁਸਤਕ ਵਿਚ ਇਕ ਸਕੂਲ ਜਾਣ ਦੀ ਚਾਹਵਾਨ ਕੁੜੀ ਦੀ ਕਹਾਣੀ ਹੈ, ਜਿਸ ਨੂੰ ਲੇਖਕ ਨੇ ਬੜੇ ਖ਼ੂਬਸੂਰਤ ਅੰਦਾਜ਼ ਵਿਚ ਬਿਆਨ ਕੀਤਾ ਹੈ। ਰੂਪਕਾਰ ਸ਼ੰਕਰ ਸੇਨ ਹਨ।

**180. ਕਹਾਣੀ ਜੁਗੋ ਜੁਗ** : ਸ਼ਾਂਤਾ ਰੰਗਾਚਾਰੀ

*ਅਨੁਵਾਦ : ਵਿਸ਼ਵਾਸਦੀਪ* *ਸਫ਼ੇ : 32 ਕੀਮਤ : 5.00*

ਇਕ ਛੋਟੀ ਜਿਹੀ ਮੁੰਨੀ 'ਅਹੱਲਿਆ' ਪਾਣੀ ਦੀ ਨਿੱਕੀ ਜਿਹੀ ਕਲੋਲਾਂ ਕਰਦੀ ਲਹਿਰ ਨੂੰ ਆਪਣੇ ਨਿੱਕੇ ਅਤੇ ਭੋਲੇ-ਆਪੇ ਸਮਾਨ ਜਾਣ ਕੇ ਖੁਸ਼ ਹੁੰਦੀ ਹੈ ਤੇ ਪਿਆਰ ਕਰਦੀ ਹੈ। ਵੱਡੇ ਵੱਡੇ ਆਕਾਰ ਦੀਆਂ ਤਸਵੀਰਾਂ ਇਥੇ ਵੀ ਨਿੱਕੇ ਬਾਲ ਨੂੰ ਆਪਣੀ ਗਲਵੱਕੜੀ ਵਿਚ ਲੈ ਕੇ ਲਾਡ ਲਡਾਉਣ ਦੇ ਸਮਰੱਥ ਹਨ।

**181. ਆਜ਼ਾਦੀ ਦੀ ਕਹਾਣੀ-1** : ਵਿਸ਼ਨੂੰ ਪ੍ਰਭਾਕਰ

*ਅਨੁਵਾਦ : ਜਗਜੀਤ ਕੌਰ ਸਿੱਧੂ* *ਸਫ਼ੇ : 64 ਕੀਮਤ : 5.00*

ਇਸ ਪੁਸਤਕ ਵਿਚ ਲੇਖਕ ਨੇ ਭਾਰਤ ਦੇ ਆਜ਼ਾਦੀ ਸੰਗ੍ਰਾਮ ਦੀ ਕਹਾਣੀ ਨੂੰ ਪੇਸ਼ ਕੀਤਾ ਹੈ। ਬੱਚਿਆਂ ਲਈ ਦਿਲਚਸਪ ਤੇ ਗਿਆਨ ਵਿਚ ਵਾਧਾ ਕਰਨ ਵਾਲੀ ਪੁਸਤਕ ਹੈ।

**182. ਭਾਰਤ ਦੀਆਂ ਕੁਝ ਲੋਕ-ਖੇਡਾਂ** : ਮੁਲਖ ਰਾਜ ਆਨੰਦ

*ਅਨੁਵਾਦ : ਡਾ. ਅਮਰਜੀਤ ਕੌਰ* *ਸਫ਼ੇ : 40 ਕੀਮਤ : 5.00*

ਭਾਰਤ ਦੇ ਗਲੀ-ਮੁਹੱਲਿਆਂ ਵਿਚ ਬੱਚਿਆਂ ਦੁਆਰਾ ਖੇਡੀਆਂ ਜਾਣ ਵਾਲੀਆਂ ਲੋਕ-ਪ੍ਰਚੱਲਿਤ ਖੇਡਾਂ ਦਾ ਵਰਣਨ ਇਸ ਪੁਸਤਕ ਵਿਚ ਬੜੇ ਹੀ ਸਾਦੇ, ਸਰਲ ਅਤੇ ਰੋਚਕ ਢੰਗ ਨਾਲ ਕੀਤਾ ਗਿਆ ਹੈ ।

**183. ਜੰਗਲ ਦਾ ਜੀਵਨ** *(ਬੂਟਿਆਂ, ਜਾਨਵਰਾਂ ਅਤੇ ਪੰਛੀਆਂ ਬਾਰੇ)* : ਜਿਤ ਰਾਏ
ਅਨੁਵਾਦ : *ਨਵਯੁਗ ਵਡਾਲੀਆ* *ਸਫ਼ੇ : 64 ਕੀਮਤ : 5.00*
ਲੇਖਕ ਨੇ ਜੰਗਲੀ ਪਸ਼ੂ-ਪੰਛੀਆਂ ਦੇ ਮੋਹ, ਬੂਟੇ ਨਹੀਂ ਜੀਵਨ ਨਹੀਂ, ਜੰਗਲੀਪਣ ਅਜੇ ਵੀ ਸਾਡੇ ਅੰਦਰ ਹੈ, ਮਾਰੂਥਲ ਮਨੁੱਖ ਬਣਾਉਂਦਾ ਹੈ, ਜੰਗਲਾਂ ਦੀ ਕਟਾਈ ਦੇ ਖ਼ਤਰੇ, ਦੁਨੀਆ ਦੀਆਂ ਸਭ ਤੋਂ ਵੱਡੀਆਂ ਅਤੇ ਸਭ ਤੋਂ ਪੁਰਾਣੀਆਂ ਜਿਉਂਦੀਆਂ ਚੀਜ਼ਾਂ, ਜੰਗਲੀ ਪਸ਼ੂ-ਪੰਛੀਆਂ ਬਾਰੇ ਅੰਧ-ਵਿਸ਼ਵਾਸ, ਸੱਪ ਸਾਡੇ ਦੁਸ਼ਮਣ ਨਹੀਂ, ਜੰਗਲੀ ਜਾਨਵਰ, ਪਾਲਤੂ ਜਾਨਵਰ ਦੇ ਤੌਰ 'ਤੇ ਵਿਸ਼ਿਆਂ ਬਾਰੇ ਜਾਣਕਾਰੀ ਦਿੱਤੀ ਗਈ ਹੈ ।

**184. ਵਣ-ਜੀਵਾਂ ਦੇ ਰੱਖਿਅਕ ਦਾ ਸਾਹਸ** : ਈ.ਆਰ.ਸੀ. ਦੇਵੀਦਰ
ਅਨੁਵਾਦ : *ਕਰਮ ਸਿੰਘ* *ਸਫ਼ੇ : 64 ਕੀਮਤ : 5.00*
ਇਸ ਪੁਸਤਕ ਦੇ ਲੇਖਕ ਨੂੰ ਵਣ-ਜੀਵਾਂ ਬਾਰੇ ਭਰਪੂਰ ਜਾਣਕਾਰੀ ਹੈ । ਵਣ-ਜੀਵਾਂ ਦੇ ਰੱਖਿਅਕ ਦੇ ਸਾਹਸ ਦੀ ਕਹਾਣੀ ਨੂੰ ਇਸ ਪੁਸਤਕ ਵਿਚ ਬਹੁਤ ਹੀ ਦਿਲਚਸਪ ਅਤੇ ਰੌਚਕ ਢੰਗ ਨਾਲ ਪੇਸ਼ ਕੀਤਾ ਗਿਆ ਹੈ ।

**185. ਭਾਰਤ ਦੇ ਮਹਾਨ ਸੰਤ** : ਗੋਪੀਨਾਥ ਤਲਵਾਲਕਰ
ਅਨੁਵਾਦ : *ਜੀ.ਐਸ. ਮੋਹੇ* *ਸਫ਼ੇ : 64 ਕੀਮਤ : 5.00*
ਬੱਚਿਆਂ ਵਿਚ ਤਿਆਗ, ਬਲੀਦਾਨ, ਕਰਤੱਵ, ਪ੍ਰੇਮ, ਚਰਿੱਤਰ ਨਿਰਮਾਣ ਦੀ ਸਿੱਖਿਆ ਦੇਣ ਵਾਲੇ ਗੁਰੂ ਨਾਨਕ ਦੇਵ ਜੀ, ਬਸਵੇਸਵਰ, ਚਕ੍ਰਧਰ, ਏਕਨਾਥ, ਚੰਡੀਦਾਸ ਅਤੇ ਭਗਤ ਕਬੀਰ ਦੇ ਜੀਵਨ ਦੀਆਂ ਰੋਚਕ ਘਟਨਾਵਾਂ 'ਤੇ ਆਧਾਰਿਤ ਕਹਾਣੀਆਂ ਹਨ ।

**186. ਅੱਧੇ ਗੋਲ ਚੱਕਰ ਲੱਭੇ** : ਬਦਰੀ ਨਾਰਾਇਣ
ਅਨੁਵਾਦ/ਮੂਲ ਪੰਜਾਬੀ *ਸਫ਼ੇ : 16 ਕੀਮਤ : 5.00*
ਨੰਨ੍ਹੇ-ਮੁੰਨੇ ਬੱਚਿਆਂ ਲਈ ਇਹ ਦਿਲਚਸਪ ਤੇ ਸਚਿੱਤਰ ਪੁਸਤਕ ਹੈ ।

**187. ਜਾਨਵਰਾਂ ਦੀ ਅਨੋਖੀ ਦੁਨੀਆ** : ਰਮੇਸ਼ ਬਖਸ਼ੀ
ਅਨੁਵਾਦ/ਮੂਲ ਪੰਜਾਬੀ *ਸਫ਼ੇ : 16 ਕੀਮਤ : 5.00*
ਪ੍ਰਸਿੱਧ ਚਿੱਤਰਕਾਰ ਅਰਬਿੰਦੋ ਕੁਡੂ ਦੇ ਬਣਾਏ ਸ਼ੇਰ, ਹਾਥੀ, ਹਿਰਨ, ਬਾਂਦਰ, ਗੈਂਡਾ ਅਤੇ ਲੂੰਬੜੀ ਆਦਿ ਦੇ ਚਿੱਤਰ ਪ੍ਰਭਾਵਸ਼ਾਲੀ ਹਨ । ਨੰਨ੍ਹੇ-ਮੁੰਨੇ ਬੱਚਿਆਂ ਲਈ ਇਹ ਇਕ ਦਿਲਚਸਪ ਪੁਸਤਕ ਹੈ ।

**188. ਇਕ ਵਾਰੀ ਇਕ ਪਿੰਡ ਵਿਚ** : ਐਚ.ਸੀ. ਮਦਾਨ
ਅਨੁਵਾਦ : *ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 24 ਕੀਮਤ : 5.00*

ਭਾਰਤ ਦੇ ਪਿੰਡਾਂ ਦੀ ਜ਼ਿੰਦਗੀ ਦਿਲਚਸਪ ਭਾਸ਼ਾ ਵਿਚ ਰੰਗੀਨ ਚਿੱਤਰਾਂ ਸਮੇਤ ਇਸ ਪੁਸਤਕ ਵਿਚ ਪੇਸ਼ ਕੀਤੀ ਗਈ ਹੈ ।

**189. ਕੀ ਸਹੀ ? ਕੀ ਗ਼ਲਤ ?** : ਸਿਗਰੁਨ ਸ਼੍ਰੀਵਾਸਤਵ

ਅਨੁਵਾਦ : *ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 16 ਕੀਮਤ : 5.00*

ਰੰਗ-ਬਰੰਗੇ ਚਿੱਤਰਾਂ ਨਾਲ ਸਜੀ ਨੰਨ੍ਹੇ-ਮੁੰਨੇ ਬੱਚਿਆਂ ਦੇ ਮਨੋਰੰਜਨ ਲਈ ਇਕ ਪ੍ਰੇਰਨਾ ਦੇਣ ਵਾਲੀ ਪੁਸਤਕ ਹੈ । ਬੱਚੇ ਚਿੱਤਰਾਂ ਵਿਚ ਗ਼ਲਤੀਆਂ ਲੱਭ ਕੇ ਖ਼ੁਸ਼ ਹੁੰਦੇ ਹਨ । ਇਸ ਪੁਸਤਕ ਵਿਚ ਘਰੋਗੀ ਗੱਲਬਾਤ ਨੂੰ ਰੌਚਕ ਬਣਾਇਆ ਗਿਆ ਹੈ ਤਾਂ ਜੋ ਪੁਸਤਕਾਂ ਪੜ੍ਹਨ ਦੀ ਰੁਚੀ ਬਚਪਨ ਤੋਂ ਹੀ ਵਿਕਸਿਤ ਹੋ ਸਕੇ ।

**190. ਘਰ ਅਤੇ ਘਰ** : ਰਮੇਸ਼ ਬਖਸ਼ੀ

ਅਨੁਵਾਦ/ਮੂਲ ਪੰਜਾਬੀ *ਸਫ਼ੇ : 16 ਕੀਮਤ : 5.00*

ਭਾਰਤ-ਜਰਮਨ ਜਨਵਾਦੀ ਗਣਤੰਤਰ ਦੇ ਸਹਿਯੋਗ ਨਾਲ ਇਹ ਪੁਸਤਕ ਤਿਆਰ ਕੀਤੀ ਗਈ ਹੈ । ਵੱਖ-ਵੱਖ ਰੰਗਾਂ ਨਾਲ ਬੜੇ ਸੁੰਦਰ ਘਰ ਬਣਾਏ ਗਏ ਹਨ ।

**191. ਛੋਟੀ ਕੀੜੀ ਵੱਡਾ ਕੰਮ** : ਪੂਲਕ ਵਿਸ਼ਵਾਸ

ਅਨੁਵਾਦ/ਮੂਲ ਪੰਜਾਬੀ *ਸਫ਼ੇ : 16 ਕੀਮਤ : 5.00*

ਰੰਗੀਨ ਚਿੱਤਰਾਂ ਦੇ ਮਾਧਿਅਮ ਨਾਲ ਇਕ ਲੱਡੂ ਦੇ ਟੁਕੜੇ ਨੂੰ ਲੈ ਕੇ ਕੀੜੀਆਂ ਵਿਚਾਲੇ ਲੜਾਈ ਦੀ ਕਹਾਣੀ ਇਸ ਪੁਸਤਕ ਵਿਚ ਅੰਕਿਤ ਹੈ ।

**192. ਜੋੜਾਸਾਂਕੋ ਭਵਨ** : ਲੀਲਾ ਮਾਜੂਮਦਾਰ

ਅਨੁਵਾਦ : *ਸੁਜਾਨ ਸਿੰਘ ਪੰਨੂੰ* *ਸਫ਼ੇ : 64 ਕੀਮਤ : 5.00*

ਇਸ ਪੁਸਤਕ ਵਿਚ ਰਾਬਿੰਦਰਨਾਥ ਟੈਗੋਰ ਦੇ ਬਚਪਨ ਦੇ ਜੀਵਨ ਦੀ ਕਹਾਣੀ ਨੂੰ ਬੜੇ ਰੌਚਿਕ ਢੰਗ ਨਾਲ ਪੇਸ਼ ਕੀਤਾ ਗਿਆ ਹੈ ।

**193. ਭਾਰਤ ਦੇ ਤਿਉਹਾਰ** : (ਸੰਪਾਦਿਤ)

ਅਨੁਵਾਦ : *ਜੀ.ਐਸ. ਮੋਹੇ* *ਸਫ਼ੇ : 120 ਕੀਮਤ : 21.00*

ਭਾਰਤ ਵਿਚ ਹਰ ਸਾਲ ਮਨਾਏ ਜਾਣ ਵਾਲੇ ਕੁਝ ਮਹੱਤਵਪੂਰਣ ਰੰਗਾਰੰਗ ਤਿਉਹਾਰਾਂ ਦੀ ਜਾਣਕਾਰੀ ਦੇਣ ਵਾਲਾ ਇਕ ਰੌਚਕ ਅਤੇ ਖ਼ੂਬਸੂਰਤ ਚਿੱਤਰਾਂ ਨਾਲ ਭਰਪੂਰ ਸੰਗ੍ਰਹਿ ਹੈ ।

**194. ਫੁੱਲ ਅਤੇ ਮੈਂ** : ਮਨੋਰਮਾ ਜਫ਼ਾ

ਅਨੁਵਾਦ : *ਕਿਹਰ ਸਿੰਘ 'ਬੱਦਨ'* *ਸਫ਼ੇ : 24 ਕੀਮਤ : 5.00*

ਤਰ੍ਹਾਂ-ਤਰ੍ਹਾਂ ਦੇ ਮਨਮੋਹਕ ਤੇ ਸੁੰਦਰ ਫੁੱਲਾਂ ਦੇ ਬਾਰੇ ਇਕ ਸਚਿੱਤਰ ਪੁਸਤਕ ।

**195. ਬਰਾਤ** : ਮਿਕੀ ਪਟੇਲ

ਅਨੁਵਾਦ/ਮੂਲ ਪੰਜਾਬੀ *ਸਫ਼ੇ : 16 ਕੀਮਤ : 5.00*

ਛੋਟੇ ਬੱਚਿਆਂ ਨੂੰ 1 ਤੋਂ 10 ਤਕ ਦੀ ਗਿਣਤੀ ਸਿਖਾਉਣ ਵਾਲੀ ਸਚਿੱਤਰ ਪੁਸਤਕ।

**196. ਮੇਰੀ ਪਹਿਲੀ ਰੇਲ ਯਾਤਰਾ** : ਮ੍ਰਿਨਾਲ ਮਿਤਰਾ

ਅਨੁਵਾਦ/ਮੂਲ ਪੰਜਾਬੀ *ਸਫ਼ੇ : 16 ਕੀਮਤ : 5.00*

ਰੇਲਗੱਡੀ ਦੀ ਛੱਕ-ਛੱਕ ਦੇ ਨਾਲ ਸਫ਼ਰ ਦਾ ਆਨੰਦ, ਜੋ ਛੋਟੇ ਬੱਚਿਆਂ ਦੇ ਮਨ ਨੂੰ ਲੁਭਾਉਣ ਵਾਲਾ ਹੈ।

**197. ਰੰਗ-ਬਰੰਗਾ ਰਾਜਸਥਾਨ** : ਸ਼ਰਦਿੰਦੂ ਰਾਏ

ਅਨੁਵਾਦ/ਮੂਲ ਪੰਜਾਬੀ *ਸਫ਼ੇ : 16 ਕੀਮਤ : 5.00*

ਰਾਜਸਥਾਨ ਦੇ ਬਹਾਦਰ ਜਵਾਨ, ਦੁਰਲੱਭ ਕਿਲ੍ਹੇ, ਸੁੰਦਰ ਸਥਾਨ ਅਤੇ ਲੋਕਾਂ ਦੇ ਜੀਵਨ ਦੀ ਸੁੰਦਰ ਝਾਕੀ ਰੰਗ-ਬਰੰਗੇ ਚਿੱਤਰਾਂ ਰਾਹੀਂ ਪੇਸ਼ ਕੀਤੀ ਗਈ ਹੈ।

**198. ਜੰਗਲ ਵਿਚ ਮਚੀ ਦੁਹਾਈ** : ਜਗਦੀਸ਼ ਜੋਸ਼ੀ

ਅਨੁਵਾਦ/ਮੂਲ ਪੰਜਾਬੀ *ਸਫ਼ੇ : 16 ਕੀਮਤ : 5.00*

ਛੋਟੇ ਬੱਚਿਆਂ ਨੂੰ ਜੰਗਲ ਦੇ ਜਾਨਵਰਾਂ—ਸ਼ੇਰ, ਬਾਘ, ਤੇਂਦੂਆ, ਹਿਰਨ, ਹਾਥੀ, ਬਾਂਦਰ ਅਤੇ ਖਰਗੋਸ਼ ਆਦਿ ਬਾਰੇ ਜਾਣਕਾਰੀ ਦੇਣ ਵਾਲੀ ਰੰਗ-ਬਰੰਗੀ ਪੁਸਤਕ।

**199. ਸੁੰਦਰ ਮੋਰ** : ਰਮੇਸ਼ ਬਖਸ਼ੀ

ਅਨੁਵਾਦ/ਮੂਲ ਪੰਜਾਬੀ *ਸਫ਼ੇ : 16 ਕੀਮਤ : 5.00*

ਰਾਸ਼ਟਰੀ ਪੰਛੀ ਮੋਰ ਬਾਰੇ ਸਚਿੱਤਰ ਦਿਲਚਸਪ ਪੁਸਤਕ।

**200. ਹਾਥੀ ਅਤੇ ਕੁੱਤਾ** : ਬਦਰੀ ਨਾਰਾਇਣ

ਅਨੁਵਾਦ/ਮੂਲ ਪੰਜਾਬੀ *ਸਫ਼ੇ : 64 ਕੀਮਤ : 5.00*

ਨੰਨ੍ਹੇ-ਮੁੰਨੇ ਬੱਚਿਆਂ ਲਈ ਇਕ ਸਚਿੱਤਰ ਪੁਸਤਕ।

**201. ਇੱਕੋਡੀ ਦੇ ਸੁਪਨੇ** : ਮਹਾਸ਼ਵੇਤਾ ਦੇਵੀ

ਅਨੁਵਾਦ : *ਜੀ.ਐਸ. ਮੋਹੇ* *ਸਫ਼ੇ : 64 ਕੀਮਤ : 5.00*

ਤਸਵੀਰਾਂ ਨਾਲ ਸਜੀ ਬੱਚਿਆਂ ਲਈ ਦਿਲਚਸਪ ਪੁਸਤਕ ਹੈ। ਇਸ ਪੁਸਤਕ ਵਿਚ ਇਕ ਬੱਚੇ ਦੇ ਸੁਪਨਿਆਂ ਨੂੰ ਸਾਕਾਰ ਹੁੰਦੇ ਦਿਖਾਇਆ ਗਿਆ ਹੈ।

**202. ਬਾਜ਼ਾਰ ਦੀ ਸੈਰ** : ਮੰਜੁਲਾ ਪਦਮਾਨਾਭ

ਅਨੁਵਾਦ/ਮੂਲ ਪੰਜਾਬੀ *ਸਫ਼ੇ : 16 ਕੀਮਤ : 5.00*

ਨੰਨ੍ਹੇ-ਮੁੰਨੇ ਬੱਚਿਆਂ ਲਈ ਦਿਲਚਸਪ ਤਸਵੀਰਾਂ ਨਾਲ ਸਜੀ ਪੁਸਤਕ।

**203. ਦੀਵਾਲੀ** : ਰਵੀ ਪਰਾਂਜਪੇ

ਅਨੁਵਾਦ/ਮੂਲ ਪੰਜਾਬੀ *ਸਫ਼ੇ : 16 ਕੀਮਤ : 5.00*

ਬੱਚਿਆਂ ਲਈ ਦਿਲਚਸਪ ਖ਼ੂਬਸੂਰਤ ਤਸਵੀਰਾਂ ਵਾਲੀ ਸਚਿੱਤਰ ਪੁਸਤਕ।

**204. ਮਹਾਰਾਜਾ ਰਣਜੀਤ ਸਿੰਘ** : ਪ੍ਰੋ. ਪ੍ਰੀਤਮ ਸਿੰਘ
ਮੂਲ ਪੰਜਾਬੀ *ਸਫ਼ੇ : 32 ਕੀਮਤ : 5.00*
ਬੱਚਿਆਂ ਲਈ ਬਹੁਤ ਹੀ ਸਿੱਖਿਆਦਾਇਕ ਪੁਸਤਕ ਹੈ । ਇਸ ਪੁਸਤਕ ਵਿਚ ਲੇਖਕ ਨੇ ਮਹਾਰਾਜਾ ਰਣਜੀਤ ਸਿੰਘ ਦੀ ਸਰਬ-ਪੱਖੀ ਸ਼ਖ਼ਸੀਅਤ ਨੂੰ ਪੇਸ਼ ਕਰਨ ਦਾ ਸਫ਼ਲ ਯਤਨ ਕੀਤਾ ਹੈ ।

**205. ਮਾਂ ਟੇਰੇਸਾ** : ਲੀਲਾ ਮਜੂਮਦਾਰ ਅਤੇ ਬੱਚੀ ਕਰਕਰੀਆ
ਅਨੁਵਾਦ : *ਲੋਚਨ ਸਿੰਘ ਬਖ਼ਸ਼ੀ* *ਸਫ਼ੇ : 64 ਕੀਮਤ : 5.00*
ਮਾਂ ਟੇਰੇਸਾ ਦੇ ਜੀਵਨ ਬਾਰੇ ਬਹੁਤ ਹੀ ਜਾਣਕਾਰੀ ਭਰਪੂਰ ਪੁਸਤਕ ।

**206. ਰੰਗਾਂ ਦੀ ਖੇਡ** : ਮਧੂ ਪਾਉਲੇ
ਅਨੁਵਾਦ/ਮੂਲ ਪੰਜਾਬੀ *ਸਫ਼ੇ : 16 ਕੀਮਤ : 5.00*
ਖ਼ੂਬਸੂਰਤ ਤਸਵੀਰਾਂ ਨਾਲ ਸਜੀ ਰੰਗਾਂ ਬਾਰੇ ਪੁਸਤਕ ।

**207. ਗੁਬਾਰਾ** : ਪੀ.ਡੀ. ਪਾਡੇਕਰ
ਅਨੁਵਾਦ/ਮੂਲ ਪੰਜਾਬੀ *ਸਫ਼ੇ : 16 ਕੀਮਤ : 5.00*
ਸੁੰਦਰ ਤਸਵੀਰਾਂ ਨਾਲ ਸਜੀ ਬੱਚਿਆਂ ਲਈ ਪੁਸਤਕ ।

**208. ਹਿਊਨ-ਸਾਂਗ ਦੀ ਭਾਰਤ-ਯਾਤਰਾ** : ਬਲੇਂਦਰ ਅਤੇ ਹਰਿੰਦਰ ਧਨੋਆ
ਅਨੁਵਾਦ : *ਡਾ. ਅਵਨਾਸ਼ ਚੰਦਰ ਸ਼ਰਮਾ* *ਸਫ਼ੇ : 64 ਕੀਮਤ : 5.00*
ਇਸ ਪੁਸਤਕ ਵਿਚ ਹਿਊਨ-ਸਾਂਗ ਦੀ ਯਾਤਰਾ ਦਾ ਵਰਣਨ ਬੜੇ ਹੀ ਵਿਸਤਾਰ ਅਤੇ ਦਿਲਚਸਪ ਢੰਗ ਨਾਲ ਕੀਤਾ ਗਿਆ ਹੈ ।

**209. ਸੁਬਰਾਮਨੀਅਮ ਭਾਰਤੀ** : ਰਾ.ਅ. ਪਦਮਨਾਭਨ
ਅਨੁਵਾਦ : *ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 72 ਕੀਮਤ : 6.00*
ਇਸ ਪੁਸਤਕ ਵਿਚ ਸੁਬਰਾਮਨੀਅਮ ਭਾਰਤੀ ਦੇ ਜੀਵਨ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ ਹੈ । ਦੇਸ਼ ਪ੍ਰੇਮ, ਜਾਤ-ਪਾਤ ਦਾ ਵਿਰੋਧ ਅਤੇ ਔਰਤ ਦੀ ਆਜ਼ਾਦੀ ਉਤੇ ਉਸ ਨੇ ਬਹੁਤ ਜ਼ੋਰ ਦਿੱਤਾ ।

**210. ਮੇਰੀ ਕਹਾਣੀ** : ਵਿਕੀ ਆਰੀਆ
ਅਨੁਵਾਦ/ਮੂਲ ਪੰਜਾਬੀ *ਸਫ਼ੇ : 24 ਕੀਮਤ : 7.00*
ਇਸ ਪੁਸਤਕ ਵਿਚ ਡੱਡੂ ਦੀ ਕਹਾਣੀ ਨੂੰ ਬੜੇ ਹੀ ਦਿਲਚਸਪ ਢੰਗ ਨਾਲ ਪੇਸ਼ ਕੀਤਾ ਗਿਆ ਹੈ । ਕਿਵੇਂ ਡੱਡੂ ਜਨਮ ਲੈਣ ਉਪਰੰਤ ਪਾਣੀ ਵਿਚ ਆਪਣਾ ਜੀਵਨ ਬਤੀਤ ਕਰਦਾ ਹੈ ।

**211. ਭਾਰਤ ਨੇ ਆਜ਼ਾਦੀ ਕਿਵੇਂ ਹਾਸਲ ਕੀਤੀ** : ਕ੍ਰਿਸ਼ਨ ਚੈਤੰਨ
ਅਨੁਵਾਦ : *ਜਗਜੀਤ ਗਗਨ* *ਸਫ਼ੇ : 36 ਕੀਮਤ : 5.00*

ਭਾਰਤ ਨੇ ਆਪਣੀ ਆਜ਼ਾਦੀ ਅੰਗ੍ਰੇਜ਼ਾਂ ਦੇ ਹੱਥੀਂ ਕਿਵੇਂ ਗੁਆਈ ਅਤੇ ਕਿਸ ਤਰ੍ਹਾਂ ਇਸ ਆਜ਼ਾਦੀ ਨੂੰ ਦੁਬਾਰਾ ਪ੍ਰਾਪਤ ਕਰਨ ਲਈ ਸੰਘਰਸ਼ ਕੀਤਾ, ਦੀ ਕਹਾਣੀ ਇਸ ਪੁਸਤਕ ਵਿਚ ਹੈ ।

**212. ਸੱਪ ਨੇ ਮੁਸੀਬਤ ਪਾਈ** : ਰਸਕਿਨ ਬਾਂਡ

ਅਨੁਵਾਦ : *ਜਸਵੰਤ ਸਿੰਘ ਅਜੀਤ* *ਸਫ਼ੇ : 32 ਕੀਮਤ : 6.00*

ਇਹ ਕਹਾਣੀ ਦਿਲਚਸਪ ਹੋਣ ਦੇ ਨਾਲ-ਨਾਲ ਗਿਆਨ ਵਿਚ ਵਾਧਾ ਵੀ ਕਰਦੀ ਹੈ ਕਿ ਸਾਰੇ ਸੱਪ ਜ਼ਹਿਰੀਲੇ ਨਹੀਂ ਹੁੰਦੇ । ਕਿਹੜੇ-ਕਿਹੜੇ ਪੰਛੀ ਤੇ ਜਾਨਵਰ ਮਨੁੱਖਾਂ ਦੀ ਸੰਗਤ ਵਿਚ ਰਹਿੰਦੇ ਹਨ, ਸਿੱਖਦੇ ਹਨ ਤੇ ਖ਼ਤਰੇ ਜਾਂ ਖੁਸ਼ੀ ਦੇ ਮੌਕੇ 'ਤੇ ਮਨੁੱਖਾਂ ਵਾਂਗ ਵਿਹਾਰ ਕਰਦੇ ਹਨ ।

**213. ਪੰਜਾਬੀ ਬਾਲ ਨਾਟਕ** : ਗੁਰਦਿਆਲ ਸਿੰਘ ਖੋਸਲਾ (ਸੰਪਾਦਕ)

ਮੂਲ ਪੰਜਾਬੀ *ਸਫ਼ੇ : 96 ਕੀਮਤ : 8.00*

ਪਿਛਲੇ ਕੁਝ ਦਹਾਕਿਆਂ ਦੌਰਾਨ ਬੱਚਿਆਂ ਲਈ ਜੋ ਨਾਟ-ਸੰਗ੍ਰਹਿ ਛਪੇ ਹਨ ਉਨ੍ਹਾਂ ਵਿਚ 'ਪੰਜਾਬੀ ਬਾਲ ਨਾਟਕ' ਪੁਸਤਕ ਵੀ ਜ਼ਿਕਰਯੋਗ ਹੈ ਜੋ ਵੰਨ-ਸੁਵੰਨੇ ਵਿਸ਼ਿਆਂ ਨਾਲ ਸੰਬੰਧਿਤ ਹੈ । ਇਸ ਪੁਸਤਕ ਵਿਚ ਬਾਲ ਰੰਗਮੰਚ ਦੇ ਅਨੁਕੂਲ ਨਾਟਕ ਹੀ ਛਾਪੇ ਗਏ ਹਨ ।

**214. ਪਾਣੀ ਦੀ ਕਹਾਣੀ** : ਰਵੀ ਪਰਾਂਜਪੇ

ਅਨੁਵਾਦ : *ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 16 ਕੀਮਤ : 6.50*

ਪੁਸਤਕਾਂ ਨਾਲ ਬਾਲਾਂ ਦੀ ਸਾਂਝ ਜਿੰਨੀ ਛੋਟੀ ਉਮਰ ਵਿਚ ਪਾਈ ਜਾਵੇ, ਚੰਗੀ ਹੈ । ਸਕੂਲ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਹੀ ਬੱਚਿਆਂ ਨੂੰ ਸੁੰਦਰ ਪੁਸਤਕਾਂ ਦੀ ਦੁਨੀਆ ਦੇ ਦਰਸ਼ਨ ਕਰਵਾਉਣੇ ਲਾਭਕਾਰੀ ਹੋਣਗੇ ।

**215. ਛੋਟੀ ਬੰਦ ਗੋਭੀ** : ਸ਼ਿਨਤਾ ਚੋਅ

ਅਨੁਵਾਦ : *ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 28 ਕੀਮਤ : 10.00*

ਸਚਿੱਤਰ ਅਤੇ ਰੰਗਦਾਰ ਐਟਲਸ ਆਕਾਰੀ ਇਹ ਪੁਸਤਕ ਬੱਚਿਆਂ ਦੇ ਮਨ-ਪਰਚਾਵੇ ਲਈ ਲਿਖੀ ਗਈ ਹੈ । ਬਾਲ-ਸਾਹਿਤ ਜਿਥੇ ਗਿਆਨਮੂਲਕ ਅਤੇ ਦਿਲਚਸਪ ਹੋਣਾ ਚਾਹੀਦਾ ਹੈ ਉਥੇ ਬੱਚੇ ਦੀ ਕਲਪਨਾ ਦਾ ਹੋਣਾ ਵੀ ਲਾਜ਼ਮੀ ਹੈ । ਸੰਵਾਦ ਰਾਹੀਂ ਜੀਵ ਤੇ ਜਾਨਵਰ ਦੇ ਨਾਂ ਦਿੰਦਿਆਂ, ਲੇਖਕ ਨੇ ਡਰ ਅਤੇ ਬਚਾਅ ਦੇ ਅਨੁਭਵ ਨੂੰ ਬਾਲ-ਮਨ ਰਾਹੀਂ ਪ੍ਰਸਤੁਤ ਕੀਤਾ ਹੈ ।

**216. ਭੁੱਖੜ ਵੱਛੀ ਗੁਲਾਬੋ** : ਮੋਸੇਕੋ ਇਸ਼ੀ

ਅਨੁਵਾਦ : *ਪਿਆਰਾ ਸਿੰਘ ਸਹਿਰਾਈ* *ਸਫ਼ੇ : 36 ਕੀਮਤ : 12.00*

ਇਹ ਪੁਸਤਕ ਬੱਚਿਆਂ ਨੂੰ ਲੋੜ ਅਨੁਸਾਰ ਖਾਣ, ਦੂਜਿਆਂ ਨਾਲ ਮਿਲ ਕੇ ਰਹਿਣ ਅਤੇ ਸਵਾਰਥੀ ਰੁਚੀਆਂ ਗ੍ਰਹਿਣ ਨਾ ਕਰਨ ਦੀ ਪ੍ਰੇਰਨਾ ਦਿੰਦੀ ਹੈ ।

ISBN 81-237-0051-2

**217. ਨਿੱਕੜੀ ਬੁੱਢੀ ਮਾਈ** : ਮਾਰਗ੍ਰੇਟ ਭੱਟੀ

*ਅਨੁਵਾਦ : ਦਲਬੀਰ ਸਿੰਘ* *ਸਫ਼ੇ : 32 ਕੀਮਤ : 9.00*

ਇਸ ਪੁਸਤਕ ਵਿਚ ਇਕ ਬੁੱਢੀ ਮਾਈ ਅਤੇ ਉਸ ਦੇ ਬੁੱਢੇ ਪਤੀ ਦੀ ਕਹਾਣੀ ਹੈ। ਪੁਸਤਕ ਜਿਥੇ ਇਕ ਸਾਹਸੀ ਬਿਰਤਾਂਤਕ ਕਥਾ ਦੇ ਰੂਪ ਵਿਚ ਵਿਅਕਤ ਹੁੰਦੀ ਹੈ ਉਥੇ ਬਾਲਾਂ ਅੰਦਰ ਉਤਸ਼ਾਹਜਨਕ ਜਜ਼ਬੇ ਪੈਦਾ ਕਰਨ ਵਿਚ ਸਹਾਈ ਹੁੰਦੀ ਹੈ। ਹਸੌਣੀਆਂ ਘਟਨਾਵਾਂ ਰੌਚਕਤਾ ਪੈਦਾ ਕਰਦੀਆਂ ਹਨ। ISBN 81-237-0131-4

**218. ਮੋਹਿਨੀ ਤੇ ਭਸਮਾਸੁਰ** : ਸ਼ਾਂਤਾ ਰਾਮੇਸ਼ਵਰ ਰਾਓ

*ਅਨੁਵਾਦ : ਡਾ. ਅਮਰਜੀਤ ਕੌਰ* *ਸਫ਼ੇ : 24 ਕੀਮਤ : 9.00*

ਲੁਕਵੇਂ ਰੂਪ ਵਿਚ ਇਹ ਪੁਸਤਕ ਬਾਲਾਂ ਨੂੰ ਵਿਸ਼ੇਸ਼ ਰੂਪ ਵਿਚ ਇਸ ਤੱਥ ਤੋਂ ਜਾਣੂ ਕਰਵਾਉਂਦੀ ਹੈ ਕਿ ਦ੍ਰਿੜ੍ਹ ਨਿਸ਼ਚਾ ਧਾਰ ਕੇ ਔਖੀ ਮੰਜ਼ਿਲ ਵੀ ਆਸਾਨੀ ਨਾਲ ਪਾਈ ਜਾ ਸਕਦੀ ਹੈ।

**219. ਮੈਂ ਤੇਰੇ ਨਾਲੋਂ ਚੰਗਾ ਹਾਂ** : ਸਿਗਰੁਨ ਸ੍ਰੀਵਾਸਤਵ

*ਅਨੁਵਾਦ : ਡਾ. ਮਾਨ ਸਿੰਘ ਅੰਮ੍ਰਿਤ* *ਸਫ਼ੇ : 24 ਕੀਮਤ : 7.00*

ਇਸ ਪੁਸਤਕ ਵਿਚ ਬੱਚਿਆਂ ਦੀ ਮਾਨਸਿਕਤਾ ਨੂੰ ਪੇਸ਼ ਕੀਤਾ ਗਿਆ ਹੈ। ਇਸ ਬਾਲ-ਪੁਸਤਕ ਵਿਚ ਅਜਿਹੀ ਹੀ ਖ਼ੂਬਸੂਰਤ ਕਹਾਣੀ ਪੇਸ਼ ਕੀਤੀ ਗਈ ਹੈ।

ISBN 81-237-0304-X

**220. ਸਤਰੰਗੀ ਪੀਂਘ** : ਊਸ਼ਾ ਜੋਸ਼ੀ

*ਅਨੁਵਾਦ : ਬਖ਼ਸ਼ਿੰਦਰ* *ਸਫ਼ੇ : 24 ਕੀਮਤ : 7.00*

ਬਾਗ਼ ਵਿਚ ਤਿੱਤਲੀਆਂ ਫੜਦੇ ਬਿਨੂੰ ਨੂੰ ਉਸ ਦੀ ਮਾਂ ਸਤਰੰਗੀ ਪੀਂਘ ਦੀ ਕਹਾਣੀ ਸੁਣਾਉਂਦੀ ਹੈ। ਰੰਗਾਂ ਨੂੰ ਖੁਸ਼ੀ ਖੇੜਿਆਂ ਦਾ ਪ੍ਰਤੀਕ ਮੰਨ ਕੇ ਇਹ ਕਹਾਣੀ ਲਿਖੀ ਗਈ ਹੈ। ISBN 81-237-0030-71

**221. ਮੰਗੂ ਦਾ ਲਾਟੂ** : ਕਾਮਾਕਸ਼ੀ ਬਾਲ ਸੁਬਰਾਮਨੀਅਮ

*ਅਨੁਵਾਦ : ਡਾ. ਜਸਵਿੰਦਰ ਕੌਰ* *ਸਫ਼ੇ : 24 ਕੀਮਤ : 8.00*

ਇਹ ਸਚਿੱਤਰ ਪੁਸਤਕ ਜਿਥੇ ਬਾਲਾਂ ਦੇ ਸੁਹਜ-ਸੁਆਦ ਦੀ ਪੂਰਤੀ ਕਰਦੀ ਹੈ; ਉਥੇ ਇਹ ਮਾਪਿਆਂ ਨੂੰ ਵੀ ਸੁਨੇਹਾ ਦਿੰਦੀ ਹੈ ਕਿ ਖਿਡੌਣੇ ਬਾਲਾਂ ਲਈ ਖੁਸ਼ੀਆਂ ਦਾ ਅਥਾਹ ਸੋਮਾ ਹੁੰਦੇ ਹਨ। ਇਸ ਪੁਸਤਕ ਵਿਚਲੀ ਕਹਾਣੀ ਬਾਲਾਂ ਨੂੰ ਵੀ ਆਪਣੀਆਂ ਚੀਜ਼ਾਂ ਸਾਂਭਣ ਤੇ ਸੁਆਰਨ ਲਈ ਪ੍ਰੇਰਿਤ ਕਰਦੀ ਹੈ।

**222. ਪੂਛਾਂ** : ਹਾਈਡਰੇਸੋ ਆਲੁਵਾ

*ਅਨੁਵਾਦ : ਨਵਤੇਜ ਪੁਆਧੀ* *ਸਫ਼ੇ : 24 ਕੀਮਤ : 7.50*

'ਪੂਛਾਂ' ਪ੍ਰਾਇਮਰੀ ਵਰਗ ਦੇ ਵਿਦਿਆਰਥੀਆਂ ਲਈ ਇਕ ਦਿਲਚਸਪ ਕਿਰਤ ਹੈ। ਹਰੇਕ ਜੀਵ ਦੇ ਰੰਗਦਾਰ ਚਿੱਤਰਾਂ ਦੀ ਸ਼ੈਲੀ ਬੱਚੇ ਦੀ ਮਾਨਸਿਕ ਪੱਧਰ ਅਤੇ ਰੁਚੀ ਅਨੁਸਾਰ ਹੈ। ਇਹ ਜੀਵ ਆਪਣੀ ਪੂਛ ਨਾਲ ਕੀ ਕਰਦੇ ਹਨ ਅਤੇ ਪੂਛ ਦੀ ਜੀਵ ਲਈ ਕੀ ਮਹੱਤਤਾ

ਹੈ, ਨੂੰ ਸਾਧਾਰਣ ਵਾਰਤਕ ਵਿਚ ਸੰਖੇਪਤਾ ਨਾਲ ਵਰਣਨ ਕੀਤਾ ਗਿਆ ਹੈ।

ISBN 81-237-0305-8

**223. ਚੌਦ੍ਹਾਂ ਚੂਹਿਆਂ ਦਾ ਨਵਾਂ ਘਰ** : ਕਾਜ਼ੋ ਇਵਾਮੋਰਾ

ਅਨੁਵਾਦ : *ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 24 ਕੀਮਤ : 11.00*

ਇਹ ਪੁਸਤਕ ਲੇਖਕ ਦੇ ਪੇਂਡੂ ਜੀਵਨ ਦੇ ਅਨੁਭਵ ਉਤੇ ਆਧਾਰਿਤ ਹੈ। ਚੌਦ੍ਹਾ ਚੂਹਿਆਂ ਨੇ ਮੁਸ਼ਕਲਾਂ ਦਾ ਸਾਹਮਣਾ ਕਰਕੇ ਕਿਵੇਂ ਘਰ ਬਣਾਇਆ, ਦੀ ਕਹਾਣੀ ਹੈ। ਬੱਚਿਆਂ ਲਈ ਸਬਕ ਇਹ ਕਿ 'ਏਕਤਾ ਵਿਚ ਤਾਕਤ' ਹੁੰਦੀ ਹੈ। ISBN 81-237-0060-1

**224. ਕਾਂ ਦੀ ਕਹਾਣੀ** : ਜੁਧਾਜੀਤ ਸੇਨਗੁਪਤਾ

ਅਨੁਵਾਦ/ਮੂਲ ਪੰਜਾਬੀ *ਸਫ਼ੇ : 24 ਕੀਮਤ : 6.00*

ਖ਼ੂਬਸੂਰਤ ਤਸਵੀਰਾਂ ਰਾਹੀਂ ਕਾਂ ਨੂੰ ਦਰਸਾਇਆ ਗਿਆ ਹੈ ਕਿ ਉਹ ਕਿਵੇਂ ਆਪਣੇ ਬੱਚਿਆਂ ਨੂੰ ਪਾਲਦਾ ਹੈ। ਪੁਸਤਕ ਉਨ੍ਹਾਂ ਬੱਚਿਆਂ ਲਈ ਛਾਪੀ ਗਈ ਹੈ ਜੋ ਅਜੇ ਸਕੂਲ ਨਹੀਂ ਜਾਣ ਲੱਗੇ। ਪੁਸਤਕ ਬੱਚਿਆਂ ਦੀ ਕਲਪਨਾ-ਸ਼ਕਤੀ ਨੂੰ ਪ੍ਰੇਰਤ ਕਰਦੀ ਹੈ।

ISBN 81-237-0245-1

**225. ਭਾਰਤ ਵਿਚ ਵਿਦੇਸ਼ੀ ਯਾਤਰੀ** : ਕੇ.ਸੀ. ਖੰਨਾ

ਅਨੁਵਾਦ : *ਜਗਜੀਤ ਕੌਰ ਸਿੱਧੂ* *ਸਫ਼ੇ : 64 ਕੀਮਤ : 5.50*

ਪੁਰਾਣੇ ਸਮੇਂ ਤੋਂ ਹੀ ਭਾਰਤ ਗਿਆਨ ਦਾ ਕੇਂਦਰ ਰਿਹਾ ਹੈ। ਇਥੇ ਕੁਝ ਸਿੱਖਣ ਲਈ ਕਈ ਵਿਦੇਸ਼ੀ ਯਾਤਰੀ ਆਏ। ਤਤਕਾਲੀ ਭਾਰਤ ਦੇ ਬਾਰੇ ਹਿਊਨਸਾਂਗ, ਫ਼ਾਹੀਯਾਨ, ਮੈਗਸਥਨੀਜ਼ ਤੇ ਅਲ-ਬਿਰੂਨੀ ਨੇ ਜਿਵੇਂ ਭਾਰਤ ਦੇਖਿਆ, ਉਸ ਦਾ ਦਿਲਚਸਪ ਵਰਣਨ ਹੈ।

**226. ਟਿੱਡੇ ਦੀ ਉਡਾਣ** : ਸੇਈਜ਼ੋ ਤਾਸ਼ੀਮਾ

ਅਨੁਵਾਦ : *ਪਿਆਰਾ ਸਿੰਘ ਸਹਿਰਾਈ* *ਸਫ਼ੇ : 32 ਕੀਮਤ : 16.50*

ਮਾਮੂਲੀ ਕਹੇ ਜਾਣ ਵਾਲੇ ਟਿੱਡੇ ਦੀ ਕਹਾਣੀ ਜੋ ਬੱਚਿਆਂ ਨੂੰ ਜੀਵਨ ਵਿਚ ਅੱਗੇ ਵਧਣ ਦੀ ਪ੍ਰੇਰਨਾ ਦਿੰਦੀ ਹੈ। ISBN 81-237-0083-0

**227. ਚੰਦਾ ਮਾਮਾ** : ਅਕੀਕੋ ਹਾਇਸ਼ੀ

ਅਨੁਵਾਦ/ਮੂਲ ਪੰਜਾਬੀ *ਸਫ਼ੇ : 16 ਕੀਮਤ : 6.00*

ਬੱਚਿਆਂ ਨੂੰ ਚੰਦ ਨਾਲ ਸ਼ੁਰੂ ਤੋਂ ਹੀ ਪਿਆਰ ਰਿਹਾ ਹੈ। ਇਸੇ ਕਰਕੇ ਬੱਚੇ ਇਸ ਨੂੰ ਪਿਆਰ ਨਾਲ 'ਚੰਦਾ ਮਾਮਾ' ਕਹਿੰਦੇ ਹਨ। ਖ਼ੂਬਸੂਰਤ ਤਸਵੀਰਾਂ ਤੇ ਨਾਲ ਦੋ-ਚਾਰ ਅੱਖਰਾਂ ਵਿਚ ਗੱਲ ਕਹਿਣ ਦਾ ਢੰਗ ਇਸ ਪੁਸਤਕ ਵਿਚ ਅਪਣਾਇਆ ਗਿਆ ਹੈ।

ISBN 81-237-0095-4

**228. ਜਵਾਹਰ ਲਾਲ ਨਹਿਰੂ** : ਤਾਰਾ ਅਲੀ ਬੇਗ

ਅਨੁਵਾਦ : *ਨਰਿੰਦਰ ਭੁੱਲਰ* *ਸਫ਼ੇ : 64 ਕੀਮਤ : 10.00*

ਇਹ ਪੁਸਤਕ ਉਸ ਸਮੇਂ ਪ੍ਰਕਾਸ਼ਿਤ ਕੀਤੀ ਗਈ ਹੈ ਜਦੋਂ ਕੁਝ ਲੋਕ ਫ਼ਿਰਕੂ ਭਾਵਨਾਵਾਂ ਅਤੇ ਪਿਛਾਂਹ-ਖਿੱਚੂ ਖ਼ਿਆਲਾਂ ਵਾਲੇ ਅੱਜ ਦੇਸ਼ ਦੀ ਆਜ਼ਾਦੀ ਦੀ ਲਹਿਰ ਦੇ ਕਿਰਦਾਰਾਂ ਨੂੰ ਨਕਾਰਨ ਅਤੇ ਨਿੰਦਣ ਵੱਲ ਤੁਰੇ ਹੋਏ ਹਨ ।

**229. ਮਿੱਠਾ ਅਤੇ ਜਾਦੂ ਦੀ ਜੁੱਤੀ** : ਬੀ.ਜੀ. ਗੁਜਾਰੱਪਾ

ਅਨੁਵਾਦ/ਮੂਲ ਪੰਜਾਬੀ *ਸਫ਼ੇ : 24 ਕੀਮਤ : 5.50*

ਮਿੱਠਾ ਹਮੇਸ਼ਾ ਉਡੱਣ ਦੇ ਸੁਪਨੇ ਲੈਂਦੀ ਹੈ ਅਤੇ ਇਕ ਦਿਨ ਸਕੂਲ ਤੋਂ ਮੁੜਦਿਆਂ ਉਸ ਨੂੰ ਖੰਭਾਂ ਵਾਲਾ ਜੁੱਤੀਆਂ ਦਾ ਇਕ ਜੋੜਾ ਲੱਭਿਆ । ਮਿੱਠਾ ਖੰਭਾਂ ਵਾਲੀ ਜੁੱਤੀ ਪਾਉਂਦਿਆਂ ਸਾਰ ਪੰਛੀਆਂ ਵਾਂਗ ਉਡੱਣ ਲੱਗ ਪਈ । ਬੱਚਿਆਂ ਲਈ ਇਹ ਦਿਲਚਸਪ ਪੁਸਤਕ ਹੈ ।

**230. ਅੰਬ ਦੀ ਕਹਾਣੀ** : ਦੀਬਾਸਿਸ਼ ਦੇਬ

ਅਨੁਵਾਦ/ਮੂਲ ਪੰਜਾਬੀ *ਸਫ਼ੇ : 16 ਕੀਮਤ : 6.00*

ਖ਼ੂਬਸੂਰਤ ਤਸਵੀਰਾਂ ਰਾਹੀਂ ਅੰਬ ਬਾਰੇ ਜਾਣਕਾਰੀ ਦਿੱਤੀ ਗਈ ਹੈ । ਉਨ੍ਹਾਂ ਬੱਚਿਆਂ ਲਈ ਪੁਸਤਕ ਹੈ ਜੋ ਅਜੇ ਸਕੂਲ ਨਹੀਂ ਜਾ ਰਹੇ । ਪੁਸਤਕ ਬੱਚਿਆਂ ਦੀ ਕਲਪਨਾ-ਸ਼ਕਤੀ ਨੂੰ ਪ੍ਰੇਰਿਤ ਕਰਦੀ ਹੈ । ISBN 81-237-0233-7

**231. ਮੁਬੂ ਦੇ ਸੁਪਨੇ** : ਕਾਮਾਕਸ਼ੀ ਬਾਲ ਸੁਬਰਾਮਨੀਅਮ

ਅਨੁਵਾਦ : *ਕੰਵਲਜੀਤ ਸਿੰਘ* *ਸਫ਼ੇ : 32 ਕੀਮਤ : 6.50*

ਮੁਬੂ ਇਕ ਛੋਟਾ ਜਿਹਾ ਬੱਚਾ ਸੀ । ਉਹ ਆਪਣੇ ਮਾਂ-ਬਾਪ, ਭੈਣ-ਭਰਾਵਾਂ ਨਾਲ ਇਕ ਛੋਟੀ ਜਿਹੀ ਝੌਂਪੜੀ ਵਿਚ ਰਹਿੰਦਾ ਸੀ । ਜਦ ਉਸ ਦੇ ਪਰਿਵਾਰ ਦੇ ਮੈਂਬਰ ਕੰਮ ਤੇ ਚਲੇ ਜਾਂਦੇ ਤਾਂ ਉਹ ਅਜੀਬ ਤਰ੍ਹਾਂ ਦੇ ਸੁਪਨੇ ਲੈਂਦਾ ।

**232. ਲੱਭੋ ਲੱਭੋ** : ਜਗਦੀਸ਼ ਜੋਸ਼ੀ

ਅਨੁਵਾਦ : *ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 24 ਕੀਮਤ : 5.00*

ਜੰਗਲ ਗਹਿਰਾ ਅਤੇ ਹਰਾ ਹੈ । ਪੰਜ ਜਾਨਵਰਾਂ ਦਾ ਪਹਿਰਾ ਹੈ । 'ਬੱਚਿਓ ਤੁਸੀਂ ਜੰਗਲ ਵਿਚ ਜਾਓ ਤੇ ਉਨ੍ਹਾਂ ਨੂੰ ਲੱਭ ਕੇ ਦਿਖਾਓ'—ਨਾਲ ਇਹ ਪੁਸਤਕ ਸ਼ੁਰੂ ਹੁੰਦੀ ਹੈ । ਫਿਰ ਪੰਛੀਆਂ ਦੀ ਗੱਲ ਹੈ । ਫਿਰ ਪੰਜ ਜਲ ਵਿਚ ਰਹਿਣ ਵਾਲੇ ਜੀਵਾਂ ਦੀ ਗੱਲ ਹੈ । ਫਿਰ ਫਲਾਂ ਤੇ ਸਬਜ਼ੀਆਂ ਦਾ ਵਰਣਨ ਹੈ । ਬੱਚਿਆਂ ਦੀ ਸੋਚ-ਸ਼ਕਤੀ ਨੂੰ ਪ੍ਰੇਰਿਤ ਕਰਨ ਵਾਲੀ ਪੁਸਤਕ ਹੈ ।

**233. ਫੁੱਲ ਤੇ ਸ਼ਹਿਦ ਦੀ ਮੱਖੀ** : ਅਸ਼ੋਕ ਦਾਵਰ

ਅਨੁਵਾਦ : *ਜਗਜੀਤ ਗਗਨ* *ਸਫ਼ੇ : 24 ਕੀਮਤ : 5.50*

ਇਸ ਪੁਸਤਕ ਵਿਚ ਦੋ ਸ਼ਹਿਦ ਦੀਆਂ ਮੱਖੀਆਂ ਦੇ ਪਿਆਰ ਦੀ ਕਹਾਣੀ ਹੈ । ਇਸ ਪੁਸਤਕ ਦੇ ਚਿੱਤਰਕਾਰ ਅਸ਼ੋਕ ਦਾਵਰ ਹਨ ।

**234. ਦਰਖ਼ਤਾਂ ਦੇ ਸਾਨੂੰ ਕੀ ਲਾਭ ਹਨ ?** : ਮਾਰਤੀ

ਅਨੁਵਾਦ : *ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 16 ਕੀਮਤ : 16.00*

ਜਿਵੇਂ ਕਿ ਪੁਸਤਕ ਦੇ ਨਾਂ ਤੋਂ ਹੀ ਸਪੱਸ਼ਟ ਹੈ ਇਸ ਵਿਚ ਸਾਨੂੰ ਦਰਖ਼ਤਾਂ ਦੇ ਲਾਭਾਂ ਬਾਰੇ

ਜਾਣਕਾਰੀ ਦਿੱਤੀ ਗਈ ਹੈ। ਇਹ ਪੁਸਤਕ ਬੱਚਿਆਂ ਅੰਦਰ ਰੁੱਖਾਂ ਪ੍ਰਤੀ ਮੋਹ ਪੈਦਾ ਕਰਦੀ ਹੈ ਤੇ ਰੁੱਖ ਲਾਉਣ ਅਰਥਾਤ 'ਵਣ ਮਹਾਂਉਤਸਵ' ਦੇ ਸੁਨੇਹੇ ਨੂੰ ਲੁਕਵੇਂ ਢੰਗ ਨਾਲ ਨਿਰੂਪਣ ਕਰਦੀ ਹੈ। ਬੱਚਿਆਂ ਨੂੰ ਸਿੱਖਿਆ ਦੇਣ ਦਾ ਇਹ ਢੰਗ ਮਨੋਵਿਗਿਆਨਕ ਹੈ।

ISBN 978- 81-237-0574-3

**235. ਇਹ ਜੋ ਸਾਡੀ ਧਰਤੀ ਹੈ** : ਲਾਇਕ ਫ਼ਤਹਿ ਅਲੀ

ਅਨੁਵਾਦ : *ਗੁਰਬਚਨ ਸਿੰਘ ਭੁੱਲਰ* *ਸਫ਼ੇ : 64 ਕੀਮਤ : 8.50*

ਇਸ ਪੁਸਤਕ ਨੂੰ ਲੇਖਕ ਨੇ ਤਿੰਨ ਭਾਗਾਂ ਵਿਚ ਵੰਡ ਕੇ ਵਿਚਾਰਿਆ ਹੈ। ਪਹਿਲਾ ਭਾਗ ਪਾਣੀ ਅਤੇ ਇਸ ਦੀ ਸੰਭਾਲ ਬਾਰੇ ਹੈ। ਦੂਜਾ ਭਾਗ 'ਸਾਨੂੰ ਬਿਰਛਾਂ ਦੀ ਲੋੜ ਹੈ' ਬਾਰੇ ਹੈ ਅਤੇ ਤੀਜਾ ਭਾਗ 'ਧਰਤੀ ਨੂੰ ਸਮਝਣਾ' ਹੈ। ਇਸ ਪੁਸਤਕ ਦਾ ਮੁੱਖ ਉਦੇਸ਼ ਹੈ : 'ਜੇ ਸੰਸਾਰ ਨੂੰ ਬਚਾਉਣਾ ਹੈ, ਤਾਂ ਇਸ ਨੂੰ ਕੇਵਲ ਬਿਰਛ ਹੀ ਬਚਾਉਣਗੇ।'

ISBN 81-237-0378-7

**236. ਵਰਖਾ ਦੀ ਉਡੀਕ** : ਕਮਾਕਸ਼ੀ ਬਾਲਾ ਸੁਬਰਾਮਨੀਅਮ

ਅਨੁਵਾਦ : *ਸੁਖਦੇਵ ਮਾਦਪੁਰੀ* *ਸਫ਼ੇ : 32 ਕੀਮਤ : 7.50*

'ਵਰਖਾ ਦੀ ਉਡੀਕ' ਵੇਲੂ ਨਾਂ ਦੇ ਇਕ ਕਿਸਾਨ ਦੀ ਕਹਾਣੀ ਹੈ ਜੋ ਦੂਸਰੇ ਕਿਸਾਨਾਂ ਵਾਂਗ ਵਰਖਾ ਦੀ ਉਡੀਕ ਕਰਦਾ ਹੈ। ਪਰ ਵੇਲੂ ਦੂਜਿਆਂ ਵਾਂਗ ਵਰਖਾ ਲਈ ਬੱਕਰੀ ਦੀ ਬਲੀ ਦੇਣਾ ਪਸੰਦ ਨਹੀਂ ਕਰਦਾ। ਉਹ ਮੌਸਮ ਵਿਭਾਗ ਵਾਲਿਆਂ ਦੀ ਜਾਣਕਾਰੀ ਨੂੰ ਮੰਨਦਾ ਹੈ। ਵਹਿਮਾਂ-ਭਰਮਾਂ ਅਤੇ ਬਲੀ ਦੇਣ ਵਾਲੇ ਕੋਝੇ ਰਸਮਾਂ-ਰਿਵਾਜਾਂ ਨੂੰ ਨਕਾਰਦੀ ਹੋਈ ਇਹ ਕਹਾਣੀ ਬਾਲਾਂ ਦੀ ਸੋਚ ਲਈ ਵਿਗਿਆਨਕ ਆਧਾਰ ਦੀ ਸਿਰਜਣਾ ਕਰਦੀ ਹੈ।

ISBN 81-237-0129-2

**237. ਏਤਵਾ ਮੁੰਡਾ ਨੇ ਲੜਾਈ ਜਿੱਤੀ** : ਮਹਾਸ਼ਵੇਤਾ ਦੇਵੀ

ਅਨੁਵਾਦ : *ਡਾ. ਅਮਰੀਕ ਸਿੰਘ ਪੁੰਨੀ* *ਸਫ਼ੇ : 64 ਕੀਮਤ : 8.00*

ਇਹ ਪੁਸਤਕ ਇਕ ਆਦਿਵਾਸੀ ਬੱਚੇ ਦੇ ਸੰਘਰਸ਼ ਦੀ ਗਾਥਾ ਹੈ। ਬੱਚਾ ਜੋ ਸਮਾਜ ਵਿਚ ਆਪਣੀ ਹੋਂਦ ਬਣਾਉਣ ਲਈ ਸਕੂਲ ਪੜ੍ਹਨ ਜਾਂਦਾ ਹੈ, ਦੇ ਜੀਵਨ ਬਾਰੇ ਇਕ ਦੁਰਲੱਭ ਪੁਸਤਕ ਹੈ।

ISBN 81-237-0982-X

**238. ਜਲ੍ਹਿਆਂਵਾਲਾ ਬਾਗ਼** : ਭੀਸ਼ਮ ਸਾਹਨੀ

ਅਨੁਵਾਦ : *ਸ਼ੀਲਾ ਸਾਹਨੀ* *ਸਫ਼ੇ : 56 ਕੀਮਤ : 9.50*

ਰੋਲਟ ਐਕਟ ਦੇ ਵਿਰੁੱਧ ਅਤੇ ਹੋਮ ਰੂਲ ਦੇ ਲਈ ਜਦੋਂ ਭਾਰਤੀਆਂ ਨੇ ਸੰਘਰਸ਼ ਕੀਤਾ ਤਾਂ ਇਹ ਸਾਕਾ ਜਲ੍ਹਿਆਂਵਾਲਾ ਬਾਗ਼ ਦਾ ਨਰ-ਸੰਹਾਰ ਵਾਪਰਿਆ, ਜਿਸ ਨੇ ਆਜ਼ਾਦੀ ਦੇ ਸੰਘਰਸ਼ ਨੂੰ ਇਕ ਨਵਾਂ ਮੋੜ ਦਿੱਤਾ।

**239. ਟੋਡਾ ਅਤੇ ਟਾਹਰ** : ਈ.ਆਰ.ਸੀ. ਦਾਵੇਦਾਰ

ਅਨੁਵਾਦ : *ਸੁਖਦੇਵ ਮਾਦਪੁਰੀ* *ਸਫ਼ੇ : 64 ਕੀਮਤ : 8.50*

ਇਹ ਪੁਸਤਕ ਭਾਰਤ ਦੀ ਦੱਖਣ-ਪੱਛਮੀ ਸੀਮਾ ਵੱਲ ਦੀਆਂ ਨੀਲਗਿਰੀ ਪਹਾੜੀਆਂ ਦੇ

ਕਬੀਲਿਆਂ, ਉਨ੍ਹਾਂ ਦੇ ਜੀਵਨ-ਢੰਗ ਅਤੇ ਉਨ੍ਹਾਂ ਦੀਆਂ ਸਮਾਜਿਕ ਕਦਰਾਂ-ਕੀਮਤਾਂ ਸੰਬੰਧੀ ਜਾਣਕਾਰੀ ਪੇਸ਼ ਕਰਨ ਦੇ ਨਾਲ-ਨਾਲ ਮਨੁੱਖ ਦੇ ਪਸ਼ੂਆਂ ਅਤੇ ਜੀਵ-ਜੰਤੂਆਂ ਦੇ ਸੁਭਾਵਿਕ ਪਿਆਰ ਨੂੰ ਉਜਾਗਰ ਕਰਦੀ ਹੈ ਅਤੇ ਇਸ ਤਰ੍ਹਾਂ ਕੁਦਰਤੀ ਮਾਹੌਲ ਦੇ ਸੰਤੁਲਨ ਨੂੰ ਬਣਾਈ ਰੱਖਣ ਦੀ ਭਾਵਨਾ ਨੂੰ ਦ੍ਰਿੜ੍ਹ ਕਰਦੀ ਹੈ। ISBN 81-237-0983-8

**240. ਸੂਰਜਮੁਖੀ ਤੇ ਤਿੱਤਲੀਆਂ** : ਜੈਆਨਥੀ ਮਾਨੋਕਰਨ

ਅਨੁਵਾਦ : *ਸੁਖਦੇਵ ਮਾਦਪੁਰੀ* *ਸਫ਼ੇ : 24 ਕੀਮਤ : 8.50*

ਇਸ ਪੁਸਤਕ ਵਿਚ ਫੁੱਲ ਤਿੱਤਲੀਆਂ ਨੂੰ ਪਿਆਰਨ ਦੀ ਸਿੱਖਿਆ ਤਾਂ ਹੈ ਹੀ, ਨਾਲ ਹੀ ਇਹ ਪੁਸਤਕ ਬਾਲਾਂ ਦੀ ਕਲਪਨਾ ਉਡਾਰੀ ਵੀ ਬੜੇ ਸੁੰਦਰ ਢੰਗ ਨਾਲ ਬਿਆਨਦੀ ਹੈ। ਬਾਲਾਂ ਦਾ ਚਿੱਤਰ-ਕਲਾ ਨਾਲ ਮੋਹ ਪਾਉਣਾ ਵੀ ਇਸ ਪੁਸਤਕ ਦਾ ਲੁਕਿਆ-ਛੁਪਿਆ ਉਦੇਸ਼ ਲੱਗਦਾ ਹੈ। ISBN 81-237-1062-3

**241. ਰਸੱਟੀ ਦੇ ਕਾਰਨਾਮੇ** : ਰਸਕਿਨ ਬਾਂਡ

ਅਨੁਵਾਦ : *ਸੁਰਿੰਦਰ ਸਿੰਘ ਜੌਹਰ* *ਸਫ਼ੇ : 96 ਕੀਮਤ : 19.00*

'ਰਸੱਟੀ ਦੇ ਕਾਰਨਾਮੇ ' ਰਸਕਿਨ ਬਾਂਡ ਦੀਆਂ ਦੋ ਰੋਚਕ ਕਹਾਣੀਆਂ ਦਾ ਸੰਕਲਨ ਹੈ।

ISBN 81-237-1420-3

**242. ਸੂਰਜੀ ਪਰੀਆਂ** : ਸਵਪਨ ਦੱਤਾ

ਅਨੁਵਾਦ : *ਡਾ. ਸਰਬਜੀਤ ਬੇਦੀ* *ਸਫ਼ੇ : 26 ਕੀਮਤ : 8.50*

ਇਸ ਕਹਾਣੀ ਵਿਚ ਬੱਚਿਆ ਨੂੰ ਦੱਸਿਆ ਗਿਆ ਹੈ ਕਿ 'ਬੱਦਲ ਕਿਵੇਂ ਬਣਦੇ ਹਨ ? ਗਰਜਣ ਕਿਵੇਂ ਹੁੰਦੀ ਹੈ ? ਬੱਦਲਾਂ ਦੇ ਟਕਰਾਉਣ ਨਾਲ ਬਿਜਲੀ ਕਿਵੇਂ ਚਮਕਦੀ ਹੈ ? ਬੱਚੇ ਵੀ ਬੱਦਲਾਂ ਵਿਚੋਂ ਨਵੀਆਂ-ਨਵੀਆਂ ਸ਼ਕਲਾਂ, ਆਪਣੀ ਸੋਚ ਅਨੁਸਾਰ ਲੱਭਦੇ ਹਨ।' ਬੱਦਲ ਬਣਨ ਤੋਂ ਲੈ ਕੇ ਮੀਂਹ ਪੈਣ ਤਕ ਦੇ ਕਰਮ ਨੂੰ ਸਵਪਨ ਦੱਤਾ ਨੇ ਬੜੀ ਸਰਲ ਬੋਲੀ ਅਤੇ ਛੋਟੇ-ਛੋਟੇ ਵਾਕਾਂ ਵਿਚ ਸੁਚੱਜੇ ਢੰਗ ਨਾਲ ਬਿਆਨ ਕੀਤਾ ਹੈ।

ISBN 81-237-1414-9

**243. ਡਾਕ ਬਾਬੂ ਦਾ ਪਾਰਸਲ** : ਦਰੋਣਵੀਰ ਕੋਹਲੀ

ਅਨੁਵਾਦ : *ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 52 ਕੀਮਤ : 13.00*

ਪ੍ਰਕ੍ਰਿਤੀ ਦਾ ਮੂਲ ਸਰੂਪ ਬਣਾਈ ਰੱਖਣ ਦਾ ਸੁਨੇਹਾ ਦੇਣ ਵਾਲੀ ਇਕ ਦਿਲਚਸਪ ਕਹਾਣੀ ਹੈ। ਪੁਸਤਕ ਜਿਥੇ ਸਦਾਚਾਰਕ ਕਦਰਾਂ-ਕੀਮਤਾਂ, ਝੂਠ ਨਾ ਬੋਲਣ, ਅਫ਼ਵਾਹਾਂ ਉੱਤੇ ਯਕੀਨ ਨਾ ਕਰਨ, ਥੋੜ੍ਹਾ ਖਾਣ, ਥੋੜ੍ਹਾ ਸੌਣ, ਮਿਲ ਕੇ ਰਹਿਣ, ਦੂਜਿਆਂ ਨਾਲ ਪਿਆਰ ਕਰਨ ਦੀ ਸਿੱਖਿਆ ਦਿੰਦੀ ਹੈ ਉਥੇ ਕੁਦਰਤ ਪ੍ਰਤੀ ਪਿਆਰ ਦੀ ਪ੍ਰੇਰਨਾ ਦਾ ਸਰੋਤ ਵੀ ਬਣਦੀ ਹੈ। ISBN 81-237-1483-1

**244. ਸਵਾਮੀ ਤੇ ਉਹਦੇ ਯਾਰ** : ਆਰ.ਕੇ. ਨਾਰਾਇਣ

ਅਨੁਵਾਦ : *ਹਰਿਭਜਨ ਸਿੰਘ* *ਸਫ਼ੇ : 175 ਕੀਮਤ : 25.00*

ਮਾਲਗੁੜੀ ਦੇ ਦਸ ਸਾਲ ਦੇ ਸਵਾਮੀਨਾਥਨ ਲਈ ਜੀਵਨ ਦਾ ਮਤਲਬ ਹੈ ਅਧਿਆਪਨ, ਸਕੂਲ ਦਾ ਕੰਮ, ਦੋਸਤ, ਕ੍ਰਿਕਟ, ਦਾਦੀ ਅਤੇ ਹੋਰ ਬਹੁਤ ਕੁਝ । ਰੁਮਾਂਚਪੂਰਨ ਅਨੁਭਵਾਂ ਅਤੇ ਕਾਰਨਾਮਿਆਂ ਦੇ ਬਿਨਾਂ ਸਵਾਮੀ ਦਾ ਸੰਸਾਰ ਅਧੂਰਾ ਹੈ ।

ISBN 81-237-1414-9

**245. ਦੀਪੂ ਖੋਤੇ ਦੇ ਦਲੇਰ ਕਾਰਨਾਮੇ** : ਵਰਨਨ ਟੌਮਸ

*ਅਨੁਵਾਦ : ਡਾ. ਹਰਬੰਸ ਕੌਰ ਗਿੱਲ* *ਸਫ਼ੇ : 70 ਕੀਮਤ : 11.00*

ਰਸਲ ਮੈਕਬੀਨ ਦੀ ਟੀ.ਵੀ. ਪਟਕਥਾ 'ਤੇ ਆਧਾਰਿਤ ਬਹੁਤ ਹੀ ਦਿਲਚਸਪ ਕਹਾਣੀ ਨੂੰ ਲੇਖਕ ਨੇ 14 ਅਧਿਆਵਾਂ ਵਿਚ ਵੰਡ ਕੇ ਪੇਸ਼ ਕੀਤਾ ਹੈ । ਇਹ ਨਾਵਲ ਜੀਵਾਂ ਦੀ ਆਜ਼ਾਦੀ ਦਾ ਸੁਨੇਹਾ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਦਾਨ ਕਰਦਾ ਹੈ ।

ISBN 81-237-1457-X

**246. ਗੁਲਾਬੋ ਚੂਹੀ ਤੇ ਗ਼ੁਬਾਰੋ** : ਜ਼ੈਦੀ ਕੁਸ਼ਦੀਆ

*ਅਨੁਵਾਦ : ਡਾ. ਮਾਨ ਸਿੰਘ ਅੰਮ੍ਰਿਤ* *ਸਫ਼ੇ : 24 ਕੀਮਤ : 8.50*

ਗੁਲਾਬੋ ਚੂਹੀ ਦੀ ਸ਼ਹਿਰ ਦੀ ਯਾਤਰਾ ਦਾ ਦਿਲਚਸਪ ਵਰਣਨ ਕਿ ਉਹ ਸ਼ਹਿਰ ਜਾ ਕੇ ਕਿਵੇਂ ਆਪਣੀ ਦੁਕਾਨ ਲਈ ਵਸਤਾਂ ਖ਼ਰੀਦ ਕੇ ਲਿਆਉਂਦੀ ਹੈ—ਅਤੇ ਬਾਅਦ ਵਿਚ ਉਹ ਕਿਵੇਂ ਪਰੀਜ਼ਾਦ ਦੇ ਸੰਪਰਕ ਵਿਚ ਆਉਂਦੀ ਹੈ—ਨੂੰ ਲੁਭਾਵਣੇ ਚਿੱਤਰਾਂ ਰਾਹੀਂ ਪੇਸ਼ ਕੀਤਾ ਗਿਆ ਹੈ । ISBN 81-237-1454-8

**247. ਭੋਲੂ ਅਤੇ ਗੋਲੂ** : ਪੰਕਜ ਬਿਸ਼ਟ

*ਅਨੁਵਾਦ : ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 80 ਕੀਮਤ : 50.00*

ਭੋਲੂ ਇਕ ਸਰਕਸ ਵਿਚ ਕੰਮ ਕਰਦਾ ਜਾਨਵਰ ਹੈ ਅਤੇ ਗੋਲੂ ਸਰਕਸ ਦੇ ਪਹਿਰੇਦਾਰ ਦਾ ਪੁੱਤਰ । ਗੋਲੂ, ਭੋਲੂ ਨੂੰ ਸਰਕਸ ਦੀ ਕੈਦ ਤੋਂ ਕਿਵੇਂ ਛੁਟਕਾਰਾ ਦਿਵਾਉਂਦਾ ਹੈ ਅਤੇ ਇਕ ਚਿੜੀ ਕਿਵੇਂ ਉਨ੍ਹਾਂ ਦੋਵਾਂ ਦੀ ਮਦਦ ਕਰਦੀ ਹੈ—ਦਾ ਰੌਚਕ ਵਰਣਨ ਇਸ ਪੁਸਤਕ ਵਿਚ ਹੈ । ISBN 978-81-237-1535-3

**248. ਸੋਨਾ ਦੇ ਕਾਰਨਾਮੇ** : ਤਾਰਾ ਤਿਵਾੜੀ

*ਅਨੁਵਾਦ : ਜਗਜੀਤ ਗਗਨ* *ਸਫ਼ੇ : 32 ਕੀਮਤ : 5.50*

ਇਕ ਛੋਟਾ ਜਿਹਾ ਊਠ ਦਾ ਬੱਚਾ ਸੀ 'ਸੋਨਾ' । ਇਸ ਸੋਨਾ ਦੀ ਕਹਾਣੀ ਲੇਖਕ ਨੇ ਬਹੁਤ ਹੀ ਸਰਲ ਸ਼ੈਲੀ ਵਿਚ ਪੇਸ਼ ਕੀਤੀ ਹੈ । ਪੁਸਤਕ ਦੀਆਂ ਖ਼ੂਬਸੂਰਤ ਤਸਵੀਰਾਂ ਮਨ ਲੁਭਾਉਣੀਆਂ ਹਨ ।

**249. ਇਹ ਨੇ ਰੁੱਖ** : ਪ੍ਰਨਬ ਅਤੇ ਸਮਿਤਾ ਚਕ੍ਰਵਰਤੀ

*ਅਨੁਵਾਦ : ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 16 ਕੀਮਤ : 5.00*

ਇਸ ਪੁਸਤਕ ਵਿਚ ਰੁੱਖਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ । ਇਹ ਕਿਵੇਂ ਮਨੁੱਖਾਂ ਅਤੇ ਪੰਛੀਆਂ ਦੇ ਜੀਵਨ ਦਾ ਸਹਾਰਾ ਬਣਦੇ ਹਨ । ਮਨੁੱਖ ਦਾ ਮੂਲ ਆਧਾਰ ਰੁੱਖ ਹੀ ਹਨ ।

ਰੁੱਖ ਮਨੁੱਖ ਦੇ ਸੱਚੇ ਮਿੱਤਰ ਅਤੇ ਜੀਵਨ-ਦਾਤਾ ਹਨ ।

**250. ਬ੍ਰਹਿਮੰਡ ਦੀ ਯਾਤਰਾ** : ਜਯੰਤ ਨਾਰਲੀਕਰ

ਅਨੁਵਾਦ : *ਓ.ਪੀ. ਆਨੰਦ* *ਸਫ਼ੇ : 64 ਕੀਮਤ : 11.00*

ਇਸ ਪੁਸਤਕ ਵਿਚ ਲੇਖਕ ਨੇ ਬ੍ਰਹਿਮੰਡ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਹੈ । ਉਨ੍ਹਾਂ ਰਹੱਸਾਂ ਤੋਂ ਪਰਦਾ ਚੁੱਕਣ ਦੀ ਕੋਸ਼ਿਸ਼ ਕੀਤੀ ਗਈ ਹੈ, ਜਿਨ੍ਹਾਂ ਨੂੰ ਮਨੁੱਖ ਜਾਣਨਾ ਚਾਹੁੰਦਾ ਹੈ । ISBN 81-237-1750-4

**251. ਵੱਡਾ ਚਾਤਰ ਕੌਣ ?** : ਗੀਤਾ ਆਈਐਂਗਰ

ਅਨੁਵਾਦ : *ਡਾ. ਕਰਨਜੀਤ ਸਿੰਘ* *ਸਫ਼ੇ : 36 ਕੀਮਤ : 12.50*

ਇਕ ਨੌਜਵਾਨ ਬ੍ਰਾਹਮਣ ਗਨਪਤੀ ਦੀ ਦਿਲਚਸਪ ਕਹਾਣੀ—ਜਿਸ ਦਾ ਸ਼ੇਰ ਤੇ ਖੋਤੇ ਆਦਿ ਜਾਨਵਰਾਂ ਨਾਲ ਵਾਸਤਾ ਪੈਂਦਾ ਹੈ । ਗਨਪਤੀ ਕਿਵੇਂ ਸ਼ੇਰ ਤੇ ਖੋਤੇ ਨਾਲ ਚਲਾਕੀ ਕਰਦਾ ਹੈ ਅਤੇ ਕਿਵੇਂ ਆਪ ਵੀ ਸਹਿਮ ਹੇਠ ਜਿਊਂਦਾ ਹੈ—ਬਾਰੇ ਬਹੁਤ ਹੀ ਰੋਚਕ ਕਹਾਣੀ ਹੈ ।

ISBN 81-237-1864-0

**252. ਕੋਇਲ ਦੀ ਸਿਤਾਰ** : ਅਸ਼ੋਕ ਚੱਕਰਧਰ

ਅਨੁਵਾਦ : *ਹਰਦੇਵ ਚੌਹਾਨ* *ਸਫ਼ੇ : 24 ਕੀਮਤ : 12.00*

ਕੋਇਲ ਨੂੰ ਸੰਗੀਤ ਨਾਲ ਪ੍ਰੇਮ ਹੈ । ਉਹ ਸੰਗੀਤ ਸਿੱਖਣਾ ਚਾਹੁੰਦੀ ਹੈ । ਆਪਣੇ ਇਸ ਸ਼ੌਕ ਦੀ ਪੂਰਤੀ ਲਈ ਉਹ ਕਿਵੇਂ ਸਿਤਾਰ ਬਣਾਉਣ ਵਿਚ ਸਫ਼ਲ ਹੁੰਦੀ ਹੈ—ਦੀ ਦਿਲਚਸਪ ਕਹਾਣੀ ਹੈ । ISBN 81-237-1898-5

**253. ਸਾਗਰ ਨੇੜੇ ਇਕ ਪਿੰਡ** : ਅਨੀਤਾ ਡੇਸਾਈ

ਅਨੁਵਾਦ : *ਗੁਲਵੰਤ 'ਫ਼ਾਰਿਗ'* *ਸਫ਼ੇ : 180 ਕੀਮਤ : 40.00*

ਲੀਲਾ ਤੇਰ੍ਹਾਂ ਸਾਲ ਦੀ ਹੈ ਅਤੇ ਉਸ ਦਾ ਭਰਾ ਹਰੀ ਸਿਰਫ਼ ਬਾਰ੍ਹਾਂ ਵਰ੍ਹਿਆਂ ਦਾ, ਪਰ ਇਕ ਗ਼ਰੀਬ ਭਾਰਤੀ ਪਰਿਵਾਰ, ਜਿਸ 'ਤੇ ਮਾੜੇ ਦਿਨ ਆ ਗਏ ਹਨ, ਦੇ ਸਭ ਤੋਂ ਵੱਡੇ ਬੱਚੇ ਹੋਣ ਦੀ ਹੈਸੀਅਤ ਵਿਚ, ਉਹ ਨਿੱਕੀਆਂ ਭੈਣਾਂ ਦੀ ਦੇਖ-ਭਾਲ ਕਰਨ ਦੀ, ਆਪਣੀ ਜ਼ਿੰਮੇਵਾਰੀ ਨੂੰ ਮਹਿਸੂਸ ਕਰਦੇ ਹਨ । ISBN 81-237-1934-5

**254. ਭੂਚਾਲ ਅਤੇ ਭਾਂਬੜ** : ਰਸਕਿਨ ਬਾਂਡ

ਅਨੁਵਾਦ : *ਗੁਲਵੰਤ 'ਫ਼ਾਰਿਗ'* *ਸਫ਼ੇ : 54 ਕੀਮਤ : 8.50*

ਭੂਚਾਲ ਆਉਣ ਤੇ ਹੋਣ ਵਾਲੀ ਤਬਾਹੀ, ਭੂਚਾਲ ਆਉਣ ਸਮੇਂ ਨਾਗਰਿਕਾਂ ਵਲੋਂ ਕੀਤੇ ਜਾਣ ਵਾਲੇ ਉਪਾਅ ਅਤੇ ਜੰਗਲ ਵਿਚ ਅੱਗ ਲੱਗਣ ਤੇ ਉਥੇ ਮੱਚਦੀ ਹਾਹਾਕਾਰ ਦੀ ਘਟਨਾ ਨੂੰ ਇਸ ਪੁਸਤਕ ਵਿਚ ਦਿਲਚਸਪ ਢੰਗ ਨਾਲ ਪੇਸ਼ ਕੀਤਾ ਗਿਆ ਹੈ ।

ISBN 81-237-0286-9

**255. ਹੱਕਾ-ਬੱਕਾ** : ਪ੍ਰਯਾਗ ਸ਼ੁਗਲ

ਅਨੁਵਾਦ : *ਪ੍ਰੋ. ਪ੍ਰੀਤਮ ਰਾਹੀ* *ਸਫ਼ੇ : 18 ਕੀਮਤ : 10.00*

ਇਨ੍ਹਾਂ ਛੋਟੇ-ਛੋਟੇ ਬਾਲ-ਗੀਤਾਂ ਦੀ ਆਪਣੀ ਇਕ ਤਾਲ ਹੈ ਅਤੇ ਆਪਣਾ ਇਕ ਸੰਗੀਤ ਹੈ, ਜਿਸ ਨੂੰ ਬੱਚੇ ਬਹੁਤ ਪਸੰਦ ਕਰਨਗੇ । ISBN 81-237-1973-6

**256. ਸ਼ਾਹੂਕਾਰ** : ਜੈ ਪ੍ਰਕਾਸ਼ ਰਾਏ

ਅਨੁਵਾਦ : *ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 16 ਕੀਮਤ : 5.00*

ਬੁਨਿਆਦੀ ਤੌਰ 'ਤੇ ਇਹ ਕਹਾਣੀ ਇਕ ਬੁੰਦੇਲੀ ਲੋਕ-ਕਹਾਣੀ 'ਤੇ ਆਧਾਰਿਤ ਹੈ । ਕਹਾਣੀ ਸਮਾਜਵਾਦੀ ਸੁਰ ਨੂੰ ਉਸਾਰਦੀ ਹੈ, ਲੋਟੂ ਤੇ ਭ੍ਰਿਸ਼ਟ ਨਿਜ਼ਾਮ ਦਾ ਵਿਰੋਧ ਕਰਦਿਆਂ ਸਮਾਜਵਾਦੀ ਕਦਰਾਂ-ਕੀਮਤਾਂ ਦੇ ਹੱਕ ਵਿਚ ਭੁਗਤਦੀ ਹੈ ।

ISBN 81-237-2976-0

**257. ਚਿੱਟਾ ਘੋੜਾ** : ਅਮਰੇਂਦਰ ਚਕਰਵਰਤੀ

ਅਨੁਵਾਦ : *ਬਲਬੀਰ ਮਾਧੋਪੁਰੀ* *ਸਫ਼ੇ : 32 ਕੀਮਤ : 13.00*

'ਚਿੱਟਾ ਘੋੜਾ' ਬਾਲਾਂ ਲਈ ਬੜਾ ਦਿਲਚਸਪ ਨਾਵਲ ਹੈ । 'ਲੋਕ ਕਥਾ' ਸ਼ੈਲੀ ਵਿਚ ਲਿਖੀ ਗਈ ਇਸ ਕਹਾਣੀ ਦਾ ਨਾਇਕ ਅਨੇਕ ਮੁਸੀਬਤਾਂ ਦੇ ਬਾਅਦ ਅਖ਼ੀਰ ਆਪਣੇ ਦੇਸ਼ ਮੁੜਦਾ ਹੈ ਤੇ ਉਹ ਵੀ ਪੂਰੇ ਸਨਮਾਨ ਦੇ ਨਾਲ । ISBN 81-237-2520-5

**258. ਆਜ਼ਾਦ ਕਰੋ** : ਆਸ਼ੀਸ਼ ਸੇਨਗੁਪਤਾ

ਅਨੁਵਾਦ : *ਡਾ. ਬਲਦੇਵ ਸਿੰਘ ਬੱਦਨ'* *ਸਫ਼ੇ : 16 ਕੀਮਤ : 10.00*

ਇਹ ਪੁਸਤਕ ਜੰਗਲੀ ਜੀਵ-ਜੰਤੂਆਂ ਦੇ ਸੰਸਾਰ ਨਾਲ ਸੰਬੰਧਿਤ ਹੈ ਜਿਸ ਵਿਚਲਾ ਨਾਇਕ 'ਮੰਨੂ' ਮਦਾਰੀਆਂ ਅਤੇ ਸਪੇਰਿਆਂ ਰਾਹੀਂ ਰਿੱਛ, ਸੱਪ ਅਤੇ ਬਾਂਦਰ ਦੇ ਨਾਚ ਨੂੰ ਦੇਖਦਿਆਂ ਅਨੁਭਵ ਕਰਦਾ ਹੈ ਕਿ ਜੇਕਰ ਉਹ ਇਨ੍ਹਾਂ ਦੀ ਜਗ੍ਹਾ ਖ਼ੁਦ ਹੋਵੇ ਤਾਂ ਉਸ ਦੇ ਦਿਲ ਉਤੇ ਕਿੰਝ ਗੁਜ਼ਰੇ ? ਇਸ ਤਰ੍ਹਾਂ ਇਹ ਪੁਸਤਕ ਜੀਵ-ਜੰਤੂਆਂ ਪ੍ਰਤੀ ਸਨੇਹ ਦੀ ਭਾਵਨਾ ਪ੍ਰਗਟ ਕਰਨ ਦੀ ਇਕ ਕੋਸ਼ਿਸ਼ ਹੈ । ISBN 81-237-2466-7

**259. ਚੰਚਲ ਬਾਲੜੀ ਮਾਮੂ** : ਨੀਹਾਰ ਚੌਧਰੀ

ਅਨੁਵਾਦ : *ਡਾ. ਗੁਰਦੀਪ ਕੌਰ* *ਸਫ਼ੇ : 28 ਕੀਮਤ : 12.00*

ਨਟਖਟ ਬਾਲੜੀ ਮਾਮੂ ਜੋ ਆਪਣੀ ਭੈਣ ਜਾਮੂ ਨਾਲ ਈਰਖਾ ਕਰਦੀ ਹੈ ਅਤੇ ਉਸ ਨੂੰ ਬੇ-ਵਜ੍ਹਾ ਤੰਗ ਕਰਦੀ ਹੈ, ਉਹ ਆਪਣੀ ਮਾਂ ਦਾ ਕਹਿਣਾ ਵੀ ਨਹੀਂ ਮੰਨਦੀ । ਪਲੰਘ ਉਪਰ ਅਧਸੁੱਤੀ ਮਾਮੂ ਨੂੰ ਹਰੀਆ ਸਿੱਖਿਆ ਦਿੰਦਾ ਹੈ । ਹਰੀਆ ਇਕ ਕੀੜਾ ਹੈ ਜੋ ਮਾਮੂ ਦਾ ਹਿਰਦੇ ਪਰਿਵਰਤਨ ਕਰ ਦਿੰਦਾ ਹੈ । ISBN 81-237-2521-5

**260. ਲਾਲ ਪਤੰਗ ਅਤੇ ਲਾਲੂ** : ਆਸ਼ੀਸ਼ ਸੇਨਗੁਪਤਾ

ਅਨੁਵਾਦ : *ਡਾ. ਬਲਦੇਵ ਸਿੰਘ ਬੱਦਨ'* *ਸਫ਼ੇ : 16 ਕੀਮਤ : 10.00*

ਇਸ ਤਰ੍ਹਾਂ ਪੁਸਤਕ ਦਾ ਵਿਸ਼ਾ ਇਸ ਗੱਲ ਵੱਲ ਸੰਕੇਤ ਕਰਦਾ ਹੈ ਕਿ ਕਿਸੇ ਪ੍ਰਾਪਤੀ ਲਈ

ਥੱਕ-ਹਾਰ ਕੇ ਬਹਿ ਜਾਣਾ ਚੰਗਾ ਨਹੀਂ ਹੁੰਦਾ ਸਗੋਂ ਆਪਣਾ ਯਤਨ ਬਰਕਰਾਰ ਰੱਖਣਾ ਚਾਹੀਦਾ ਹੈ ।

ISBN 81-237-2465-9

**261. ਮੇਰਾ ਜੀਵਨ ਇਕ ਤਿਤਲੀ ਦੀ ਕਹਾਣੀ** : ਅੰਜਨ ਸਰਕਾਰ

*ਅਨੁਵਾਦ : ਡਾ. ਦਰਸ਼ਨ ਸਿੰਘ ਆਸ਼ਟ* *ਸਫ਼ੇ : 16 ਕੀਮਤ : 15.00*

ਇਸ ਸੁੰਦਰ ਕਿਤਾਬ ਵਿਚ ਤਿੱਤਲੀ ਦੇ ਪੈਦਾ ਹੋਣ 'ਤੇ ਵਿਕਸਿਤ ਹੋਣ ਦੀ ਕਹਾਣੀ ਨੂੰ ਬੜੇ ਹੀ ਦਿਲਚਸਪ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ । ਇਸ ਪੁਸਤਕ ਵਿਚ ਸੋਹਣੀਆਂ ਤਸਵੀਰਾਂ ਤੇ ਭਾਸ਼ਾ ਰਾਹੀਂ ਤਿੱਤਲੀ ਦੇ ਜੀਵਨ-ਚੱਕਰ ਨੂੰ ਪੇਸ਼ ਕੀਤਾ ਗਿਆ ਹੈ ।

ISBN 81-237-2295-X

**262. ਸ਼ੇਰ ਦੇ ਬੱਚੇ ਨੇ ਗਰਜਣਾ ਸਿੱਖਿਆ** : ਇੰਦੂ ਰਾਣਾ

*ਅਨੁਵਾਦ : ਡਾ. ਹਰਨੇਕ ਸਿੰਘ ਕਲੇਰ* *ਸਫ਼ੇ : 24 ਕੀਮਤ : 10.00*

ਇਸ ਪੁਸਤਕ ਦੀ ਕਹਾਣੀ ਦਾ ਸਾਰ ਇਸ ਤੱਥ ਵਿਚ ਸਮੋਇਆ ਹੋਇਆ ਹੈ ਕਿ ਕੋਈ ਵੀ ਪ੍ਰਾਪਤੀ ਜਾਂ ਸਿਖਲਾਈ ਸਮੇਂ ਤੋਂ ਪਹਿਲਾਂ ਹਾਸਲ ਨਹੀਂ ਹੁੰਦੀ । ਇਉਂ ਨਿੱਕੇ-ਨਿੱਕੇ ਅਤੇ ਸੁੰਦਰ ਵਾਕਾਂ ਵਾਲੀ ਇਸ ਪੁਸਤਕ ਦਾ ਵਿਸ਼ਾ ਅਰਥ-ਸੰਚਾਰ ਨੂੰ ਸਫ਼ਲਤਾ ਸਹਿਤ ਪ੍ਰਸਤੁਤ ਕਰਦਾ ਹੈ ।

**263. ਖੋਜੀ ਬਿੱਲਾ** : ਮੇਲਾਨੀ ਸਕਵੇਰਾ

*ਅਨੁਵਾਦ : ਡਾ. ਕੁਲਦੀਪ ਕੌਰ ਪਾਹਵਾ* *ਸਫ਼ੇ : 24 ਕੀਮਤ : 10.00*

ਇਕ ਕਾਲੇ ਬਿੱਲੇ ਅਤੇ ਨੰਨ੍ਹੀ ਚੂਹੀ ਦੀ ਕਹਾਣੀ ਜੋ ਬੱਚਿਆਂ ਨੂੰ ਕਦੇ ਹਸਾਉਂਦੀ ਅਤੇ ਕਦੇ ਹੈਰਾਨ ਕਰ ਦੇਂਦੀ ਹੈ । ਮਾਰਕੋ ਬਿੱਲੇ ਅਤੇ ਚੂਹੀ ਵਿਚਕਾਰ ਮਿੱਤਰਤਾ ਬੱਚਿਆਂ ਦੇ ਮਨੋਰੰਜਨ ਦਾ ਕੇਂਦਰ ਹੈ ।

ISBN 81-237-3057-8

**264. ਰਾਣੀ ਝਾਂਸੀ ਦੀ ਕਹਾਣੀ** : ਸੰਧਿਆ ਰਾਓ

*ਅਨੁਵਾਦ : ਡਾ. ਜੋਗਿੰਦਰ ਸਿੰਘ ਕੈਰੋਂ* *ਸਫ਼ੇ : 16 ਕੀਮਤ : 35.00*

ਇਸ ਪੁਸਤਕ ਵਿਚ ਸਾਡੇ ਦੇਸ਼ ਦੀ ਨਾਇਕਾ ਝਾਂਸੀ ਦੀ ਰਾਣੀ, ਜਿਸ ਨੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਅੰਗ੍ਰੇਜ਼ਾਂ ਨਾਲ ਲੜਾਈ ਦੇ ਮੈਦਾਨ ਵਿਚ ਟੱਕਰ ਲਈ, ਦੀ ਬਹਾਦਰੀ ਵਾਲੀ ਕਹਾਣੀ ਹੈ ।

ISBN 81-237-3343-7

**265. ਬਿਰਜੂ ਅਤੇ ਉਸ ਦਾ ਉਡਣਾ ਘੋੜਾ** : ਦੀਪਾ ਅਗਰਵਾਲ

*ਅਨੁਵਾਦ : ਪ੍ਰੀਤਮ ਸਿੰਘ ਰੂਪਾਲ* *ਸਫ਼ੇ : 16 ਕੀਮਤ : 10.00*

ਸਰਲ ਅਤੇ ਰੌਚਕ ਢੰਗ ਨਾਲ ਲਿਖੀ ਇਕ ਬਹੁਤ ਹੀ ਦਿਲਚਸਪ ਕਹਾਣੀ ਜੋ ਬੱਚਿਆਂ ਵਿਚ ਸਾਹਸ ਦੀ ਭਾਵਨਾ ਪੈਦਾ ਕਰਦੀ ਹੈ । ਇਸ ਪੁਸਤਕ ਵਿਚ ਇਕ ਲੱਤੋਂ ਅਪੰਗ ਬੱਚੇ ਬਿਰਜੂ ਦੀ ਸੰਵੇਦਨਸ਼ੀਲਤਾ ਦਾ ਵਰਣਨ ਹੈ । ਪੁਸਤਕ ਵਿਚ ਦੱਸਿਆ ਗਿਆ ਹੈ ਕਿ ਜੇਕਰ ਸਾਡੇ ਇਰਾਦੇ ਉੱਚੇ ਅਤੇ ਨੇਕ ਹੋਣ ਤਾਂ ਸਰੀਰਕ ਨੁਕਸ ਵੀ ਉਨ੍ਹਾਂ ਅੱਗੇ ਅੜਿੱਕਾ ਨਹੀਂ ਬਣ ਸਕਦੇ ।

ISBN 81-237-3342-9

**266. ਦਾਦੀ ਉਣਦੀ ਹੈ** : ਯੂਰੀ ਔਲਿਵ

ਅਨੁਵਾਦ : *ਪ੍ਰੋ. ਸੁਲੱਖਣ ਮੀਤ* *ਸਫ਼ੇ : 44 ਕੀਮਤ : 19.00*

ਬੁੱਢੀ ਦਾਦੀ ਮਾਂ ਦੀ ਦਿਲਚਸਪ ਕਹਾਣੀ ਜਿਸ ਦੇ ਜੀਵਨ ਤੇ ਸੋਚਣ ਢੰਗ ਤੋਂ ਪ੍ਰੇਰਨਾ ਲੈ ਕੇ ਮਨਚਾਹੀ ਪ੍ਰਾਪਤੀ ਕੀਤੀ ਜਾ ਸਕਦੀ ਹੈ । ਇਹ ਕਹਾਣੀ ਕਲਾਤਮਕ ਰੁਚੀਆਂ ਦੀ ਮਾਲਕ, ਕਲਪਨਾਸ਼ੀਲ, ਹੁਨਰਮੰਦ ਅਤੇ ਸਾਹਸ ਭਰਪੂਰ ਜ਼ਿੰਦਗੀ ਜਿਉਣ ਵਾਲੀ ਦਾਦੀ ਦੀ ਕਹਾਣੀ ਹੈ ਜੋ ਆਪਣੀ ਕਲਾ-ਕੁਸ਼ਲਤਾ ਅਤੇ ਹੁਨਰਮੰਦੀ ਨਾਲ ਇਕ ਨਿੱਕੇ ਜਿਹੇ ਅਣਜਾਣੇ ਸ਼ਹਿਰ ਨੂੰ ਪ੍ਰਸਿੱਧੀ ਦੀਆਂ ਸਿਖਰਾਂ 'ਤੇ ਪਹੁੰਚਾ ਰਹੀ ਹੈ ।

ISBN 81-237-3348-8

**267. ਸੂਰਜ ਅਤੇ ਚੰਦਰਮਾ** : ਵਰਸ਼ਾ ਦਾਸ

ਅਨੁਵਾਦ : *ਜਸਬੀਰ ਭੁੱਲਰ* *ਸਫ਼ੇ : 16 ਕੀਮਤ : 14.00*

ਪਤੀ (ਦਿਨ) ਅਤੇ ਪਤਨੀ (ਰਾਤ) ਦੇ ਬੱਚੇ ਚੰਦਰਮਾ ਤੇ ਸੂਰਜ ਨੂੰ ਜਦੋਂ ਇਕ ਅਜਗਰ ਨਿਗਲ ਜਾਂਦਾ ਹੈ ਤਾਂ ਰਾਤ ਆਪਣੀ ਭੈਣ ਨੀਂਦ ਦੀ ਸਹਾਇਤਾ ਨਾਲ ਅਜਗਰ ਦੇ ਢਿੱਡ ਵਿਚੋਂ ਵਿਉਂਤਾਂ ਗੁੰਦ ਕੇ ਬੱਚਿਆਂ ਨੂੰ ਰਾਜ਼ੀ-ਖੁਸ਼ੀ ਕਢਾਉਣ ਵਿਚ ਸਫਲ ਹੁੰਦੀ ਹੈ । ਸੂਰਜ ਅਤੇ ਚੰਦਰਮਾ ਦੀ ਲੋਕ-ਕਥਾ ਨੂੰ ਬਹੁਤ ਹੀ ਦਿਲਚਸਪ ਤੇ ਸਰਲ ਢੰਗ ਨਾਲ ਬਿਆਨ ਕੀਤਾ ਗਿਆ ਹੈ ।

ISBN 81-237-3591-7

**268. ਬੋਰਿਮ ਦਾ ਪੁਲ** : ਸੁਰੇਖਾ ਪਾਨੰਦੀਕਰ

ਅਨੁਵਾਦ : *ਦੇਵ ਭਾਰਦਵਾਜ* *ਸਫ਼ੇ : 80 ਕੀਮਤ : 15.00*

ਇਸ ਪੁਸਤਕ ਵਿਚ ਲੇਖਕ ਨੇ ਪੁਰਤਗਾਲ ਦੇ ਕਬਜ਼ੇ ਤੋਂ ਗੋਆ ਨੂੰ ਆਜ਼ਾਦ ਹੋਣ ਦੀ ਕਹਾਣੀ ਬਹੁਤ ਹੀ ਸਰਲ, ਰੋਚਕ ਅਤੇ ਸਪੱਸ਼ਟ ਢੰਗ ਨਾਲ ਪੇਸ਼ ਕੀਤੀ ਹੈ । ਗੋਆ ਦੀ ਆਜ਼ਾਦੀ ਦੇ ਨਾਲ ਹੀ ਭਾਰਤ ਦੀ ਆਜ਼ਾਦੀ 19 ਦਸੰਬਰ, 1961 ਨੂੰ ਸੰਪੂਰਨ ਹੋ ਗਈ ।

ISBN 81-237-3560-X

**269. ਟੀਪੂ ਸੁਲਤਾਨ ਦੀ ਕਹਾਣੀ** : ਸੰਧਿਆ ਰਾਓ

ਅਨੁਵਾਦ : *ਪ੍ਰਮਿੰਦਰਜੀਤ* *ਸਫ਼ੇ : 18 ਕੀਮਤ : 35.00*

ਇਹ ਕਹਾਣੀ ਹੈ ਟੀਪੂ ਸੁਲਤਾਨ ਦੀ, ਜਿਸ ਨੂੰ ਮੈਸੂਰ ਦਾ ਬਾਘ ਕਿਹਾ ਜਾਂਦਾ ਹੈ । ਟੀਪੂ ਸੁਲਤਾਨ ਕਰੀਬ ਦੋ ਸੌ ਸਾਲ ਪਹਿਲਾਂ ਰਾਜ ਕਰਦਾ ਸੀ ।

ISBN 81-237-3672-X

**270. ਕਿਸੇ ਨੂੰ ਡੰਗਣਾ ਨਹੀਂ, ਫੁੰਕਾਰਾ ਛੱਡਣਾ ਨਹੀਂ** : ਵਾਯੂ ਨਾਇਡੂ

ਅਨੁਵਾਦ : *ਡਾ. ਕਰਮਜੀਤ ਸਿੰਘ* *ਸਫ਼ੇ : 12 ਕੀਮਤ : 15.00*

ਬੰਗਾਲ ਦੀ ਲੋਕ-ਕਥਾ ਨੂੰ ਆਧਾਰ ਬਣਾ ਕੇ ਸੱਪ ਬਾਰੇ ਬਹੁਤ ਹੀ ਰੋਚਕ ਸ਼ੈਲੀ ਵਿਚ ਲਿਖੀ ਗਈ ਕਹਾਣੀ ਦੇ ਚਿੱਤਰਕਾਰ ਮੁਗਧਾ ਸ਼ਾਹ ਹਨ ।

ISBN 81-237-3875-7

**271. ਤ੍ਰਿਸ਼ਨਾ ਦਾ ਸਮੁੰਦਰੀ ਸਫ਼ਰ** : ਕਰਨਲ ਟੀ.ਪੀ.ਐਸ. ਚੌਧਰੀ

*ਅਨੁਵਾਦ : ਡਾ. ਅਮਰਜੀਤ ਕੌਰ* *ਸਫ਼ੇ : 76 ਕੀਮਤ : 12.00*

10 ਭਾਰਤੀਆਂ ਨੇ ਇਕ ਬੇੜੀ ਵਿਚ ਦੁਨੀਆਂ ਦਾ ਚੱਕਰ ਲਗਾਇਆ। 15 ਮਹੀਨੇ 12 ਦਿਨ ਵਿਚ ਉਨ੍ਹਾਂ ਨੇ 55,000 ਕਿਲੋਮੀਟਰ ਦੀ ਯਾਤਰਾ ਕੀਤੀ। ਇਹ ਬੇੜੀ ਤ੍ਰਿਸ਼ਨਾ ਸੀ। ਇਹ ਪਹਿਲੀ ਬੇੜੀ-ਯਾਤਰਾ ਮੁਹਿੰਮ ਸੀ, ਜਿਹੜੀ ਵਿਸ਼ਵ-ਯਾਤਰਾ 'ਤੇ ਨਿਕਲੀ ਸੀ। ਇਸ ਪੁਸਤਕ ਵਿਚ ਯਾਤਰਾ ਦਾ ਰੌਚਕ ਵਰਣਨ ਹੈ।

ISBN 81-237-3956-7

**272. ਕੋਈ ਖ਼ਾਸ ਗੱਲ** : ਗੀਤਿਕਾ ਜੈਨ

*ਅਨੁਵਾਦ : ਰਾਜਿੰਦਰ ਕੌਰ ਬੱਗਾ* *ਸਫ਼ੇ : 24 ਕੀਮਤ : 16.00*

ਜੰਗਲ ਦੀ ਸੈਰ ਕਰਦਿਆਂ ਬੱਚਿਆਂ ਦੇ ਅਨੁਭਵ ਦਿਲਚਸਪ ਸੂਚਨਾ ਦੇਣ ਵਾਲੇ ਹਨ।

ISBN 81-237-4175-8

**273. ਚਿਤਰਾ ਕਬੂਤਰ ਦੀ ਕਹਾਣੀ** : ਧਨਗੋਪਾਲ ਮੁਕਰਜੀ

*ਅਨੁਵਾਦ : ਹਰਦੇਵ ਚੌਹਾਨ* *ਸਫ਼ੇ : 148 ਕੀਮਤ : 25.00*

'ਚਿਤਰਾ' ਇਕ ਡਾਕੀਏ ਕਬੂਤਰ ਦੀ ਦਿਲ-ਟੁੰਬਵੀਂ ਤੇ ਰੌਚਕ ਕਹਾਣੀ ਹੈ। ਇਹ ਕਹਾਣੀ ਕਿਸੇ ਆਮ ਕਬੂਤਰ ਦੀ ਸਿਖਲਾਈ ਅਤੇ ਉਸ ਦੇ ਕਾਰਨਾਮਿਆਂ ਨਾਲੋਂ ਵੀ ਵਡੇਰੀ ਹੈ। 'ਚਿਤਰਾ' ਸੁਨੇਹੇ ਲੈ ਕੇ ਜਾਣ ਵਾਲਾ ਇਕ 'ਡਾਕੀਆ' ਕਬੂਤਰ ਹੈ। ਉਸ ਦੇ ਸੁਨੇਹੜੇ ਪਿਆਰ ਤੇ ਬਹਾਦਰੀ ਦੇ ਸ਼ਬਦ ਪ੍ਰਤੀਤ ਹੁੰਦੇ ਹਨ।

ISBN 81-237-4132-4

**274. ਅਨੋਖੀਆਂ ਛੁੱਟੀਆਂ** : ਅਨੁਰਾਧਾ ਭਸੀਨ ਜਾਮਵਾਲ

*ਅਨੁਵਾਦ : ਬਲਦੇਵ ਸਿੰਘ 'ਬੱਦਨ'* *ਸਫ਼ੇ : 16 ਕੀਮਤ : 16.00*

ਇਸ ਪੁਸਤਕ ਰਾਹੀਂ ਲੇਖਕ ਬੱਚਿਆਂ ਨੂੰ ਸਮਾਜਿਕ ਕਰਤੱਵ ਦਾ ਅਹਿਸਾਸ ਕਰਵਾਉਂਦੀ ਹੋਈ ਉਨ੍ਹਾਂ ਨੂੰ ਆਪਣੇ ਸਮੇਂ ਦੀ ਉਪਯੋਗਿਤਾ ਸਮਝਣ ਵਿਚ ਸਹਾਇਕ ਹੁੰਦੀ ਹੈ। ਬੱਚਿਆਂ ਵਿਚ ਕੋਮਲ ਭਾਵਨਾਵਾਂ ਪੈਦਾ ਕਰਨ ਵਿਚ ਵੀ ਇਹ ਪੁਸਤਕ ਸਹਾਈ ਹੋ ਸਕਦੀ ਹੈ।

ISBN 81-237-4327-0

**275. ਹਵਾ ਕਿੱਥੇ ਰਹਿੰਦੀ ਹੈ** : ਸੰਥਿਨੀ ਗੋਵਿੰਦਨ

*ਅਨੁਵਾਦ : ਪ੍ਰੋ. ਸੁਲੱਖਣ ਮੀਤ* *ਸਫ਼ੇ : 24 ਕੀਮਤ : 25.00*

ਇਸ ਕਹਾਣੀ ਵਿਚ ਮਨੁੱਖ ਦੇ ਘੁਮੰਡ ਅਤੇ ਪ੍ਰਕ੍ਰਿਤੀ ਦੀ ਸ਼ਕਤੀ ਅਤੇ ਸਹਿਜਤਾ ਵਿਚ ਟੱਕਰ ਦਿਖਾਈ ਹੈ। ਝੂਠੇ ਹੰਕਾਰ ਦੀ ਹਾਰ ਹੁੰਦੀ ਦਿਖਾਈ ਹੈ। ਇਸ ਕਹਾਣੀ ਰਾਹੀਂ ਬੱਚਿਆਂ ਵਿਚ ਕੋਮਲਤਾ ਅਤੇ ਸਹਿਜਤਾ ਦਾ ਸੰਚਾਰ ਕੀਤਾ ਜਾ ਸਕਦਾ ਹੈ। ਬੱਚਿਆਂ ਵਿਚ ਲਲਿਤ-ਕਲਾਵਾਂ ਪ੍ਰਤੀ ਪ੍ਰੇਮ ਜਾਗ੍ਰਿਤ ਕੀਤਾ ਜਾ ਸਕਦਾ ਹੈ।

ISBN 81-237-4323-8

**276. ਮੇਰੀ ਭੈਣ ਨੇਹਾ** : ਮਧੂ. ਬੀ. ਜੋਸ਼ੀ

ਅਨੁਵਾਦ : *ਬਲਦੇਵ ਸਿੰਘ 'ਬੱਦਨ'* *ਸਫ਼ੇ : 16 ਕੀਮਤ : 12.00*

ਇਹ ਬਾਲ-ਕਹਾਣੀ ਬੱਚਿਆਂ ਵਿਚ ਆਪਸੀ ਅਤੇ ਮਾਤਾ-ਪਿਤਾ ਪ੍ਰਤੀ ਪਿਆਰ ਦੀਆਂ ਤੰਦਾਂ ਨੂੰ ਪੱਕਾ ਕਰਨ ਵਿਚ ਸਹਾਈ ਹੁੰਦੀ ਹੈ । ਬੱਚਿਆਂ ਦੀਆਂ ਭੋਲੀਆਂ-ਭਾਲੀਆਂ ਗੱਲਾਂ ਅਤੇ ਭਾਵਨਾਵਾਂ ਇਸ ਪੁਸਤਕ ਰਾਹੀਂ ਬਾਖ਼ੂਬੀ ਦਰਸਾਈਆਂ ਗਈਆਂ ਹਨ । ਇਹ ਪੁਸਤਕ ਨਿੱਕੇ ਬੱਚਿਆਂ ਦੇ ਮਨੋਵਿਗਿਆਨ 'ਤੇ ਪੂਰੀ ਉਤਰਦੀ ਹੈ ।

ISBN 978-81-237-4260-1

**277. ਚੁਨਮੁਨ ਆਜ਼ਾਦ ਹੈ** : ਕਮਲੇਸ਼ ਮੋਹਿੰਦਰਾ

ਅਨੁਵਾਦ : *ਬਲਦੇਵ ਸਿੰਘ 'ਬੱਦਨ'* *ਸਫ਼ੇ : 16 ਕੀਮਤ : 12.00*

ਇਹ ਕਹਾਣੀ ਬੱਚਿਆਂ ਵਿਚ ਪੰਛੀਆਂ ਅਤੇ ਜਾਨਵਰਾਂ ਲਈ ਦਇਆ ਅਤੇ ਪ੍ਰੇਮ ਦੀ ਭਾਵਨਾ ਜਗਾਉਂਦੀ ਹੈ । ਕੁਦਰਤ ਨਾਲ ਪਿਆਰ ਕਰਨਾ ਸਿਖਾਉਂਦੀ ਹੈ । ਇਹ ਕਹਾਣੀ ਇਹ ਵੀ ਸਿੱਖਿਆ ਦਿੰਦੀ ਹੈ ਕਿ ਪੰਛੀਆਂ ਦੀ ਸੇਵਾ ਕਰੋ, ਉਨ੍ਹਾਂ ਨਾਲ ਪਿਆਰ ਕਰੋ ਪਰ ਉਨ੍ਹਾਂ ਨੂੰ ਆਜ਼ਾਦ ਰਹਿਣ ਦਿਓ । ISBN 81-237-4261-4

**278. ਭਾਰਤ ਰਤਨ ਪੰਡਿਤ ਗੋਵਿੰਦ ਵੱਲਭ ਪੰਤ** : ਹਿਮਾਂਸ਼ੂ ਜੋਸ਼ੀ

ਅਨੁਵਾਦ : *ਡਾ. ਕਮਲਾ ਰੱਤੂ* *ਸਫ਼ੇ : 74 ਕੀਮਤ : 17.00*

ਦੁਰਲੱਭ ਚਿੱਤਰਾਂ ਨਾਲ ਸਜੀ ਰਾਜਨੀਤੀ ਦੇ ਇਕ ਵਿਸ਼ਾਲ ਵਿਅਕਤੀ ਦੀ ਜੀਵਨੀ । ਪੁਸਤਕ ਵਿਚ ਪੰਤ ਜੀ ਦੇ ਮਾਨਵੀ ਪੱਖਾਂ ਨੂੰ ਵੀ ਬਹੁਤ ਹੀ ਸਹਿਜਤਾ, ਸਫਲਤਾ ਅਤੇ ਰੌਚਿਕਤਾ ਨਾਲ ਉਭਾਰਿਆ ਗਿਆ ਹੈ । ਲਘੂ ਆਕਾਰ, ਸਰਲ, ਰੌਚਿਕ ਸ਼ੈਲੀ ।

ISBN 81-237-4467-6

**279. ਪਰੇਸ਼ਾਨੀ ਪੱਪੂ ਦੀ** : ਸ਼ਸ਼ੀਪ੍ਰਭਾ ਦਾਸ

ਅਨੁਵਾਦ : *ਇਕਬਾਲਦੀਪ* *ਸਫ਼ੇ : 48 ਕੀਮਤ : 13.00*

ਪੁਸਤਕ ਵਿਚ ਦੱਸਿਆ ਗਿਆ ਹੈ ਕਿ ਉੱਚੀ ਆਵਾਜ਼ ਵਿਚ ਰੇਡੀਓ, ਟੀ.ਵੀ. ਲਗਾਉਣ ਨਾਲ ਬੱਚਿਆਂ ਦੀ ਪੜ੍ਹਾਈ 'ਤੇ ਅਸਰ ਤਾਂ ਪੈਂਦਾ ਹੀ ਹੈ, ਇਸ ਨਾਲ ਬੱਚੇ ਬਹਿਰੇ ਅਤੇ ਗੂੰਗੇ ਵੀ ਹੋ ਸਕਦੇ ਨੇ । ਇਹ ਪੁਸਤਕ ਬਾਲਾਂ ਨੂੰ ਸ਼ੋਰ ਦੀ ਸਮੱਸਿਆ ਤੋਂ ਸੁਚੇਤ ਕਰਵਾਂਦੀ ਹੈ ।

ISBN 81-237-4457-9

**280. ਨੇਪਾਲੀ ਡੱਡੂ ਦੇ ਦਲੇਰੀ ਭਰੇ ਕਾਰਨਾਮੇ** : ਕਨਕ ਮਨੀ ਦੀਕਸ਼ਿਤ

ਅਨੁਵਾਦ : *ਕਰਮਵੀਰ ਸਿੰਘ* *ਸਫ਼ੇ : 112 ਕੀਮਤ : 25.00*

ਨੇਪਾਲ ਦੇਸ਼ ਦਾ ਇਕ ਛੋਟਾ ਜਿਹਾ ਡੱਡੂ ਹੈ ਜਿਸ ਦਾ ਨਾਂ ਭਕਤਪ੍ਰਸਾਦ ਭਿਯਾਗਤੋ ਹੈ । ਇਕ ਦਿਨ ਡੱਡੂ ਨੇ ਫ਼ੈਸਲਾ ਕੀਤਾ ਕਿ ਉਹ ਆਪਣਾ ਦੇਸ਼ ਘੁੰਮ ਕੇ ਦੇਖੇਗਾ । ਭਕਤਪ੍ਰਸਾਦ ਦੀ ਨੇਪਾਲ ਦੇਸ਼ ਦੀ ਯਾਤਰਾ ਦਾ ਬਹੁਤ ਹੀ ਸੁੰਦਰ ਵਰਣਨ ਇਸ ਪੁਸਤਕ ਵਿਚ ਕੀਤਾ ਗਿਆ ਹੈ । ਇਕ ਤਰ੍ਹਾਂ ਨਾਲ ਇਹ ਪੁਸਤਕ ਨੇਪਾਲ ਦੇ ਲੋਕਾਂ ਦੇ ਸਮੁੱਚੇ ਜੀਵਨ ਢੰਗ

ਨੂੰ ਪੇਸ਼ ਕਰਦੀ ਹੈ ।

ISBN 81-237-4588-5

**281. ਪ੍ਰੇਮ ਚੰਦ ਦੀਆਂ ਤੇਰ੍ਹਾਂ ਬਾਲ ਕਹਾਣੀਆਂ** : ਹਰੀਕ੍ਰਿਸ਼ਨ ਦੇਵਸਰੇ (ਸੰਪਾਦਕ)

ਅਨੁਵਾਦ : *ਬਿੰਦਰ ਬਸਰਾ* *ਸਫ਼ੇ : 148 ਕੀਮਤ : 45.00*

ਇਸ ਪੁਸਤਕ ਵਿਚ ਕਥਾ ਸਮਰਾਟ ਮੁਨਸ਼ੀ ਪ੍ਰੇਮ ਚੰਦ ਦੀਆਂ 13 ਬਾਲ ਕਹਾਣੀਆਂ ਸ਼ਾਮਲ ਹਨ । ਮੁਨਸ਼ੀ ਪ੍ਰੇਮ ਚੰਦ ਬੱਚਿਆਂ ਦੀ ਸੋਚ ਮਜ਼ਬੂਤ ਕਰਨ ਲਈ ਅਤੇ ਦੇਸ਼ ਦੇ ਚੰਗੇ ਨਾਗਰਿਕ ਬਣਨ ਹਿਤ ਉਨ੍ਹਾਂ ਲਈ ਸਿੱਖਿਆਦਾਇਕ ਕਹਾਣੀਆਂ ਦੀ ਰਚਨਾ ਕਰਦਾ ਹੈ ।

ISBN 978-81-237-4711-X

**282. ਖਿਡੌਣਿਆਂ ਵਾਲੀ ਚਾਚੀ** : ਸ਼ੰਕਰ ਸੁਲਤਾਨਪੁਰੀ

ਅਨੁਵਾਦ : *ਹਰਭਜਨ ਕੌਰ* *ਸਫ਼ੇ : 18 ਕੀਮਤ : 17.00*

ਪੁਸਤਕ ਦੀ ਸਮੁੱਚੀ ਕਹਾਣੀ ਤੋਂ ਸਪਸ਼ਟ ਹੁੰਦਾ ਹੈ ਕਿ ਜਿਨ੍ਹਾਂ ਬੱਚਿਆਂ ਨਾਲ ਬੇਲੋੜਾ ਲਾਡ-ਪਿਆਰ ਹੁੰਦਾ ਹੈ, ਉਹ ਕੁੱਤਿਆਂ-ਬਿੱਲਿਆਂ ਦੀ ਹਮਦਰਦੀ ਤਕ ਹੀ ਮਹਿਦੂਦ ਰਹਿੰਦੇ ਹਨ ਪਰ ਜਿਨ੍ਹਾਂ ਵਿਚ ਕੁਝ ਕਰਨ ਦੀ ਲਾਲਸਾ ਜਨਮ ਲੈਂਦੀ ਹੈ, ਉਹ ਵਿਤਕਰੇ ਅਤੇ ਈਰਖਾਵਾਂ ਤੋਂ ਉਪਰ ਉਠ ਕੇ ਕਾਮਯਾਬੀ ਪ੍ਰਾਪਤ ਕਰ ਲੈਂਦੇ ਹਨ ।

ISBN 81-237-4760-8

**283. ਤਪੱਸਿਆ** : ਸੀਤੇਸ਼ ਆਲੋਕ

ਅਨੁਵਾਦ : *ਡਾ. ਸੁਦਰਸ਼ਨ ਗਾਸੋ* *ਸਫ਼ੇ : 16 ਕੀਮਤ : 18.00*

ਬਾਲਾਂ ਲਈ ਇਸ ਸਚਿੱਤਰ ਪੁਸਤਕ ਵਿਚ ਲੇਖਕ ਨੇ ਬੱਚਿਆਂ ਨੂੰ ਮਿਹਨਤ ਨਾਲ ਪੜ੍ਹਾਈ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ । ਇਹ ਕਹਾਣੀ ਉਨ੍ਹਾਂ ਬਾਲਾਂ ਦੀ ਮਨੋ-ਬਿਰਤੀ ਦਾ ਦਰਪਣ ਹੈ ਜਿਹੜੇ ਦਿਲ ਲਾ ਕੇ ਪੜ੍ਹਨ ਦੀ ਥਾਂ ਜਾਦੂਈ ਛੜੀਆਂ ਜਾਂ ਟੂਣੇ-ਟਾਮਣਾਂ ਦੀ ਮਦਦ ਨਾਲ ਸਫਲਤਾ ਹਾਸਲ ਕਰਨ ਦੇ ਇੰਦਰਜਾਲ ਵਿਚ ਉਲਝੇ ਰਹਿੰਦੇ ਹਨ ।

ISBN 81-237-5015-6

**284. ਇਕ ਸੀ ਪੰਕਜ** : ਮਿਥਿਲੇਸ਼ਵਰ

ਅਨੁਵਾਦ : *ਡਾ. ਹਰਵਿੰਦਰ ਕੌਰ ਔਲਖ* *ਸਫ਼ੇ : 24 ਕੀਮਤ : 25.00*

ਇਕ ਸਾਹਸੀ ਬਾਲਕ ਪੰਕਜ ਦੀ ਦਲੇਰੀ ਸਦਕਾ ਕਿਵੇਂ ਸੰਦੀਪ ਲੁਟੇਰਿਆਂ ਦੇ ਚੁੰਗਲ ਵਿਚੋਂ ਬਚ ਨਿਕਲਦਾ ਹੈ, ਦੀ ਸਾਹਸਿਕ ਕਹਾਣੀ ਹੈ । ਪੁਸਤਕ ਵਿਚ ਬੱਚਿਆਂ ਨੂੰ ਚੋਰੀ ਨਾ ਕਰਨ, ਹਿੰਮਤ ਨਾ ਹਾਰਨ ਅਤੇ ਦੂਜਿਆਂ ਦੀ ਮਦਦ ਕਰਨ ਦੀਆਂ ਤਿੰਨ ਨਸੀਹਤਾਂ ਦਿੱਤੀਆਂ ਹਨ । ਹਿੰਮਤ, ਲਗਨ ਵਾਲੇ ਬੱਚੇ ਜਾਂ ਵਿਅਕਤੀ, ਸਮਾਜ, ਦੇਸ਼ ਜਾਂ ਕੌਮ 'ਚ ਆਪਣਾ ਖ਼ੁਦ ਥਾਂ ਬਣਾ ਲੈਂਦੇ ਹਨ, ਜਿਵੇਂ ਕਿ ਪੰਕਜ ਨੇ ਬਣਾਇਆ ।

ISBN 81-237-4795-7

**285. ਅਨੋਖਾ ਸਾਹਸ** : ਅਭਿਲਾਸ਼ ਸ਼ਰਮਾ

ਅਨੁਵਾਦ : *ਮਨਧੀਰ ਸਿੰਘ ਦਿਓਲ* *ਸਫ਼ੇ : 24 ਕੀਮਤ : 25.00*

ਰਾਜੂ ਤੇ ਤਿੰਨ ਬੱਚਿਆਂ ਦੇ ਅਨੋਖੇ ਸਾਹਸ ਦੀ ਕਹਾਣੀ ਜਿਨ੍ਹਾਂ ਦੇ ਕਾਰਣ ਇਕ ਬਜ਼ੁਰਗ ਗੋਪੀ ਜਿਸ ਨੂੰ ਪਿੰਡ 'ਚੋਂ ਕੱਢ ਦਿੱਤਾ ਗਿਆ ਸੀ, ਨੂੰ ਵਾਪਸ ਉਸ ਦਾ ਘਰ ਤੇ ਛੇ ਬਿੱਘਾ ਜ਼ਮੀਨ ਵੀ ਵਾਪਸ ਮਿਲਦੇ ਹਨ। ਇਸ ਕਹਾਣੀ ਰਾਹੀਂ ਬੱਚਿਆਂ ਨੂੰ ਸਾਹਸੀ ਬਣਨ ਅਤੇ ਹਿੰਮਤ ਰੱਖਣ ਲਈ ਸਿੱਖਿਆ ਮਿਲਦੀ ਹੈ। ISBN 81-237-4797-3

**286. ਬਿਰਜੂ ਦੀ ਮੁਸੀਬਤ** : ਸੋਮਾ ਕੌਸ਼ਿਕ

*ਅਨੁਵਾਦ : ਜਾਗੀਰ ਸਿੰਘ* *ਸਫ਼ੇ : 22 ਕੀਮਤ : 20.00*

ਬਿਰਜੂ ਬਾਲਕ ਦੀ ਕਹਾਣੀ ਜੋ ਕੋਈ ਵੀ ਗੱਲ ਸੋਚ-ਸਮਝ ਕੇ ਨਹੀਂ ਕਰਦਾ, ਜਿਸ ਕਰਕੇ ਉਸ ਨੂੰ ਕਈਆਂ ਤੋਂ ਮਾਰ ਵੀ ਪੈਂਦੀ ਹੈ। ਪੁਸਤਕ ਤੋਂ ਇਹ ਸਿੱਖਿਆ ਪ੍ਰਾਪਤ ਹੁੰਦੀ ਹੈ ਕਿ ਬੱਚਿਆਂ ਨੂੰ ਬੁੱਧੀ ਅਤੇ ਤਰਕ ਤੋਂ ਕੰਮ ਲੈਣਾ ਚਾਹੀਦਾ ਹੈ ਅਤੇ ਇਹ ਵੀ ਕਿ ਉਨ੍ਹਾਂ ਨੂੰ ਆਪਣੇ ਮਾਪਿਆਂ ਦੇ ਤਜਰਬੇ ਤੋਂ ਸਿੱਖਿਆ ਗ੍ਰਹਿਣ ਕਰਨੀ ਚਾਹੀਦੀ ਹੈ।

ISBN 81-237-4761-6

**287. ਨੌਂ ਨੰਨ੍ਹੇ ਪੰਛੀ** : ਐਨ. ਟੀ. ਰਾਜੀਵ

*ਅਨੁਵਾਦ : ਬਲਦੇਵ ਸਿੰਘ 'ਬੱਦਨ'* *ਸਫ਼ੇ : 18 ਕੀਮਤ : 25.00*

ਬੱਚਿਆਂ ਲਈ ਲਿਖੀ ਇਸ ਪੁਸਤਕ ਦਾ ਉਦੇਸ਼ ਹੈ ਕਿ ਅਸੀਂ ਅਲੱਗ-ਅਲੱਗ ਰੰਗ ਰੂਪ ਦੇ ਹੁੰਦੇ ਹੋਏ ਕੁਦਰਤ ਵੱਲੋਂ ਧਰਤੀ 'ਤੇ ਬਣਾਏ ਹੋਏ ਸਭ ਜੀਅ-ਜੰਤ ਇਕ ਹਾਂ। ਇਹ ਕਹਾਣੀ ਜਿੱਥੇ ਨੰਨ੍ਹੇ ਬੱਚਿਆਂ ਲਈ ਰੌਚਿਕ ਹੈ ਉਥੇ ਬੱਚਿਆਂ ਨੂੰ ਪੰਛੀਆਂ ਬਾਰੇ, ਉਨ੍ਹਾਂ ਦੀਆਂ ਆਵਾਜ਼ਾਂ ਬਾਰੇ ਅਤੇ ਸਮੂਹਾਂ ਬਾਰੇ ਜਾਣਕਾਰੀ ਮਿਲਦੀ ਹੈ।

ISBN 978-81-237-4798-9

**288. ਉਲਟੀ ਪੁਲਟੀ ਦੁਨੀਆ** : ਆਰ. ਐੱਸ. ਭਸਨੁਰਮਥ

*ਅਨੁਵਾਦ : ਡਾ. ਅਵਤਾਰ ਸਿੰਘ ਪਤੰਗ* *ਸਫ਼ੇ : 36 ਕੀਮਤ : 35.00*

ਪੱਪੂ, ਪਿੰਕੀ ਅਤੇ ਉਸ ਦੇ ਕੁੱਤੇ ਦੇ ਅਨੁਭਵਾਂ 'ਤੇ ਆਧਾਰਿਤ ਇਕ ਰੌਚਿਕ ਬਾਲ-ਕਹਾਣੀ ਹੈ। ਚਿੱਤਰ ਬਹੁਤ ਹੀ ਖ਼ੂਬਸੂਰਤ ਹਨ। ISBN 978-81-237-4948-8

**289. ਨੰਨ੍ਹੀ ਗੁਆਚ ਗਈ** : ਕਮਲ ਕਾਂਤ ਕੋਨੇਰ

*ਅਨੁਵਾਦ : ਬਲਦੇਵ ਸਿੰਘ 'ਬੱਦਨ'* *ਸਫ਼ੇ : 16 ਕੀਮਤ : 18.00*

ਇਸ ਸਚਿੱਤਰ ਕਥਾ ਪੁਸਤਕ ਵਿਚ ਕੀੜੀ ਦੀ ਕਹਾਣੀ ਰਾਹੀਂ ਬੱਚਿਆਂ ਨੂੰ ਵੱਡਿਆਂ ਅਤੇ ਬਜ਼ੁਰਗਾਂ ਦਾ ਕਹਿਣਾ ਮੰਨਣ ਦਾ ਸੰਦੇਸ਼ ਦਿੰਦੀ ਹੈ ਅਤੇ ਜਿਹੜੇ ਬੱਚੇ ਮਾਪਿਆਂ ਦੀ ਅਵੱਗਿਆ ਕਰਦੇ ਹਨ, ਉਨ੍ਹਾਂ ਨੂੰ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ISBN 81-237-4799-X

**290. ਮੰਤਰ ਤੰਤਰ** : ਹਜ਼ਾਰੀ ਪ੍ਰਸਾਦ ਦਿਵੇਦੀ

*ਅਨੁਵਾਦ : ਬਲਦੇਵ ਸਿੰਘ 'ਬੱਦਨ'* *ਸਫ਼ੇ : 32 ਕੀਮਤ : 25.00*

ਇਹ ਕਹਾਣੀਆਂ ਜਿੱਥੇ ਨਵੀਂ ਪੀੜ੍ਹੀ ਲਈ ਸਿੱਖਿਆਦਾਇਕ ਹਨ ਉਥੇ ਬੱਚਿਆਂ ਨੂੰ ਆਚਰਣ,

ਰਹਿਮ-ਦਇਆ, ਈਮਾਨਦਾਰੀ, ਭਲਾਈ ਅਤੇ ਦੂਜਿਆਂ ਦੇ ਕੰਮ ਆਉਣਾ ਚਾਹੀਦਾ ਆਦਿ ਰੀਤੀ-ਰਿਵਾਜਾਂ ਅਤੇ ਪ੍ਰਥਾਵਾਂ ਨੂੰ ਖ਼ਤਮ ਕਰਨ ਦੀ ਪ੍ਰੇਰਨਾ ਵੀ ਦਿੰਦੀਆਂ ਹਨ ।

ISBN 81-237-4800-7

**291. ਅਨੋਖਾ ਰਿਸ਼ਤਾ** : ਪੁਸ਼ਪਾ ਸਕਸੇਨਾ

*ਅਨੁਵਾਦ : ਅਰਕਮਲ ਕੌਰ* *ਸਫ਼ੇ : 16 ਕੀਮਤ : 18.00*

ਪਰਿਆਵਰਣ ਦੇ ਬਾਰੇ ਜਾਣਕਾਰੀ ਦਿੰਦੀ ਇਕ ਮਨੋਰੰਜਕ ਕਹਾਣੀ ਜੋ ਖ਼ੂਬਸੂਰਤ ਚਿੱਤਰਾਂ ਸਮੇਤ ਹੈ । ਜਿਸ ਵਿਚ 'ਰੁੱਖ ਬਚਾਓ' ਦੇ ਨਾਅਰੇ ਨੂੰ ਬੁਲੰਦ ਕੀਤਾ ਹੈ । ਇਸ ਪੁਸਤਕ ਵਿਚ ਬੱਚੇ ਦਾ ਆਪਣੇ ਦਾਦੇ ਨਾਲ ਪਿਆਰ ਦੇ ਰੂਪ ਵਿਚ ਹੀ ਦਾਦੇ ਵਲੋਂ ਲਗਾਏ ਗਏ ਦਰਖਤ ਨਾਲ ਜਿਉਂਦਾ-ਜਾਗਦਾ ਰਿਸ਼ਤਾ ਬਣ ਜਾਣ ਦੀ ਕਹਾਣੀ ਹੈ ।

ISBN 81-237-4796-5

**292. ਚਲਾਕ ਕਿਸਾਨ ਅਤੇ ਚਾਰ ਠੱਗ** : ਸੋਮਾ ਕੌਸ਼ਿਕ

*ਅਨੁਵਾਦ : ਇੱਛੂਪਾਲ* *ਸਫ਼ੇ : 24 ਕੀਮਤ : 25.00*

ਚਾਰ ਠੱਗਾਂ ਦੀ ਕਹਾਣੀ ਜੋ ਹਮੇਸ਼ਾ ਗ਼ਲਤ ਹੀ ਸੋਚਦੇ ਹਨ, ਪਰ ਜਦ ਉਹ ਇਕ ਕਿਸਾਨ ਦੇ ਸੰਪਰਕ ਵਿਚ ਆਉਂਦੇ ਹਨ ਤਾਂ ਉਨ੍ਹਾਂ ਨੂੰ ਆਪਣਾ ਜੀਵਨ ਸਹੀ ਰਸਤੇ ਤੇ ਲਿਆਉਣ ਦੀ ਪ੍ਰੇਰਨਾ ਮਿਲਦੀ ਹੈ । ਇਹ ਕਹਾਣੀ ਬੱਚਿਆਂ ਨੂੰ ਚੰਗੇ ਬਾਲਕ ਬਣਨ ਦੀ ਪ੍ਰੇਰਨਾ ਦਿੰਦੀ ਹੋਈ ਚਤੁਰਾਈ ਨਾਲ ਬਦੀ 'ਤੇ ਜਿੱਤ ਹਾਸਿਲ ਕਰ ਲੈਣ ਦੀ ਸਿੱਖਿਆ ਦਿੰਦੀ ਹੈ ।

ISBN 81-237-4890-6

**293. ਖੁੱਲ੍ਹੀ ਛੱਤ ਵਾਲਾ ਘਰ** : ਤਨੁਕਾ ਭੌਮਿਕ ਐਨਡੋ

*ਅਨੁਵਾਦ : ਅਮਰਜੀਤ ਸਿੰਘ* *ਸਫ਼ੇ : 36 ਕੀਮਤ : 35.00*

ਬੱਚਿਆਂ ਨੂੰ ਛੱਤ ਵਾਲਾ ਘਰ ਬਹੁਤ ਹੀ ਪਸੰਦ ਹੈ । ਇਥੇ ਰਹਿ ਕੇ ਉਹ ਪੰਛੀਆਂ ਨੂੰ ਪਿਆਰ ਕਰਦੇ ਹਨ । ਉਨ੍ਹਾਂ ਦੇ ਮਨ ਦੀ ਮੁਰਾਦ ਪੂਰੀ ਹੁੰਦੀ ਹੈ ਜਦ ਮਾਲਕ ਮਕਾਨ ਦਾ ਪੁੱਤਰ ਉਨ੍ਹਾਂ ਦਾ ਦੋਸਤ ਬਣ ਜਾਂਦਾ ਹੈ ਤੇ ਉਨ੍ਹਾਂ ਨੂੰ ਘਰ ਨਹੀਂ ਬਦਲਣਾ ਪੈਂਦਾ ।

ISBN 81-237-4891-4

**294. ਸ਼ੇਰ ਅਤੇ ਕੰਡੇਰਨੇ** : ਜੇ.ਬੀ. ਸ਼ਰਮਾ

*ਅਨੁਵਾਦ : ਪ੍ਰੋ. ਪ੍ਰੀਤਮ ਸਿੰਘ ਰਾਹੀ* *ਸਫ਼ੇ : 16 ਕੀਮਤ : 18.00*

ਇਕ ਛੋਟਾ ਤੇ ਭੱਦਾ ਦਿਸਣ ਵਾਲਾ ਕੰਡੇਰਨਾ ਵੀ ਕੁਝ ਵਿਸ਼ੇਸ਼ਤਾਵਾਂ ਕਰਕੇ ਪਰਮਾਤਮਾ ਦਾ ਬਣਾਇਆ ਮਹੱਤਵਪੂਰਨ ਪ੍ਰਾਣੀ ਹੈ । ਕਹਾਣੀ ਦੇ ਅੰਤ ਵਿਚ ਸ਼ੇਰ ਕੰਡੇਰਨਿਆਂ ਤੋਂ ਆਪਣੇ ਬੁਰੇ ਵਿਵਹਾਰ ਲਈ ਮਾਫ਼ੀ ਮੰਗਦਾ ਹੈ । ISBN 81-237-4801-6

**295. ਨਵਾਬ ਰੰਗੀਲੇ** : ਆਬਿਦ ਸੁਰਤੀ

*ਅਨੁਵਾਦ : ਬਲਬੀਰ ਮਾਧੋਪੁਰੀ* *ਸਫ਼ੇ : 60 ਕੀਮਤ : 60.00*

ਬੱਚਿਆਂ ਲਈ ਬਹੁਤ ਹੀ ਰੌਚਿਕ ਨਾਵਲ ਹੈ । ਮੁੱਖ ਪਾਤਰ ਜੰਗ ਬਹਾਦਰ ਨਾਂ ਨਾਲ ਪ੍ਰਸਿੱਧ ਹੈ ਜੋ ਪੁਸਤਕ ਦੇ ਵੱਖ-ਵੱਖ ਅਧਿਆਏ ਭਾਈ ਲੱਲੂ ਹੈ ਜਾਂ ਸ਼ੁਰੂ, ਦੈਂਤ ਦੇ ਭਾਈ, ਚੋਰ

ਮਚਾਵੇ ਸ਼ੋਰ, ਪਹਿਲਵਾਨ ਖੂੰਖਾਰ ਖਾਨ, ਜਵਾਨ ਨੜ੍ਹਿੰਨਵੇਂ ਸਾਲ ਦਾ, ਦੇਣ ਵਾਲਾ ਜਦ ਵੀ ਦਿੰਦਾ..., ਚੁਟਕਲਾ ਖੁਦਾ ਦਾ ਆਦਿ ਵਿਚ ਵਿਚਰਦਾ ਹੈ ।

ISBN 978-81-237-5341-6

**296. ਭੁਤੂ** : ਰਾਹੁਲ ਸ਼ਰਮਾ

ਅਨੁਵਾਦ : *ਭਗਵੰਤ ਰਸੂਲਪੁਰੀ* *ਸਫ਼ੇ : 40 ਕੀਮਤ : 30.00*

ਬਾਂਦਰ ਦੇ ਇਕ ਛੋਟੇ ਜਿਹੇ ਬੱਚੇ ਦੀ ਮਾਰਮਿਕ ਕਹਾਣੀ । ਬਾਂਦਰ ਦੇ ਬੱਚੇ ਨੂੰ ਇਕ ਲੜਕਾ ਪਾਲ ਲੈਂਦਾ ਹੈ । ਅੱਗੇ ਦੀ ਕਹਾਣੀ ਬਹੁਤ ਦਿਲਚਸਪ ਹੈ । ਇਸ ਕਹਾਣੀ ਰਾਹੀਂ ਬੱਚਿਆਂ ਨੂੰ ਇਹ ਸਿੱਖਿਆ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਮਿੱਤਰ ਜਾਨਵਰਾਂ ਨਾਲ ਮਨੁੱਖ ਨੂੰ ਪਿਆਰ ਕਰਨਾ ਚਾਹੀਦਾ ਹੈ ਕਿਉਂਕਿ ਔਖੇ ਵੇਲੇ ਵਿਚ ਜਾਨਵਰ ਵੀ ਮਨੁੱਖ ਦੀ ਸਹਾਇਤਾ ਕਰ ਸਕਦੇ ਹਨ । ISBN 978-81-237-5484-0

**297. ਮੁਨੀਆ ਰਾਣੀ** : ਗਿਜੁਭਾਈ ਬਧੇਕਾ

ਅਨੁਵਾਦ : *ਡਾ. ਰਵੇਲ ਸਿੰਘ* *ਸਫ਼ੇ : 24 ਕੀਮਤ : 30.00*

ਗਿਜੁਭਾਈ ਬਧੇਕਾ ਦਾ ਗੁਲਦਸਤਾ ਲੜੀ ਦੀ ਛੇਵੀਂ ਪੁਸਤਕ, ਜਿਸ ਵਿਚ ਰੰਗ ਬਿਰੰਗੇ ਚਿੱਤਰਾਂ ਨਾਲ 10 ਕਹਾਣੀਆਂ ਹਨ । ਇਹ ਕਹਾਣੀਆਂ ਮਨੁੱਖੀ ਪਾਤਰਾਂ ਦੇ ਨਾਲ-ਨਾਲ ਜਨੌਰਾਂ ਦੀਆਂ ਘਟਨਾਵਾਂ ਤੇ ਬਿਰਤਾਂਤ ਨੂੰ ਵੀ ਪੇਸ਼ ਕਰਦੀਆਂ ਹਨ ।

ISBN 978-81-237-5480-2

**298. ਅੰਬ ਭਰਾ ਨਿੰਮ ਭਰਾ** : ਗਿਜੁਭਾਈ ਬਧੇਕਾ

ਅਨੁਵਾਦ : *ਹਰਪ੍ਰੀਤ ਕੌਰ* *ਸਫ਼ੇ : 40 ਕੀਮਤ : 40.00*

ਗਿਜੁਭਾਈ ਬਧੇਕਾ ਦਾ ਗੁਲਦਸਤਾ ਲੜੀ ਦੀ ਨੌਵੀਂ ਪੁਸਤਕ, ਜਿਸ ਵਿਚ ਰੰਗ ਬਿਰੰਗੇ ਚਿੱਤਰਾਂ ਨਾਲ 10 ਕਹਾਣੀਆਂ ਹਨ । ਪੰਚਤੰਤਰ ਅਤੇ ਈਸਪ ਦੀਆਂ ਕਹਾਣੀਆਂ ਵਾਂਗ ਇਸ ਪੁਸਤਕ ਦੀਆਂ ਕਹਾਣੀਆਂ ਦਾ ਆਧਾਰ ਵੰਨ-ਸੁਵੰਨੇ ਪਸ਼ੂ-ਪੰਛੀ ਬਣਦੇ ਹਨ ਜੋ ਮਨੁੱਖਾਂ ਵਾਂਗ ਬੋਲ ਕੇ ਆਪਣੀਆਂ ਭਾਵਨਾਵਾਂ ਦਾ ਸੰਚਾਰ ਕਰਦੇ ਹਨ ।

ISBN 978-81-237-5478-9

**299. ਬਨ ਬਨ ਗੈਂਡੇ ਦੀ ਕਹਾਣੀ** : ਸ਼ਕਤੀਰੂਪਾ ਪਰਾਸ਼ਰ

ਅਨੁਵਾਦ : *ਕੁਲਬੀਰ ਬਡੇਸਰੋਂ* *ਸਫ਼ੇ : 48 ਕੀਮਤ : 40.00*

ਪੂਰਬ-ਉੱਤਰ ਦੀ ਪਿੱਠ-ਭੂਮੀ । ਹੜ੍ਹ ਵਿਚ ਰੁੜ੍ਹ ਕੇ ਆਇਆ ਇਕ ਨੰਨ੍ਹਾ ਗੈਂਡਾ । ਇਕ ਮਾਰਮਿਕ ਕਹਾਣੀ । ਕਹਾਣੀ ਦੇ ਸਿਖਰ ਤੇ ਲਾਟੂਮਣੀ ਰੇਂਜਰ ਨੂੰ ਕਹਿ ਕੇ ਗੈਂਡੇ ਨੂੰ ਚਿੜੀਆਘਰ ਪਹੁੰਚਾਉਂਦਾ ਹੈ ਕਿਉਂਕਿ ਉਸ ਨੂੰ ਖਦਸ਼ਾ ਸੀ ਕਿ ਲੋਕ ਉਸ ਨੂੰ ਵੀ ਮਾਰ ਦੇਣਗੇ । ਕਹਾਣੀ ਸਿੱਖਿਆ ਦਿੰਦੀ ਹੈ ਕਿ ਛੋਟੇ-ਛੋਟੇ ਲਾਲਚ ਲਈ ਏਨੇ ਨਿਰਮੋਹੇ ਤੇ ਕਠੋਰ ਨਹੀਂ ਹੋਣਾ ਚਾਹੀਦਾ । ਕਹਾਣੀ ਬੱਚਿਆਂ ਵਿਚ ਚੰਗੇ ਨਾਗਰਿਕ ਬਣਨ ਦੀ ਚਿਣਗ ਪੈਦਾ ਕਰਦੀ ਹੈ । ISBN 978-81-237-5483-3

**300. ਚੋਰ ਮਚਾਵੇ ਸ਼ੋਰ** : ਗਿਜੂਭਾਈ ਬਧੇਕਾ

ਅਨੁਵਾਦ : *ਡਾ. ਰਵਿੰਦਰ ਸਿੰਘ* *ਸਫ਼ੇ : 48 ਕੀਮਤ : 40.00*

ਗਿਜੂਭਾਈ ਬਧੇਕਾ ਦਾ ਗੁਲਦਸਤਾ ਲੜੀ ਦੀ ਸੱਤਵੀਂ ਪੁਸਤਕ, ਜਿਸ ਵਿਚ ਰੰਗ-ਬਿਰੰਗੇ ਚਿੱਤਰਾਂ ਨਾਲ 10 ਕਹਾਣੀਆਂ ਹਨ । ਸਾਰੀਆਂ ਕਹਾਣੀਆਂ ਹਲਕੀ-ਫੁਲਕੀ ਕਾਵਿਕਤਾ ਵਿਚ ਲਬਰੇਜ਼ ਹਨ । ਕਹਾਣੀ ਦੀ ਰੌਚਿਕਤਾ ਬੱਚਿਆਂ ਨੂੰ ਆਪਣੇ ਨਾਲ ਜੋੜ ਕੇ ਰੱਖਦੀ ਹੈ ।

ISBN 978-81-237-5488-3

**301. ਚੰਪੂ ਮੁੜ ਆਇਆ** : ਅਨੰਦ ਪਾਇਲ

ਅਨੁਵਾਦ : *ਡੀ. ਆਰ. ਧਵਨ* *ਸਫ਼ੇ : 32 ਕੀਮਤ : 40.00*

ਨੰਨ੍ਹੇ ਜਿਹੇ ਕਤੂਰੇ ਅਤੇ ਇਕ ਲੜਕੀ ਦੇ ਆਪਸੀ ਸਨੇਹ ਦੀ ਦਿਲ ਨੂੰ ਛੂਹ ਜਾਣ ਵਾਲੀ ਕਹਾਣੀ । ਕਹਾਣੀ ਦੀ ਨੰਨ੍ਹੀ-ਮੁੰਨੀ ਨਾਇਕਾ ਮੀਨੂੰ ਆਪਣੇ ਪਿਆਰੇ ਕਤੂਰੇ ਚੰਪੂ ਦੇ ਮਰਨ ਪਿੱਛੋਂ ਇਹ ਸਵਾਲ ਉਸ ਦੀ ਮਾਸੂਮ ਜ਼ਹਿਨੀਅਤ ਵਿਚ ਹਮੇਸ਼ਾ ਖੌਰੂ ਪਾਈ ਰੱਖਦਾ ਹੈ ਕਿ ਮੌਤ ਆਖ਼ਿਰ ਹੈ ਕੀ ? ਕਹਾਣੀ ਬਾਲ-ਮਨੋਵਿਗਿਆਨ ਦ੍ਰਿਸ਼ਟੀਕੋਣ ਨਾਲ ਸੰਬੰਧਤ ਹੈ ।

ISBN 978-81-237-5487-1

**302. ਬੇਦਮ ਬੇਦੂਮਾ** : ਗਿਜੂਭਾਈ ਬਧੇਕਾ

ਅਨੁਵਾਦ : *ਡਾ. ਵਨੀਤਾ* *ਸਫ਼ੇ : 32 ਕੀਮਤ : 40.00*

ਗਿਜੂਭਾਈ ਬਧੇਕਾ ਦਾ ਗੁਲਦਸਤਾ ਲੜੀ ਦੀ ਅੱਠਵੀਂ ਪੁਸਤਕ, ਜਿਸ ਵਿਚ ਰੰਗ ਬਿਰੰਗੇ ਚਿੱਤਰਾਂ ਨਾਲ 10 ਕਹਾਣੀਆਂ ਹਨ । ਇਨ੍ਹਾਂ ਕਹਾਣੀਆਂ ਵਿਚ ਮਨੁੱਖੀ ਸਿਆਣਪ ਦੇ ਦਰਸ਼ਨ ਹੁੰਦੇ ਹਨ, ਜੋ ਮੁਸ਼ਕਿਲ ਵਿਚ ਚੰਗੇ ਤੇ ਸਾਊ ਪਾਤਰਾਂ ਦੀ ਮਦਦ ਕਰਕੇ ਉਨ੍ਹਾਂ ਨੂੰ ਸੰਕਟ ਵਿਚੋਂ ਕੱਢਦੇ ਹਨ । ਕਹਾਣੀਆਂ ਦੇ ਪਾਤਰਾਂ ਦੇ ਸੰਖੇਪ ਅਤੇ ਤਿੱਖੇ ਸੰਵਾਦ ਕਹਾਣੀ ਨੂੰ ਸੰਖੇਪ ਰੂਪ ਵਿਚ ਅੱਗੇ ਤੋਰਦੇ ਰਹਿੰਦੇ ਹਨ ।

ISBN 978-81-237-5479-6

**303. ਨਕਲ ਬਿਨ ਅਕਲ** : ਗਿਜੂਭਾਈ ਬਧੇਕਾ

ਅਨੁਵਾਦ : *ਹਰਭਜਨ ਸਿੰਘ ਕੋਮਲ* *ਸਫ਼ੇ : 48 ਕੀਮਤ : 40.00*

ਗਿਜੂਭਾਈ ਬਧੇਕਾ ਦਾ ਗੁਲਦਸਤਾ ਲੜੀ ਦੀ ਸੱਤਵੀਂ ਪੁਸਤਕ, ਜਿਸ ਵਿਚ ਰੰਗ ਬਿਰੰਗੇ ਚਿੱਤਰਾਂ ਨਾਲ 10 ਕਹਾਣੀਆਂ ਹਨ । ਬੱਚਿਆਂ ਦੀਆਂ ਉਲਟੀਆਂ-ਸਿੱਧੀਆਂ ਹਰਕਤਾਂ ਬੱਚਿਆਂ ਨੂੰ ਖ਼ੂਬ ਹਸਾਉਂਦੀਆਂ ਹਨ ।

ISBN 978-81-237-5479-6

**304. ਗੋਪੀ ਨੇ ਪੀਂਘ ਝੂਟੀ** : ਜੁਜਾ ਤੇ ਤੋਮਸ ਵੀਸਲੈਂਡਰ

ਅਨੁਵਾਦ : *ਪਿਆਰਾ ਸਿੰਘ ਸਹਿਰਾਈ* *ਸਫ਼ੇ : 24 ਕੀਮਤ : 25.00*

ਇਸ ਪੁਸਤਕ ਵਿਚ ਗੋਪੀ ਨਾਂ ਦੀ ਗਾਂ ਦੀ ਦਿਲਚਸਪ ਕਹਾਣੀ ਹੈ ਜੋ ਕਿ ਜੰਗਲ ਵਿਚ ਜਾ ਕੇ ਪੀਂਘ ਝੂਟਣਾ ਚਾਹੁੰਦੀ ਹੈ । ਇਸ ਮੰਤਵ ਦੀ ਪੂਰਤੀ ਲਈ ਉਹ ਕਾਂ ਨਾਲ ਦੋਸਤੀ ਪਾਉਂਦੀ ਹੈ ਤੇ ਆਪਣੇ ਮੰਤਵ ਵਿਚ ਸਫ਼ਲ ਹੁੰਦੀ ਹੈ ।

ISBN 978-81-237-1843-9

**305. ਬਾਲ ਲੋਕ-ਕਹਾਣੀਆਂ** : ਡਾ. ਕੁਲਬੀਰ ਸਿੰਘ ਸੂਰੀ

ਮੂਲ ਪੰਜਾਬੀ *ਸਫ਼ੇ : 120 ਕੀਮਤ : 40.00*

ਪੰਜਾਬੀ ਦੇ ਚਰਚਿਤ ਬਾਲ ਸਾਹਿਤ ਲੇਖਕ ਡਾ. ਕੁਲਬੀਰ ਸਿੰਘ ਸੂਰੀ ਨੇ ਪੰਜਾਬੀ ਸਾਹਿਤ ਨੂੰ ਕਈ ਮਹੱਤਵਪੂਰਨ ਪੁਸਤਕਾਂ ਦਿੱਤੀਆਂ ਹਨ। ਹਥਲੇ ਸੰਗ੍ਰਹਿ ਵਿਚ 56 ਬਾਲ ਲੋਕ-ਕਹਾਣੀਆਂ ਸ਼ਾਮਿਲ ਕੀਤੀਆਂ ਗਈਆਂ ਹਨ। ਇਹ ਕਹਾਣੀਆਂ ਬਾਲਾਂ ਨੂੰ ਨੈਤਿਕਤਾ, ਸਦਾਚਾਰ ਅਤੇ ਨਰੋਈਆਂ ਕਦਰਾਂ-ਕੀਮਤਾਂ ਗ੍ਰਹਿਣ ਕਰਨ ਦੀ ਪ੍ਰੇਰਨਾ ਦਿੰਦੀਆਂ ਹਨ।

ISBN 978-81-237-6982-0

**306. ਮੈਂ ਹਾਂ ਸੋਨਾ** : ਮਨੋਰਮਾ ਜਫ਼ਾ

*ਅਨੁਵਾਦ : ਡਾ. ਦਰਸ਼ਨ ਸਿੰਘ ਆਸ਼ਟ* *ਸਫ਼ੇ : 104 ਕੀਮਤ : 35.00*

ਮਨੋਰਮਾ ਜਫ਼ਾ ਹਿੰਦੀ ਭਾਸ਼ਾ ਦੀ ਚਰਚਿਤ ਬਾਲ ਸਾਹਿਤ ਲੇਖਿਕਾ ਹੈ। ਇਸ ਕਿਤਾਬ ਵਿਚ ਉਨ੍ਹਾਂ ਨੇ ਕਿਸ਼ੋਰ ਉਮਰ ਦੇ ਮੁੰਡੇ-ਕੁੜੀਆਂ ਨੂੰ ਏਡਜ਼ ਵਰਗੀ ਲਾਇਲਾਜ ਬਿਮਾਰੀ ਸੰਬੰਧੀ ਜਾਗਰੂਕ ਕਰਨ ਦਾ ਖਾਸ ਉੱਦਮ ਕੀਤਾ ਹੈ। ਇਹ ਕਿਤਾਬ ਆਪਣੀ ਦਿਲਚਸਪ ਬਿਰਤਾਂਤ-ਸ਼ੈਲੀ ਦੁਆਰਾ ਕਿਸ਼ੋਰ ਉਮਰ ਦੇ ਪਾਠਕਾਂ ਨੂੰ ਏਡਜ਼ ਜਿਹੀ ਬਿਮਾਰੀ ਦੇ ਲੱਛਣਾਂ, ਕਾਰਨਾਂ ਤੇ ਬਚਾਅ ਸੰਬੰਧੀ ਮਹੱਤਵਪੂਰਨ ਜਾਣਕਾਰੀ ਦਿੰਦੀ ਹੈ।

ISBN 978-81-237-6839-7

**307. ਤ੍ਰਿਪੁਰਾ ਜਨਜਾਤੀਆਂ ਦੀਆਂ ਲੋਕ ਕਥਾਵਾਂ ਦਾ ਸੰਗ੍ਰਹਿ** : ਗੌਰੀ ਬਰਮਨ

*ਅਨੁਵਾਦ : ਡਾ. ਕੁਲਵੀਰ* *ਸਫ਼ੇ : 32 ਕੀਮਤ : 55.00*

ਤਿਨ ਲੇਖਕਾਂ -- ਰਮੇਂਦਰਨਰਾਇਣ ਸੇਨ, ਸ਼ਿਆਮਲ ਦੇਵ ਵਰਮਾ ਅਤੇ ਨਿਰੰਜਨ ਚਕਮਾ ਦੀਆਂ 5 ਕਹਾਣੀਆਂ ਦੇ ਇਸ ਸੰਗ੍ਰਹਿ ਵਿਚ ਤ੍ਰਿਪੁਰਾ ਜਨਜਾਤੀਆਂ ਦੀਆਂ ਕਹਾਣੀਆਂ ਨੂੰ ਸ਼ਾਮਲ ਕੀਤਾ ਗਿਆ ਹੈ। ISBN 978-81-237-6875-1

**308. ਜਦੋਂ ਮੰਮੀ ਨੇ ਸਰਕਸ ਦੇਖੀ** : ਸੁਸ਼ਮਾ ਚੌਹਾਨ

*ਅਨੁਵਾਦ : ਅਸ਼ੋਕ ਵਾਸ਼ਿਸ਼ਠ* *ਸਫ਼ੇ : 16 ਕੀਮਤ : 30.00*

ਇਸ ਕਹਾਣੀ ਵਿਚ ਨਾਨੀ ਆਪਣੀ ਪੋਤੀ ਨੂੰ ਉਸ ਦੀ ਮੰਮੀ ਦੇ ਬਚਪਨ ਵਿਚ ਸਰਕਸ ਦੇਖਣ ਵਾਲੀ ਇਕ ਘਟਨਾ ਸੁਣਾਉਂਦੀ ਹੈ। ਇਹ ਘਟਨਾ ਕਿਹੜੀ ਹੈ ? ਜਾਣਕਾਰੀ ਲਈ ਪੁਸਤਕ ਪੜ੍ਹਨੀ ਚਾਹੀਦੀ ਹੈ। । ISBN 978-81-237-6871-7

**309. ਮੈਟਰੋ ਦਾ ਮਜ਼ਾ** : ਪੰਕਜ ਚਤੁਰਵੇਦੀ

*ਅਨੁਵਾਦ : ਚਰਨਜੀਤ ਸਿੰਘ ਚੰਨ* *ਸਫ਼ੇ : 16 ਕੀਮਤ : 30.00*

ਇਸ ਪੁਸਤਕ ਨੂੰ ਪੰਜਾਬੀ 'ਚ ਅਨੁਵਾਦ ਕੀਤਾ ਹੈ ਪ੍ਰਕਾਸ਼ਨ ਖੇਤਰ ਦੇ ਮਾਹਿਰ ਸ੍ਰੀ ਚਰਨਜੀਤ ਸਿੰਘ ਚੰਨ ਨੇ। ਚੰਨ ਹੋਰਾਂ ਨੇ ਬੜੀ ਸਰਲ-ਸੌਖੀ ਭਾਸ਼ਾ ਵਰਤੀ ਹੈ ਜਿਹੜੀ ਕਿ ਨਿੱਕੇ-ਨਿਆਣਿਆਂ ਦੇ ਹਾਣ ਦੀ ਹੈ। ਉਨ੍ਹਾਂ ਨੂੰ ਪੜ੍ਹਨ ਵੇਲੇ ਕੋਈ ਔਖ ਮਹਿਸੂਸ ਨਹੀਂ ਹੁੰਦੀ ਅਤੇ ਪਾਠਕ ਮੈਟਰੋ ਦਾ ਮਜ਼ਾ ਵੀ ਲੈਂਦੇ ਹਨ। ISBN 978-81-237-6868-7

**310. ਗੂਲਰ ਦਾ ਜੰਗਲ ਅਤੇ ਟੋਪੀ ਵਾਲੇ ਬਾਂਦਰ** ਰਜ਼ੀਆ ਤਹਿਸੀਨ

*ਅਨੁਵਾਦ : ਭੁਪਿੰਦਰ ਪੰਨੀਵਾਲੀਆ* *ਸਫ਼ੇ : 16 ਕੀਮਤ : 45.00*

ਇਸ ਕਹਾਣੀ ਸੰਗ੍ਰਹਿ ਵਿਚ ਨਾਨੀ ਆਪਣੇ ਪੋਤਿਆਂ ਨੂੰ ਇਕ ਐਸੇ ਗੂਲਰ ਦੇ ਜੰਗਲ ਦੀ ਕਹਾਣੀ ਸੁਣਾਉਂਦੀ ਹੈ ਜਿਥੇ ਸੱਤ ਜਾਨਵਰ ਆਪਸ ਵਿਚ ਮਿਲ ਕੇ ਰਹਿੰਦੇ ਹਨ। ਇਕ ਵਾਰ ਨੇੜਲੇ ਜੰਗਲਾਂ ਵਿਚ ਸੋਕਾ ਪੈ ਗਿਆ। ਅਜਿਹੀ ਹੰਗਾਮੀ ਹਾਲਤ ਵਿਚ ਗੂਲਰ ਦੇ ਜੰਗਲ ਦੇ ਸਾਰੇ ਜਾਨਵਰਾਂ ਨੇ ਇਕੱਠੇ ਹੋ ਕੇ ਦੂਜੇ ਜੰਗਲ ਦੇ ਜਾਨਵਰਾਂ ਨੂੰ ਆਪਣੇ ਜੰਗਲ ਤੋਂ ਭੋਜਨ ਅਤੇ ਪਾਣੀ ਦਾ ਪ੍ਰਬੰਧ ਕਰਕੇ ਉਨ੍ਹਾਂ ਦੀ ਸਹਾਇਤਾ ਕੀਤੀ।

ISBN 978-81-237-6869-4

**311. ਸੰਦੂਕ ਵਿਚ ਵਹੁਟੀ ਅਤੇ ਹੋਰ ਕਹਾਣੀਆਂ :** ਮਨੋਜ ਦਾਸ

*ਅਨੁਵਾਦ : ਜਸਵੰਤ ਸਿੰਘ ਅਮਨ* *ਸਫ਼ੇ : 32 ਕੀਮਤ :40.00*

ਸਿੱਖਿਆਦਾਇਕ ਅਤੇ ਉਪਦੇਸ਼ਮਈ ਹੋਣ ਦੇ ਨਾਲ-ਨਾਲ ਬੇਹੱਦ ਰੋਚਕ ਅਤੇ ਅਨੰਦਦਾਇਕ 10 ਕਹਾਣੀਆਂ ਦਾ ਸੰਗ੍ਰਹਿ ਹੈ।

ISBN 978-81-237-6872-4

**312. ਬੁੱਬੂ ਬੁਲਬੁਲੀ ਦਾ ਬਗੀਚਾ :** ਸ਼ਾਂਤਨੂੰ ਤਾਮੁਲੀ

*ਅਨੁਵਾਦ : ਅਸ਼ੋਕ ਵਾਸ਼ਿਸ਼ਠ* *ਸਫ਼ੇ : 16 ਕੀਮਤ : 40.00*

ਬੱਚਿਆਂ ਨੇ ਆਪਣਾ ਬਗ਼ੀਚਾ ਲਗਾਇਆ ਅਤੇ ਉਥੇ ਕਿਸੇ ਨੂੰ ਵੀ ਫੁੱਲ ਨਾ ਤੋੜਨ ਦੇਣ ਲਈ ਕਮਰ ਕੱਸ ਲਈ। ਸੁੰਦਰ ਚਿੱਤਰਾਂ ਨਾਲ ਸਜੀ ਇਕ ਕਹਾਣੀ।

ISBN 978-81-237-6870-0

**313. ਮੇਰੀ ਪਹਿਲੀ ਹਵਾਈ ਯਾਦਰਾ :** ਪੰਕਜ ਚਤੁਰਵੇਦੀ

*ਅਨੁਵਾਦ : ਸੁਰਜੀਤ ਆਰਟਿਸਟ* *ਸਫ਼ੇ : 16 ਕੀਮਤ : 40.00*

ਇਸ ਪੁਸਤਕ ਵਿਚ ਬਹੁਤ ਹੀ ਵਧੀਆ ਚਿੱਤਰਾਂ ਰਾਹੀਂ ਹਵਾਈ ਜਹਾਜ਼ ਦੀ ਯਾਤਰਾ ਦਿਖਾਈ ਗਈ ਹੈ ਜਿਸ ਨਾਲ ਬੱਚੇ ਦੀ ਕਲਪਨਾ-ਸ਼ਕਤੀ 'ਚ ਵਾਧਾ ਹੀ ਨਹੀਂ ਹੁੰਦਾ, ਬਲਕਿ ਗਿਆਨ ਵੀ ਮਿਲਦਾ ਹੈ।

ISBN 978-81-237-6874-8

**314. ਬੋਲਣ ਵਾਲੀ ਘੜੀ :** ਕਸ਼ਮਾ ਸ਼ਰਮਾ

*ਅਨੁਵਾਦ : ਡਾ ਬਲਦੇਵ ਸਿੰਘ 'ਬੱਦਨ'* *ਸਫ਼ੇ : 24 ਕੀਮਤ : 35.00*

ਨੰਨ੍ਹਾ ਅੰਤਰਿਕਸ਼ ਤੋਹਫ਼ੇ ਦੇ ਤੌਰ 'ਤੇ ਮਿਲਣ ਵਾਲੀ ਘੜੀ ਨਾਲ ਸਾਰਾ ਦਿਨ ਖੇਲ੍ਹਦਾ ਹੈ ਤਾਂ ਇਸ ਕਰਕੇ ਉਸ ਦੇ ਦੂਜੇ ਖਿਡੌਣੇ ਨਾਰਾਜ਼ ਹੋ ਜਾਂਦੇ ਹਨ। ਫਿਰ ਸਾਰੇ ਖਿਡੌਣੇ ਦੋਸਤ ਬਣ ਜਾਂਦੇ ਹਨ।

ISBN 978-81-237-6956-1

**315. ਗੁਲਾਬ ਦਾ ਆੜੀ :** ਤਰਸੇਮ

*ਅਨੁਵਾਦ : ਤਰਸੇਮ* *ਸਫ਼ੇ : 32 ਕੀਮਤ : 55.00*

ਸੁਹੇਲ ਆਪਣੇ ਪਿਤਾ ਦੇ ਸਕੂਲ ਜਾਂਦਾ ਹੈ ਤਾਂ ਉਥੇ ਇਕ ਮੁਰਝਾਏ ਹੋਏ ਗੁਲਾਬ ਦੇ ਪੌਦੇ ਨੂੰ ਦੇਖਦਾ ਹੈ। ਉਹ ਤੁਰੰਤ ਹੀ ਉਸ ਪੌਦੇ ਨੂੰ ਪਾਣੀ ਅਤੇ ਖਾਦ ਦਿੰਦਾ ਹੈ। ਪੌਦਾ ਲਹਿਰਾ

ਜਾਂਦਾ ਹੈ ਤੇ ਫੁੱਲ ਖਿੜ ਜਾਂਦੇ ਹਨ । ਪਰਿਆਵਰਣ ਬਾਰੇ ਪ੍ਰੇਮ ਜਗਾਉਂਦੀ ਕਹਾਣੀ ।

ISBN 978-81-237-6855-4

**316. ਸੱਚੀ ਮਿੱਤਰਤਾ** : ਡਾ. ਬਲਦੇਵ ਸਿੰਘ 'ਬੱਦਨ'

ਮੂਲ ਪੰਜਾਬੀ *ਸਫ਼ੇ : 16 ਕੀਮਤ : 30.00*

ਇਕ ਗਲਹਿਰੀ ਅਤੇ ਚਿੜੀ ਦੀ ਆਪਸੀ ਮਿੱਤਰਤਾ ਦੀ ਕਰੁਣ ਅਤੇ ਮਾਰਮਿਕ ਕਹਾਣੀ । ਛੋਟੇ ਪ੍ਰਾਣੀਆਂ ਵਿਚ ਵੀ ਸੰਵੇਦਨਾ ਹੁੰਦੀ ਹੈ ਅਤੇ ਸਾਨੂੰ ਇਸ ਦੀ ਕਦਰ ਕਰਨੀ ਚਾਹੀਦੀ ਹੈ । ਪੁਸਤਕ ਵਿਚ ਬੱਚਿਆਂ ਦਾ ਪੰਛੀਆਂ ਪ੍ਰਤੀ ਪਿਆਰ ਦਰਸਾ ਕੇ ਨੇਕ ਕੰਮ ਕਰਨ ਦਾ ਸੁਝਾਅ ਦਿੱਤਾ ਗਿਆ ਹੈ । ISBN 978-81-237-6958-5

**317. ਜੂਡੀ ਤੇ ਲਕਸ਼ਮੀ** : ਨੋਆਮੀ ਮਿਸ਼ਿਅਨ

ਅਨੁਵਾਦਿਕਾ : *ਮਨਦੀਪ ਸਨੇਹੀ* *ਸਫ਼ੇ : 106 ਕੀਮਤ : 00.00*

ਇਹ ਕਹਾਣੀ ਹੈ ਇਕ ਵਿਦੇਸ਼ੀ ਲੜਕੀ ਜੂਡੀ ਦੀ ਹੈ, ਜੋ ਲਕਸ਼ਮੀ ਦੇ ਨਾਲ ਪੜ੍ਹਦੀ ਹੈ । ਜੂਡੀ ਦੇਸ਼ ਦੇ ਆਜ਼ਾਦੀ ਦੇ ਦਿਨ, ਦੀਵਾਲੀ, ਪੋਂਗਲ ਆਦਿ ਤਿਉਹਾਰਾਂ ਵਿਚ ਸ਼ਾਮਲ ਹੁੰਦੀ ਹੈ । ਉਹ ਆਧੁਨਿਕ ਭਾਰਤ ਦੀ ਹੜ੍ਹ ਦੀ ਸਮੱਸਿਆ ਦਾ ਵੀ ਸਾਹਮਣਾ ਕਰਦੀ ਹੈ । ਇਹ ਦੇਸ਼ ਦੀ ਸੰਸਕ੍ਰਿਤੀ, ਪੇਂਡੂ ਜੀਵਨ ਅਤੇ ਸੰਸਕਾਰਾਂ ਦੇ ਬਾਰੇ ਇਕ ਵਿਦੇਸ਼ੀ ਲੜਕੀ ਦੁਆਰਾ ਲਿਖੀ ਗਈ ਇਕ ਡਾਇਰੀ ਹੈ । ISBN 81-237-0000-0

**318. ਗੋਰਾ-ਕਾਲਾ** : ਸੱਯਦ ਅਸਦ ਅਲੀ

ਅਨੁਵਾਦ : *ਗੁਰਪ੍ਰੀਤ* *ਸਫ਼ੇ : 15 ਕੀਮਤ : 40.00*

ਇਸ ਪੁਸਤਕ ਵਿਚਲੀ ਕਹਾਣੀ ਬੱਚਿਆਂ ਨੂੰ ਰੰਗ-ਭੇਦ ਤੇ ਵੱਡੇ-ਛੋਟੇ ਦਾ ਮੰਤਰ ਨਾ ਕਰਨ ਦੀ ਸਿੱਖਿਆ ਦਿੰਦੀ ਹੈ । ਇਹ ਕਹਾਣੀ ਮਿਲ-ਜੁਲ ਕੇ ਰਹਿਣ ਦਾ ਸੰਦੇਸ਼ ਹੈ ।

ISBN 978-81-237-8754-1

**319. ਅੱਖਨ ਦੀ ਅੱਖ** : ਸੱਯਦ ਅਸਦ ਅਲੀ

ਅਨੁਵਾਦ : *ਡਾ. ਜਗਦੀਸ਼ ਕੌਰ ਵਾਡੀਆ* *ਸਫ਼ੇ : 15 ਕੀਮਤ : 40.00*

ਇਹ ਟੀਪੂ ਨਾਂ ਦੇ ਬੱਚੇ ਦੀ ਕਹਾਣੀ ਹੈ ਜੋ ਪੜ੍ਹਨ-ਲਿਖਣ ਤੇ ਖੇਡਣ ਕੁੱਦਣ ਵਿਚ ਤਾਂ ਤੇਜ਼ ਹੈ ਹੀ ਸ਼ੈਤਾਨੀ ਵਿਚ ਵੀ ਘੱਟ ਨਹੀਂ । ਉਹ ਕਿਸ ਤਰ੍ਹਾਂ ਆਪਣੇ ਚਾਚੇ ਨਾਲ ਇਕ ਠੱਗ ਨੂੰ ਸਬਕ ਸਿਖਾਉਂਦਾ ਹੈ ਇਹ ਕਹਾਣੀ ਪੜ੍ਹ ਕੇ ਹੀ ਅੰਦਾਜ਼ਾ ਲੱਗੇਗਾ।।

ISBN 978-81-237-8758-9

**320. ਬੁੱਢਾ ਮਗਰਮੱਛ** : ਪੁਸ਼ਪਾ ਸਿੰਘ 'ਵਿਸੇਨ'

ਅਨੁਵਾਦ : *ਡਾ. ਜਸਪਾਲ ਕੌਰ* *ਸਫ਼ੇ : 15 ਕੀਮਤ : 40.00*

ਇਹ ਕਹਾਣੀ ਬੁੱਢੇ ਮਗਰਮੱਛ ਦੀ ਇਮਾਨਦਾਰੀ 'ਤੇ ਆਧਾਰਿਤ ਹੈ ਕਿ ਉਹ ਕਿਸ ਤਰ੍ਹਾਂ ਮੱਛੀਆਂ ਦੇ ਗਾਇਬ ਹੋ ਰਹੇ ਬੱਚਿਆਂ ਲਈ ਬਿਨਾਂ ਕਿਸੇ ਪੱਖਪਾਤ ਦੇ ਗੁਨਾਹਗਾਰ ਮਗਰਮੱਛਾਂ ਨੂੰ ਸਜ਼ਾ ਦਿਵਾਉਂਦਾ ਹੈ । ISBN 978-81-237-8752-7

**321. ਨਖੱਟੋ ਬੱਕਰੀ** : ਪਾਰੁਲ ਬੱਤਰਾ

ਅਨੁਵਾਦ : *ਪਵਨ ਹਰਚੰਦਪੁਰੀ* *ਸਫ਼ੇ : 15 ਕੀਮਤ : 40.00*

ਇਹ ਆਜ਼ਾਦ ਤਬੀਅਤ ਦੀ ਮਾਲਕ ਇਕ ਬੱਕਰੀ ਦੀ ਕਹਾਣੀ ਹੈ ਜੋ ਆਪਣੀਆਂ ਸ਼ਰਾਰਤਾਂ ਤੇ ਖਾਣ-ਪੀਣ ਦੇ ਸ਼ੌਕ ਕਰਕੇ ਜ਼ਿੰਦਗੀ ਦਾ ਆਨੰਦ ਮਾਣਦੀ ਹੈ ਤੇ ਆਪਣੀਆਂ ਕਾਰਸਤਾਨੀਆਂ ਬੁਢਾਪੇ 'ਚ ਆਪਣੇ ਦੋਹਤੇ-ਪੋਤਿਆਂ ਨੂੰ ਸੁਣਾਉਂਦੀ ਹੈ ।

ISBN 978-81-237-8753-4

**322. ਰਹਿਮਾਨ ਚਾਚਾ** : ਪ੍ਰਕਾਸ਼ ਮਨੂੰ

ਅਨੁਵਾਦ : *ਅਮਰੀਕ ਡੋਗਰਾ* *ਸਫ਼ੇ : 28 ਕੀਮਤ : 60.00*

ਇਹ ਇਕ ਬਹਾਦਰ ਬੱਚੇ ਸੋਨੂੰ ਦੇ ਹਿੰਮਤ ਤੇ ਹੌਂਸਲੇ ਦੀ ਕਹਾਣੀ ਹੈ ਜੋ ਇਕ ਨੇਕ ਪੁਲਿਸ ਕਪਤਾਨ ਰਹਿਮਾਨ ਨਾਲ ਮਿਲ ਕੇ ਬੱਚਿਆਂ ਦੇ ਤਸਕਰ ਕੋਲੋਂ ਬੰਦੀ ਬਣਾਏ ਬੱਚਿਆਂ ਨੂੰ ਆਜ਼ਾਦ ਕਰਵਾਉਂਦਾ ਹੈ ।

ISBN 978-81-237-8757-2

**323. ਧਰਤੀ ਤੋਂ ਸਮੁੰਦਰ ਤੱਕ** : ਵਿਨੀਤਾ ਸਿੰਘਲ

ਅਨੁਵਾਦ : *ਡਾ ਹਰਵਿੰਦਰ ਔਲਖ* *ਸਫ਼ੇ : 36 ਕੀਮਤ : 75.00*

ਇਹ ਅੰਸ਼ੂ ਨਾਂ ਦੇ ਬੱਚੇ ਦੀ ਕਹਾਣੀ ਹੈ ਜੋ ਆਪਣੇ ਦਾਦਾ ਜੀ ਤੋਂ ਜ਼ਿੰਦਗੀ ਦੇ ਪੰਜ ਤੱਤ ਹਵਾ, ਅੱਗ, ਪਾਣੀ, ਰੌਸ਼ਨੀ ਤੇ ਧਰਤੀ ਬਾਰੇ ਰੌਚਕ ਜਾਣਕਾਰੀ ਹਾਸਿਲ ਕਰਦਾ ਹੈ ।

ISBN 978-81-237-8756-5

**324. ਚਿਕਾ-ਚਿਕ-ਚਿਕ** : ਲੇਖਿਕਾ ਤੇ ਚਿੱਤਰਕਾਰ : ਜਯੋਤੀ ਮਨੋਕਰਣ

ਅਨੁਵਾਦ : *ਚਰਨਜੀਤ ਸਿੰਘ ਚੰਨ* *ਸਫ਼ੇ : 23 ਕੀਮਤ : 53.00*

ਇਹ ਕਹਾਣੀ ਬੱਚਿਆਂ ਦੇ ਆਪਸੀ ਮਿਲਵਰਤਨ ਦੀ ਮਨੋਵਿਗਿਆਨਕ ਕਹਾਣੀ ਹੈ । ਸ਼ਾਂਤੀ ਦੇ ਬਿਮਾਰ ਹੋਣ ਤੇ ਰਾਜ ਉਸ ਲਈ ਤੋਹਫਾ ਲਿਆਉਂਦਾ ਹੈ ਤੇ ਸ਼ਰਾਰਤਾਂ ਵੀ ਕਰਦਾ ਹੈ ।

ISBN 978-81-237-8755-8

**325. ਸਾਖੀਆਂ ਗੁਰੂ ਨਾਨਕ ਦੇਵ** : *ਜਗਤਾਰਜੀਤ*

ਚਿੱਤਰ : *ਗੁਰਜੀਤ ਸਿੰਘ ਚੱਗਰ*

*(ਮੂਲ ਪੰਜਾਬੀ)* *ਸਫ਼ੇ : 31 ਕੀਮਤ : 155.00*

ਜੀਵਨ ਭਰ ਗੁਰੂ ਨਾਨਕ ਦੇਵ ਜੀ ਨੇ ਜੋ ਉਪਦੇਸ਼ ਦਿੱਤਾ, ਉਸ ਨੂੰ ਵਿਹਾਰ 'ਚ ਵੀ ਲਿਆਂਦਾ । ਉਹ ਖੁਦ ਕਿਰਤ ਕਰਦੇ, ਨਾਮ ਜਪਦੇ ਤੇ ਵੰਡ ਛਕਦੇ ਪਿਆਰ ਤੇ ਸਾਂਝੀਵਾਲਤਾ ਦੇ ਸੰਦੇਸ਼ ਨਾਲ ਜੋੜਨ ਲਈ ਬੱਚਿਆਂ ਲਈ ਉਨ੍ਹਾਂ ਦੇ ਜੀਵਨ ਵਿਚਲੀਆਂ ਕੁਝ ਘਟਨਾਵਾਂ ਨੂੰ ਸਾਖੀਆਂ ਦੇ ਰੂਪ 'ਚ ਸਚਿੱਤਰ ਪੇਸ਼ ਕੀਤਾ ਗਿਆ ਹੈ ।

## ਏਸ਼ੀਆ-ਪ੍ਰਸ਼ਾਂਤ ਸਹਿ-ਪ੍ਰਕਾਸ਼ਨ

**1. ਅਜੋਕੀਆਂ ਏਸ਼ੀਆਈ ਕਹਾਣੀਆਂ :** ਸੰਪਾਦਕ ਮੰਡਲ

*ਅਨੁਵਾਦ : ਰਾਜਿੰਦਰ ਸਿੰਘ ਵਰਮਾ* *ਸਫ਼ੇ : 144 ਕੀਮਤ : 14.00*

ਅਜੋਕੀਆਂ ਏਸ਼ੀਆਈ ਕਹਾਣੀਆਂ ਬਾਲ-ਪਾਠਕਾਂ ਲਈ ਹਨ । ਇਸ ਪੁਸਤਕ ਵਿਚ ਅਫ਼ਗਾਨਿਸਤਾਨ, ਬਰਮਾ, ਭਾਰਤ, ਇੰਡੋਨੇਸ਼ੀਆ, ਇਰਾਨ, ਜਾਪਾਨ, ਕੋਰੀਆ ਗਣਰਾਜ, ਮਲੇਸ਼ੀਆ, ਨੇਪਾਲ, ਪਾਕਿਸਤਾਨ, ਫਿਲਪਾਈਨ, ਸਿੰਘਾਪੁਰ, ਸ਼੍ਰੀਲੰਕਾ ਅਤੇ ਥਾਈਲੈਂਡ ਆਦਿ ਦੇਸ਼ਾਂ ਦੀ ਇਕ-ਇਕ ਕਹਾਣੀ ਸ਼ਾਮਲ ਹੈ ।

**2. ਬੁੱਝੋ ਮੈਂ ਕੀ ਕਰ ਰਿਹਾ ਹਾਂ**

*ਅਨੁਵਾਦ : ਪਿਆਰਾ ਸਿੰਘ ਸਹਿਰਾਈ* *ਸਫ਼ੇ : 34 ਕੀਮਤ : 21.00*

ਅੰਤਰਰਾਸ਼ਟਰੀ ਪੜ੍ਹਤਾ ਵਰ੍ਹੇ ਦੇ ਮੌਕੇ ਯੂਨੈਸਕੋ ਨਾਲ ਮਿਲਵਰਤਨ ਕਰਦਿਆਂ ਏ.ਸੀ.ਸੀ.ਯੂ. ਵੱਲੋਂ ਤਿਆਰ ਕੀਤੀ ਗਈ ਇਹ ਸੋਹਣੀ ਪੁਸਤਕ ਬੱਚਿਆਂ ਲਈ ਲਿਖੀ ਗਈ ਹੈ । ਇਸ ਪੁਸਤਕ ਵਿਚ ਵਿਭਿੰਨ ਦੇਸ਼ਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ ।

ISBN 81-237-213-2

**3. ਆਓ ਰਲ ਕੇ ਹੱਸੀਏ :** ਸੰਪਾਦਕ ਮੰਡਲ

*(ਏਸ਼ੀਆ ਅਤੇ ਪ੍ਰਸ਼ਾਂਤ ਖੇਤਰ ਦੀਆਂ ਕਹਾਣੀਆਂ, ਬੁਝਾਰਤਾਂ ਅਤੇ ਕਹਾਵਤਾਂ)*

*ਅਨੁਵਾਦ : ਡਾ. ਅਜੀਤ ਸਿੰਘ* *ਸਫ਼ੇ : 175 ਕੀਮਤ : 40.00*

ਇਹ ਪੁਸਤਕ ਹਾਸ-ਭਰਪੂਰ ਲੋਕ-ਕਹਾਣੀਆਂ, ਬਾਤਾਂ, ਕਹਾਵਤਾਂ ਅਤੇ ਬੁਝਾਰਤਾਂ ਦਾ ਸੰਗ੍ਰਹਿ ਹੈ । ਇਸ ਸੰਗ੍ਰਹਿ ਵਿਚਲੀਆਂ ਰਚਨਾਵਾਂ ਜਿਥੇ ਮਨੋਰੰਜਨ ਪ੍ਰਦਾਨ ਕਰਦੀਆਂ ਹਨ ਉਥੇ ਖ਼ਾਸ ਕਿਸਮ ਦੀ ਵਿਅੰਗ ਭਰਪੂਰਤਾ ਨਾਲ ਗਿਆਨ ਵਿਚ ਵਾਧਾ ਵੀ ਕਰਦੀਆਂ ਹਨ । ISBN 978-81-237-6762-4

**4. ਨਾਟਕਾਂ ਦੇ ਦੇਸ਼ ਵਿਚ:** ਸੰਪਾਦਕ ਮੰਡਲ

*ਅਨੁਵਾਦ : ਬਲਬੀਰ ਮਾਧੋਪੁਰੀ* *ਸਫ਼ੇ : 230 ਕੀਮਤ : 48.00*

ਭਾਰਤ ਵਿਚ ਬਾਲ-ਨਾਟਕਾਂ ਦੀ ਘਾਟ ਨੂੰ ਧਿਆਨ ਵਿਚ ਰੱਖਦਿਆਂ ਪ੍ਰਕਾਸ਼ਿਤ ਇਹ ਪੁਸਤਕ ਏਸ਼ੀਆ ਅਤੇ ਪ੍ਰਸ਼ਾਂਤ ਖੇਤਰ ਦੇ ਲਗਭਗ 14 ਦੇਸ਼ਾਂ ਦੇ ਚੋਣਵੇਂ ਬਾਲ-ਨਾਟਕਾਂ ਦਾ ਸਰਵੋਤਮ ਸੰਗ੍ਰਹਿ ਹੈ । ਭਾਰਤ ਸਮੇਤ ਆਸਟਰੇਲੀਆ, ਬਰਮਾ, ਚੀਨ, ਇੰਡੋਨੇਸ਼ੀਆ, ਇਰਾਨ, ਜਾਪਾਨ, ਮਲੇਸ਼ੀਆ, ਨੇਪਾਲ, ਫਿਲਪਾਈਨ, ਕੋਰੀਆ ਗਣਰਾਜ, ਸਿੰਘਾਪੁਰ, ਸ਼੍ਰੀਲੰਕਾ ਅਤੇ ਥਾਈਲੈਂਡ ਦੇਸ਼ਾਂ ਦੇ ਪ੍ਰਚੱਲਿਤ ਲੋਕ-ਪ੍ਰਸਿੱਧ ਮਨੋਰੰਜਨ ਅਤੇ ਗਿਆਨ ਵਿਚ ਵਾਧਾ ਕਰਨ ਵਾਲੇ ਨਾਟਕਾਂ ਦਾ ਇਹ ਸੰਗ੍ਰਹਿ ਸਕੂਲਾਂ ਅਤੇ ਬਾਲ ਰੰਗ-ਮੰਡਲੀਆਂ ਲਈ ਉਪਯੋਗੀ ਸਿੱਧ ਹੋਵੇਗਾ ।

ISBN 81-237-1900-0

**5. ਰੁੱਖ** : ਸੰਪਾਦਕ ਮੰਡਲ

ਅਨੁਵਾਦ : *ਗੁਲਵੰਤ 'ਫ਼ਾਰਿਗ'* *ਸਫ਼ੇ : 64 ਕੀਮਤ : 29.00*

ਇਹ ਏਸ਼ੀਆਈ ਸ਼ਾਂਤ ਮਹਾਸਾਗਰ ਖੇਤਰ ਦੇ ਰੁੱਖਾਂ ਬਾਰੇ ਬੱਚਿਆਂ ਲਈ ਪ੍ਰਸਥਿਤੀ-ਵਿਗਿਆਨ ਦੀ ਪੁਸਤਕ ਹੈ। ਪੁਸਤਕ ਦਾ ਸੰਕਲਨ ਅਤੇ ਸੰਪਾਦਨ ਏਸ਼ੀਆਈ ਸ਼ਾਂਤ-ਮਹਾਸਾਗਰ ਖੇਤਰ ਦੇ ਸਹਿ-ਪ੍ਰਕਾਸ਼ਨ ਪ੍ਰੋਗਰਾਮ ਦੀ ਸੰਪਾਦਕੀ ਕਮੇਟੀ ਨੇ ਸੰਬੰਧਿਤ ਦੇਸ਼ਾਂ ਨਾਲ ਸਲਾਹ-ਮਸ਼ਵਰਾ ਕਰਕੇ ਕੀਤਾ ਹੈ। ISBN 81-237-2431-4

**6. ਸੂਰਜ** : ਸੰਪਾਦਕ ਮੰਡਲ

ਅਨੁਵਾਦ : *ਗੁਲਵੰਤ 'ਫ਼ਾਰਿਗ'* *ਸਫ਼ੇ : 70 ਕੀਮਤ : ਐਨ.ਜੀ.ਓ. ਲਈ ਮੁਫ਼ਤ*

ਇਹ ਪੁਸਤਕ ਬੱਚਿਆਂ ਵਾਸਤੇ ਪ੍ਰਸਥਿਤੀ ਵਿਗਿਆਨ ਨੂੰ ਮੁੱਖ ਰੱਖ ਕੇ ਲਿਖੀ ਗਈ ਹੈ। ਪੁਸਤਕ ਦੇ ਤਿੰਨ ਭਾਗ ਹਨ : ਸਾਡਾ ਸੂਰਜ – ਸੰਸਾਰ ਲਈ ਸ਼ਕਤੀ-ਸਦਨ, ਸਾਡਾ ਸੂਰਜ – ਰਵਾਇਤਾਂ, ਦੰਦ ਕਥਾਵਾਂ ਅਤੇ ਵਿਸ਼ਵਾਸ, ਸਾਡਾ ਸੂਰਜ – ਇਸ ਦਾ ਸਤਿਕਾਰ ਕਰੋ।

ISBN 81-237-3599-5

**7. ਆਖਰੀ ਟਿਕਟ ਤੇ ਹੋਰ ਕਹਾਣੀਆਂ** : ਸੰਪਾਦਕ ਮੰਡਲ

ਅਨੁਵਾਦ : *ਡਾ. ਮਨਮੋਹਨ* *ਸਫ਼ੇ : 102 ਕੀਮਤ : 30.00*

ਬੱਚਿਆਂ ਲਈ ਲਿਖੀਆਂ 10 ਕਹਾਣੀਆਂ ਦਾ ਸੰਗ੍ਰਹਿ, ਜਿਸ ਦੀ ਪ੍ਰਕਾਸ਼ਨਾ ਏਸ਼ੀਅਨ/ਪ੍ਰਸ਼ਾਂਤ ਦੇ ਸਹਿ-ਪ੍ਰਕਾਸ਼ਨ ਪ੍ਰੋਗਰਾਮ ਅਧੀਨ ਹੋਈ ਹੈ। ISBN 81-237-4740-3

**8. ਪੜ੍ਹ ਕੇ ਸੁਣਾਓ ਕਹਾਣੀ ਮੈਨੂੰ** : ਸੰਪਾਦਕੀ ਮੰਡਲ

ਅਨੁਵਾਦ : *ਕੇ.ਐਲ. ਗਰਗ* *ਸਫ਼ੇ : 150 ਕੀਮਤ : 40.00*

ਇਹ ਛੋਟੇ ਬੱਚਿਆਂ ਨੂੰ ਉੱਚੀ ਪੜ੍ਹ ਕੇ ਸੁਣਾਈਆਂ ਜਾਣ ਵਾਲੀਆਂ 32 ਕਹਾਣੀਆਂ ਦਾ ਸੰਗ੍ਰਹਿ ਹੈ, ਜਿਸ ਦੀ ਪ੍ਰਕਾਸ਼ਨਾ ਯੂਨੈਸਕੋ ਦੇ ਮਿਲਵਰਤਨ ਨਾਲ ਅਤੇ ਯੂਨੈਸਕੋ ਦੇ ਏਸ਼ੀਆ ਅਤੇ ਪ੍ਰਸ਼ਾਂਤ ਦੇ ਮੈਂਬਰ ਰਾਜਾਂ ਦੇ ਸਾਂਝੇ ਯਤਨਾਂ ਨਾਲ ਏਸ਼ੀਅਨ/ਪ੍ਰਸ਼ਾਂਤ ਦੇ ਸਹਿ-ਪ੍ਰਕਾਸ਼ਨ ਪ੍ਰੋਗਰਾਮ ਅਧੀਨ ਹੋਈ ਹੈ। ISBN 81-237-4478-1

**9. ਕੰਧ ਅਤੇ ਹੋਰ ਕਹਾਣੀਆਂ** : ਸੰਪਾਦਕੀ ਮੰਡਲ

ਅਨੁਵਾਦ : *ਡਾ. ਨਰੇਸ਼* *ਸਫ਼ੇ : 132 ਕੀਮਤ : 35.00*

ਇਹ ਬੱਚਿਆਂ ਲਈ ਲਿਖੀਆਂ ਕਹਾਣੀਆਂ ਦਾ ਸੰਗ੍ਰਹਿ ਹੈ, ਜਿਸ ਦੀ ਪ੍ਰਕਾਸ਼ਨਾ ਯੂਨੈਸਕੋ ਦੇ ਮਿਲਵਰਤਨ ਨਾਲ ਅਤੇ ਯੂਨੈਸਕੋ ਦੇ ਏਸ਼ੀਆ ਅਤੇ ਪ੍ਰਸ਼ਾਂਤ ਦੇ ਮੈਂਬਰ ਰਾਜਾਂ ਦੇ ਸਾਂਝੇ ਯਤਨਾਂ ਨਾਲ ਏਸ਼ੀਅਨ/ਪ੍ਰਸ਼ਾਂਤ ਦੇ ਸਹਿ-ਪ੍ਰਕਾਸ਼ਨ ਪ੍ਰੋਗਰਾਮ ਅਧੀਨ ਹੋਈ ਹੈ।

ISBN 81-237-4479-X

## ਨਵਸਾਖਰ ਸਾਹਿਤਮਾਲਾ

**1. ਜਨਮ ਦਿਨ** : ਡਾ. ਬਲਦੇਵ ਸਿੰਘ 'ਬੱਦਨ'

ਮੂਲ ਪੰਜਾਬੀ *ਸਫ਼ੇ : 16 ਕੀਮਤ : 11.00*

ਇਹ ਕਹਾਣੀ ਇਕ ਗਰੀਬ ਬੱਚੇ ਦੀ ਮਾਨਸਿਕਤਾ ਨੂੰ ਬਿਆਨ ਕਰਦੀ ਹੈ ਜਿਸ ਦੀ ਮਾਂ ਘਰਾਂ ਵਿਚ ਕੰਮ ਕਰਕੇ ਘਰ ਚਲਾਉਂਦੀ ਹੈ। ਇਹ ਕਹਾਣੀ ਇਕ-ਦੂਜੇ ਦੀ ਮਦਦ ਦਾ ਸਬਕ ਸਿਖਾਉਂਦੀ ਹੋਈ ਅੱਗੇ ਵਧਦੀ ਹੈ। ਇਹ ਕਹਾਣੀ ਉਸਾਰੂ ਮਾਨਵੀ ਰਿਸ਼ਤਿਆਂ ਨੂੰ ਉਜਾਗਰ ਕਰਦੀ ਹੈ। ਮਿਹਨਤ ਦਾ ਫਲ ਮਿੱਠਾ ਹੁੰਦਾ ਹੈ ਤੇ ਬੱਚਿਆਂ ਨੂੰ ਕਹਾਣੀ ਤੋਂ ਸਹਿਜ-ਸੁਭਾਅ ਮਿਹਨਤ ਕਰਨ ਦੀ ਸਿੱਖਿਆ ਮਿਲਦੀ ਹੈ।

ISBN 98-81-237-5785-8

**2. ਕੇਸਰ ਦੀ ਮਹਿਕ** : ਬਚਿੰਤ ਕੌਰ

ਮੂਲ ਪੰਜਾਬੀ *ਸਫ਼ੇ : 16 ਕੀਮਤ : 12.00*

'ਕੇਸਰ ਦੀ ਮਹਿਕ' ਇਕ ਅਜਿਹੀ ਔਰਤ ਦੀ ਕਹਾਣੀ ਹੈ ਜਿਸਦੇ ਬੱਚਾ ਨਹੀਂ ਹੁੰਦਾ। ਇਸ ਕਾਰਣ ਉਸ ਨੂੰ ਸੱਸ ਦੀਆਂ ਗੱਲਾਂ ਸੁਣਨੀਆਂ ਪੈਂਦੀਆਂ ਹਨ। ਪਰ ਡਾ. ਰਾਕੇਸ਼ ਦੇ ਕਹਿਣ 'ਤੇ ਉਹ ਯਤੀਮਖ਼ਾਨੇ 'ਚੋਂ ਬੱਚਾ ਗੋਦ ਲੈ ਕੇ ਆਪਣੀ ਇੱਛਾ ਪੂਰੀ ਕਰ ਲੈਂਦੇ ਹਨ।

ISBN 978-81-237-5782-7

**3. ਮਾਸੀ ਦਾ ਮੁੰਡਾ** : ਰਾਮ ਸਰੂਪ ਅਣਖੀ

ਮੂਲ ਪੰਜਾਬੀ *ਸਫ਼ੇ : 16 ਕੀਮਤ : 12.00*

ਇਸ ਕਹਾਣੀ ਵਿਚ ਅੰਧ-ਵਿਸ਼ਵਾਸਾਂ ਨੂੰ ਦੂਰ ਕਰਦੀ ਇਕ ਰੌਚਕ ਕਥਾ ਪੇਸ਼ ਹੈ।

ISBN 978-81-237-5783-4

**4. ਅਮਰੂ ਦੀ ਕਹਾਣੀ** : ਗੁਰਮੇਲ ਮਡਾਹੜ

ਮੂਲ ਪੰਜਾਬੀ *ਸਫ਼ੇ : 24 ਕੀਮਤ : 13.00*

'ਅਮਰੂ ਦੀ ਕਹਾਣੀ' ਬਾਲਾਂ ਲਈ ਲਿਖੀ ਲੇਖਕ ਦੀ ਅਗਾਂਹਵਧੂ ਕਹਾਣੀ ਹੈ ਜਿਸ ਵਿਚ ਉਸ ਨੇ ਅਮਰੂ ਨਾਂ ਦੇ ਮੁੰਡੇ ਦੇ ਸੰਘਰਸ਼ ਦਾ ਬਿਆਨ ਕੀਤਾ ਹੈ। ਪਿੰਡਾਂ ਦੇ ਕਿਸਾਨਾਂ ਦੇ ਵਿਕਾਸ ਲਈ ਇਹ ਕਹਾਣੀ ਇਕ ਮਾਡਲ ਵਜੋਂ ਦੇਖੀ-ਪਰਖੀ ਅਤੇ ਪੜ੍ਹੀ ਜਾ ਸਕਦੀ ਹੈ।

ISBN 978-81-237-5786-5

**5. ਸਾਂਝੀ ਕੰਧ** : ਸੰਤੋਖ ਸਿੰਘ ਧੀਰ

ਮੂਲ ਪੰਜਾਬੀ *ਸਫ਼ੇ : 16 ਕੀਮਤ : 14.00*

ਪਿੰਡ-ਘਰਾਂ ਵਿਚ ਕੰਧ ਕਰਕੇ ਭਰਾਵਾਂ ਵਿਚ ਹੋਣ ਵਾਲੇ ਕਲੇਸ਼ ਦੀ ਮਨ ਨੂੰ ਛੂਹਣ ਵਾਲੀ ਕਥਾ ਇਸ ਵਿਚ ਅੰਕਿਤ ਹੈ।

ISBN 978-81-237-5784-1

**6. ਆ ਗਈ ਦੂਜੀ ਸਿਮਰਨ** : ਪ੍ਰੇਮ ਗੋਰਖੀ
ਮੂਲ ਪੰਜਾਬੀ *ਸਫ਼ੇ : 18 ਕੀਮਤ : 16.00*
ਪੁਸਤਕ ਵਿੱਚ ਲੇਖਕ ਨੇ ਮੁੰਡਿਆਂ ਦੇ ਮੁਕਾਬਲੇ ਸਮਾਜ ਵਿਚ ਘਟ ਰਹੇ ਕੁੜੀਆਂ ਦੇ ਗਰਾਫ਼ 'ਤੇ ਚਿੰਤਾ ਪ੍ਰਗਟ ਕੀਤੀ ਹੈ ਕਿ ਮੁੰਡੇ ਤੇ ਕੁੜੀ 'ਚ ਕੋਈ ਅੰਤਰ ਨਹੀਂ । ਕੁੜੀਆਂ ਵੀ ਪੜ੍ਹ-ਲਿਖ ਕੇ ਨੌਕਰੀ ਪ੍ਰਾਪਤ ਕਰਕੇ ਘਰ ਦਾ ਸਹਾਰਾ ਬਣ ਸਕਦੀਆਂ ਹਨ ।
ISBN 978-81-237-6284-5

**7. ਨੁਸਖਾ** : ਲਾਲ ਸਿੰਘ
ਮੂਲ ਪੰਜਾਬੀ *ਸਫ਼ੇ : 16 ਕੀਮਤ : 14.00*
ਪੁਸਤਕ ਵਿੱਚ ਪਤੀ-ਪਤਨੀ ਦੀ ਰੋਚਕ ਕਹਾਣੀ ਹੈ । ਪਤੀ ਸੋਚਦਾ ਹੈ ਕਿ ਉਹ ਪਤਨੀ ਨਾਲੋਂ ਵੱਧ ਕੰਮ ਕਰਦਾ ਹੈ । ਪਰ ਅੰਤ ਵਿਚ ਸਵੀਕਾਰ ਕਰ ਲੈਂਦਾ ਹੈ ਕਿ ਜੋ ਜਿਸ ਦਾ ਕੰਮ ਹੋਵੇ ਉਸ ਨੂੰ ਹੀ ਕਰਨਾ ਚਾਹੀਦਾ ਹੈ । ISBN 978-81-237-6255-5

**8. ਹਰਦੀਪ ਅਤੇ ਉਹਦੀ ਵਹਿਮਣ ਮਾਂ** : ਭਗਵੰਤ ਰਸੂਲਪੁਰੀ
ਮੂਲ ਪੰਜਾਬੀ *ਸਫ਼ੇ : 20 ਕੀਮਤ : 16.00*
ਇਹ ਕਹਾਣੀ ਉਨ੍ਹਾਂ ਲੋਕਾਂ ਨੂੰ ਜਾਗਰੂਕ ਕਰਦੀ ਹੈ ਜੋ ਵਹਿਮਾਂ-ਭਰਮਾਂ ਵਿਚ ਫਸ ਕੇ ਔਲਾਦ ਦੀ ਆਸ ਕਰਦੇ ਹਨ । ISBN 978-81-237-6285-2

**9. ਰਤਨਪਾਲ ਦਾ ਸੁਪਨਾ** : ਡਾ. ਹਰਨੇਕ ਸਿੰਘ ਕਲੇਰ
ਮੂਲ ਪੰਜਾਬੀ *ਸਫ਼ੇ : 20 ਕੀਮਤ : 20.00*
ਹਥਲੀ ਪੁਸਤਕ ਇਕ ਪ੍ਰੇਰਨਾਦਾਇਕ ਕਹਾਣੀ ਹੈ ਜੋ ਲੜਕੀਆਂ ਨੂੰ ਸਵੈ-ਨਿਰਭਰ ਹੋ ਕੇ ਆਪਣੀ ਹੋਂਦ ਨੂੰ ਬਚਾਉਣ ਲਈ ਤਿਆਰ ਕਰਦੀ ਹੈ । ਰੌਚਿਕ ਅਤੇ ਨਾਟਕੀਅਤਾ ਨਾਲ ਭਰਪੂਰ ਇਹ ਕਹਾਣੀ ਅੱਜ ਸਮਾਜ ਵਿਚ ਘਟ ਰਹੀ ਲੜਕੀਆਂ ਦੀ ਗਿਣਤੀ ਪ੍ਰਤੀ ਸੁਚੇਤ ਕਰਦੀ ਹੈ । ISBN 81-237-6052-0

**10. ਕੱਟੇ ਖੰਭਾਂ ਵਾਲੀ ਪਰੀ** : ਡਾ. ਕੁਲਦੀਪ ਸਿੰਘ ਧੀਰ
ਮੂਲ ਪੰਜਾਬੀ *ਸਫ਼ੇ : 16 ਕੀਮਤ : 14.00*
ਇਸ ਕਹਾਣੀ ਵਿਚ ਇਕ ਅਜਿਹੀ ਕੁੜੀ ਸੁਰਮੀਤ ਦੀ ਕਹਾਣੀ ਹੈ ਜੋ ਕਿਸੇ ਬਿਮਾਰੀ ਕਾਰਣ ਅੱਖਾਂ ਦੀ ਦ੍ਰਿਸ਼ਟੀ ਗੁਆ ਲੈਂਦੀ ਹੈ । ਪਰ ਆਪਣੇ ਉੱਦਮ ਅਤੇ ਪ੍ਰਤਿਭਾ ਨਾਲ ਸੰਗੀਤ ਦੀ ਐਮ.ਏ. ਕਰ ਲੈਂਦੀ ਹੈ । ISBN 978-81-237-5996-8

**11. ਪੜ੍ਹ ਗਈ ਪਾਲੋ** : ਡਾ. ਸ਼ਰਨਜੀਤ ਕੌਰ
ਮੂਲ ਪੰਜਾਬੀ *ਸਫ਼ੇ : 16 ਕੀਮਤ : 17.00*
'ਪੜ੍ਹ ਗਈ ਪਾਲੋ' ਘਰਾਂ 'ਚ ਕੰਮ ਕਰਨ ਵਾਲੀ ਕੁੜੀ ਦੀ ਕਹਾਣੀ ਹੈ ਜੋ ਪੜ੍ਹ-ਲਿਖ ਕੇ ਕੁਝ ਬਣਨਾ ਚਾਹੁੰਦੀ ਹੈ । ISBN 978-81-237--6051-3

**12. ਰਾਮੋ ਚੰਡੀ** : ਚੰਦਨ ਨੇਗੀ

ਮੂਲ ਪੰਜਾਬੀ *ਸਫ਼ੇ : 24 ਕੀਮਤ : 10.00*

ਚੰਦਨ ਨੇਗੀ ਦੀ ਇਹ ਪੁਸਤਕ ਦੇਸ਼ ਭਗਤੀ ਦਾ ਇਕ ਖ਼ੂਬਸੂਰਤ ਗਲਪੀ ਪ੍ਰਬੰਧ ਹੈ ਜੋ ਨਵੀਂ ਪੀੜ੍ਹੀ ਵਿਚ ਆਪਣੇ ਵਤਨ ਦੀ ਰਾਖੀ, ਖੁਸ਼ਹਾਲੀ ਅਤੇ ਇਸ ਦਾ ਗੌਰਵ ਬਰਕਰਾਰ ਰੱਖਣ ਲਈ ਹਰ ਸਮੇਂ ਕੁਰਬਾਨੀ ਲਈ ਤਿਆਰ ਰਹਿਣ ਦੀ ਪ੍ਰੇਰਨਾ ਦਿੰਦਾ ਹੈ ।

ISBN 81-237-4980-8

**13. ਬੋਹੜ ਦਾ ਦਰਖ਼ਤ** : ਜੇ. ਭਾਗਿਆ ਲਕਸ਼ਮੀ

ਅਨੁਵਾਦ : *ਡਾ. ਗੁਰਮਿੰਦਰ ਸਿੱਧੂ* *ਸਫ਼ੇ : 20 ਕੀਮਤ : 10.00*

ਇਹ ਕਹਾਣੀ ਰੁੱਖਾਂ ਦੇ ਮਹੱਤਵ ਅਤੇ ਉਨ੍ਹਾਂ ਦੀ ਮੌਜੂਦਾ ਸਮੇਂ 'ਚ ਜ਼ਰੂਰਤ ਨੂੰ ਦਰਸਾਉਂਦੀ ਹੈ । ਬੋਹੜ ਸਾਡਾ ਪੁਰਾਤਨ ਅਤੇ ਪੂਜਨੀਕ ਰੁੱਖ ਹੈ, ਇਸ ਦਾ ਮਹੱਤਵ ਦਰਸਾਉਂਦੀਆਂ ਤੇ ਮਨੁੱਖਤਾ ਦੀ ਜ਼ਰੂਰਤ ਪੂਰੀ ਕਰਦੀਆਂ ਕਈ ਤਸਵੀਰਾਂ ਰਚਨਾ ਨੂੰ ਰੌਚਕ ਬਣਾਉਂਦੀਆਂ ਹਨ । ISBN 978-81-237-5016-3

**14. ਕੋਸੀ ਮੇਰੀ ਧੀ** : ਆਸ਼ਾ ਦੂਬੇ

ਅਨੁਵਾਦ : *ਸੁਰਿੰਦਰ ਨੀਰ* *ਸਫ਼ੇ : 16 ਕੀਮਤ : 8.00*

ਪਿਤਾ ਦੀ ਮੌਤ ਤੋਂ ਬਾਅਦ ਕੋਸੀ ਨੇ ਹਿੰਮਤ ਨਹੀਂ ਹਾਰੀ । ਉਸ ਨੇ ਬਚਪਨ ਵਿਚ ਮਿੱਟੀ ਦੇ ਖਿਡੌਣੇ ਬਣਾਉਣੇ ਸਿੱਖੇ ਸਨ । ਬਚਪਨ ਦਾ ਹੁਨਰ ਜੀਵਨ ਦਾ ਨਿਰਬਾਹ ਕਰਨ ਦੇ ਕੰਮ ਆਇਆ । ਛਤੀਸਗੜ੍ਹ ਦੀ ਲੇਖਿਕਾ ਦੀ ਇਕ ਮਹੱਤਵਪੂਰਨ ਰਚਨਾ ਹੈ ।

ISBN 81-237-4986-0

**15. ਬਾਬਾ ਪਰੇਮਾ** : ਪਿਆਰਾ ਸਿੰਘ ਦਾਤਾ

ਮੂਲ ਪੰਜਾਬੀ *ਸਫ਼ੇ : 24 ਕੀਮਤ : 5.50*

ਇਹ ਇਕ ਅਜਿਹੇ ਵਿਅਕਤੀ ਦੀ ਕਹਾਣੀ ਹੈ ਜੋ ਸਮਾਜ ਵਿਚ ਹਰ ਇਕ ਦੀ ਸਹਾਇਤਾ ਲਈ ਹਮੇਸ਼ਾ ਤਿਆਰ ਰਹਿੰਦਾ ਹੈ ਅਤੇ ਆਪਣੀ ਖ਼ੁਸ਼ੀ ਦੂਜਿਆਂ ਲਈ ਕੁਰਬਾਨ ਕਰ ਦਿੰਦਾ ਹੈ । ਭਾਰਤ ਦੀ ਵੰਡ ਸਮੇਂ ਉਸ ਨੇ ਅਦਭੁਤ ਬੀਰਤਾ ਦਿਖਾਈ ਅਤੇ ਸੰਪ੍ਰਦਾਇਕ ਸਦਭਾਵਨਾ ਕਾਇਮ ਰੱਖਣ ਵਿਚ ਅਹਿਮ ਭੂਮਿਕਾ ਨਿਭਾਈ ।

**16. ਪੰਜ ਪੁੱਤਰਾਂ ਦਾ ਪਿਓ** : ਬਚਿੰਤ ਕੌਰ

ਮੂਲ ਪੰਜਾਬੀ *ਸਫ਼ੇ : 24 ਕੀਮਤ : 13.00*

ਇਹ ਇਕ ਅਜਿਹੇ ਬਜ਼ੁਰਗ ਦੀ ਕਹਾਣੀ ਹੈ, ਜਿਸ ਦੇ ਪੰਜ ਪੁੱਤਰ ਹਨ ਪਰ ਉਸ ਨੂੰ ਪੁੱਤਰਾਂ ਤੋਂ ਕੋਈ ਸਹਾਰਾ ਨਹੀਂ ਮਿਲਦਾ ਜਿਸ ਦੀ ਉਸ ਨੂੰ ਬੁਢਾਪੇ ਵਿਚ ਲੋੜ ਸੀ ।

ISBN 81-237-4112-X

**17. ਦੋਸ਼ੀ ਕੌਣ** : ਓਮ ਪ੍ਰਕਾਸ਼ ਆਨੰਦ

ਮੂਲ ਪੰਜਾਬੀ *ਸਫ਼ੇ : 24 ਕੀਮਤ : 50.00*

'ਦੋਸ਼ੀ ਕੌਣ' ਪੁਸਤਕ ਵਿਚ ਲੇਖਕ ਨੇ ਇਕ ਅਜਿਹੇ ਡੇਰੇ ਦੇ ਮਹੰਤ ਦੀ ਘ੍ਰਿਣਤ ਜੀਵਨ-ਕਹਾਣੀ ਪੇਸ਼ ਕੀਤੀ ਹੈ ਜੋ ਡੇਰੇ ਦੀ ਓਟ ਵਿਚ ਸਾਰੀ ਉਮਰ ਲੋਕਾਂ ਦੀਆਂ ਧੀਆਂ-ਭੈਣਾਂ ਦੀ ਇੱਜ਼ਤ ਲੁੱਟਣ ਦੇ ਆਹਰ ਵਿਚ ਹੈ। ISBN 978-81-237-4154-3

**18. ਉਹ ਵਿਚਾਰਾ** : ਜੈਨੇਂਦਰ ਕੁਮਾਰ

*ਅਨੁਵਾਦ : ਸੁਰਜੀਤ ਸਰਨਾ* *ਸਫ਼ੇ : 48 ਕੀਮਤ : 15.00*

ਇਸ ਪੁਸਤਕ ਵਿਚ ਦੋ ਕਹਾਣੀਆਂ : 'ਉਹ ਵਿਚਾਰਾ' ਤੇ 'ਕਿਸਾਨ ਦੀ ਭੁੱਲ' ਸ਼ਾਮਲ ਹਨ। 'ਉਹ ਵਿਚਾਰਾ' ਇਕ ਸੱਪ ਦੀ ਕਹਾਣੀ ਹੈ ਜੋ ਬਹੁਤ ਜ਼ਹਿਰੀਲਾ ਹੈ। 'ਕਿਸਾਨ ਦੀ ਭੁੱਲ' ਇਕ ਨੇਕ ਦਿਲ, ਈਮਾਨਦਾਰ ਤੇ ਮਿਹਨਤੀ ਕਿਸਾਨ ਦੀ ਕਹਾਣੀ ਹੈ।

ISBN 81-237-4153-7

**19. ਗੁਰੂ ਗੋਬਿੰਦ ਸਿੰਘ (ਮੂਲ ਪੰਜਾਬੀ)** : ਡਾ. ਗੋਪਾਲ ਸਿੰਘ

*ਰੂਪਾਂਤਰਕਾਰ : ਡਾ. ਕੁਲਦੀਪ ਪੁਰੀ* *ਸਫ਼ੇ : 40 ਕੀਮਤ : 25.00*

ਇਸ ਪੁਸਤਕ ਵਿਚ ਧਰਮ ਦੀ ਰੱਖਿਆ ਲਈ ਕੁਰਬਾਨ ਹੋ ਜਾਣ, ਜ਼ਾਲਮ ਹਕੂਮਤ ਤੋਂ ਛੁਟਕਾਰਾ ਪਾਉਣ ਅਤੇ ਮਜ਼ਲੂਮਾਂ ਨੂੰ ਜ਼ੁਲਮ ਤੋਂ ਬਚਾਉਣ ਲਈ ਗੁਰੂ ਜੀ ਦੇ ਆਦ੍ਰਸ਼ਕ ਜੀਵਨ ਵਿਚੋਂ ਕੁਝ ਪ੍ਰਮੁੱਖ ਇਤਿਹਾਸਕ ਪ੍ਰਸੰਗਾਂ ਨੂੰ ਪੇਸ਼ ਕੀਤਾ ਗਿਆ ਹੈ।

ISBN 978-81-237-0205-6

**20. ਔਰਤ ਪੜ੍ਹ-ਲਿਖ ਲਏ ਤਾਂ ?** : ਵਰਸ਼ਾ ਦਾਸ (ਰੂਪਾਂਤਰਕਾਰ)

*ਅਨੁਵਾਦ : ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 16 ਕੀਮਤ : 9.00*

ਸਾਡੇ ਦੇਸ਼ ਵਿਚ ਹੋਰ ਬਹੁਤ ਸਾਰੀਆਂ ਸਮੱਸਿਆਵਾਂ ਹੱਲ ਕਰਨ ਲਈ ਭਾਰਤ ਸਰਕਾਰ ਵਚਨਬੱਧ ਹੈ ਉਥੇ ਅਨਪੜ੍ਹਤਾ ਦੂਰ ਕਰਨੀ ਸਭ ਤੋਂ ਪ੍ਰਮੁੱਖ ਹੈ ਕਿਉਂਕਿ ਵਿਦਿਆ ਦੇ ਚਾਨਣ ਨਾਲ ਹੀ ਅਗਿਆਨਤਾ ਦਾ ਹਨੇਰਾ ਦੂਰ ਕੀਤਾ ਜਾ ਸਕਦਾ ਹੈ।

ISBN 978-81-237-0863-7

**21. ਸਵਾ ਸੇਰ ਕਣਕ** : ਪ੍ਰੇਮ ਚੰਦ

*ਅਨੁਵਾਦ : ਡਾ. ਸਤਪਾਲ ਕੌਰ* *ਸਫ਼ੇ : 24 ਕੀਮਤ : 12.00*

ਸ਼ਾਹੂਕਾਰ ਦੇ ਚੁੰਗਲ ਵਿਚ ਫਸੇ ਭੋਲੇ-ਭਾਲੇ ਕਿਸਾਨ ਦੀ ਦਿਲ ਦਹਿਲਾ ਦੇਣ ਵਾਲੀ ਕਹਾਣੀ ਦਾ ਲੇਖਕ ਨੇ ਬਹੁਤ ਹੀ ਯਥਾਰਥਵਾਦੀ ਚਿੱਤਰਣ ਕੀਤਾ ਹੈ।

ISBN 81-237-1017-8

**22. ਆਪਣੇ ਹੀ ਪੈਰਾਂ 'ਤੇ ਕੁਹਾੜੀ** : ਬੀ.ਕੇ. ਸਿਨਹਾ ਅਤੇ ਸੁਭਾਸ਼ ਚੰਦਰ

*ਅਨੁਵਾਦ : ਡਾ. ਮਨਜੀਤ ਸਿੰਘ* *ਸਫ਼ੇ : 24 ਕੀਮਤ : 6.00*

ਇਸ ਪੁਸਤਕ ਵਿਚ ਆਦਿ ਕਾਲ ਤੋਂ ਲੈ ਕੇ ਵਰਤਮਾਨ ਕਾਲ ਤਕ ਮਨੁੱਖ ਦੇ ਜੰਗਲਾਂ ਨਾਲ ਸੰਬੰਧ, ਜੰਗਲਾਂ ਦੇ ਮਹੱਤਵ ਅਤੇ ਜੰਗਲਾਂ ਦੀ ਮਨੁੱਖ ਨੂੰ ਦੇਣ ਉਤੇ ਝਾਤ ਪਾਈ ਗਈ ਹੈ।

**23. ਬਾਲਣ ਦੀ ਥੁੜ੍ਹ** : ਚਿਤਰਾ ਨਾਈਕ

ਅਨੁਵਾਦ : *ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 12 ਕੀਮਤ : 10.00*

ਇਸ ਪੁਸਤਕ ਵਿਚ ਜੰਗਲਾਂ ਦੀ ਕਟਾਈ ਕਾਰਣ ਹੋਣ ਵਾਲੀਆਂ ਸਮੱਸਿਆਵਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ । ਆਦਮੀ ਕਿਹੜੇ ਸਾਧਨਾਂ ਨਾਲ ਬਾਲਣ ਦੀ ਥੁੜ੍ਹ ਨੂੰ ਦੂਰ ਕਰ ਸਕਦਾ ਹੈ, ਇਸ ਬਾਰੇ ਵੀ ਪੁਸਤਕ ਵਿਚ ਰੌਸ਼ਨੀ ਪਾਈ ਗਈ ਹੈ ।

ISBN 81-237-0692-8

**24. ਭੂਤ ਆਇਆ** : ਚਿਤਰਾ ਨਾਈਕ

ਅਨੁਵਾਦ : *ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 16 ਕੀਮਤ : 10.00*

ਇਸ ਪੁਸਤਕ ਦਾ ਮੁਹਾਂਦਰਾ ਹਿੰਦੀ ਦੀਆਂ ਕਾਮਿਕਸ ਨਾਲ ਮਿਲਦਾ ਹੈ, ਪਰ ਇਸ ਕਥਾ ਦਾ ਉਸਾਰੂ ਤੇ ਸੇਧ ਦੇਣ ਵਾਲਾ ਵਿਸ਼ਾ ਇਸ ਨੂੰ ਹਿੰਦੀ ਕਾਮਿਕਸ ਤੋਂ ਵੱਖ ਕਰਦਾ ਹੈ ।

ISBN 81-237-4151-2

**25. ਬਦਲਾਅ ਦਾ ਅਧਿਕਾਰ** : ਰਮੇਸ਼ ਥਾਨਵੀ

ਅਨੁਵਾਦ : *ਬਚਿੰਤ ਕੌਰ* *ਸਫ਼ੇ : 14 ਕੀਮਤ : 8.00*

ਇਹ ਪੁਸਤਕ ਕਵਿਤਾ ਵਿਚ ਲਿਖੀ ਗਈ ਹੈ । ਲੇਖਕ ਨੇ ਸਮਾਜ ਦੇ ਸ਼ੋਸ਼ਿਤ ਵਰਗ ਨੂੰ ਉਸ ਦੇ ਹੱਕਾਂ ਪ੍ਰਤੀ ਜਾਗਰੂਕ ਕਰਾਇਆ ਹੈ । ਪੁਸਤਕ ਦੇ ਚਿੱਤਰ ਬਹੁਤ ਹੀ ਮਨ-ਮੋਹਣੇ ਹਨ । ISBN 81-237-1376-2

**26. ਸ਼ਰਾਬੀ ਨੰਬਰ ਇਕ** : ਪ੍ਰੇਮ ਸਿੰਘ ਨੇਗੀ

ਅਨੁਵਾਦ : *ਓ.ਪੀ. ਅਨੰਦ* *ਸਫ਼ੇ : 16 ਕੀਮਤ : 8.00*

ਹਾਸ-ਸ਼ੈਲੀ ਵਿਚ ਪਿੰਡ ਵਿਚ ਸ਼ਰਾਬ ਦੀ ਆਦਤ 'ਤੇ ਲਿਖੀ ਗਈ ਇਕ ਪ੍ਰੇਰਨਾਦਾਇਕ ਕਹਾਣੀ । ਦੁਕਾਨਦਾਰ ਨੇ ਉਨ੍ਹਾਂ ਸ਼ਰਾਬੀਆਂ ਦੀ ਸੂਚੀ ਬਣਾਈ ਹੋਈ ਹੈ, ਜਿਨ੍ਹਾਂ ਦੀ ਨਿਕਟ ਭਵਿੱਖ ਵਿਚ ਮੌਤ ਹੋ ਸਕਦੀ ਹੈ । ਜਦੋਂ ਨੰਬਰ ਇਕ ਚਲ ਵਸਦਾ ਹੈ ਤਾਂ ਨੰਬਰ ਦੋ ਉਸ ਦੀ ਥਾਂ ਲੈ ਲੈਂਦਾ ਹੈ । ISBN 81-237-1066-6

**27. ਭਲਵਾਨ ਦਾ ਢੋਲ** : ਫਣੀਸ਼ਵਰਨਾਥ ਰੇਣੂ

ਅਨੁਵਾਦ : *ਡਾ. ਜਗਜੀਤ ਸਿੰਘ* *ਸਫ਼ੇ : 24 ਕੀਮਤ : 7.00*

ਹਿੰਦੀ ਦੇ ਪ੍ਰਸਿੱਧ ਕਹਾਣੀਕਾਰ ਫਣੀਸ਼ਵਰਨਾਥ ਰੇਣੂ ਦੀ ਕਲਮ ਨਾਲ ਲਿਖੀ ਇਕ ਭਲਵਾਨ ਦੀ ਕਥਾ, ਜੋ ਜੀਵਨ ਦੇ ਸਾਰੇ ਉਤਾਰ-ਚੜ੍ਹਾਵਾਂ ਨੂੰ ਝੱਲਦਾ ਹੋਇਆ ਵੀ ਢੋਲ ਦੀ ਥਾਪ ਵਿਚ ਆਪਣਾ ਵਿਸ਼ਵਾਸ ਬਣਾਈ ਰੱਖਦਾ ਹੈ । ISBN 81-237-1146-0

**28. ਪ੍ਰੇਮ ਦਾ ਸਾਰ** : ਯਸ਼ਪਾਲ

ਅਨੁਵਾਦ : *ਪ੍ਰੋ. ਪ੍ਰੀਤਮ ਸਿੰਘ ਰਾਹੀ* *ਸਫ਼ੇ : 20 ਕੀਮਤ : 9.00*

ਇਕ ਪਤਨੀ ਦੇ ਪਿਆਰ ਅਤੇ ਤਿਆਗ ਨੂੰ ਦਰਸਾਉਂਦੀ ਹੋਈ ਹਿੰਦੀ ਦੇ ਸੁਪ੍ਰਸਿੱਧ ਕਥਾਕਾਰ ਯਸ਼ਪਾਲ ਦੀ ਕਹਾਣੀ ਦਾ ਰੂਪਾਂਤਰਣ । ਇਸ ਪੁਸਤਕ ਵਿਚ ਕਈ ਦੋ-ਰੰਗੇ ਚਿੱਤਰ ਹਨ ।

ISBN 81-237-1136-0

**29. ਮੇਰੀ ਗਾਂ** : ਗਿਜੁਭਾਈ ਬਧੇਕਾ

ਅਨੁਵਾਦ : *ਓ.ਪੀ. ਆਨੰਦ* *ਸਫ਼ੇ : 28 ਕੀਮਤ : 11.00*

ਇਕ ਅਜਿਹੇ ਪਰਿਵਾਰ ਦੀ ਕਹਾਣੀ, ਜਿਸ ਲਈ ਗਾਂ 'ਕਾਮਧੇਨੂ' ਹੈ। ਪਰਿਵਾਰ ਅਨੁਸਾਰ ਗਾਂ ਦਾ ਘਰ ਵਿਚ ਹੋਣਾ ਬਹੁਤ ਜ਼ਰੂਰੀ ਹੈ, ਇਸ ਨਾਲ ਘਰ ਵਿਚ ਘਿਉ-ਦੁੱਧ ਦੀ ਤੰਗੀ ਨਹੀਂ ਰਹਿੰਦੀ। ISBN 81-237-1032-8

**30. ਬਾਪੂ ਦੀਆਂ ਗੱਲਾਂ** : ਉਮਾ ਸ਼ੰਕਰ ਜੋਸ਼ੀ

ਅਨੁਵਾਦ : *ਪਿਆਰਾ ਸਿੰਘ ਦਾਤਾ* *ਸਫ਼ੇ : 32 ਕੀਮਤ : 8.00*

ਮਹਾਤਮਾ ਗਾਂਧੀ ਦੇ ਜੀਵਨ ਦੀਆਂ ਕੁਝ ਆਦਰਸ਼ ਘਟਨਾਵਾਂ ਨੂੰ ਕਹਾਣੀ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ISBN 81-237-1032-3

**31. ਮਨੁੱਖੀ ਸਰੀਰ** : ਰਮੇਸ਼ ਬਿਜਲਾਨੀ

ਅਨੁਵਾਦ : *ਲਵਲੀਨ ਜੌਲੀ* *ਸਫ਼ੇ : 24 ਕੀਮਤ : 9.00*

ਮਨੁੱਖ ਦਾ ਸਰੀਰ ਇਕ ਮਸ਼ੀਨ ਵਾਂਗ ਹੁੰਦਾ ਹੈ। ਮਨੁੱਖ ਸਾਹ ਕਿਵੇਂ ਲੈਂਦਾ ਹੈ ? ਖ਼ੂਨ ਕਿਸ ਤਰ੍ਹਾਂ ਸਰੀਰ ਸੰਚਾਲਨ ਵਿਚ ਆਪਣੀ ਭੂਮਿਕਾ ਨਿਭਾਉਂਦਾ ਹੈ। ਦਿਲ ਅਤੇ ਗੁਰਦੇ ਕਿਵੇਂ ਕੰਮ ਕਰਦੇ ਹਨ ? ਦਿਮਾਗ਼ ਨੂੰ ਮਨੁੱਖੀ ਸਰੀਰ ਦਾ ਮੁਖੀ ਕਿਉਂ ਕਿਹਾ ਜਾਂਦਾ ਹੈ ? ਸਰੀਰ ਹੱਡੀਆਂ ਦੇ ਢਾਂਚੇ ਉਪਰ ਕਿਵੇਂ ਟਿਕਿਆ ਹੋਇਆ ਹੈ ? ਇਨ੍ਹਾਂ ਸਭ ਗੱਲਾਂ ਦਾ ਜਵਾਬ ਸਰਲ ਅਤੇ ਸਹਿਜ ਭਾਸ਼ਾ ਵਿਚ ਇਸ ਪੁਸਤਕ ਵਿਚ ਦਿੱਤਾ ਗਿਆ ਹੈ।

ISBN 81-237-1474-2

**32. ਟੋਟਕਿਆਂ ਦੇ ਫੇਰ** : ਪ੍ਰੇਮ ਸਿੰਘ ਨੇਗੀ

ਅਨੁਵਾਦ : *ਡਾ. ਜਸਵਿੰਦਰ ਕੌਰ ਬਿੰਦਰਾ* *ਸਫ਼ੇ : 24 ਕੀਮਤ : 6.50*

ਇਸ ਪੁਸਤਕ ਵਿਚ ਲੇਖਕ ਨੇ ਉਨ੍ਹਾਂ ਲੋਕਾਂ ਦੀ ਅਗਿਆਨਤਾ ਦਾ ਵਰਣਨ ਕੀਤਾ ਹੈ ਜੋ ਅੱਜ ਦੇ ਵਿਗਿਆਨਕ ਯੁੱਗ ਵਿਚ ਵੀ ਇਲਾਜ ਲਈ ਝਾੜ-ਫੂਕ ਕਰਨ ਵਾਲਿਆਂ 'ਤੇ ਵਿਸ਼ਵਾਸ ਕਰਦੇ ਹਨ। ISBN 81-237-1473-4

**33. ਕੁੱਤੇ ਦੇ ਵੱਢਣ ਤੇ ਮੌਤ ਹੋਣ ਦਾ ਡਰ** : ਉਦੈ ਵੀਰ ਸਿੰਘ ਰਾਣਾ

ਅਨੁਵਾਦ : *ਡਾ. ਜਸਵਿੰਦਰ ਕੌਰ ਬਿੰਦਰਾ* *ਸਫ਼ੇ : 32 ਕੀਮਤ : 11.00*

ਇਸ ਪੁਸਤਕ ਵਿਚ ਕੁੱਤੇ ਦੇ ਵੱਢਣ ਨਾਲ ਹਲਕਾਅ ਦੀ ਜੋ ਬਿਮਾਰੀ ਹੋ ਜਾਂਦੀ ਹੈ ਉਸ ਦਾ ਵਰਣਨ ਅਤੇ ਇਲਾਜ ਹੈ। ISBN 81-237-1482-3

**34. ਸੋਨ ਪਹਾੜੀ ਦਾ ਰਹੱਸ** : ਚਿਤਰਾ ਨਾਈਕ

ਅਨੁਵਾਦ : *ਡਾ. ਜਸਵਿੰਦਰ ਕੌਰ* *ਸਫ਼ੇ : 28 ਕੀਮਤ : 8.00*

ਸੋਨ ਪਹਾੜੀ ਉਤੇ ਮੋਗਈ ਦੇਵੀ ਦਾ ਮੰਦਰ ਹੈ। ਮੋਗਈ ਦੇਵੀ ਦਾ ਪੁਜਾਰੀ ਇਥੇ ਆ ਕੇ

ਪਿੰਡ ਦੀ ਸਾਧਾਰਣ ਜਨਤਾ ਨੂੰ ਕਿਵੇਂ ਲੁੱਟਦਾ ਹੈ ਅਤੇ ਕਿਵੇਂ ਉਸ ਦੀ ਅਸਲੀਅਤ ਦਾ ਪਰਦਾ ਫਾਸ਼ ਹੁੰਦਾ ਹੈ, ਦੀ ਦਿਲਚਸਪ ਕਹਾਣੀ ਇਸ ਪੁਸਤਕ ਵਿਚ ਅੰਕਿਤ ਹੈ ।

ISBN 81-237-1533-1

**35. ਹੱਡੀ ਟੁੱਟਣ ਤੇ ਸਹੀ ਇਲਾਜ** : ਜਿਤੇਂਦਰ ਮਾਹੇਸ਼ਵਰੀ

ਅਨੁਵਾਦ : *ਕੇ.ਐਲ. ਗਰਗ* *ਸਫ਼ੇ : 32 ਕੀਮਤ : 11.00*

ਮਨੁੱਖ ਦਾ ਸਰੀਰ ਹੱਡੀਆਂ ਦੇ ਢਾਂਚੇ ਦਾ ਬਣਿਆ ਹੋਇਆ ਹੈ । ਇਸ ਪੁਸਤਕ ਵਿਚ ਲੇਖਕ ਨੇ ਹੱਡੀ ਟੁੱਟ ਜਾਣ 'ਤੇ ਉਸ ਦਾ ਇਲਾਜ ਕਿਵੇਂ ਹੋ ਸਕਦਾ ਹੈ, ਬਾਰੇ ਜਾਣਕਾਰੀ ਦਿੱਤੀ ਹੈ । ISBN 81-237-1487-4

**36. ਭੋਜਨ ਅਤੇ ਸਾਡਾ ਸਰੀਰ** : ਰੇਨੂ ਚੌਹਾਨ

ਅਨੁਵਾਦ : *ਜਸਵੰਤ ਸਿੰਘ ਅਜੀਤ* *ਸਫ਼ੇ : 52 ਕੀਮਤ : 11.00*

ਸੰਤੁਲਿਤ ਭੋਜਨ ਕੀ ਹੈ ? ਪ੍ਰੋਟੀਨ, ਵਿਟਾਮਿਨ, ਖਣਿਜ ਆਦਿ ਦੀ ਕਿੰਨੀ ਮਾਤਰਾ ਭੋਜਨ ਵਿਚ ਜ਼ਰੂਰੀ ਹੈ । ਇਹ ਤੱਤ ਸਸਤੇ ਵਿਚ ਕਿਵੇਂ ਪ੍ਰਾਪਤ ਕੀਤੇ ਜਾ ਸਕਦੇ ਹਨ । ਇਸ ਸਮੁੱਚੀ ਜਾਣਕਾਰੀ ਦੇ ਨਾਲ-ਨਾਲ ਇਸ ਪੁਸਤਕ ਵਿਚ ਕੁਝ ਪੌਸ਼ਟਿਕ ਭੋਜਨ ਬਣਾਉਣ ਦੀਆਂ ਵਿਧੀਆਂ ਅਤੇ ਸੰਤੁਲਿਤ ਖ਼ੁਰਾਕ ਨਾਲ ਸੰਬੰਧਿਤ ਮਨੋਰੰਜਕ ਖੇਲ ਵੀ ਹਨ ।

ISBN 81-237-1589-X

**37. ਪਰਮਵੀਰ ਯੋਧੇ** : ਅਕਸ਼ੈ ਕੁਮਾਰ ਜੈਨ

ਅਨੁਵਾਦ : *ਅਮਰੀਕ ਸਿੰਘ* *ਸਫ਼ੇ : 32 ਕੀਮਤ : 11.00*

ਇਸ ਪੁਸਤਕ ਵਿਚ ਅੱਠ ਪਰਮਵੀਰ ਯੋਧਿਆਂ ਦੀਆਂ ਬਹਾਦਰੀ ਦੀਆਂ ਅੱਠ ਕਹਾਣੀਆਂ ਹਨ, ਜੋ ਦੇਸ਼ ਖ਼ਾਤਰ ਆਪਣੀ ਜਾਨ ਦੀ ਬਾਜ਼ੀ ਲਾਉਣ ਲਈ ਹਮੇਸ਼ਾ ਤਿਆਰ ਰਹੇ । ਇਨ੍ਹਾਂ ਨੂੰ ਆਪਣੀ ਅਦਭੁਤ ਬਹਾਦਰੀ ਦਿਖਾਉਣ ਲਈ ਸਨਮਾਨਿਤ ਕੀਤਾ ਗਿਆ ।

ISBN 81-237-1532-3

**38. ਅੱਖਾਂ ਦੀ ਦੇਖ-ਭਾਲ** : ਉਦੈ ਚੰਦਰ ਗੁਪਤ

ਅਨੁਵਾਦ : *ਫੂਲ ਚੰਦ ਮਾਨਵ* *ਸਫ਼ੇ : 28 ਕੀਮਤ : 11.00*

ਇਸ ਪੁਸਤਕ ਵਿਚ ਅੱਖਾਂ ਬਾਰੇ ਪੂਰੀ ਜਾਣਕਾਰੀ, ਇਸ ਦੀਆਂ ਬਿਮਾਰੀਆਂ ਅਤੇ ਦੇਖ-ਭਾਲ ਬਾਰੇ ਜਾਣਕਾਰੀ ਦਿੱਤੀ ਗਈ ਹੈ । ISBN 81-237-1577-3

**39. ਯਾਦ ਜਵਾਹਰ ਲਾਲ ਦੀ** : ਦੇਸ ਰਾਜ ਗੋਇਲ

ਅਨੁਵਾਦ : *ਡਾ. ਸਵੀਨ ਕੌਰ* *ਸਫ਼ੇ : 64 ਕੀਮਤ : 11.00*

ਪੰਡਤ ਜਵਾਹਰ ਲਾਲ ਨਹਿਰੂ ਆਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਸਨ । ਭਾਰਤ ਨੂੰ ਆਜ਼ਾਦ ਕਰਾਉਣ ਦੇ ਸੰਘਰਸ਼ ਵਿਚ ਜਵਾਹਰ ਲਾਲ ਨਹਿਰੂ ਦੀ ਬੜੀ ਵੱਡੀ ਦੇਣ ਹੈ । ਜਵਾਹਰ ਲਾਲ ਨਹਿਰੂ ਨੇ ਭਾਰਤ ਦੇ ਸਰਬਪੱਖੀ ਵਿਕਾਸ ਵਿਚ ਕੀ ਯੋਗਦਾਨ ਦਿੱਤਾ, ਇਸ ਦਾ ਵਰਣਨ ਇਸ ਪੁਸਤਕ ਵਿਚ ਕੀਤਾ ਗਿਆ ਹੈ ।

ISBN 81-237-0306-6

**40. ਬੈਜੂ ਮਾਮਾ** : ਰਾਮਵਰਿਕਸ਼ ਬੇਨੀਪੁਰੀ

ਅਨੁਵਾਦ : *ਡਾ. ਜਗਜੀਤ ਸਿੰਘ* *ਸਫ਼ੇ : 24 ਕੀਮਤ : 10.00*

ਇਕ ਅਜਿਹੇ ਵਿਅਕਤੀ ਦੀ ਕਹਾਣੀ ਜੋ ਚੋਰੀ ਕਰਦਿਆਂ ਫੜਿਆ ਜਾਂਦਾ ਹੈ। ਬਾਅਦ ਵਿਚ ਸ਼ਰਮ ਦੇ ਮਾਰੇ ਜੇਲ੍ਹ ਛੱਡ ਕੇ ਆਪਣਾ ਮੂੰਹ ਕਿਸੇ ਨੂੰ ਵੀ ਵਿਖਾਉਣਾ ਨਹੀਂ ਚਾਹੁੰਦਾ। ਚਿੱਤਰਕਾਰ ਜਗਦੀਸ਼ ਜੋਸ਼ੀ ਨੇ ਪੁਸਤਕ ਵਿਚ ਵਿਸ਼ੇ ਅਨੁਸਾਰ ਬਹੁਤ ਹੀ ਸੁੰਦਰ ਚਿੱਤਰ ਉਲੀਕੇ ਹਨ। ISBN 81-237-1019-4

**41. ਭੀਮਾ ਯੋਧਾ** : ਅਬਦੁਲ ਮਲਿਕ ਖ਼ਾਨ

ਅਨੁਵਾਦ : *ਡਾ. ਸਵੀਨ ਕੌਰ* *ਸਫ਼ੇ : 52 ਕੀਮਤ : 16.00*

ਇਕ ਪਰਿਵਾਰਕ ਕਹਾਣੀ ਹੈ। ਇਸ ਕਹਾਣੀ ਦੇ ਨਾਇਕ ਭੀਮਾ ਨੂੰ ਜ਼ਿੰਦਗੀ ਵਿਚ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਉਸ ਦੀ ਬਣਨ ਵਾਲੀ ਜੀਵਨ-ਸਾਥਣ ਐਨੇ ਮਿਲਾਪੜੇ ਸੁਭਾਅ ਦੀ ਹੈ ਕਿ ਉਸ ਦੇ ਸਹਿਯੋਗ ਸਦਕਾ ਉਹ ਜ਼ਿੰਦਗੀ ਦੇ ਔਖੇ ਸਮੇਂ ਵਿਚੋਂ ਵੀ ਹੱਸ ਕੇ ਲੰਘ ਜਾਂਦਾ ਹੈ। ISBN 81-237-0464-X

**42. ਉਸ ਰਾਤ ਦੀ ਗੱਲ** : ਮਿਥਿਲੇਸ਼ਵਰ

ਅਨੁਵਾਦ : *ਡਾ. ਅਮਰਜੀਤ ਕੌਂਕੇ* *ਸਫ਼ੇ : 12 ਕੀਮਤ : 10.00*

ਇਸ ਕਹਾਣੀ ਦੀ ਮੁੱਖ ਪਾਤਰ ਬੁੱਢੀ ਮਾਂ ਦਾ ਪੁੱਤਰ ਅਚਾਨਕ ਬਿਮਾਰ ਹੋ ਜਾਂਦਾ ਹੈ। ਉਹ ਪੈਸੇ ਮੰਗਣ ਲਈ ਇਕ ਨੌਜਵਾਨ ਅੱਗੇ ਹੱਥ ਅੱਡਦੀ ਹੈ ਤਾਂ ਉਹ ਪੈਸੇ ਦੇਣ ਤੋਂ ਇਨਕਾਰ ਕਰ ਦਿੰਦਾ ਹੈ। ਲੇਖਕ ਨੇ ਸ਼ੁਰੂ ਤੋਂ ਅੰਤ ਤਕ ਕਹਾਣੀ ਨੂੰ ਰੋਚਕ ਬਣਾਈ ਰੱਖਿਆ ਹੈ।

ISBN 81-237-1018-6

**43. ਮਹਾਰਾਜਾ ਰਣਜੀਤ ਸਿੰਘ (ਮੂਲ ਪੰਜਾਬੀ)** : ਡੀ.ਆਰ. ਸੂਦ

ਰੂਪਾਂਤਰਕਾਰ : *ਵਰਿੰਦਰ ਮੇਂਹਦੀਰੱਤਾ* *ਸਫ਼ੇ : 32 ਕੀਮਤ : 25.00*

ਇਸ ਪੁਸਤਕ ਵਿਚ ਮਹਾਰਾਜੇ ਦਾ ਜਨਮ, ਮਿੱਤਰ ਬਾਲਕ, ਮਹਾਨ ਯੋਧਾ, ਪਾਤਸ਼ਾਹੀ, ਰਾਜ-ਕਾਜ, ਪਰਜਾ ਦਾ ਰਾਜਾ, ਸਮਾਨ-ਧਰਮੀ, ਪਾਰਸ ਰਾਜਾ, ਹਰਮਨਪਿਆਰਾ, ਅਕਾਲ ਚਲਾਣਾ ਅਤੇ ਸ਼ੇਰੇ-ਪੰਜਾਬ ਨਾਂ ਦੇ ਨਿੱਕੇ-ਨਿੱਕੇ ਲੇਖ ਹਨ। ISBN 978-81-237-0206-3

**44. ਸੱਚ ਦੀ ਖੋਜ** : ਲੀਲਾ ਜਾਰਜ

ਅਨੁਵਾਦ : *ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 40 ਕੀਮਤ : 9.00*

ਇਹ ਪੁਸਤਕ ਮਹਾਤਮਾ ਬੁੱਧ ਦੀ ਸੰਖੇਪ ਜੀਵਨੀ ਹੈ। ਲੇਖਕ ਨੇ ਇਤਿਹਾਸਕ ਤੇ ਜਾਤਕ ਕਥਾਵਾਂ ਦੇ ਸੂਤਰਾਂ ਤੋਂ ਸਾਮੱਗਰੀ ਇਕੱਠੀ ਕਰਕੇ ਉਹਨੂੰ ਬਿਰਤਾਂਤਕ ਸ਼ੈਲੀ ਵਿਚ ਪਰੋ ਕੇ ਮਹਾਤਮਾ ਬੁੱਧ ਦੀ ਸ਼ਖ਼ਸੀਅਤ ਤੇ ਉਨ੍ਹਾਂ ਦੇ ਵਿਚਾਰ ਸਮਝਣ ਦਾ ਇਕ ਵਧੀਆ ਉੱਦਮ ਕੀਤਾ ਹੈ। ISBN 81-237-1352-5

**45. ਉਸ ਨੇ ਕਿਹਾ ਸੀ** : ਚੰਦ੍ਰਧਰ ਸ਼ਰਮਾ 'ਗੁਲੇਰੀ'

ਅਨੁਵਾਦ : *ਡਾ. ਬਲਦੇਵ ਸਿੰਘ ਬੱਦਨ'* *ਸਫ਼ੇ : 24 ਕੀਮਤ : 9.00*

ਚੰਦ੍ਰਧਰ ਸ਼ਰਮਾ ਗੁਲੇਰੀ ਦੀ ਬਹੁਤ ਹੀ ਚਰਚਿਤ ਕਹਾਣੀ ਜਿਸ ਨੇ ਉਨ੍ਹਾਂ ਨੂੰ ਸਾਹਿਤਕ ਜਗਤ ਵਿਚ ਪਹਿਲੇ ਸਥਾਨ 'ਤੇ ਖੜ੍ਹਾ ਕਰ ਦਿੱਤਾ। ਲਹਿਣਾ ਸਿੰਘ ਨਾਂ ਦੇ ਬਹਾਦਰ ਜਵਾਨ ਦੀ ਕਹਾਣੀ ਜਿਸ ਨੇ ਵਾਅਦਾ ਕੀਤਾ ਸੀ ਕਿ ਉਹ ਪਹਿਲੀ ਵਿਸ਼ਵ ਜੰਗ ਦੌਰਾਨ ਸੂਬੇਦਾਰ ਹਜ਼ਾਰਾ ਸਿੰਘ ਅਤੇ ਉਸ ਦੇ ਪੁੱਤਰ ਬੋਧਾ ਸਿੰਘ ਦਾ ਹਰ ਹਾਲ ਵਿਚ ਸਾਥ ਦੇਵੇਗਾ ਤੇ ਉਸ ਨੇ ਆਪਣੀ ਜ਼ਿੰਦਗੀ ਦਾ ਬਲੀਦਾਨ ਕਰਕੇ ਇਹ ਵਾਅਦਾ ਪੂਰਾ ਕਰ ਦਿਖਾਇਆ।

ISBN 81-237-1016-X

**46. ਹੁਣ ਜਵਾਬ ਦਿਓ** : ਨਰੇਂਦ੍ਰ ਬਾਮ

*ਅਨੁਵਾਦ : ਡਾ. ਗੁਰਮੁਖ ਸਿੰਘ* *ਸਫ਼ੇ : 40 ਕੀਮਤ : 13.00*

ਸ਼ੁਕਰੇ ਦੀ ਧੀ ਦੀ ਮੌਤ ਦੇ ਲਈ ਬੁੱਢੀ ਬੁਧਨੀ ਚਾਚੀ ਨੂੰ ਦੋਸ਼ੀ ਮੰਨ ਕੇ ਪਿੰਡ ਦੇ ਲੋਕ ਉਸ ਨੂੰ ਮਾਰ ਦੇਣਾ ਚਾਹੁੰਦੇ ਹਨ। ਕਹਾਣੀ ਸਾਡੇ ਵਹਿਮਾਂ-ਭਰਮਾਂ ਉਪਰ ਤਿੱਖਾ ਵਿਅੰਗ ਹੈ। ISBN 81-237-1871-3

**47. ਸਵੇਰ ਦਾ ਭੁੱਲਿਆ** : ਬਟਰੋਹੀ

*ਅਨੁਵਾਦ : ਡਾ. ਜਸਵਿੰਦਰ ਕੌਰ ਬਿੰਦਰਾ* *ਸਫ਼ੇ : 28 ਕੀਮਤ : 10.00*

ਸੋਬਨ ਦੇ ਪੂਰਵਜ ਮੰਨੇ-ਪ੍ਰਮੰਨੇ ਪਹਿਲਵਾਨ ਸਨ ਪਰ ਸੋਬਨ ਨੂੰ ਸ਼ਰਾਬ ਪੀਣ ਦੀ ਬੁਰੀ ਆਦਤ ਨੇ ਬਰਬਾਦ ਕਰ ਦਿੱਤਾ। ISBN 81-237-1870-5

**48. ਗੋਵਿੰਦ ਗੁਰੂ** : ਜਿਓਤੀ ਪੁੰਜ

*ਅਨੁਵਾਦ : ਡਾ. ਜਸਵਿੰਦਰ ਕੌਰ ਬਿੰਦਰਾ* *ਸਫ਼ੇ : 44 ਕੀਮਤ : 14.00*

ਰਾਜਸਥਾਨ ਦੇ ਭੀਲਾਂ ਵਿਚ ਜਾਗ੍ਰਤੀ ਲਿਆਉਣ ਦੇ ਲਈ ਗੋਵਿੰਦ ਗੁਰੂ ਨੇ ਆਪਣਾ ਸਾਰਾ ਜੀਵਨ ਨਿਛਾਵਰ ਕਰ ਦਿੱਤਾ। ਉਸ ਦੁਆਰਾ ਗਠਿਤ 'ਸੰਪ ਸਭਾ' ਨੇ ਭੀਲਾਂ ਨੂੰ ਕੁਰੀਤੀਆਂ ਤੋਂ ਦੂਰ ਕੀਤਾ। ਉਨ੍ਹਾਂ ਨੂੰ ਸ਼ੋਸ਼ਣ ਅਤੇ ਅੱਤਿਆਚਾਰ ਤੋਂ ਮੁਕਤ ਕਰਾਇਆ। ਗੋਵਿੰਦ ਗੁਰੂ ਨੂੰ ਭੀਲ ਲੋਕ ਭਗਵਾਨ ਵਾਂਗ ਪੂਜਦੇ ਸਨ। ਉਨ੍ਹਾਂ ਦੇ ਸੰਗਠਨ ਨੇ ਦੇਸ਼ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਾਉਣ ਲਈ ਵੀ ਸੰਘਰਸ਼ ਕੀਤਾ। ਗੋਵਿੰਦ ਗੁਰੂ ਦਾ ਸੰਖੇਪ ਜੀਵਨ-ਪਰੀਚੈ ਇਸ ਪੁਸਤਕ ਵਿਚ ਦਿੱਤਾ ਗਿਆ ਹੈ। ISBN 81-237-1869-1

**49. ਭੈਣ ਮੈਨਾ ਦੀਆਂ ਕਹਾਣੀਆਂ** : ਜਯੰਤ ਕੁਮਾਰ ਤ੍ਰਿਭੁਵਨ

*ਅਨੁਵਾਦ : ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 36 ਕੀਮਤ : 12.00*

ਇਸ ਪੁਸਤਕ ਵਿਚ ਲੇਖਕ ਨੇ ਬਾਲ-ਵਿਆਹ ਦੀ ਪ੍ਰਥਾ ਦਾ ਵਿਰੋਧ ਕੀਤਾ ਹੈ। ਲੇਖਕ ਦੀ ਰਾਏ ਵਿਚ ਕੁੜੀ-ਮੁੰਡੇ ਦਾ ਵਿਆਹ ਉਨ੍ਹਾਂ ਦੀ ਮਰਜ਼ੀ ਅਤੇ ਸਹਿਮਤੀ ਨਾਲ ਕਰਨਾ ਚਾਹੀਦਾ ਹੈ। ਲੇਖਕ ਨੇ ਆਪਣੀ ਗੱਲ ਕਹਾਣੀ ਦੇ ਰੂਪ ਵਿਚ ਦਿਲਚਸਪ ਢੰਗ ਨਾਲ ਬਿਆਨ ਕੀਤੀ ਹੈ। ISBN 81-237-1863-2

**50. ਮਾਸਟਰ ਜੀ** : ਪ੍ਰਿਥਵੀਰਾਜ ਮੋਂਗਾ

*ਅਨੁਵਾਦ : ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 20 ਕੀਮਤ : 7.00*

ਇਸ ਪੁਸਤਕ ਦਾ ਮੁੱਖ ਉਦੇਸ਼ ਇਹ ਦਰਸਾਉਣਾ ਹੈ ਕਿ ਵਰਤਮਾਨ ਸਮੇਂ ਵਿਚ ਪੜ੍ਹਾਈ ਦੀ ਦੁਰਵਰਤੋਂ ਕਿਸ ਤਰ੍ਹਾਂ ਹੋ ਰਹੀ ਹੈ। ISBN 81-237-2157-9

**51. ਛੋਟੇ ਪਿੰਡ ਦੀ ਵੱਡੀ ਗੱਲ** : ਸ਼ੁਭੂ ਪਟਵਾ

*ਅਨੁਵਾਦ : ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 52 ਕੀਮਤ : 15.00*

ਇਸ ਪੁਸਤਕ ਵਿਚ ਲੋਕਾਂ ਨੂੰ ਦਰਖ਼ਤ ਲਾਉਣ ਦੇ ਮਹੱਤਵ ਤੋਂ ਜਾਣੂ ਕਰਵਾਇਆ ਗਿਆ ਹੈ। ਕਹਾਣੀ ਦਾ ਨਾਇਕ ਹਰਖੂ ਪਿੰਡ ਨੂੰ ਹਰਾ-ਭਰਾ ਅਤੇ ਖੁਸ਼ਹਾਲ ਕਰਨ ਦਾ ਸੰਕਲਪ ਲੈ ਕੇ ਸ਼ਹਿਰ ਦੀ ਨੌਕਰੀ ਛੱਡ ਕੇ ਪਿੰਡ ਚਲਾ ਜਾਂਦਾ ਹੈ। ISBN 81-237-2047-5

**52. ਪਾਰਸਮਣੀ** : ਈਸ਼ਵਰ ਪੇਟਲੀਕਰ

*ਅਨੁਵਾਦ : ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 24 ਕੀਮਤ : 7.00*

ਇਹ ਪੁਸਤਕ ਸਾਡੇ ਸਮਾਜ ਵਿਚ ਪਸਰੀ ਜਾਤ-ਪਾਤ, ਊਚ-ਨੀਚ ਦੀ ਪ੍ਰਥਾ 'ਤੇ ਕਰੜਾ ਵਿਅੰਗ ਹੈ। ਨਾਥੂ ਦਾ ਪੁੱਤਰ ਬਬਲੂ ਪੜ੍ਹ-ਲਿਖ ਕੇ ਆਪਣੇ ਪਿਤਾ ਤੇ ਭੈਣ ਨੂੰ ਇਸ ਸੱਚ ਦੇ ਰੂਬਰੂ ਕਰਦਾ ਹੈ ਕਿ ਸਭ ਇਨਸਾਨ ਬਰਾਬਰ ਹਨ। ISBN 81-237-2158-7

**53. ਇਕ ਹੀ ਧਾਰਾ** : ਬਟਰੋਹੀ

*ਅਨੁਵਾਦ : ਗੁਰਭਜਨ ਗਿੱਲ* *ਸਫ਼ੇ : 24 ਕੀਮਤ : 10.00*

ਪਿੰਡ ਦੀ ਹਰ ਜਾਤੀ ਅਤੇ ਧਰਮ ਦੇ ਲੋਕਾਂ ਨੂੰ ਸ਼ੋਸ਼ਣ ਦੇ ਵਿਰੁੱਧ ਉਠ ਕੇ ਕਾਰਵਾਈ ਕਰਨ ਦੀ ਪ੍ਰੇਰਨਾ ਦੇਣ ਵਾਲੀ ਕਹਾਣੀ ਹੈ। ISBN 81-237-2045-9

**54. ਸੰਝ-ਸਵੇਰ (ਏਡਜ਼ ਬਾਰੇ ਜਾਣਕਾਰੀ)** : ਮੀਨਾਕਸ਼ੀ ਸੁਆਮੀ

*ਅਨੁਵਾਦ : ਨਛੱਤਰ* *ਸਫ਼ੇ : 24 ਕੀਮਤ : 7.00*

ਜਾਨਲੇਵਾ ਬਿਮਾਰੀ 'ਏਡਜ਼' ਦੇ ਕਾਰਣਾਂ ਅਤੇ ਉਸ ਤੋਂ ਬਚਣ ਦੇ ਉਪਾਵਾਂ 'ਤੇ ਚਾਨਣਾ ਪਾਉਣ ਵਾਲੀ ਦਿਲਚਸਪ ਕਹਾਣੀ ਇਸ ਕਿਤਾਬਚੇ ਵਿਚ ਅੰਕਿਤ ਹੈ। ISBN 81-237-2046-7

**55. ਤੁਰੰਤ ਇਲਾਜ** : ਡਾ. ਯਤੀਸ਼ ਅਗਰਵਾਲ

*ਅਨੁਵਾਦ : ਡਾ. ਅਮਰਜੀਤ ਕੌਂਕੇ* *ਸਫ਼ੇ : 42 ਕੀਮਤ : 9.00*

ਛੋਟੀ, ਵੱਡੀ ਜਾਂ ਗੁੱਝੀ ਸੱਟ ਲੱਗਣ ਤੇ, ਹੱਡੀ ਟੁੱਟਣ ਤੇ, ਸੜਨ ਤੇ, ਬਿਜਲੀ ਦਾ ਕਰੰਟ ਲੱਗਣ ਤੇ, ਲੂ ਲੱਗਣ ਤੇ, ਨੱਕ 'ਚੋਂ ਖ਼ੂਨ ਵਗਣ ਤੇ, ਗਲੇ ਵਿਚ ਕੋਈ ਚੀਜ਼ ਫਸਣ 'ਤੇ ਅਤੇ ਅੱਖ 'ਚ ਕੋਈ ਚੀਜ਼ ਪੈਣ ਤੇ ਤੁਸੀਂ ਤੁਰੰਤ ਇਲਾਜ ਕਿਵੇਂ ਕਰੋਗੇ, ਇਸ ਦੀ ਭਰਪੂਰ ਜਾਣਕਾਰੀ ਇਸ ਪੁਸਤਕ ਵਿਚ ਦਿੱਤੀ ਗਈ ਹੈ। ISBN 81-237-2287-7

**56. ਇਸ ਜਵਾਬਦੇਹੀ ਕਿਸ ਦੀ** : ਬਾਲਕ੍ਰਿਸ਼ਨ ਬੋਕੀਲ

*ਅਨੁਵਾਦ : ਡਾ. ਹਰਨੇਕ ਸਿੰਘ ਕਲੇਰ* *ਸਫ਼ੇ : 32 ਕੀਮਤ : 8.50*

ਵਿਆਹ ਦੇ ਬਾਅਦ ਆਪਣੇ ਪਿੰਡ ਵਾਪਸ ਆ ਕੇ ਇਕ ਲੜਕੀ ਵਿਭਿੰਨ ਪਰਿਵਾਰਾਂ ਦੇ ਬਜ਼ੁਰਗਾਂ ਦੀ ਇਕ ਬੈਠਕ ਬੁਲਾਉਂਦੀ ਹੈ ਅਤੇ ਉਨ੍ਹਾਂ ਨੂੰ ਇਸ ਗੱਲ ਲਈ ਦੋਸ਼ੀ ਮੰਨਦੀ ਹੈ ਕਿ ਉਨ੍ਹਾਂ ਨੇ ਉਸ ਨੂੰ ਅਨਪੜ੍ਹ ਰਖਿਆ। ਤਦ ਸਾਰੇ ਭੁੱਲ ਸਵੀਕਾਰ ਕਰਕੇ ਤਬਦੀਲੀ

ਲਿਆਉਣ ਦਾ ਫ਼ੈਸਲਾ ਕਰਦੇ ਹਨ । ISBN 81-237-2232-X

**57. ਅਕਬਰ** (ਮੂਲ ਪੰਜਾਬੀ) : ਲਾਰੰਸ ਬਿਨੀਅਨ

ਰੂਪਾਂਤਰਕਾਰ : *ਬਲਰਾਮ ਦੱਤ ਸ਼ਰਮਾ* *ਸਫ਼ੇ : 32 ਕੀਮਤ : 11.00*

ਇਸ ਪੁਸਤਕ ਵਿਚ ਪ੍ਰਸਿੱਧ ਮੁਗ਼ਲ ਬਾਦਸ਼ਾਹ ਅਕਬਰ ਦੀ ਜੀਵਨ-ਕਹਾਣੀ ਦਿੱਤੀ ਗਈ ਹੈ । ਲੇਖਕ ਨੇ ਇਸ ਪੁਸਤਕ ਨੂੰ ਸੱਤ ਅਧਿਆਵਾਂ—ਜਨਮ ਅਤੇ ਬਚਪਨ, ਬਾਦਸ਼ਾਹ ਬਣਨਾ, ਬੈਰਮ ਖਾਂ, ਧਰਮਾਂ ਦਾ ਆਦਰ, ਫ਼ਕੀਰ ਦਾ ਵਰ, ਫ਼ਤਹਿਪੁਰ ਸੀਕਰੀ ਅਤੇ ਅੰਤ ਸਮਾਂ ਅਧੀਨ ਰੱਖ ਕੇ ਵਿਚਾਰਿਆ ਹੈ । ISBN 81-237-2231-1

**58. ਔਰਤ ਜਾਤ** : ਐਸ. ਸਾਕੀ

ਮੂਲ ਪੰਜਾਬੀ *ਸਫ਼ੇ : 24 ਕੀਮਤ : 7.00*

ਪੁਰਾਣੇ ਮੁਹਾਂਦਰੇ ਵਾਲੀ ਇਹ ਕਹਾਣੀ ਮੁੱਢ ਕਦੀਮੀ ਇਸਤ੍ਰੀ ਦੇ ਚਰਿੱਤਰ ਨਾਲ ਸਾਡੀ ਮੁੜ ਮੁਲਾਕਾਤ ਕਰਾਉਂਦੀ ਹੈ । ਅਸੀਂ ਇਸਤ੍ਰੀ ਨੂੰ ਸਮਾਜਿਕ ਰਿਸ਼ਤਿਆਂ ਨਾਲ ਸੰਬੰਧਿਤ ਕਰਕੇ, ਵਿਚਾਰਨ, ਮਹਿਸੂਸਣ, ਲਿਖਣ ਅਤੇ ਪੜ੍ਹਨ ਦੇ ਇਸ ਹੱਦ ਤਕ ਆਦੀ ਹੋ ਗਏ ਹਾਂ ਕਿ ਨਿਰੋਲ ਇਸਤ੍ਰੀਤਵ ਨਾਲ ਸਾਡੀ ਵਾਕਫ਼ੀਅਤ ਮੱਧਮ ਪੈਂਦੀ ਜਾ ਰਹੀ ਹੈ ।

ISBN 81-237-2793-3

**59. ਧਰਤੀ ਹੇਠਲਾ ਬੌਲਦ** : ਕੁਲਵੰਤ ਸਿੰਘ ਵਿਰਕ

ਮੂਲ ਪੰਜਾਬੀ *ਸਫ਼ੇ : 16 ਕੀਮਤ : 6.00*

ਇਸ ਪੁਸਤਕ ਵਿਚਲੀ ਕਹਾਣੀ ਸਾਡੀ ਜਾਣ-ਪਛਾਣ ਦੋ ਫ਼ੌਜੀ ਦੋਸਤਾਂ ਮਾਨ ਸਿੰਘ ਤੇ ਕਰਮ ਸਿੰਘ ਨਾਲ ਕਰਾਉਂਦੀ ਹੈ ਜਿਨ੍ਹਾਂ ਦੀ ਜ਼ਿੰਦਗੀ ਦਾ ਮੁੱਖ ਮੰਤਵ ਦੇਸ਼ ਦੀ ਸੇਵਾ ਕਰਨਾ ਹੈ । ਇਹ ਪੁਸਤਕ ਚਿੱਤਰਾਂ ਦੀ ਮਦਦ ਨਾਲ ਰੌਚਿਕਤਾ ਪੈਦਾ ਕਰਦੀ ਹੈ ।

ISBN 81-237-2792-5

**60. ਇੰਜ ਹੋਈ ਸਿਆਣੀ ਲਾਲੀ** : ਦਿਨੇਸ਼ ਪੁਰੋਹਿਤ

ਅਨੁਵਾਦ : *ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 40 ਕੀਮਤ : 13.00*

ਇਸ ਪੁਸਤਕ ਵਿਚ ਦੋ ਕਹਾਣੀਆਂ 'ਇੰਜ ਹੋਈ ਸਿਆਣੀ ਲਾਲੀ' ਅਤੇ 'ਭੀੜ ਵਿਚ ਇਕੱਲਾ' ਵੰਨਗੀ ਵਜੋਂ ਪੇਸ਼ ਕੀਤੀਆਂ ਗਈਆਂ ਹਨ । ਇਹ ਸਮੱਸਿਆਵਾਂ ਪ੍ਰਧਾਨ ਕਹਾਣੀਆਂ ਹਨ । ਇਹ ਪੁਸਤਕ ਸੁਚੇਤ ਸਾਹਿਤ ਦਾ ਪ੍ਰਮੁੱਖ ਰੂਪ ਹੈ । ਸਾਹਿਤ ਨੂੰ ਸਮਾਜਿਕ ਤਬਦੀਲੀ ਲਈ ਇਕ ਯੰਤਰ ਵਜੋਂ ਵਰਤਣ ਦਾ ਉਪਰਾਲਾ ਹੈ ।

ISBN 81-237-2547-7

**61. ਪਿੱਠ ਦਾ ਦਰਦ** : ਡਾ. ਜਿਤੇਂਦਰ ਮਾਹੇਸ਼ਵਰੀ

ਅਨੁਵਾਦ : *ਮਨਮੋਹਨ ਸਿੰਘ ਦਾਊਂ* *ਸਫ਼ੇ : 28 ਕੀਮਤ : 8.00*

ਇਸ ਪੁਸਤਕ ਵਿਚ ਡਾ: ਜਿਤੇਂਦਰ ਮਾਹੇਸ਼ਵਰੀ ਨੇ ਪਿੱਠ ਦੇ ਦਰਦ ਦੀ ਅਲਾਮਤ ਨੂੰ ਹਰ

ਜ਼ਾਵੀਏ ਤੋਂ ਵੇਖਿਆ-ਘੋਖਿਆ ਅਤੇ ਸਪੱਸ਼ਟ ਕੀਤਾ ਹੈ । ਲੇਖਕ ਨੇ ਬੜੇ ਸਰਲ ਸ਼ਬਦਾਂ ਵਿਚ ਸਪੱਸ਼ਟ ਕੀਤਾ ਹੈ ਕਿ ਪਿੱਠ ਦਾ ਦਰਦ ਕਿਸ ਤਰ੍ਹਾਂ ਦਾ ਹੁੰਦਾ ਹੈ ਤੇ ਕਿਹੜੇ ਕਾਰਣਾਂ ਕਰਕੇ ਹੁੰਦਾ ਹੈ । ਪਿੱਠ ਦੇ ਦਰਦ ਦੇ ਬਚਾਅ ਲਈ ਕੁਝ ਸਾਵਧਾਨੀਆਂ ਵਰਤਣ ਲਈ ਕਿਹਾ ਹੈ ਅਤੇ ਕੁਝ ਸਾਧਾਰਣ ਕਸਰਤਾਂ ਵੀ ਦਿੱਤੀਆਂ ਹਨ ।

ISBN 81-237-2549-3

**62. ਪੰਚਤੰਤਰ ਵਿਚੋਂ ਦੋ ਕਹਾਣੀਆਂ** : ਵਿਨੀਤਾ ਅਗਰਵਾਲ

ਅਨੁਵਾਦ : *ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 16 ਕੀਮਤ : 6.00*

ਇਸ ਪੁਸਤਕ ਵਿਚ ਦੋ ਕਹਾਣੀਆਂ ਹਨ । 'ਗੰਗਦੱਤ ਨੂੰ ਅਕਲ ਆਈ, ਪਰ ਦੇਰ ਨਾਲ' ਅਤੇ 'ਨਿਉਲ ਨੇ ਲਾਜ ਰੱਖੀ' । ਇਹ ਦੋਵੇਂ ਕਹਾਣੀਆਂ ਜਾਨਵਰਾਂ ਦੀਆਂ ਕਾਰਗੁਜ਼ਾਰੀਆਂ ਰਾਹੀਂ ਮਨੁੱਖ ਨੂੰ ਉਪਦੇਸ਼ ਤੇ ਸਿੱਖਿਆ ਦਿੰਦੀਆਂ ਹਨ ।

ISBN 81-237-2843-3

**63. ਪੰਚਤੰਤਰ ਵਿਚੋਂ ਤਿੰਨ ਕਹਾਣੀਆਂ** : ਵਿਨੀਤਾ ਅਗਰਵਾਲ

ਅਨੁਵਾਦ : *ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 20 ਕੀਮਤ : 7.00*

ਇਸ ਪੁਸਤਕ ਵਿਚ ਪੰਚਤੰਤਰ ਦੀਆਂ ਤਿੰਨ ਕਹਾਣੀਆਂ ਸ਼ਾਮਲ ਹਨ । 'ਰੰਗਿਆ ਹੋਇਆ ਗਿੱਦੜ', 'ਵਿਚਾਰਾ ਊਠ' ਅਤੇ 'ਲਾਲਚ ਦਾ ਚੱਕਾ' । ਇਨ੍ਹਾਂ ਤਿੰਨਾਂ ਕਹਾਣੀਆਂ ਨੂੰ ਦ੍ਰਿਸ਼ਟਾਂਤ ਰੂਪ ਵਿਚ ਚਿੱਤਰਿਆ ਗਿਆ ਹੈ । ਇਹ ਕਹਾਣੀਆਂ ਬੱਚਿਆਂ ਲਈ ਉਪਦੇਸ਼ ਦੇਣ ਵਾਲੀਆਂ ਨੀਤੀ-ਕਥਾਵਾਂ ਹਨ । ISBN 978-81-237-2844-5

**64. ਇਕ ਸੀ ਲਤਾ** : ਗਾਰਗੀ ਚੱਕਰਵਰਤੀ

ਅਨੁਵਾਦ : *ਡਾ. ਰਵੇਲ ਸਿੰਘ* *ਸਫ਼ੇ : 36 ਕੀਮਤ : 12.00*

ਪੜ੍ਹ-ਲਿਖ ਕੇ ਹੀ ਮਨੁੱਖ ਆਪਣੇ ਆਲੇ-ਦੁਆਲੇ, ਆਪਣੇ ਸਮਾਜ ਅਤੇ ਰਾਸ਼ਟਰ ਬਾਰੇ ਨਿੱਗਰ ਰੂਪ ਵਿਚ ਸੋਚਦਾ ਹੈ ਤੇ ਹਾਲਾਤਾਂ ਨਾਲ ਨਜਿੱਠਣ ਦੀ ਸੋਧ ਪ੍ਰਾਪਤ ਕਰਦਾ ਹੈ । ਇਹ ਪੁਸਤਕ ਵੀ ਇਸੇ ਸੰਕਲਪ ਨੂੰ ਮੂਰਤੀਮਾਨ ਕਰਦੀ ਹੈ ।

ISBN 81-237-2794-1

**65. ਨੀਲੀ ਝੀਲ** : ਕਮਲੇਸ਼ਵਰ

ਅਨੁਵਾਦ : *ਬਲਬੀਰ ਮਾਧੋਪੁਰੀ* *ਸਫ਼ੇ : 24 ਕੀਮਤ : 7.00*

ਪ੍ਰਕ੍ਰਿਤੀ ਪ੍ਰੇਮ ਨੂੰ ਦਰਸਾਉਂਦੀ ਇਕ ਭਾਵਨਾਤਮਕ ਕਹਾਣੀ ਇਸ ਪੁਸਤਕ ਵਿਚ ਅੰਕਿਤ ਹੈ । ਇਸ ਪੁਸਤਕ ਦੀ ਕਹਾਣੀ ਮਹੇਸ਼ ਵਰਗੇ ਨਾਇਕ ਦੇ ਪੰਛੀਆਂ ਨਾਲ ਪਿਆਰ ਦੀ ਭਾਵਨਾ ਦਾ ਪ੍ਰਤੀਕ ਹੈ । ISBN 81-237-2975-8

**66. ਸਿਰਕੱਪ ਬੋਹੜ** : ਸੁਰੇਸ਼ ਸਲਿਲ

ਅਨੁਵਾਦ : *ਡਾ. ਰਮਾ ਰਤਨ* *ਸਫ਼ੇ : 16 ਕੀਮਤ : 8.00*

1857 ਦੀ ਲੜਾਈ ਵਿਚ ਸ਼ਹੀਦ ਹੋਏ ਚੌਧਰੀ ਕਸਤੂਰੀ ਲਾਲ ਦੀ ਬਹਾਦਰੀ ਨਾਲ

ਭਰਪੂਰ ਕਹਾਣੀ ਨੂੰ ਲੇਖਕ ਨੇ ਬਹੁਤ ਹੀ ਦਿਲਚਸਪ ਸ਼ੈਲੀ ਵਿਚ ਪੇਸ਼ ਕੀਤਾ ਹੈ ।

ISBN 81-237-2514-0

**67. ਲੱਖਮੀ** : ਧੂਮਕੇਤੂ

*ਅਨੁਵਾਦ : ਨਛੱਤਰ* *ਸਫ਼ੇ : 24 ਕੀਮਤ : 7.00*

ਗ੍ਰਿਹਸਥੀ ਵਿਚ ਬੱਚਤ ਦੇ ਮਹੱਤਵ ਨੂੰ ਇਸ ਪੁਸਤਕ ਵਿਚ ਦਰਸਾਇਆ ਗਿਆ ਹੈ ।

ISBN 81-237-2640-6

**68. ਧਨੀਰਾਮ ਦੀ ਬੱਘੀ** : ਜੋਗੇਸ਼ ਦਾਸ

*ਅਨੁਵਾਦ : ਡਾ. ਦਰਸ਼ਨ ਸਿੰਘ ਆਸ਼ਟ* *ਸਫ਼ੇ : 16 ਕੀਮਤ : 6.00*

ਨੌਕਰਾਣੀ ਨਾਲ ਨਾਜਾਇਜ਼ ਸੰਬੰਧ ਬਣਾਉਣ ਤੋਂ ਸ਼ਾਹੂਕਾਰ ਆਪਣੇ ਪੁੱਤਰ ਨੂੰ ਬਚਾਉਂਦਾ ਹੈ । ਇਸ ਦੁਖਦ ਘਟਨਾ ਤੋਂ ਪੈਦਾ ਹੋਈ ਮਾਰਮਿਕ ਕਹਾਣੀ ਪੁਸਤਕ ਵਿਚ ਅੰਕਿਤ ਹੈ ।

ISBN 81-237-2513-2

**69. ਪਿਆਰ ਦੀ ਮਹਿਕ** : ਸ਼ਮਸੁਲ ਹੱਕ ਉਸਮਾਨੀ

*ਅਨੁਵਾਦ : ਪਿਆਰਾ ਸਿੰਘ ਐਮ.ਏ.* *ਸਫ਼ੇ : 32 ਕੀਮਤ : 11.00*

ਮੂਲ ਉਰਦੂ ਭਾਸ਼ਾ ਤੋਂ ਪੰਜਾਬੀ ਵਿਚ ਅਨੁਵਾਦਿਤ 'ਪਿਆਰ ਦੀ ਮਹਿਕ' ਨਾਂ ਦੀ ਇਹ ਪੁਸਤਕ ਰਿਸ਼ਤਿਆਂ ਨੂੰ ਸਮਝਣ ਦਾ ਮਹੱਤਵ ਦਰਸਾਉਂਦੀ ਹੈ ।

ISBN 81-237-3372-0

**70. ਏਕਤਾ ਦਾ ਪੁਲ** : ਮੁਹੰਮਦ ਅਲੀਮ

*ਅਨੁਵਾਦ : ਬਚਿੰਤ ਕੌਰ* *ਸਫ਼ੇ : 16 ਕੀਮਤ : 7.00*

ਪਿੰਡ ਦੀ ਹਰ ਜਾਤ ਅਤੇ ਧਰਮ ਦੇ ਲੋਕਾਂ ਨੂੰ ਸ਼ੋਸ਼ਣ ਦੇ ਵਿਰੁੱਧ ਉਠ ਕੇ ਕਾਰਵਾਈ ਕਰਨ ਦੀ ਪ੍ਰੇਰਨਾ ਦੇਣ ਵਾਲੀ ਕਹਾਣੀ ਇਸ ਪੁਸਤਕ ਵਿਚ ਅੰਕਿਤ ਹੈ ।

ISBN 81-237-3378-X

**71. ਚਲੋ, ਘਰ ਪਰਤ ਚਲੋ** : ਮੀਨਾਕਸ਼ੀ ਸਵਾਮੀ

*ਅਨੁਵਾਦ : ਮੇਜਰ ਪਿਆਰਾ ਸਿੰਘ* *ਸਫ਼ੇ : 12 ਕੀਮਤ : 6.00*

ਸੰਤਾਨ ਨਾ ਹੋਣ ਲਈ ਪੁਰਸ਼ ਅਤੇ ਇਸਤਰੀ ਦੋਵੇਂ ਜਵਾਬਦੇਹ ਹਨ । ਇਸ ਪੁਸਤਕ ਵਿਚ ਸਿਰਫ਼ ਔਰਤਾਂ ਨੂੰ ਦੋਸ਼ੀ ਠਹਿਰਾਉਣ ਨੂੰ ਅਨੁਚਿਤ ਦਰਸਾਇਆ ਗਿਆ ਹੈ ।

ISBN 81-237-3371-2

**72. ਅਜਿਹਾ ਕਿਉਂ ?** : ਬਾਲਕ੍ਰਿਸ਼ਨ ਬੋਕੀਲ

*ਅਨੁਵਾਦ : ਜਗਜੀਤ ਸਿੰਘ ਬਿੰਦਰਾ* *ਸਫ਼ੇ : 24 ਕੀਮਤ : 8.00*

ਇਹ ਪੁਸਤਕ ਮੁੰਡੇ-ਕੁੜੀਆਂ ਵਿਚ ਭੇਦ ਕਰਨ ਦੀ ਸਮਾਜਿਕ ਕੁਪ੍ਰਥਾ ਤੇ ਚੋਟ ਕਰਦੀਆਂ ਦਸ ਕਵਿਤਾਵਾਂ ਦਾ ਸੰਗ੍ਰਹਿ ਹੈ । ISBN 81-237-3058-5

**73. ਖਿਮਾਦਾਨ** : ਪ੍ਰਵਾਸੀ ਵਿਨਯ ਕ੍ਰਿਸ਼ਨ

ਅਨੁਵਾਦ : *ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 12 ਕੀਮਤ : 6.00*

ਇਕ ਨੌਜਵਾਨ ਰਮਜਾਨ ਦੇ ਪੁੱਤਰ ਦੀ ਹੱਤਿਆ ਕਰ ਦਿੰਦਾ ਹੈ ਅਤੇ ਫਿਰ ਉਸ ਦੇ ਘਰ ਹੀ ਪਨਾਹ ਮੰਗਦਾ ਹੈ । ਆਪਣੇ ਘਰ ਵਿਚ ਪਨਾਹ ਲੈਣ ਵਾਲੇ ਅਪਰਾਧੀ ਦੇ ਬਾਰੇ ਰਮਜਾਨ ਨੂੰ ਬਾਅਦ ਵਿਚ ਪਤਾ ਲੱਗਣ 'ਤੇ ਵੀ ਉਹ ਉਸ ਨੂੰ ਖਿਮਾਦਾਨ ਦਿੰਦਾ ਹੈ ।

ISBN 81-237-2845-X

**74. ਜ਼ਮਾਨਾ ਬਦਲ ਗਿਆ** : ਡਾ. ਦੇਵ ਸ਼ੰਕਰ ਨਵੀਨ

ਅਨੁਵਾਦ : *ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 12 ਕੀਮਤ : 7.00*

ਇਹ ਪੁਸਤਕ ਨਵਸਾਖ਼ਰਾਂ ਨੂੰ ਵਹਿਮਾਂ-ਭਰਮਾਂ, ਅੰਧ-ਵਿਸ਼ਵਸਾਂ ਤੋਂ ਦੂਰ ਰਹਿਣ ਦੀ ਪ੍ਰੇਰਨਾ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਅਪਨਾਉਣ ਦੀ ਸਿੱਖਿਆ ਦਿੰਦੀ ਹੈ । ਅਨਪੜ੍ਹਤਾ ਅਤੇ ਅਗਿਆਨਤਾ ਕਾਰਣ ਗ਼ਲਤ ਪਰੰਪਰਾਵਾਂ ਵਿਚ ਫਸੇ ਲੋਕਾਂ ਨੂੰ ਜਾਗਰਿਤ ਕਰਨ ਲਈ ਇਸ ਪੁਸਤਕ ਦੀ ਅਹਿਮ ਭੂਮਿਕਾ ਹੈ । ISBN 81-237-3416-6

**75. ਮੁਲਾਣਾ ਪਿੰਡ ਦਾ ਬਖਸ਼** : ਵਿਅੰਕਟੇਸ਼ ਮਾਡਗੁਲਕਰ

ਅਨੁਵਾਦ : *ਡਾ. ਸਤਪਾਲ ਕੌਰ* *ਸਫ਼ੇ : 18 ਕੀਮਤ : 6.00*

ਇਸ ਪੁਸਤਕ ਵਿਚ ਲੇਖਕ ਨੇ ਮਾਸੂਮ ਭਾਵਨਾਵਾਂ ਰੱਖਣ ਵਾਲੇ ਇਨਸਾਨ ਅੱਲ੍ਹਾ ਬਖ਼ਸ਼ ਦੇ ਵਿਵਹਾਰ ਨੂੰ ਚਿਤਰਿਆ ਹੈ । ਅੱਲ੍ਹਾ ਬਖ਼ਸ਼ ਬਹੁਤ ਨਿਰਛਲ, ਸਾਦਗੀ ਨਾਲ ਭਰਪੂਰ ਅਤੇ ਸਿੱਧਾ-ਸਾਦਾ ਵਿਅਕਤੀ ਹੈ । ਕਹਾਣੀ ਦਾ ਅੰਤ ਦੁਖਾਂਤ ਭਰਪੂਰ ਹੈ ।

ISBN 81-237-3425-5

**76. ਬਲਰਾਜ ਸਾਹਨੀ** (ਮੂਲ ਪੰਜਾਬੀ) : ਭੀਸ਼ਮ ਸਾਹਨੀ

ਰੂਪਾਂਤਰਕਾਰ : *ਸਤਵੰਤ ਕੌਰ* *ਸਫ਼ੇ : 24 ਕੀਮਤ : 9.00*

ਇਸ ਪੁਸਤਕ ਵਿਚ ਲੇਖਿਕਾ ਨੇ ਉੱਘੇ ਫ਼ਿਲਮੀ ਅਦਾਕਾਰ ਬਲਰਾਜ ਸਾਹਨੀ ਦੇ ਬਚਪਨ, ਕਾਲਜ ਲਾਹੌਰ, ਘਰ ਵਾਪਸੀ, ਲਾਹੌਰ, ਸ਼ਾਂਤੀ ਨਿਕੇਤਨ, ਸੇਵਾ ਗ੍ਰਾਮ, ਇੰਗਲੈਂਡ, ਦੇਸ਼-ਵਾਪਸੀ, ਬੰਬਈ, ਫ਼ਿਲਮੀ ਦੁਨੀਆਂ, ਪੰਜਾਬੀ ਨਾਲ ਪਿਆਰ ਅਤੇ ਅੰਤ ਸਮਾਂ, ਨੂੰ ਬੜੇ ਹੀ ਦਿਲਚਸਪ ਢੰਗ ਨਾਲ ਸੰਖੇਪ ਰੂਪ ਵਿਚ ਪੇਸ਼ ਕੀਤਾ ਹੈ ।

ISBN 81-237-3617-7

**77. ਸਾਧਾਰਣ ਰੋਗ** : ਡਾ. ਸੁਰੇਸ਼ ਨਾਡਕਰਣੀ

ਅਨੁਵਾਦ : *ਡਾ. ਉਪਿੰਦਰ ਸਿੰਘ ਘਈ* *ਸਫ਼ੇ : 32 ਕੀਮਤ : 13.00*

ਇਸ ਪੁਸਤਕ ਵਿਚ ਆਮ ਤੌਰ 'ਤੇ ਆਉਣ ਵਾਲੇ ਸਾਧਾਰਣ ਰੋਗਾਂ ਜਿਵੇਂ : ਬੁਖ਼ਾਰ, ਸਿਰ ਦੁਖਣਾ, ਦਸਤ ਲੱਗਣਾ, ਢਿੱਡ ਦਰਦ, ਜੋੜਾਂ ਦਾ ਦਰਦ, ਖਾਂਸੀ, ਦੌਰੇ ਪੈਣੇ (ਮਿਰਗੀ), ਸਿਰ ਚਕਰਾਉਣਾ ਤੇ ਉਲਟੀਆਂ ਆਉਣਾ ਆਦਿ ਬਾਰੇ ਜਾਣਕਾਰੀ ਦਿੱਤੀ ਗਈ ਹੈ ।

ISBN 81-237-3529-4

**78. ਕੰਨਾਂ ਦੀ ਸੰਭਾਲ** : ਸ਼੍ਰੀਨਿਵਾਸ ਜੋਸ਼ੀ

ਅਨੁਵਾਦ : *ਡਾ. ਗੁਰਪ੍ਰੀਤ ਇੰਦਰ ਸਿੰਘ* *ਸਫ਼ੇ : 12 ਕੀਮਤ : 6.00*

ਇਸ ਪੁਸਤਕ ਵਿਚ ਕੰਨਾਂ ਦੀ ਸੰਭਾਲ ਬਾਰੇ ਵਿਸਤਾਰ ਸਹਿਤ ਜਾਣਕਾਰੀ ਦਿੱਤੀ ਗਈ ਹੈ। ਪੁਸਤਕ ਹਰ ਉਮਰ ਦੇ ਵਿਅਕਤੀ ਲਈ ਲਾਹੇਵੰਦ ਹੈ।

ISBN 81-237-3957-5

**79. ਇੱਕ ਔਰਤ ਇੱਕ ਜ਼ਿੰਦਗੀ** : ਰਾਮਦਰਸ਼ ਮਿਸ਼ਰ

ਅਨੁਵਾਦ : *ਅਨੂ ਤਲਵਾਰ* *ਸਫ਼ੇ : 20 ਕੀਮਤ : 8.00*

ਇਕੱਲੀ ਔਰਤ ਪਤੀ ਦੀ ਮੌਤ ਦੇ ਬਾਅਦ ਸਮਾਜ ਨਾਲ ਸੰਘਰਸ਼ ਕਰਦੀ ਹੋਈ ਆਪਣਾ ਸਥਾਨ ਬਣਾਉਂਦੀ ਹੈ। ਹਿੰਦੀ ਦੇ ਪ੍ਰਸਿੱਧ ਰਚਨਾਕਾਰ ਦੀ ਇਕ ਉੱਤਮ ਕਹਾਣੀ ਹੈ।

ISBN 81-237-4169-3

**80. ਜੈਸੀ ਕਰਨੀ ਵੈਸੀ ਭਰਨੀ** (ਲੋਕ ਕਥਾ) : ਵੀਰੇਂਦਰ ਤੰਵਰ

ਅਨੁਵਾਦ : *ਹਰਵਿੰਦਰ ਕੌਰ ਗਾਂਧੀ* *ਸਫ਼ੇ : 12 ਕੀਮਤ : 7.00*

ਲਾਲਚ ਦੀ ਪ੍ਰਵਿਰਤੀ ਤੋਂ ਬਚਣ ਲਈ ਸਿੱਖਿਆ ਦਿੰਦੀ ਲੋਕ-ਕਥਾ ਹੈ। ਕਹਾਣੀ ਰੌਚਕ ਤੇ ਚਿੱਤਰ ਮਨਮੋਹਕ ਹਨ। ਇਹ ਸਾਰੀ ਕਹਾਣੀ ਇਕ ਬੁੱਢੀ ਔਰਤ ਅਤੇ ਉਸ ਦੀਆਂ ਦੋ ਨੂੰਹਾਂ ਦੇ ਦੁਆਲੇ ਘੁੰਮਦੀ ਹੈ। ISBN 81-237-4044-1

**81. ਯਾਰ ਦੀ ਚਿੱਠੀ** : ਮਧੁਕਰ ਸਿੰਘ

ਅਨੁਵਾਦ : *ਮਨਿੰਦਰ ਸਿੰਘ ਕਾਂਗ* *ਸਫ਼ੇ : 44 ਕੀਮਤ : 11.00*

ਇਸ ਪੁਸਤਕ ਵਿਚ ਮੋਹਣਪੁਰ ਪਿੰਡ ਵਿਚ ਰਹਿੰਦੇ ਸਕੂਲ ਪੜ੍ਹਦੇ ਮੁੰਡਿਆਂ ਦੀ ਕਹਾਣੀ ਹੈ। ਅਮੀਰ-ਗ਼ਰੀਬ ਦੇ ਸੰਬੰਧਾਂ 'ਤੇ ਕੇਂਦ੍ਰਿਤ ਮਿੱਤਰਾਂ ਲਈ ਸਮਰਪਿਤ ਪਿਆਰ ਭਾਵਨਾ ਅਤੇ ਏਕਤਾ ਦਾ ਸੰਦੇਸ਼ ਦਿੰਦੀ ਇਕ ਦਿਲਚਸਪ ਰਚਨਾ ਹੈ।

ISBN 81-237-4045-X

**82. ਲਾਲਾ ਪਟੇਲ ਦੀ ਲਾਇਬ੍ਰੇਰੀ** : ਰਮਨ ਲਾਲ ਵ. ਦੇਸਾਈ

ਅਨੁਵਾਦ : *ਸ਼ਾਹ ਚਮਨ* *ਸਫ਼ੇ : 28 ਕੀਮਤ : 9.00*

ਸਾਖਰਤਾ ਮੁਹਿੰਮ ਦੀ ਸਾਰਥਕਤਾ ਲਈ ਪਿੰਡਾਂ ਵਿਚ ਲਾਇਬ੍ਰੇਰੀਆਂ ਦੀ ਬਹੁਤ ਲੋੜ ਹੈ। ਇਕ ਅਨਪੜ੍ਹ ਪੇਂਡੂ ਲਾਲਾ ਪਟੇਲ ਨੇ ਆਪਣੇ ਪਿੰਡ ਦੇ ਲੋਕਾਂ ਵਿਚ ਪੁਸਤਕਾਂ ਦੀ ਲਲਕ ਕਿਵੇਂ ਜਗਾਈ ? ਇਹ ਇਸ ਕਹਾਣੀ ਵਿਚ ਪੇਸ਼ ਕੀਤਾ ਗਿਆ ਹੈ।

ISBN 81-237-4051-4

**83. ਬਹਾਦਰ ਬੱਚੇ** : ਰਾਜੇਂਦ੍ਰ ਅਵਸਥੀ

ਅਨੁਵਾਦ : *ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 28 ਕੀਮਤ : 11.00*

ਇਹ ਪੁਸਤਕ ਪ੍ਰਾਚੀਨ ਭਾਰਤੀ ਇਤਿਹਾਸ-ਮਿਥਿਹਾਸ ਨਾਲ ਸੰਬੰਧਿਤ ਵੱਖ-ਵੱਖ ਬਾਲਕਾਂ ਦੇ ਚਰਿੱਤਰਾਂ ਨੂੰ ਉਘਾੜਦੀ ਹੈ। ਇਸ ਪੁਸਤਕ ਵਿਚਲੇ ਸਾਰੇ ਬਾਲ-ਨਾਇਕ ਮਾਨਵਵਾਦੀ,

ਪਰਉਪਕਾਰੀ ਅਤੇ ਬਹਾਦਰੀ ਭਰਪੂਰ ਕਾਰਨਾਮਿਆਂ ਸਦਕਾ ਨਾ ਕੇਵਲ ਆਪਣੇ ਆਪ ਨੂੰ ਇਤਿਹਾਸ ਵਿਚ ਅਮਰ ਕਰਦੇ ਹਨ, ਸਗੋਂ ਪਾਠਕਾਂ ਅੰਦਰ ਸੁਚੱਜੀਆਂ ਅਤੇ ਨੈਤਿਕ ਕਦਰਾਂ-ਕੀਮਤਾਂ ਦਾ ਸੰਚਾਰ ਵੀ ਕਰਦੇ ਹਨ । ISBN 81-237-4024-7

**84. ਚੰਦਨ ਪਾਨੀ** : ਆਸ਼ਾ ਸ੍ਰੀਧਰ

*ਅਨੁਵਾਦ : ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 12 ਕੀਮਤ : 7.00*

ਇਹ ਪੁਸਤਕ ਗੁਰੂ ਰਵਿਦਾਸ ਜੀ ਦੀ ਸਮੁੱਚੀ ਸ਼ਖ਼ਸੀਅਤ ਅਤੇ ਉਨ੍ਹਾਂ ਦੀ ਮਾਨਵਵਾਦੀ ਵਿਚਾਰਧਾਰਾ ਉਪਰ ਕੇਂਦ੍ਰਿਤ ਹੈ । ਪੁਸਤਕ ਸੰਵਾਦ ਵਿਧੀ ਨਾਲ ਅੱਗੇ ਤੁਰਦੀ ਹੈ ਅਤੇ ਸੰਵਾਦ ਬੱਚਿਆਂ ਵਿਚ ਰੁਚੀ ਪੈਦਾ ਕਰਦਾ ਹੈ । ਨਿੱਕੇ-ਨਿੱਕੇ ਸੁਆਲ-ਜੁਆਬ ਇਸ ਪੁਸਤਕ ਦਾ ਖਾਸਾ ਹਨ । ISBN 81-237-4025-5

**85. ਕਰਾਮਾਤ** : ਕਰਤਾਰ ਸਿੰਘ ਦੁੱਗਲ

ਮੂਲ ਪੰਜਾਬੀ *ਸਫ਼ੇ : 16 ਕੀਮਤ : 7.00*

ਕਹਾਣੀ ਦਾ ਆਧਾਰ ਸਿੱਖ ਇਤਿਹਾਸ ਦੀਆਂ ਦੋ ਐਸੀਆਂ ਘਟਨਾਵਾਂ ਹਨ ਜੋ ਸਿੱਖ ਮਨਾਂ ਵਿਚ ਗੂੜ੍ਹੀਆਂ ਉੱਕਰੀਆਂ ਹੋਈਆਂ ਹਨ । ਪਹਿਲੀ ਹੈ ਗੁਰੂ ਨਾਨਕ ਦੇਵ ਜੀ ਵੱਲੋਂ ਪੰਜੇ ਨਾਲ ਪਹਾੜ ਨੂੰ ਰੋਕਣ ਵਾਲੀ ਅਤੇ ਦੂਸਰੀ ਹੈ ਪੰਜਾ ਸਾਹਿਬ ਰੇਲਵੇ ਸਟੇਸ਼ਨ ਉਤੇ ਸਿੱਖ ਸੰਗਤਾਂ ਵੱਲੋਂ ਆਪਣੀਆਂ ਜਾਨਾਂ ਵਾਰ ਕੇ ਰੇਲਗੱਡੀ ਨੂੰ ਰੋਕਣ ਵਾਲੀ ।

ISBN 81-237-4258-4

**86. ਬਘੇਲੋ ਸਾਧਣੀ** : ਰਾਮ ਸਰੂਪ ਅਣਖੀ

ਮੂਲ ਪੰਜਾਬੀ *ਸਫ਼ੇ : 18 ਕੀਮਤ : 7.00*

ਇਕ ਬਹਾਦਰ ਇਸਤਰੀ ਦੀ ਪ੍ਰੇਰਨਾ ਦੇਣ ਵਾਲੀ ਕਹਾਣੀ ਜੋ ਸਮਾਜਕ ਬੁਰਾਈਆਂ ਦਾ ਟਾਕਰਾ ਕਰਦੀ ਆਪਣੇ ਮਨ ਦੀ ਇੱਛਾ ਅਨੁਸਾਰ ਕਾਮਯਾਬੀ ਪ੍ਰਾਪਤ ਕਰਦੀ ਹੈ ।

ISBN 81-237-2521-3

**87. ਉਮੀਦ ਦੀ ਕਿਰਨ** :ਵਿਨੋਦ ਕੁਮਾਰ ਮਿਸ਼ਰ

ਅਨੁਵਾਦ : ਜਿੰਦਰ *ਸਫ਼ੇ : 20 ਕੀਮਤ : 10.00*

ਦਿਮਾਗੀ ਤੌਰ ਤੇ ਕਮਜ਼ੋਰ ਬੱਚਿਆਂ ਨੂੰ ਨਵੀਂ ਰੌਸ਼ਨੀ ਦੇਣ ਵਾਲੀ ਪ੍ਰੇਰਕ ਕਹਾਣੀ ਹੈ ।

ISBN 978-81-237-4979-2

**88. ਓਹਲਾ** : ਕੇ. ਐਲ. ਗਰਗ

*ਮੂਲ ਪੰਜਾਬੀ* *ਸਫ਼ੇ : 22 ਕੀਮਤ : 8.00*

ਬੱਚੇ ਆਪਣੇ ਮਾਤਾ-ਪਿਤਾ ਦਾ ਬੁਢਾਪੇ ਵਿਚ ਖ਼ਿਆਲ ਨਹੀਂ ਰੱਖਦੇ । ਬੱਚਿਆਂ ਦੀ ਹਰ ਖ਼ੁਸ਼ੀ ਪੂਰੀ ਕਰਨ ਲਈ ਮਾਤਾ-ਪਿਤਾ ਜੀਵਨ ਭਰ ਕੋਈ ਕਸਰ ਨਹੀਂ ਛੱਡਦੇ ਪਰ ਬੱਚੇ ਉਨ੍ਹਾਂ ਨੂੰ ਬੁਢਾਪੇ ਵਿਚ ਬੋਝ ਸਮਝਣ ਲੱਗ ਪੈਂਦੇ ਹਨ । ISBN 81-237-4334-3

**89. ਜ਼ਮੀਨ ਦਾ ਆਖ਼ਰੀ ਟੁਕੜਾ** : ਇਬਰਾਹੀਮ ਸ਼ਰੀਫ਼

*ਅਨੁਵਾਦ : ਹਰਵਿੰਦਰ ਕੌਰ ਗਾਂਧੀ* *ਸਫ਼ੇ : 32 ਕੀਮਤ : 10.00*

ਇਕ ਮੱਧਵਰਗੀ ਪਰਿਵਾਰ ਦੀ ਕਹਾਣੀ ਜਿਨ੍ਹਾਂ ਨੂੰ ਹਾਲਾਤ ਵੱਸ ਜ਼ਮੀਨ ਵੇਚਣ ਲਈ ਮਜਬੂਰ ਹੋਣਾ ਪੈਂਦਾ ਹੈ ਜੋ ਉਹ ਵੇਚਣਾ ਨਹੀਂ ਚਾਹੁੰਦੇ। ISBN 81-237-4410-2

**90. ਅੱਛਾ ਭੋਜਨ** : ਰੇਨੂ ਚੌਹਾਨ

*ਅਨੁਵਾਦ : ਤਰਸੇਮ* *ਸਫ਼ੇ : 18 ਕੀਮਤ : 7.00*

ਇਸ ਪੁਸਤਕ ਵਿਚ ਸੰਤੁਲਿਤ ਅਤੇ ਪੌਸ਼ਟਿਕ ਆਹਾਰ ਬਾਰੇ ਜਾਣਕਾਰੀ ਦਿੱਤੀ ਗਈ ਹੈ।

ISBN 81-237-0000-1

**91. ਟੋਭਾ ਟੇਕ ਸਿੰਘ** : ਸਆਦਤ ਹਸਨ ਮੰਟੋ

*ਅਨੁਵਾਦ : ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 24 ਕੀਮਤ : 8.00*

ਭਾਰਤ ਤੇ ਪਾਕਿਸਤਾਨ ਦੇ ਬਟਵਾਰੇ ਨੂੰ ਲੈ ਕੇ ਲਿਖੀ ਗਈ ਮੰਟੋ ਦੀ ਵਿਸ਼ਵ-ਪ੍ਰਸਿੱਧ ਕਹਾਣੀ ਦਾ ਅਨੁਵਾਦ ਡਾ. 'ਬੱਦਨ' ਨੇ ਸਰਲ, ਸਪੱਸ਼ਟ ਤੇ ਰੌਚਕ ਸ਼ੈਲੀ ਵਿਚ ਕੀਤਾ ਹੈ।

ISBN 81-237-4534-6

**92. ਆਦਮੀ ਜਿਸ ਨੇ ਭਗਵਾਨ ਨੂੰ ਦੇਖਿਆ** : ਬਾਲ ਗੰਗਾਧਰ ਤਿਲਕ

*ਅਨੁਵਾਦ : ਹਰਭਜਨ ਕੌਰ* *ਸਫ਼ੇ : 32 ਕੀਮਤ : 11.00*

ਇਹ ਕਹਾਣੀ ਗਵਰਈਆ ਤੇ ਉਸ ਦੇ ਬੱਚੇ (ਜੋ ਗਵਰਈਆ ਲਈ ਰੱਬ ਸਮਾਨ ਹੈ) ਨਾਲ ਸੰਬੰਧਿਤ ਹੈ। ISBN 81-237-4482-X

**93. ਕੱਫਣ** : ਪ੍ਰੇਮ ਚੰਦ

*ਅਨੁਵਾਦ : ਡਾ. ਲਖਵਿੰਦਰ ਜੌਹਲ* *ਸਫ਼ੇ : 20 ਕੀਮਤ : 9.00*

ਕਹਾਣੀ ਮਾਧਵ ਤੇ ਘੀਸੂ ਦੋ ਵਿਅਕਤੀਆਂ ਦੀ ਹੈ ਜੋ ਜੀਵਨ ਵਿਚ ਨੈਤਿਕ ਕਦਰਾਂ-ਕੀਮਤਾਂ ਵਲੋਂ ਮੂੰਹ ਮੋੜ ਕੇ ਵਿਅਰਥ ਦੀ ਜ਼ਿੰਦਗੀ ਬਤੀਤ ਕਰ ਰਹੇ ਹਨ।

ISBN 81-237-4481-1

**94. ਡਾਕ ਬਾਬੂ** : ਫ਼ਕੀਰ ਮੋਹਨ ਸੈਨਾਪਤੀ

*ਅਨੁਵਾਦ : ਜਸਵੰਤ ਸਿੰਘ ਅਮਨ* *ਸਫ਼ੇ : 16 ਕੀਮਤ : 8.00*

ਇਹ ਹਰੀ ਸਿੰਘ ਤੇ ਉਸ ਦੇ ਪੁੱਤਰ ਗੋਪਾਲ ਦੀ ਕਹਾਣੀ ਹੈ। ਪਿਤਾ ਜਿਸ ਨੇ ਪੁੱਤ ਨੂੰ ਦਿਨ-ਰਾਤ ਮਿਹਨਤ ਕਰਕੇ ਪੜ੍ਹਾਇਆ, ਨੌਕਰੀ ਲਗਵਾਈ। ਪਰ ਬੁਢਾਪੇ ਵਿਚ ਪੁੱਤ ਨੇ ਪਿਓ ਵੱਲੋਂ ਮੂੰਹ ਮੋੜ ਲਿਆ। ISBN 81-237-4480-3

**95. ਲਾਲੀ** : ਡਾ. ਬਲਦੇਵ ਸਿੰਘ 'ਬੱਦਨ'

*ਮੂਲ ਪੰਜਾਬੀ* *ਸਫ਼ੇ : 16 ਕੀਮਤ : 8.00*

ਲੜਕੀ ਦਾ ਘਰ 'ਚ ਪੈਦਾ ਹੋਣਾ ਅਪਸ਼ਗਨ ਨਹੀਂ। ਜੇਕਰ ਲੜਕੀਆਂ ਨੂੰ ਪਰਿਵਾਰ ਦੇ

ਮੈਂਬਰਾਂ ਵਲੋਂ ਸਹੀ ਸੇਧ ਮਿਲੇ ਤਾਂ ਉਹ ਵੀ ਆਸਾਨੀ ਨਾਲ ਰੁਜ਼ਗਾਰ ਪ੍ਰਾਪਤ ਕਰਨ ਦੇ ਯੋਗ ਹੋ ਸਕਦੀਆਂ ਹਨ। ਇਸ ਨਾਲ ਘਰ ਦੀ ਕਾਇਆ-ਕਲਪ ਬਦਲ ਜਾਂਦੀ ਹੈ। ਮਾਪੇ ਖੁਸ਼ ਹੁੰਦੇ ਹਨ। ਇਕ ਪਰਿਵਾਰ ਦੀ ਹੋਣੀ ਬਦਲ ਜਾਂਦੀ ਹੈ। ਸੁਖੀ ਤੇ ਛੋਟੇ ਪਰਿਵਾਰ ਦਾ ਸੰਕਲਪ ਚਾਨਣ ਵੰਡਦਾ ਹੈ। ISBN 81-237-4449-5

**96. ਭਲੇ ਘਰ ਦਾ ਲੜਕਾ** : ਸਤੀਸ਼ ਜਾਇਸਵਾਲ
ਅਨੁਵਾਦ : *ਕੀਰਤ ਸਿੰਘ ਇਨਕਲਾਬੀ* *ਸਫ਼ੇ : 16 ਕੀਮਤ : 9.00*
ਭਾਵੇਂ ਪੁਸਤਕ ਬਾਲ-ਮਜ਼ਦੂਰੀ ਦੇ ਖਿਲਾਫ ਲਿਖੀ ਗਈ ਹੈ, ਪਰ ਕਹਾਣੀ ਦਾ ਬੱਚਾ ਆਤਮ-ਨਿਰਭਰ ਬਣਨ ਲਈ ਸੰਘਰਸ਼ ਕਰਦਾ ਹੈ। ਇਹ ਪੁਸਤਕ ਸਵੈ-ਵਿਸ਼ਵਾਸ ਪੈਦਾ ਕਰਨ ਵਾਲੀ ਹੈ। ISBN 978-81-237-5585-6

**97. ਕਰਮੂ** : ਬਲਦੇਵ ਵੰਸ਼ੀ
ਅਨੁਵਾਦ : *ਪੁਸ਼ਪਾ ਸਿੰਘ ਬੀਸੇਨ* *ਸਫ਼ੇ : 16 ਕੀਮਤ : 9.00*
ਇਹ ਕਹਾਣੀ ਬਧੂਆ ਮਜ਼ਦੂਰੀ ਦੇ ਦੁੱਖਾਂ ਦੀ ਦਾਸਤਾਨ ਬਿਆਨ ਕਰਦੀ ਹੈ। ਪਤਾ ਨਹੀਂ ਮੁਲਕ ਵਿਚ ਰਾਮੂ ਵਰਗੇ ਕਿੰਨੇ ਬੱਚੇ ਜ਼ਾਲਮ ਮਾਲਕਾਂ ਦੇ ਜ਼ੁਲਮ ਦਾ ਨਿੱਤ ਦਿਨ ਸ਼ਿਕਾਰ ਹੁੰਦੇ ਹਨ। ISBN 978-81-237-5236-5

**98. ਗਲਤੀ ਦਾ ਅਹਿਸਾਸ** : ਅਸ਼ਵਘੋਸ਼
ਅਨੁਵਾਦ : *ਅਰਵਿੰਦ ਕੌਰ* *ਸਫ਼ੇ : 16 ਕੀਮਤ : 9.00*
ਇਹ ਕਹਾਣੀ ਪਿੰਡ 'ਚੋਂ ਅੰਧ-ਵਿਸ਼ਵਾਸ ਦੂਰ ਕਰਨ ਦਾ ਸੰਦੇਸ਼ ਦਿੰਦੀ ਹੈ। ਨਾਲ ਹੀ ਪਖੰਡੀ ਸਾਧੂਆਂ ਤੋਂ ਵੀ ਸੁਚੇਤ ਕਰਦੀ ਹੈ। ਪੁਸਤਕ ਵਿਚ ਇਸ ਗੱਲ ਨੂੰ ਉਭਾਰਿਆ ਗਿਆ ਹੈ ਕਿ ਝੂਠੇ-ਫਰੇਬੀ ਸਾਧੂ ਕਿਵੇਂ ਪੇਂਡੂ ਲੋਕਾਂ ਦਾ ਸ਼ੋਸ਼ਣ ਕਰਦੇ ਹਨ।
ISBN 978-81-237-5181-0

**99. ਇੰਜ ਬਦਲੀ ਨੱਕ ਦੀ ਨੱਥ** : ਮਨੋਹਰ ਚਮੋਲੀ 'ਮਨੂ'
ਅਨੁਵਾਦ : *ਹਰਪ੍ਰੀਤ ਕੌਰ* *ਸਫ਼ੇ : 16 ਕੀਮਤ : 10.00*
ਆਪਣੇ ਅਧਿਕਾਰਾਂ ਲਈ ਲੜਨ 'ਚ ਸ਼ਰਮ ਕਾਹਦੀ! ਉਪਭੋਗਤਾ ਮੰਚ 'ਚ ਸ਼ਿਕਾਇਤ ਕਰਕੇ ਨਿਆਂ ਦਿਵਾਉਣ ਵਾਲੀ ਰਚਨਾ ਹੈ। ISBN 978-81-237-4984-9

## ਅਖੰਡ ਸਿੱਖਿਆ ਪੁਸਤਕਮਾਲਾ

**1. ਕਰਮਯੋਗੀ ਲੋਕਮਾਨਯ ਤਿਲਕ** : ਗ. ਪ੍ਰ. ਪ੍ਰਧਾਨ
ਅਨੁਵਾਦ : *ਰਾਮ ਸਿੰਘ ਚਾਹਲ* *ਸਫ਼ੇ : 82 ਕੀਮਤ : 15.00*
ਲੋਕਮਾਨਯ ਤਿਲਕ 'ਗਰਮ ਦਲ' ਦੇ ਇਨਕਲਾਬੀ ਨੇਤਾ ਸਨ। ਇਹ ਪੁਸਤਕ ਤਿਲਕ

ਜੀ ਨੂੰ ਭਾਰਤ ਮਾਂ ਦੇ ਸੱਚੇ ਸੁੱਚੇ ਕਰਮਯੋਗੀ ਦੇ ਰੂਪ ਵਿਚ ਪੇਸ਼ ਕਰਨ ਵਿਚ ਪੂਰੀ ਤਰ੍ਹਾਂ ਸਮਰੱਥ ਰਹੀ ਹੈ । ISBN 978-81-237-5074-3

**2. ਬਾਬਾ ਆਮਟੇ** : ਤਾਰਾ ਧਰਮਾਧਿਕਾਰੀ

ਅਨੁਵਾਦ : *ਮੁਖਤਿਆਰ ਸਿੰਘ* *ਸਫ਼ੇ : 80 ਕੀਮਤ : 14.00*

ਬਾਬਾ ਆਮਟੇ ਮਹਾਨ ਸਮਾਜ ਸੇਵੀ ਅਤੇ ਕਰਮਯੋਗੀ ਹੋਏ ਹਨ । ਉਨ੍ਹਾਂ ਫ਼ਿਲਾਸਫ਼ੀ ਮਹਾਤਮਾ ਗਾਂਧੀ ਕੋਲੋਂ ਗ੍ਰਹਿਣ ਕੀਤੀ ਅਤੇ ਉਸ ਫ਼ਿਲਾਸਫ਼ੀ ਨੂੰ ਫਲੀਭੂਤ ਕਰਨ ਵਾਲੀ ਕਾਰਜਸ਼ੀਲਤਾ ਵਿਨੋਬਾ ਭਾਵੇ ਜੀ ਕੋਲੋਂ ਪ੍ਰਾਪਤ ਕੀਤੀ । ਉਨ੍ਹਾਂ ਦੇ ਪ੍ਰਸ਼ੰਸਕ ਉਨ੍ਹਾਂ ਨੂੰ ਸੰਜੀਵਨੀ ਸ਼ਕਤੀ ਅਤੇ ਊਰਜਾ ਦੇਣ ਵਾਲੀ ਬੈਟਰੀ ਜਿਹੇ ਵਿਸ਼ੇਸ਼ਣਾਂ ਰਾਹੀਂ ਸਤਿਕਾਰ ਦਿੰਦੇ ਹਨ । ਬਾਬਾ ਆਮਟੇ ਦੀ ਸੰਘਰਸ਼ਮਈ ਜੀਵਨ ਕਹਾਣੀ ਪ੍ਰੇਰਨਾਦਾਇਕ ਹੈ ।

ISBN 978-81-237-5135-1

**3. ਸੁਤੰਤਰਤਾ ਸੰਗਰਾਮ ਦੀ ਬਸੰਤ** : ਨਾਰਾਇਣ ਦੇਸਾਈ

ਅਨੁਵਾਦ : *ਦਰਸ਼ਨ ਮਿਤਵਾ* *ਸਫ਼ੇ : 74 ਕੀਮਤ : 14.00*

ਲੇਖਕ ਨੇ ਇਸ ਪੁਸਤਕ ਵਿਚ 1917 ਤੋਂ ਲੈ ਕੇ 1931 ਤਕ ਦੇ ਪ੍ਰਸਿੱਧ ਸੱਤਿਆਗ੍ਰਹਿਆਂ ਦਾ ਵੇਰਵਾ ਪ੍ਰਸਤੁਤ ਕੀਤਾ ਹੈ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਵਿਚ ਯਥਾਸੰਭਵ ਭੂਮਿਕਾ ਅਦਾ ਕੀਤੀ ਹੈ । ਇਨ੍ਹਾਂ ਸੱਤਿਆਗ੍ਰਹਿਆਂ ਦੇ ਪ੍ਰਭਾਵ ਸਦਕਾ ਅੰਗਰੇਜ਼ੀ ਰਾਜ ਦਾ ਸੂਰਜ ਭਾਰਤ 'ਚੋਂ ਸਦਾ ਲਈ ਅਸਤ ਹੋ ਗਿਆ । ISBN 978-81-237-5073-6

**4. ਮਦਰ ਟੇਰਿਜਾ** : ਰਾਧਾਰਮਨ ਰਾਏ

ਅਨੁਵਾਦ : *ਡਾ. ਚੰਦਰ ਮੋਹਨ* *ਸਫ਼ੇ : 54 ਕੀਮਤ : 15.00*

ਨੋਬਲ ਪੁਰਸਕਾਰ ਪ੍ਰਾਪਤ ਮਦਰ ਟੇਰਿਜਾ ਨੇ ਪਰਉਪਕਾਰ ਨੂੰ ਹੀ ਆਪਣੇ ਜੀਵਨ ਦਾ ਲਕਸ਼ ਬਣਾ ਲਿਆ ਸੀ । ਦੀਨ-ਦੁਖੀਆਂ ਦੀ ਸੇਵਾ ਵਿਚ ਉਨ੍ਹਾਂ ਨੇ ਆਪਣਾ ਪੂਰਾ ਜੀਵਨ ਲਗਾਇਆ । ਇਹ ਪੁਸਤਕ ਮਦਰ ਟੇਰਿਜਾ ਦੀ ਪ੍ਰੇਰਕ ਕਹਾਣੀ ਹੈ । ਭਾਰਤ ਵਿਚ ਹੀ ਨਹੀਂ ਬਲਕਿ ਦੁਨੀਆ ਵਿਚ ਜਿੰਨੇ ਮਾਨਵਤਾਵਾਦੀ ਹਨ, ਉਨ੍ਹਾਂ ਵਿਚ ਮਦਰ ਦੀ ਜਗ੍ਹਾ ਪਹਿਲੀ ਕਤਾਰ ਵਿਚ ਹੈ । ISBN 978-81-237-5134-4

**5. ਅਮਰ ਕੈਦੀ** : ਹਿਮਾਂਸ਼ੂ ਜੋਸ਼ੀ

ਅਨੁਵਾਦ : *ਬਲਜੀਤ ਸਿੰਘ ਰੈਨਾ* *ਸਫ਼ੇ : 24 ਕੀਮਤ : 10.00*

ਇਸ ਪੁਸਤਕ ਵਿਚ ਭਾਰਤ ਦੇ ਦੋ ਮਹਾਨ ਸੂਰਬੀਰਾਂ—ਬਾਬਾ ਪ੍ਰਿਥਵੀ ਸਿੰਘ ਆਜ਼ਾਦ ਅਤੇ ਮਹਾਵੀਰ ਸਿੰਘ ਦੀ ਸੰਘਰਸ਼ਮਈ ਜੀਵਨ-ਕਹਾਣੀ ਨੂੰ ਇਤਿਹਾਸਕ ਤੱਥਾਂ ਦੇ ਆਧਾਰ 'ਤੇ ਦਿਲਚਸਪ ਢੰਗ ਨਾਲ ਪੇਸ਼ ਕੀਤਾ ਹੈ । ਇਨ੍ਹਾਂ ਦੋਵਾਂ ਸੂਰਬੀਰਾਂ ਨੇ ਦੇਸ਼ ਦੀ ਸੁਤੰਤਰਤਾ ਲਈ ਅਹਿਮ ਯੋਗਦਾਨ ਦਿੱਤਾ ਹੈ । ISBN 81-237-1990-7

**6. ਆਜ਼ਾਦੀ ਦੇ ਬੋਲ** : ਡਾ. ਮੋਹਨਜੀਤ (ਸੰਪਾਦਕ)

ਮੂਲ ਪੰਜਾਬੀ (ਦੂਜਾ ਸੰਸਕਰਣ) *ਸਫ਼ੇ : 72 ਕੀਮਤ : 12.00*

ਬੜੀ ਮਿਹਨਤ ਨਾਲ ਡਾ. ਮੋਹਨਜੀਤ ਦੀ ਇਕਾਗਰ ਬਿਰਤੀ ਨੇ ਮਨੋਵਿਗਿਆਨਕ ਤਰਤੀਬ ਅਨੁਸਾਰ 'ਆਜ਼ਾਦੀ ਦੇ ਬੋਲ' ਆਦਿ ਤੋਂ ਲੈ ਕੇ ਅਜਿਹੀ ਮਾਲਾ ਵਿਚ ਪਰੋਏ ਹਨ ਕਿ ਛੋਟੇ ਆਕਾਰ ਦੀ ਇਹ ਪੁਸਤਕ ਇਕ ਇਤਿਹਾਸਕ ਕਾਰਨਾਮਾ ਬਣ ਗਈ ਹੈ। ਪੁਸਤਕ ਵਿਚ ਪੰਜਾਬੀ ਦੇ 32 ਕਵੀਆਂ ਦੇ ਗੀਤ/ਕਵਿਤਾਵਾਂ ਸ਼ਾਮਲ ਹਨ।

ISBN 81-237-2169-2

**7. ਕੱਲ੍ਹ ਵੀ ਸੂਰਜ ਨਹੀਂ ਚੜ੍ਹੇਗਾ** (ਮੂਲ ਪੰਜਾਬੀ) : ਸੁਰਜੀਤ ਸਿੰਘ ਸੇਠੀ

ਸੰਖੇਪ ਰੂਪ : *ਡਾ. ਕੁਲਬੀਰ ਸਿੰਘ ਕਾਂਗ* — *ਸਫ਼ੇ : 104 ਕੀਮਤ : 16.00*

ਭਾਰਤ ਦੇ ਆਜ਼ਾਦੀ ਅੰਦੋਲਨ ਵਿਚ 13 ਅਪ੍ਰੈਲ, 1919 ਦੀ ਖ਼ੂਨੀ ਘਟਨਾ ਦਾ ਵਿਸ਼ੇਸ਼ ਮਹੱਤਵ ਹੈ ਅਤੇ ਇਸ ਖ਼ੂਨੀ ਵਿਸਾਖੀ ਨੂੰ ਹੋਰ ਵੀ ਮਹੱਤਵਪੂਰਣ ਬਣਾ ਦਿੱਤਾ ਹੈ, ਸੇਠੀ ਦੇ ਨਾਵਲ 'ਕੱਲ੍ਹ ਵੀ ਸੂਰਜ ਨਹੀਂ ਚੜ੍ਹੇਗਾ' ਨੇ। ISBN 81-237-2170-6

**8. ਭਾਰਤ ਵਿੱਚ ਖੇਤੀਬਾੜੀ** : ਡਾ. ਰਣਜੀਤ ਸਿੰਘ

*ਮੂਲ ਪੰਜਾਬੀ* — *ਸਫ਼ੇ : 88 ਕੀਮਤ : 14.00*

ਡਾ. ਰਣਜੀਤ ਸਿੰਘ ਨੇ ਪੁਸਤਕ ਨੂੰ ਛੇ ਅਧਿਆਵਾਂ ਵਿਚ ਵੰਡ ਕੇ ਵਿਚਾਰਿਆ ਹੈ : ਭਾਰਤ ਵਿਚ ਖੇਤੀ ਵਿਕਾਸ, ਖੇਤੀ ਵਿਚ ਸੰਦਾਂ ਅਤੇ ਮਸ਼ੀਨਾਂ ਦੀ ਵਰਤੋਂ, ਮੁੱਖ ਫ਼ਸਲਾਂ, ਫਲਾਂ ਅਤੇ ਸਬਜ਼ੀਆਂ ਦੀ ਕਾਸ਼ਤ, ਰੁੱਖ ਅਤੇ ਮਿੱਟੀ ਅਤੇ 'ਭਵਿੱਖ ਵਿਚ ਖੇਤੀ ਕਿਵੇਂ ਹੋਵੇਗੀ ?'

ISBN 81-237-2168-4

**9. ਭਾਰਤ ਦੇ ਵਸਨੀਕਾਂ ਦੇ ਅਧਿਕਾਰ** : ਪ੍ਰੀਤਮ ਸਿੰਘ ਸਫ਼ੀਰ

*ਮੂਲ ਪੰਜਾਬੀ* — *ਸਫ਼ੇ : 32 ਕੀਮਤ : 8.00*

ਲੇਖਕ ਨੇ ਪੁਸਤਕ ਨੂੰ ਤਿੰਨ ਅਧਿਆਇਆਂ ਵਿਚ ਵੰਡ ਕੇ ਵਿਚਾਰਿਆ ਹੈ : ਦੇਸ਼ ਦੀ ਵਰਤਮਾਨ ਦਸ਼ਾ, ਦੇਸ਼ ਦਾ ਵਿਧਾਨ ਅਤੇ ਦੇਸ਼ ਦੇ ਵਿਧਾਨ ਵਿਚ ਲੋਕਾਂ ਦਾ ਹੱਕ।

ISBN 81-237-2171-4

**10. ਸਵਰਾਜ ਪਾਰਟੀ** : ਸਲਿਲ ਮਿਸ਼ਰਾ

ਅਨੁਵਾਦ : *ਡਾ. ਜੀ.ਐਸ. ਸੇਠੀ* — *ਸਫ਼ੇ : 64 ਕੀਮਤ : 10.00*

ਸਲਿਲ ਮਿਸ਼ਰਾ ਦੁਆਰਾ ਲਿਖੀ ਗਈ ਇਸ ਪੁਸਤਕ ਵਿਚ ਬਹੁਤ ਸੰਕੋਚਵੇਂ ਅਤੇ ਸੰਤੁਲਿਤ ਢੰਗ ਨਾਲ ਸਵਰਾਜ ਪਾਰਟੀ ਦੇ ਇਤਿਹਾਸ ਅਤੇ ਕਾਰਜ ਖੇਤਰ ਨੂੰ ਪੇਸ਼ ਕੀਤਾ ਗਿਆ ਹੈ। ਸਵਰਾਜ ਪਾਰਟੀ, ਇਸ ਦੇ ਨੇਤਾਵਾਂ ਅਤੇ ਕਾਂਗਰਸ ਪਾਰਟੀ ਨਾਲ ਇਸ ਦੇ ਸੰਬੰਧਾਂ ਅਤੇ ਅੰਤਰ-ਵਿਰੋਧਾਂ ਦੇ ਵਿਸ਼ੇਸ਼ ਪਹਿਲੂ ਉਭਰ ਕੇ ਸਾਹਮਣੇ ਆਉਂਦੇ ਹਨ।

ISBN 81-237-2675-9

**11. ਚਿੱਠੀਆਂ ਲਿਖ ਜੇਲ੍ਹ 'ਚੋਂ ਪਾਈਆਂ** : ਦਵੇਸ਼ ਚੰਦਰ

ਅਨੁਵਾਦ : *ਇਕਬਾਲ ਦੀਪ* — *ਸਫ਼ੇ : 104 ਕੀਮਤ : 15.00*

ਇਸ ਪੁਸਤਕ ਦੀਆਂ ਵੱਖਰੀਆਂ-ਵੱਖਰੀਆਂ ਚਿੱਠੀਆਂ ਨੂੰ ਪੜ੍ਹਨ ਮਗਰੋਂ ਪਤਾ ਲੱਗਦਾ ਹੈ ਕਿ ਹੱਕ-ਸੱਚ ਦੀ ਲੜਾਈ ਨੂੰ ਦਰਸਾਉਣ ਵਾਲੇ ਸਾਡੇ ਸਿਦਕ ਦੀ ਸਿਖਰ ਹੁੰਦੇ ਹਨ।

ਭਾਰਤੀ ਸੁਤੰਤਰਤਾ ਸੰਗਰਾਮ ਦਾ ਇਤਿਹਾਸ ਸਿਰਲੱਥ ਯੋਧਿਆਂ ਦੀ ਜ਼ਿੰਮੇਵਾਰੀ ਦਾ ਵੇਰਵਾ ਪੇਸ਼ ਕਰਦਾ ਹੈ । ਇਨ੍ਹਾਂ ਚਿੱਠੀਆਂ ਦੀ ਮਹੱਤਤਾ ਹਰ ਇਕ ਸੁਤੰਤਰਤਾ ਸੰਗਰਾਮੀਏ ਦੀ ਦ੍ਰਿਸ਼ਟੀ ਤੇ ਉਨ੍ਹਾਂ ਦੀ ਸ਼ੈਲੀ ਤੋਂ ਸਪੱਸ਼ਟ ਹੁੰਦੀ ਹੈ । ISBN 81-237-2676-7

**12. ਕਹਾਣੀ ਜਵਾਹਰ ਲਾਲ ਦੀ** : ਦੇਸ ਰਾਜ ਗੋਇਲ

ਅਨੁਵਾਦ : *ਪ੍ਰਮਿੰਦਰਜੀਤ* *ਸਫ਼ੇ : 80 ਕੀਮਤ : 10.00*

ਦੇਸ ਰਾਜ ਗੋਇਲ ਦੀ ਕਲਮ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਉਸ ਨੇ ਥੋੜ੍ਹੇ ਜਿਹੇ ਪੰਨਿਆਂ ਵਿਚ ਹੀ ਭਾਰਤ ਦੀ ਇਕ ਬਹੁ-ਚਰਚਿਤ ਅਤੇ ਵੱਡੀ ਸ਼ਖ਼ਸੀਅਤ ਨੂੰ ਦ੍ਰਿਸ਼ਟੀ-ਗੋਚਰ ਕਰਕੇ ਗਾਗਰ ਵਿਚ ਸਾਗਰ ਭਰਨ ਦਾ ਯਤਨ ਕੀਤਾ ਹੈ ।

ISBN 81-237-2800-X

**13. ਗਾਂਧੀ ਇਕ ਜੀਵਨੀ** : ਕ੍ਰਿਸ਼ਨਾ ਕ੍ਰਿਪਲਾਨੀ

ਅਨੁਵਾਦ : *ਡਾ. ਜੁਗਿੰਦਰ ਸਿੰਘ ਕੈਰੋਂ* *ਸਫ਼ੇ : 104 ਕੀਮਤ : 15.00*

'ਗਾਂਧੀ : ਇਕ ਜੀਵਨੀ' ਮਹਾਤਮਾ ਗਾਂਧੀ ਦੇ ਜਨਮ ਤੋਂ ਲੈ ਕੇ ਉਨ੍ਹਾਂ ਦੇ ਅੰਤਲੇ ਸਮੇਂ ਤਕ ਦੇ ਸਮਾਜਿਕ, ਰਾਜਨੀਤਕ ਅਤੇ ਸਭਿਆਚਾਰਕ ਸਮਾਚਾਰਾਂ, ਵਸਤੂ ਵੇਰਵਿਆਂ ਅਤੇ ਘਟਨਾਵਾਂ ਦਾ ਵੇਰਵਾ ਹੈ । ISBN 81-237-2799-2

**14. ਉਸ ਦਾ ਬਚਪਨ** : ਕ੍ਰਿਸ਼ਨ ਬਲਦੇਵ ਵੈਦ

ਅਨੁਵਾਦ : *ਡਾ. ਬਲਦੇਵ ਸਿੰਘ 'ਬੱਦਨ'* *ਸਫ਼ੇ : 56 ਕੀਮਤ : 10.00*

ਇਸ ਨਾਵਲ ਵਿਚ ਨਾਵਲਕਾਰ ਨੇ ਇਕ ਗ਼ਰੀਬ ਪਰਿਵਾਰ ਦੇ ਦਲਿੱਦਰ ਭਰੇ ਘਰੇਲੂ ਜੀਵਨ ਦੇ ਅੰਤਰਗਤ ਇਕ ਬੱਚੇ ਬੀਰੂ ਦੇ ਕਿਰਦਾਰ ਦੇ ਉਤਰਾਅ-ਚੜ੍ਹਾਅ ਦੇ ਉਸਾਰ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ । ISBN 81-237-2548-5

**15. ਭਾਰਤ ਦਾ ਸੰਵਿਧਾਨ** : ਸੁਭਾਸ਼ ਕੈਸ਼ਯਪ

ਅਨੁਵਾਦ : *ਡਾ. ਗੁਰਮੁਖ ਸਿੰਘ* *ਸਫ਼ੇ : 52 ਕੀਮਤ : 10.00*

ਇਸ ਪੁਸਤਕ ਵਿਚ ਸੁਭਾਸ਼ ਕੱਸ਼ਯਪ ਨੇ ਆਪਣੇ ਦੇਸ਼ ਦੇ ਸੰਵਿਧਾਨ ਬਾਰੇ ਪਾਠਕਾਂ ਨੂੰ ਬਹੁਤ ਹੀ ਰੌਚਕ ਸ਼ੈਲੀ ਵਿਚ ਭਰਪੂਰ ਜਾਣਕਾਰੀ ਦੇਣ ਦਾ ਸਾਰਥਕ ਯਤਨ ਕੀਤਾ ਹੈ । ਲੇਖਕ ਨੇ ਪੁਸਤਕ ਨੂੰ 10 ਅਧਿਆਵਾਂ ਵਿਚ ਵੰਡ ਕੇ ਵਿਚਾਰਿਆ ਹੈ ।

ISBN 81-237-2832-8

**16. ਲੋਕਤੰਤਰ** : ਡੇਵਿਡ ਬੀਥਮ ਅਤੇ ਕੇਵਿਲ ਬਾਇਲੇ

ਅਨੁਵਾਦ : *ਜਸਬੀਰ ਭੁੱਲਰ* *ਸਫ਼ੇ : 28 ਕੀਮਤ : 6.00*

ਇਸ ਪੁਸਤਕ ਵਿਚ ਲੋਕਤੰਤਰੀ ਪ੍ਰਬੰਧ ਦੇ ਭਿੰਨ-ਭਿੰਨ ਪੱਖਾਂ ਨੂੰ ਸੰਖੇਪ ਰੂਪ ਵਿਚ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ । ਲੋਕਤੰਤਰ ਦੇ ਅਧਿਐਨ ਨਾਲ ਪੈਦਾ ਹੋਣ ਵਾਲੇ ਸਵਾਲਾਂ ਦੇ ਜਵਾਬ ਲਈ ਇਸ ਪੁਸਤਕ ਤੋਂ ਭਰਪੂਰ ਸਹਾਇਤਾ ਮਿਲ ਸਕਦੀ ਹੈ । ਇਹੋ ਜਿਹੀ ਪੁਸਤਕ

ਲੋਕਤੰਤਰ ਦੇ ਨਿਰਮਾਣ ਨਾਲ ਜੁੜੇ ਹਰ ਵਿਅਕਤੀ ਲਈ ਮੁੱਲਵਾਨ ਅਤੇ ਲਾਭਕਾਰੀ ਹੈ ।

ISBN 81-237-2831-X

**17. ਸਾਡੀ ਆਜ਼ਾਦੀ ਦੀ ਕਹਾਣੀ** : ਪ੍ਰੋ. ਬਿਪਨ ਚੰਦਰ

*ਅਨੁਵਾਦ : ਡਾ. ਗੁਰਸ਼ਰਨ ਕੌਰ ਜੱਗੀ* *ਸਫ਼ੇ : 52 ਕੀਮਤ : 10.00*

ਭਾਰਤ ਦੀ ਆਜ਼ਾਦੀ ਦੀ ਕਹਾਣੀ ਬਹੁਤ ਲੰਮੀ ਤੇ ਦੁੱਖਾਂ ਭਰੀ ਹੈ । ਭਾਰਤ ਦੀ ਭੂਮੀ ਦੇ ਅਨੇਕਾਂ ਸ਼ਹੀਦਾਂ ਨੇ ਆਜ਼ਾਦੀ ਦੀ ਲਾੜੀ ਵਿਆਹੁਣ ਲਈ ਆਪਣੇ ਖ਼ੂਨ ਦੀਆਂ ਆਹੂਤੀਆਂ ਪਾਈਆਂ ਹਨ । ਇਹ ਪੁਸਤਕ ਭਾਰਤ ਦੀ ਆਜ਼ਾਦੀ ਦੀ ਸੰਘਰਸ਼ ਭਰੀ ਕਹਾਣੀ ਨੂੰ ਬਿਆਨ ਕਰਦੀ ਹੈ ।

ISBN 81-237-2672-4

**18. ਆਜ਼ਾਦੀ ਦੀ ਲੜਾਈ ਵਿਚ ਆਜ਼ਾਦ ਹਿੰਦ ਫ਼ੌਜ** : ਸ਼ਿਸ਼ਿਰ ਕੁਮਾਰ ਬਸੂ

*ਅਨੁਵਾਦ : ਪ੍ਰੋ. ਅਵਤਾਰ ਜੌੜਾ* *ਸਫ਼ੇ : 70 ਕੀਮਤ : 12.00*

ਆਜ਼ਾਦੀ ਦੀ ਲੜਾਈ ਵਿਚ ਆਜ਼ਾਦ ਹਿੰਦ ਫ਼ੌਜ ਬਾਰੇ ਗਿਆਨ ਕਰਵਾਉਣ ਲਈ ਇਕ ਮਹੱਤਵਪੂਰਣ ਇਤਿਹਾਸਕ ਕਿਤਾਬ ਹੈ । ਇਸ ਕਿਤਾਬ ਵਿਚ ਬੜੇ ਰੌਚਕ ਢੰਗ ਨਾਲ ਸੁਭਾਸ਼ ਚੰਦਰ ਬੋਸ ਦੇ ਕਿਰਦਾਰ ਨੂੰ ਚਿਤਰਿਆ ਹੈ । ਆਜ਼ਾਦ ਹਿੰਦ ਫ਼ੌਜ ਦੀ ਸਥਾਪਨਾ, ਵਿਕਾਸ ਅਤੇ ਘਾਲਣਾ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਲਿਖਿਆ ਗਿਆ ਹੈ ।

ISBN 81-237-3528-6

**19. ਦੂਜੀ ਆਜ਼ਾਦੀ ਸੇਵਾ** : ਇਲਾ ਆਰ. ਭੱਟ

*ਅਨੁਵਾਦ : ਸ਼ਾਮ ਸਿੰਘ* *ਸਫ਼ੇ : 112 ਕੀਮਤ : 13.00*

ਸੇਵਾ ਇਕ ਸੰਸਥਾ ਹੈ ਜੋ ਕਿ ਮਹਾਤਮਾ ਗਾਂਧੀ ਜੀ ਦੇ ਆਦਰਸ਼ਾਂ ਦੀ ਪਾਲਣਾ ਕਰਦੀ ਹੋਈ ਔਰਤ ਦੇ ਹੱਕ ਨੂੰ ਸਿਰਫ਼ ਵੋਟਾਂ ਤਕ ਹੀ ਸੀਮਿਤ ਨਹੀਂ ਕਰਨਾ ਚਾਹੁੰਦੀ ਬਲਕਿ ਉਹ ਤਰੱਕੀ ਦੀ ਮੁੱਖ ਧਾਰਾ ਵਿਚ ਆਉਣਾ ਚਾਹੁੰਦੀਆਂ ਹਨ ।

ISBN 81-237-3559-6

**20. ਭਾਰਤ ਦੀ ਸੰਸਦ ਕੀ, ਕਿਉਂ ਅਤੇ ਕਿਵੇਂ** : ਸੁਭਾਸ਼ ਕੱਸ਼ਯਪ

*ਅਨੁਵਾਦ : ਡਾ. ਰਵੇਲ ਸਿੰਘ* *ਸਫ਼ੇ : 40 ਕੀਮਤ : 8.00*

ਇਹ ਪੁਸਤਕ ਸੰਸਦ ਪ੍ਰਣਾਲੀ ਦੇ ਆਰੰਭਕ ਤੇ ਇਤਿਹਾਸਕ ਵਿਕਾਸ ਨੂੰ ਦਰਸਾਉਂਦੀ ਹੋਈ ਵਰਤਮਾਨ ਯੁੱਗ ਤਕ ਦੀ ਸਮੁੱਚੀ ਸਥਿਤੀ ਨੂੰ ਪਾਠਕ ਅੱਗੇ ਸਰਲ ਭਾਸ਼ਾ ਵਿਚ ਪੇਸ਼ ਕਰਦੀ ਹੈ । ਇਸ ਪੁਸਤਕ ਵਿਚ ਭਾਰਤੀ ਰਾਜ ਪ੍ਰਣਾਲੀ ਨੂੰ ਵਿਸਤਾਰ ਵਿਚ ਬਿਆਨਿਆ ਗਿਆ ਹੈ ।

ISBN 81-237-3454-7

**21. ਰਵੀ ਕਹਾਣੀ** : ਅਮਿਤਾਭ ਚੌਧਰੀ

*ਅਨੁਵਾਦ : ਬਲਬੀਰ ਪਰਵਾਨਾ* *ਸਫ਼ੇ : 84 ਕੀਮਤ : 13.00*

ਇਹ ਪੁਸਤਕ ਰਾਬਿੰਦਰਨਾਥ ਟੈਗੋਰ ਦੇ ਜੀਵਨ ਨਾਲ ਸੰਬੰਧਿਤ ਹੈ । ਰਾਬਿੰਦਰਨਾਥ ਸਿਰਫ਼ ਕਵੀ, ਨਿਬੰਧਕਾਰ, ਨਾਵਲਕਾਰ, ਕਹਾਣੀਕਾਰ ਹੀ ਨਹੀਂ ਸਨ, ਉਹ ਇਸ ਤੋਂ ਵੱਧ ਕੁਝ ਹੋਰ

ਵੀ ਸਨ । ਇਸ ਕਿਤਾਬ ਵਿਚ ਉਨ੍ਹਾਂ ਦੇ ਸਮਾਜਿਕ, ਰਾਜਨੀਤਕ ਵਿਚਾਰਾਂ 'ਤੇ ਵਧੇਰੇ ਜ਼ੋਰ ਦਿੱਤਾ ਹੈ । ISBN 81-237-3635-5

**22. ਸਾਡੇ ਇਤਿਹਾਸਕ ਸਮਾਰਕ** : ਤਨਵੀਰ ਅਹਿਮਦ ਅਲਵੀ

ਅਨੁਵਾਦ : *ਡਾ. ਭਗਵੰਤ ਸਿੰਘ* *ਸਫ਼ੇ : 72 ਕੀਮਤ : 15.00*

ਇਤਿਹਾਸ ਦੇ ਵੱਖ-ਵੱਖ ਸਮਿਆਂ ਵਿਚ ਦੇਸ਼ ਦੇ ਵੱਖ-ਵੱਖ ਰਾਜਿਆਂ ਨੇ ਅਨੇਕ ਯਾਦਗਾਰਾਂ ਬਣਵਾਈਆਂ ਜੋ ਸਾਡੇ ਲਈ ਅੱਜ ਵੀ ਕੀਮਤੀ ਧਰੋਹਰ ਹਨ । ਇਸ ਪੁਸਤਕ ਵਿਚ ਅਜਿਹੇ ਹੀ ਕੁਝ ਸਮਾਰਕਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ । ISBN 81-237-4134-0

**23. ਭਾਰਤ ਛੱਡੋ ਅੰਦੋਲਨ** : ਚੰਦਰਕਾਂਤ ਮਹੇਤਾ

ਅਨੁਵਾਦ : *ਡਾ. ਕਰਾਂਤੀਪਾਲ* *ਸਫ਼ੇ : 56 ਕੀਮਤ : 18.00*

ਸੰਨ 1942 ਵਿਚ ਮਹਾਤਮਾ ਗਾਂਧੀ ਨੇ ਭਾਰਤ ਛੱਡੋ ਦਾ ਨਾਅਰਾ ਲਾਇਆ ਸੀ ਅਤੇ ਕੁਝ ਹੀ ਸਾਲਾਂ ਵਿਚ ਸਾਡਾ ਦੇਸ਼ ਆਜ਼ਾਦ ਹੋ ਗਿਆ । ਇਸ ਪੁਸਤਕ ਵਿਚ ਇਸ ਕਾਲ ਦੀਆਂ ਕੁਝ ਘਟਨਾਵਾਂ ਦਾ ਵੇਰਵਾ ਦਿੱਤਾ ਗਿਆ ਹੈ । ISBN 81-237-4131-6

**24. ਸਮਤਾ ਦੇ ਸਮਰਥਕ ਡਾ. ਅੰਬੇਡਕਰ** : ਵਸੰਤਮੂਨ

ਅਨੁਵਾਦ : *ਡਾ. ਲਖਵਿੰਦਰ ਜੌਹਲ* *ਸਫ਼ੇ : 112 ਕੀਮਤ : 25.00*

ਇਸ ਛੋਟੀ ਜਿਹੀ ਪੁਸਤਕ ਵਿਚ ਇਸ ਮਹਾਨ ਵਿਅਕਤੀ ਦੀ ਜੀਵਨ-ਯਾਤਰਾ ਦਾ ਵਿਵਰਣ ਬੜੇ ਸੰਖੇਪ ਰੂਪ ਵਿਚ ਦਿੱਤਾ ਗਿਆ ਹੈ । ISBN 81-237-4256-8

**25. ਪੰਜਾਬ ਦੀਆਂ ਫ਼ਸਲਾਂ** : ਡਾ. ਰਣਜੀਤ ਸਿੰਘ

*ਮੂਲ ਪੰਜਾਬੀ* *ਸਫ਼ੇ : 126 ਕੀਮਤ : 40.00*

ਪੰਜਾਬ ਵਿਚ ਹੁਣ ਵੀ ਸੂਬੇ ਦੀ ਆਮਦਨ ਵਿਚ ਖੇਤੀ ਦਾ ਯੋਗਦਾਨ 44 ਪ੍ਰਤੀਸ਼ਤ ਹੈ ਜਦੋਂ ਕਿ ਦੇਸ਼ ਦੀ ਇਹ ਦਰ 25 ਪ੍ਰਤੀਸ਼ਤ ਹੈ । ਪੁਸਤਕ ਵਿਚ ਪੰਜਾਬ ਦੀ ਖੇਤੀ ਦੀਆਂ ਸਮੱਸਿਆਵਾਂ ਤੇ ਸੰਭਾਵਨਾਵਾਂ ਦੀ ਇਕ ਝਲਕ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ ।
ISBN 81-237-4182-0

**26. ਸਾਡੇ ਪ੍ਰਸਿੱਧ ਤੀਰਥ ਸਥਾਨ** : ਇਲਪਾਵਲੂਰ ਪਾਂਡੂਰੰਗਾ ਰਾਵ

ਅਨੁਵਾਦ : *ਲਾਲ ਸਿੰਘ* *ਸਫ਼ੇ : 80 ਕੀਮਤ : 13.00*

ਇਸ ਪੁਸਤਕ ਵਿਚ ਭਾਰਤ ਦੇ ਪ੍ਰਸਿੱਧ ਤੀਰਥ ਸਥਾਨਾਂ ਬਾਰੇ ਬਹੁਤ ਹੀ ਵਿਸਥਾਰ ਸਹਿਤ ਰੌਚਕ ਜਾਣਕਾਰੀ ਦਿੱਤੀ ਗਈ ਹੈ । ਇਸ ਸਾਂਸਕ੍ਰਿਤਿਕ ਗੌਰਵ ਨੂੰ ਕੇਵਲ ਸੁਣ ਕੇ ਹੀ ਸੰਤੁਸ਼ਟ ਹੋਣਾ ਕਾਫ਼ੀ ਨਹੀਂ, ਇਸ ਨੂੰ ਜੀਅ ਭਰ ਕੇ ਦੇਖਣਾ ਵੀ ਬਹੁਤ ਜ਼ਰੂਰੀ ਹੈ ।
ISBN 81-237-4411-0

**27. ਸਵਾਮੀ ਵਿਵੇਕਾਨੰਦ** : ਅਨਿਰਵਾਣ ਰਾਏ

ਅਨੁਵਾਦ : *ਜਗਤਾਰਜੀਤ ਸਿੰਘ* *ਸਫ਼ੇ : 64 ਕੀਮਤ : 12.00*

ਇਸ ਪੁਸਤਕ ਵਿਚ ਸਵਾਮੀ ਵਿਵੇਕਾਨੰਦ ਜੀ ਦੀ ਜੀਵਨ ਯਾਤਰਾ ਤੇ ਉਪਦੇਸ਼ ਦਾ

ਵਿਵਰਣ ਬੜੀ ਰੋਚਕ ਸ਼ੈਲੀ ਵਿਚ ਕੀਤਾ ਗਿਆ ਹੈ । ਸਵਾਮੀ ਜੀ ਦਾ ਸੁਭਾਅ, ਪ੍ਰਤਿਭਾ, ਜੀਵਨ, ਯਾਦਗਾਰੀ ਵਿਹਾਰ ਕੁੱਜੇ ਵਿਚ ਸਮੁੰਦਰ ਵਾਂਗ ਬੰਦ ਹਨ ।

ISBN 81-237-4537-0

**28. ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ ਔਰਤਾਂ ਦਾ ਯੋਗਦਾਨ :**

ਰਾਜਮ ਕ੍ਰਿਸ਼ਣਨ

ਅਨੁਵਾਦ : *ਤਰਸੇਮ* *ਸਫ਼ੇ : 80 ਕੀਮਤ : 16.00*

ਇਸ ਪੁਸਤਕ ਵਿਚ ਲੇਖਕ ਨੇ 14 ਅਜਿਹੀਆਂ ਬਹਾਦਰ ਔਰਤਾਂ ਦੀ ਜੀਵਨ-ਗਾਥਾ ਪੇਸ਼ ਕੀਤੀ ਹੈ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਅਹਿਮ ਭੂਮਿਕਾ ਨਿਭਾਈ ।

ISBN 81-237-4741-1

**29. ਲਾਲ ਬਹਾਦਰ ਸ਼ਾਸਤਰੀ** : ਰਾਸ਼ਟਰਬੰਧੂ

ਅਨੁਵਾਦ : *ਮਧੂ ਬਾਲਾ* *ਸਫ਼ੇ : 64 ਕੀਮਤ : 35.00*

ਲਾਲ ਬਹਾਦਰ ਸ਼ਾਸਤਰੀ ਭਾਰਤ ਦੇ ਅਜਿਹੇ ਪ੍ਰਧਾਨ ਮੰਤਰੀ ਸਿੱਧ ਹੋਏ ਹਨ ਜਿਹੜੇ ਆਪਣੀ ਅਨੂਠੀ ਸ਼ਖ਼ਸੀਅਤ ਤੇ ਲੋਕ-ਹਿਤੈਸ਼ੀ ਦਿੱਖ ਕਾਰਨ ਭਾਰਤਵਾਸੀਆਂ ਦੇ ਮਨਾਂ ਵਿਚ ਵਸੇ ਰਹੇ ਹਨ । ਇਸ ਕਿਤਾਬ ਵਿਚ ਲੇਖਕ ਰਾਸ਼ਟਰਬੰਧੂ ਨੇ ਲਾਲ ਬਹਾਦਰ ਸ਼ਾਸਤਰੀ ਦੇ ਬਚਪਨ, ਜਵਾਨੀ ਗ੍ਰਹਿਸਥ ਜੀਵਨ, ਪੜ੍ਹਾਈ-ਲਿਖਾਈ ਤੇ ਪ੍ਰਧਾਨ ਮੰਤਰੀ ਦੇ ਅਹੁਦੇ ਤੱਕ ਪੁੱਜਣ ਦੇ ਸੰਘਰਸ਼ਮਈ ਸਫ਼ਰ ਨੂੰ ਰੋਚਿਕ ਬਿਰਤਾਂਤ ਸ਼ੈਲੀ ਵਿਚ ਪੇਸ਼ ਕੀਤਾ ਹੈ ।

ISBN 978-81-237-6836-6

## ਸਿਰਜਣਾਤਕ ਸਿੱਖਿਆ ਪੁਸਤਕਮਾਲਾ

**1. ਤੋਤੋ-ਚਾਨ** : ਤੇਤਸੁਕੋ ਕੁਰੋਯਾਨਾਗੀ

ਅਨੁਵਾਦ : *ਪ੍ਰੇਮ ਅਵਤਾਰ ਰੈਣਾ* *ਸਫ਼ੇ : 192 ਕੀਮਤ : 50.00*

ਲੇਖਕ ਨੇ ਪੁਸਤਕ ਵਿਚ ਸਿੱਖਿਆ ਢੰਗ ਨੂੰ ਬਿਆਨਣ ਦਾ ਯਤਨ ਕੀਤਾ ਹੈ । ਉਨ੍ਹਾਂ ਦਾ ਵਿਸ਼ਵਾਸ ਸੀ ਕਿ ਹਰ ਬੱਚਾ ਇਕ ਅੰਦਰੂਨੀ ਚੰਗੇਰੇ ਸੁਭਾਅ ਨੂੰ ਨਾਲ ਲੈ ਕੇ ਪੈਦਾ ਹੁੰਦਾ ਹੈ, ਜਿਸ ਨੂੰ ਆਲਾ-ਦੁਆਲਾ ਅਤੇ ਵੱਡਿਆਂ ਦੇ ਗ਼ਲਤ ਪ੍ਰਭਾਵ ਸਹਿਜੇ ਹੀ ਵਿਗਾੜ ਦਿੰਦੇ ਹਨ । ਉਨ੍ਹਾਂ ਦੇ ਉਦੇਸ਼, ਉਨ੍ਹਾਂ ਦੇ ਚੰਗੇਰੇ ਸੁਭਾਅ ਨੂੰ ਉਘਾੜ ਕੇ ਸਾਹਮਣੇ ਲਿਆਉਣਾ ਅਤੇ ਉਨ੍ਹਾਂ ਨੂੰ ਵਿਕਸਿਤ ਕਰਨਾ ਸੀ, ਤਾਂ ਜੋ ਬੱਚੇ ਆਪਣੀ ਨਿਵੇਕਲੀ ਸ਼ਖ਼ਸੀਅਤ ਉਸਾਰ ਸਕਣ । ISBN 81-237-3393-3

**2. ਛੋਟੀਆਂ ਖੇਡਾਂ** : ਅਰਵਿੰਦ ਗੁਪਤਾ

ਅਨੁਵਾਦ : *ਡਾ. ਦਰਸ਼ਨ ਸਿੰਘ ਆਸ਼ਟ* *ਸਫ਼ੇ : 60 ਕੀਮਤ : 20.00*

ਪੁਸਤਕ ਵਿਚ ਇਹ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਕੂੜ-ਕਬਾੜ ਨੂੰ ਮੁੜ ਆਨੰਦ-

ਮਈ ਖੇਡਾਂ ਦੇ ਨਵੇਂ ਰੂਪ ਵਿਚ ਬਦਲਿਆ ਜਾ ਸਕਦਾ ਹੈ । ਇਹ ਨਵਾਂ ਕੱਚਾ ਮਾਲ ਘੱਟ ਖ਼ਰਚੀਲੇ ਵਿਗਿਆਨਕ ਤਜਰਬਿਆਂ ਅਤੇ ਮਜ਼ੇਦਾਰ ਖਿਡੌਣੇ ਬਣਾਉਣ ਦੀਆਂ ਬੇਸ਼ੁਮਾਰ ਸੰਭਾਵਨਾਵਾਂ ਨੂੰ ਪ੍ਰਗਟ ਕਰਦਾ ਹੈ । SBN 81-237-3561-8

**3. ਕ੍ਰਿਆਤਮਕ ਜੀਵਨ ਲਈ ਸਿੱਖਿਆ (ਸੁਨੇਸਾਬੁਰੋ ਮਾਕੀਗੁਚੀ ਦੇ ਵਿਚਾਰ ਅਤੇ ਸੁਝਾਅ)** : ਡੇਲ. ਐਮ. ਬੈਥਲ (ਸੰਪਾਦਕ)

*ਅਨੁਵਾਦ : ਡਾ. ਗੁਰਚਰਨ ਸਿੰਘ ਅਰਸ਼ੀ* *ਸਫ਼ੇ : 276 ਕੀਮਤ : 70.00*

ਪਰਸਪਰ ਵਿਰੋਧੀ ਰਾਵਾਂ, ਦਲੀਲਾਂ ਅਤੇ ਪ੍ਰਤੀਉੱਤਰ ਦੇ ਕਾਰਣ ਪੈਦਾ ਹੋਈ ਕਾਵਾਂਰੌਲੀ ਵਿਚਕਾਰ ਸਿੱਖਿਆਤਮਕ ਸੁਧਾਰਾਂ ਲਈ ਮਾਕੀਗੁਚੀ ਦੇ ਅੰਤਰ-ਦ੍ਰਿਸ਼ਟੀਆਂ ਨਾਲ ਭਰਪੂਰ ਵਿਚਾਰ ਤੇ ਸਿਫ਼ਾਰਸ਼ਾਂ ਇਕ ਤਾਜ਼ਗੀ ਭਰਪੂਰ, ਸਾਫ਼ ਅਤੇ ਵਰਤੋਂ ਯੋਗ ਚੌਖਟਾ ਪੇਸ਼ ਕਰਦੀਆਂ ਹਨ ਜਿਸ ਦੇ ਅੰਤਰਗਤ ਅਜੋਕੀ ਸਿੱਖਿਆਤਮਕ ਦੁਬਿਧਾ ਉਤੇ ਗੌਰ ਕੀਤਾ ਜਾ ਸਕਦਾ ਹੈ । ISBN 81-237-3730-0

**4. ਜਾਗਦੀਆਂ ਅੱਖਾਂ ਦਾ ਸੁਪਨਾ** : ਗਿਜੁਭਾਈ ਬਧੇਕਾ

*ਅਨੁਵਾਦ : ਵੀਨਾ ਭਾਟੀਆ* *ਸਫ਼ੇ : 98 ਕੀਮਤ : 25.00*

ਗਿਜੁਭਾਈ ਬਧੇਕਾ ਦਾ ਗੁਜਰਾਤੀ ਭਾਸ਼ਾ ਵਿਚ ਲਿਖਿਆ ਨਾਵਲ 'ਦਿਵਾਸਵਪਨ' (1932) ਸਾਡੀ ਮੌਜੂਦਾ ਸਿੱਖਿਆ ਪ੍ਰਣਾਲੀ ਦੀਆਂ ਕਮਜ਼ੋਰੀਆਂ ਅਤੇ ਸੀਮਾਵਾਂ ਬਾਰੇ ਸਹੀ ਅਤੇ ਡੂੰਘਾ ਗਿਆਨ ਦੇਣ ਵਾਲੀ ਮਹੱਵਪੂਰਣ ਰਚਨਾ ਹੈ । ISBN 81-237-3561-8

## ਵਿਸ਼ਵ ਸਾਹਿਤ ਪੁਸਤਕਮਾਲਾ

**1. ਐਵੇਂ ਨਾ ਜਾਣਿਓਂ : (ਹੀਬਰੂ ਕਹਾਣੀ-ਸੰਗ੍ਰਹਿ)** : ਹਾਯਾ ਹੌਫ਼ਮੈਨ

*ਅਨੁਵਾਦ : ਡਾ. ਗੁਰਮੁਖ ਸਿੰਘ* *ਸਫ਼ੇ : 248 ਕੀਮਤ : 75.00*

ਹੀਬਰੂ ਗਲਪ ਦੀ ਪ੍ਰਗਤੀ ਤੇ ਵਿਕਾਸ ਉਸੇ ਤਰ੍ਹਾਂ ਦਿਲਖਿਚਵਾਂ ਹੈ ਜਿਵੇਂ ਕਿ ਇਸ ਕਹਾਣੀ-ਸੰਗ੍ਰਹਿ ਦੀਆਂ ਕਈ ਕਹਾਣੀਆਂ ਮਨਮੋਹਕ ਹਨ । ਜਲਾਵਤਨੀ ਦੇ ਆਧਾਰ ਰਹਿਤ ਅਤੀਤ ਦੇ ਦੋ ਹਜ਼ਾਰ ਸਾਲ ਤੋਂ ਵਧ ਸਮੇਂ ਦੌਰਾਨ ਹੀਬਰੂ ਭਾਸ਼ਾ ਇਜ਼ਰਾਇਲ ਦੀ ਸਥਾਪਨਾ ਤਕ ਵੱਖ-ਵੱਖ ਸਭਿਅਤਾਵਾਂ ਦੇ ਜਮਘਟ ਵਿਚ ਪਣਪਦੀ ਰਹੀ ਤੇ ਸਦੀ ਦੇ ਪਲਟਣ ਨਾਲ ਇਹ ਇਕ ਵਿਲੱਖਣ ਬੋਲ-ਚਾਲ ਵਾਲੀ ਭਾਸ਼ਾ ਦੇ ਰੂਪ ਵਿਚ ਉੱਭਰੀ ।

ISBN 81-237-4468-4

**2. ਤਪਦੇ ਦਿਨ ਲੰਮੀਆਂ ਰਾਤਾਂ** : ਨਾਦੇਜਦਾ ਓਬਰਾਡੋਵਿਕ (ਸੰਪਾਦਕ)

*ਅਨੁਵਾਦ : ਬਲਬੀਰ ਪਰਵਾਨਾ* *ਸਫ਼ੇ : 290 ਕੀਮਤ : 90.00*

**'ਤਪਦੇ ਦਿਨ ਲੰਮੀਆਂ ਰਾਤਾਂ'** ਅਫ਼ਰੀਕਾ ਦੇ ਵਿਭਿੰਨ ਦੇਸ਼ਾਂ ਦੀਆਂ ਛੱਬੀ ਕਹਾਣੀਆਂ ਦਾ ਸੰਗ੍ਰਹਿ ਹੈ। ਇਨ੍ਹਾਂ ਕਹਾਣੀਆਂ 'ਚੋਂ ਅਫ਼ਰੀਕੀ ਮਹਾਦੀਪ ਦੇ ਲੋਕਾਂ ਦੀ ਜ਼ਿੰਦਗੀ,

ਕੰਮ-ਕਾਰ, ਪ੍ਰੰਪਰਾਵਾਂ, ਵਿਆਹੁਤਾ ਰੀਤੀ-ਰਿਵਾਜ, ਅੰਧ-ਵਿਸ਼ਵਾਸ, ਸਭਿਆਚਾਰ, ਧਰਮ, ਰਣਨੀਤੀ, ਅੰਤਰ-ਵਿਅਕਤੀਤਵ ਤੇ ਅੰਤਰ-ਪਰਿਵਾਰਕ ਅਤੇ ਯੁੱਧ ਜਿਹੀਆਂ ਔਖੀਆਂ ਘੜੀਆਂ 'ਚ ਔਰਤਾਂ ਤੇ ਮਰਦਾਂ ਦਾ ਵਿਹਾਰ ਸਾਕਾਰ ਹੁੰਦਾ ਦਿਖਾਈ ਦਿੰਦਾ ਹੈ।

ISBN 978-81-237-5445-1

## ਲੋਕਉਪਯੋਗੀ ਸਮਾਜਿਕ ਵਿਗਿਆਨ ਪੁਸਤਕਮਾਲਾ

**1. ਸਨਮਾਨਜਨਕ ਵਿਕਾਸ *(ਪੂਰਨ ਰੋਜ਼ਗਾਰ ਦੇ ਸਮਰਥਨ ਵਿਚ)*** : ਅਮਿਤ ਭਾਦੁੜੀ

ਅਨੁਵਾਦ : *ਬਿੰਦਰ ਬਸਰਾ* *ਸਫ਼ੇ : 112 ਕੀਮਤ : 45.00*

ਭਾਰਤ ਦੀ ਆਜ਼ਾਦੀ ਦੇ ਲਗਭਗ ਛੇ ਦਹਾਕੇ ਬਾਅਦ ਵੀ ਭਾਰਤੀ ਲੋਕਾਂ ਦਾ ਵੱਡਾ ਹਿੱਸਾ ਅਮਾਨਵੀ ਗਰੀਬੀ ਨਾਲ ਗ੍ਰਸਤ ਹੈ। ਇਹ ਵਰਤਮਾਨ ਦ੍ਰਿਸ਼ 'ਚ ਰੋਜ਼ਗਾਰ ਦੀ ਸੰਭਾਵਨਾ ਸੰਬੰਧੀ ਤੱਤਕਾਲੀ ਬਹਿਸ 'ਚ ਇਕ ਪ੍ਰਮੁੱਖ ਯੋਗਦਾਨ ਹੋਵੇਗੀ, ਅਜਿਹੀ ਆਸ ਹੈ।

ISBN 81-237-4820-5

**2. 1857 ਦੀ ਬਗਾਵਤ** : ਪੀ. ਸੀ. ਜੋਸ਼ੀ (ਸੰਪਾਦਕ)

ਅਨੁਵਾਦ : *ਡਾ. ਨਰੇਸ਼* *ਸਫ਼ੇ : 330 ਕੀਮਤ : 85.00*

ਵਿਦੇਸ਼ੀ ਵਿਦਵਾਨਾਂ ਵਲੋਂ ਵੀ ਬੜੀ ਮਿਹਨਤ ਨਾਲ ਲਿਖੇ ਇਨ੍ਹਾਂ ਖੋਜ-ਪੱਤਰਾਂ ਤੋਂ ਪਤਾ ਲੱਗਦਾ ਹੈ ਕਿ ਇਨ੍ਹਾਂ ਸਾਰੇ ਵਿਦੇਸ਼ਾਂ ਵਿਚ 1857 ਦੀ ਕ੍ਰਾਂਤੀ ਨੂੰ ਭਾਰਤੀ ਲੋਕਾਂ ਦੀ ਬ੍ਰਿਟਿਸ਼ ਗ਼ੁਲਾਮੀ ਦਾ ਜੂਲਾ ਗਲੋਂ ਲਾਹੁਣ ਦੀ ਕ੍ਰਾਂਤੀ ਆਖ ਸਲਾਹਿਆ ਗਿਆ ਤੇ ਇਸ ਤੋਂ ਪ੍ਰਜਾਤੰਤਰਕ ਹਲਕਿਆਂ ਵਿਚ ਇਕਮੁੱਠਤਾ ਦੀ ਭਾਵਨਾ ਪੈਦਾ ਹੋਈ।

ISBN 978-81-237-5085-9

**3. ਕਾਲਾਪਾਣੀ : ਅੰਡੇਮਾਨ ਦੀ ਦੰਡੀ ਬਸਤੀ** : ਪ੍ਰਮੋਦ ਕੁਮਾਰ

ਅਨੁਵਾਦ : *ਬਿੰਦਰ ਬਸਰਾ* *ਸਫ਼ੇ : 120 ਕੀਮਤ : 40.00*

ਕਾਲਾਪਾਣੀ ਦੀ ਸੈਲੂਲਰ ਜੇਲ੍ਹ ਭਾਰਤੀ ਆਜ਼ਾਦੀ ਸੰਗਰਾਮੀਆਂ 'ਤੇ ਘੋਰ ਅੱਤਿਆਚਾਰਾਂ ਦਾ ਅਜਿਹਾ ਅਧਿਆਏ ਰਹੀ ਹੈ ਜੋ ਤਤਕਾਲੀ ਅੰਗਰੇਜ਼ ਸਰਕਾਰ ਦੀ ਸਾਮੰਤਵਾਦੀ ਸੋਚ ਨੂੰ ਪ੍ਰਗਟ ਕਰਦੀ ਹੈ। ਇਹ ਪੁਸਤਕ ਸਜ਼ਾ ਦੇਣ ਦੇ ਬਰਤਾਨਵੀ ਕਾਨੂੰਨਾਂ, ਅੰਡੇਮਾਨ ਜੇਲ੍ਹ 'ਚ ਬੰਦ ਕੀਤੇ ਗਏ ਕੈਦੀਆਂ 'ਤੇ ਹੋਏ ਅੱਤਿਆਚਾਰਾਂ ਅਤੇ ਉਸ ਵੀਰਾਨ ਟਾਪੂ 'ਚ ਵਸੇਵੇਂ ਦੇ ਇਤਿਹਾਸ ਨੂੰ ਪੇਸ਼ ਕਰਦੀ ਹੈ।

ISBN 978-81-237-5111-5

**4. ਵਿਸ਼ਵੀਕਰਣ ਅਤੇ ਵਿਕਾਸ : ਸੁਨੰਦਾ ਸੈਨੌਂ**

ਅਨੁਵਾਦ : *ਡਾ. ਗੁਰਚਰਨ ਸਿੰਘ ਅਰਸ਼ੀ* *ਸਫ਼ੇ : 112 ਕੀਮਤ : 45.00*

ਆਮ ਪਾਠਕ ਲਈ ਵਧੇਰੇ ਕਰਕੇ ਸਰਲ ਸ਼ੈਲੀ ਵਿਚ ਲਿਖਿਆ ਇਹ ਨਿਬੰਧ ਉਸ ਵਿਸ਼ਵੀਕਰਣ ਦੀ ਵਕਾਲਤ ਕਰਦਾ ਹੈ ਜਿਹੜਾ ਹੇਠੋਂ ਸੰਚਾਲਿਤ ਹੋਵੇ, ਅਤੇ ਇਹ

ਵਿਸ਼ਵੀਕਰਣ ਦੀ ਨੀਤੀ ਨਾਲ ਸੰਬੰਧਿਤ ਮੁੱਦਿਆਂ ਬਾਰੇ ਚਲ ਰਹੇ ਵਾਦ-ਵਿਵਾਦ ਵਿਚ ਇਕ ਮੁੱਲਵਾਨ ਯੋਗਦਾਨ ਦਿੰਦਾ ਹੈ । ISBN 978-81-237-5305-8

**5. ਭਾਰਤੀ ਕਿਸਾਨਾਂ ਦੀ ਸਥਿਤੀ** : ਜੀ. ਐਸ. ਭੱਲਾ

*ਅਨੁਵਾਦ : ਡਾ. ਐਸ. ਐਸ. ਛੀਨਾ* *ਸਫ਼ੇ : 104 ਕੀਮਤ : 45.00*

ਇਹ ਪੁਸਤਕ ਨੈਸ਼ਨਲ ਸੈਂਪਲ ਸਰਵੇ ਸੰਸਥਾ ਦੇ 59ਵੇਂ ਦੌਰ ਦੀਆਂ ਪੰਜ ਰਿਪੋਰਟਾਂ 'ਤੇ ਆਧਾਰਿਤ ਹੈ ਜਿਸ ਨੂੰ ਕਿਸਾਨਾਂ ਦੀ ਸਥਿਤੀ ਜਾਂਚ ਸਰਵੇ ਕਿਹਾ ਜਾਂਦਾ ਹੈ, ਜਿਸ ਨੂੰ ਜਨਵਰੀ-ਦਸੰਬਰ 2003 ਵਿਚ ਕੀਤਾ ਗਿਆ । ਇਨ੍ਹਾਂ ਰਿਪੋਰਟਾਂ ਨੇ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਸਮਾਜਿਕ-ਆਰਥਿਕ ਹਾਲਾਤਾਂ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ । ਇਸ ਵਿਚ ਕਿਸਾਨਾਂ ਦੀ ਆਪਣੇ ਕਿੱਤੇ ਪ੍ਰਤੀ ਉਦਾਸੀਨਤਾ ਬਾਰੇ ਚਾਨਣਾ ਪਾਇਆ ਗਿਆ ਹੈ । ISBN 978-81-237-5486-4

**7. ਦਿਹਾਤੀ ਰੁਜ਼ਗਾਰ ਗਾਰੰਟੀ ਐਕਟ** : ਨਿਖਿਲ ਡੇ, ਜਯਾਂ ਦਰੇਜ, ਰੀਤਿਕਾ ਖੇਰਾ

*ਅਨੁਵਾਦ : ਸ਼ੰਗਾਰਾ ਸਿੰਘ ਭੁੱਲਰ* *ਸਫ਼ੇ : 70 ਕੀਮਤ : 10.00*

ਇਹ ਕਿਤਾਬਚਾ ਕੌਮੀ ਦਿਹਾਤੀ ਰੁਜ਼ਗਾਰ ਗਾਰੰਟੀ ਐਕਟ 2005 ਬਾਰੇ ਜਾਣਕਾਰੀ ਦਿੰਦਾ ਹੈ । ਐਨ.ਆਰ.ਈ.ਜੀ.ਏ. ਕਾਨੂੰਨ ਤਹਿਤ ਉਨ੍ਹਾਂ ਸਾਰੇ ਬਾਲਗਾਂ ਨੂੰ 15 ਦਿਨਾਂ ਅੰਦਰ ਜਨਤਕ ਖੇਤਰ ਵਿਚ ਰੁਜ਼ਗਾਰ ਹਾਸਲ ਕਰਨ ਦਾ ਹੱਕ ਪ੍ਰਾਪਤ ਹੈ, ਜਿਹੜੇ ਘੱਟ ਮਜ਼ਦੂਰੀ ਉਤੇ ਕੰਮ ਕਰਨ ਦੇ ਚਾਹਵਾਨ ਹੋਣ । ISBN 978-81-237-5170-2

**8. 1857 ਈਸਵੀ ਦੀ ਕਹਾਣੀ ਮਿਰਜ਼ਾ ਗ਼ਾਲਿਬ ਦੀ ਜ਼ੁਬਾਨੀ** : ਮਖ਼ਮੂਰ ਸਈਦੀ

*ਅਨੁਵਾਦ : ਡਾ. ਹਰਬੰਸ ਸਿੰਘ ਧੀਮਾਨ* *ਸਫ਼ੇ : 86 ਕੀਮਤ : 35.00*

ਅੰਗਰੇਜ਼ੀ ਸਾਮਰਾਜ ਦੇ ਵਿਰੁੱਧ ਮਈ 1857 ਈਸਵੀ ਵਿਚ, ਜਦੋਂ ਮੇਰਠ ਤੋਂ ਕੌਮੀ ਬਗ਼ਾਵਤ ਦਾ ਆਰੰਭ ਹੋਇਆ ਅਤੇ ਇਹ ਬਗ਼ਾਵਤ ਤੇਜ਼ੀ ਨਾਲ ਪੂਰੇ ਮੁਲਕ ਵਿਚ ਫੈਲ ਗਈ। ISBN 978-81-237-5681-3

**9. ਅਕਾਲੀ ਲਹਿਰ** : ਡਾ. ਮਹਿੰਦਰ ਸਿੰਘ

*ਅਨੁਵਾਦ : ਡਾ. ਕਰਨਜੀਤ ਸਿੰਘ* *ਸਫ਼ੇ : 96 ਕੀਮਤ : 35.00*

ਅਕਾਲੀ ਲਹਿਰ ਸਿੱਖ ਧਰਮ-ਅਸਥਾਨਾਂ ਤੋਂ ਮਹੰਤਾਂ, ਪੁਜਾਰੀਆਂ ਅਤੇ ਹੋਰ ਸੁਆਰਥੀ ਹਿਤਾਂ ਨੂੰ ਗੱਦੀਓਂ ਲਾਹੁਣ ਲਈ ਸਿੱਖਾਂ ਵੱਲੋਂ ਜਥੇਬੰਦ ਕੀਤੇ ਸ਼ਾਂਤ ਵਿਰੋਧ ਦਾ ਪਹਿਲਾ ਸਫਲ ਵਿਖਾਲਾ ਸੀ । ਹਥਲੀ ਪੁਸਤਕ ਪੰਜ ਸਾਲਾ (1920-1925) ਸਿੱਖ ਸੰਘਰਸ਼ ਦਾ ਵਿਆਪਕ ਬਿਰਤਾਂਤ ਹੈ । ISBN 978-81-237-5743-8

**10. ਸੰਪਰਦਾਇਕਤਾ ਇਕ ਜਾਣ-ਪਛਾਣ** : ਬਿਪਨ ਚੰਦਰ

*ਅਨੁਵਾਦ : ਡਾ. ਅਮਰਜੀਤ ਕੌਂਕੇ* *ਸਫ਼ੇ : 96 ਕੀਮਤ : 35.00*

ਇਸ ਪੁਸਤਕ ਵਿੱਚ ਸੰਪਰਦਾਇਕਤਾ ਦੇ ਜਨਮ ਅਤੇ ਵਿਕਾਸ ਦੇ ਵੱਖੋ-ਵੱਖ ਪਹਿਲੂਆਂ ਨੂੰ ਇਤਿਹਾਸਕ ਪਰਿਪੇਖ ਵਿੱਚ ਦੇਖਦੇ ਹੋਏ ਇਹ ਵਿਸ਼ਲੇਸ਼ਤ ਕੀਤਾ ਗਿਆ ਹੈ ਕਿ

ਸੰਪਰਦਾਇਕਤਾ ਮੂਲ ਰੂਪ ਵਿੱਚ ਇਕ ਸਿਧਾਂਤ ਅਤੇ ਇਕ ਵਿਚਾਰਧਾਰਾ ਹੈ ਅਤੇ ਉਸ ਨਾਲ ਉਸੇ ਆਧਾਰ 'ਤੇ ਹੀ ਨਿਪਟਾਉਣਾ ਪਵੇਗਾ । ISBN 978-81-237-5788-9

**11. ਮਨੁੱਖੀ ਅਧਿਕਾਰ** (ਇਕ ਸ੍ਰੋਤ-ਪੁਸਤਕ) : ਅਰਜੁਨ ਦੇਵ ਤੇ ਹੋਰ

ਅਨੁਵਾਦ : *ਗਿਆਨ ਸਿੰਘ ਬੱਲ* *ਸਫ਼ੇ : 194 ਕੀਮਤ : 60.00*

ਇਹ ਸ੍ਰੋਤ-ਪੁਸਤਕ ਦੀ ਸਿਰਜਣਾ ਤੇ ਛਪਾਈ ਇਕ ਅਜਿਹਾ ਕਦਮ ਹੈ ਜਿਹੜਾ ਕਾਉਂਸਲ ਨੇ ਮਨੁੱਖੀ ਹੱਕਾਂ ਬਾਰੇ ਸਿੱਖਿਆ ਨੂੰ ਦੇਸ਼ ਵਿਚ ਉਤਸ਼ਾਹਤ ਕਰਨ ਲਈ ਲਿਆ ਹੈ, ਖ਼ਾਸ ਕਰਕੇ ਸਕੂਲ ਪੱਧਰ ਦੀ ਸਿੱਖਿਆ ਨੂੰ । ਇਸ ਦਾ ਮਨੋਰਥ ਅਧਿਆਪਕਾਂ ਤੇ ਵਿਦਿਆਰਥੀਆਂ, ਨੀਤੀ-ਘਾੜਿਆਂ ਤੇ ਪਾਠਕ੍ਰਮ ਤਿਆਰ ਕਰਨ ਵਾਲਿਆਂ ਅਤੇ ਦੂਸਰੇ ਕਰਮਚਾਰੀਆਂ ਲਈ ਮਨੁੱਖੀ ਹੱਕਾਂ ਬਾਰੇ ਦਸਤਾਵੇਜ਼ਾਂ ਦੀ ਚੋਣ ਅਤੇ ਮਨੁੱਖੀ ਹੱਕਾਂ ਬਾਰੇ ਸਿੱਖਿਆ ਦਾ ਇਕ ਸੰਗ੍ਰਹਿ ਪ੍ਰਾਪਤ ਕਰਾਉਣਾ ਹੈ, ਜਿਹੜੇ ਸਿੱਖਿਆ ਦੇ ਪ੍ਰੋਗਰਾਮਾਂ ਨੂੰ ਤਿਆਰ ਕਰਨ ਤੇ ਲਾਗੂ ਕਰਨ 'ਚ ਸਰਗਰਮ ਹਨ । ISBN 978-81-237-5682-0

**12. ਭਗਤ ਸਿੰਘ ਦੇ ਸਿਆਸੀ ਦਸਤਾਵੇਜ਼** : ਡਾ. ਚਮਨ ਲਾਲ

ਅਨੁਵਾਦ : *ਡਾ. ਜਸਵਿੰਦਰ ਕੌਰ (ਵੀਨੂੰ)* *ਸਫ਼ੇ : 236 ਕੀਮਤ : 110.00*

ਭਗਤ ਸਿੰਘ ਦੇ ਹੁਣ ਤਕ ਪ੍ਰਾਪਤ ਦਸਤਾਵੇਜ਼ਾਂ ਵਿਚੋਂ ਹਥਲੀ ਪੁਸਤਕ ਵਿਚ ਕੁਝ ਅਜਿਹੇ ਦਸਤਾਵੇਜ਼ ਦਿੱਤੇ ਗਏ ਹਨ, ਜੋ 21 ਤੋਂ 23 ਸਾਲ ਦੀ ਉਮਰ ਵਿਚ ਭਗਤ ਸਿੰਘ ਦੀ ਵਿਚਾਰਕ ਪ੍ਰੱਕਤਾ ਦੇ ਸਪੱਸ਼ਟ ਬਿੰਬ ਨੂੰ ਉਭਾਰਦੇ ਹਨ । ਇਸ ਵਿਚ ਮਈ 1928 ਤੋਂ 22 ਮਾਰਚ 1931 ਤਕ ਦੇ ਦਸਤਾਵੇਜ਼ਾਂ ਨੂੰ ਸ਼ਾਮਲ ਕੀਤਾ ਗਿਆ ਹੈ, ਜੋ ਭਗਤ ਸਿੰਘ ਦੇ ਪਰਪੱਕ ਰਾਜਨੀਤਕ ਚਿੰਤਨ ਦਾ ਪ੍ਰਮਾਣ ਹਨ । ISBN 978-81-237-6309-5

**13. ਸੁਤੰਤਰਤਾ ਅੰਦੋਲਨ ਅਤੇ ਭਾਰਤੀ ਮੁਸਲਮਾਨ** : ਸ਼ਾਂਤੀਮਯ ਰਾਏ

ਅਨੁਵਾਦ : *ਡਾ. ਨਰੇਸ਼* *ਸਫ਼ੇ : 180 ਕੀਮਤ : 80.00*

ਸਮਾਜ-ਵਿਗਿਆਨੀਆਂ ਦੀ ਅਣਥੱਕ ਮਿਹਨਤ ਸਦਕਾ ਮਾਹੌਲ ਵਿਚ ਤਬਦੀਲੀ ਹੁਣ ਬੜੀ ਹੱਦ ਤਕ ਨਜ਼ਰ ਆ ਰਹੀ ਹੈ । ਇਸ ਪੁਸਤਕ ਵਿਚ ਧੁਰ 1765 ਤੋਂ ਸ਼ੁਰੂ ਹੋਈ ਭਾਰਤ ਨੂੰ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਮੁਕਤ ਕਰਨ ਵਾਲੇ ਆਪਣੇ ਲੋਕਾਂ ਦੀ ਕਹਾਣੀ ਨੂੰ ਕੇਂਦਰ ਵਿਚ ਰੱਖਣ ਦਾ ਉਪਰਾਲਾ ਕੀਤਾ ਹੈ, ਜਿਸ ਵਿਚ ਪ੍ਰਤੱਖ ਕਾਰਨਾਂ ਕਰਕੇ ਭਾਰਤੀ ਮੁਸਲਮਾਨਾਂ ਦਾ ਯੋਗਦਾਨ ਵਿਸ਼ੇਸ਼ ਧਿਆਨ ਖਿੱਚ ਗਿਆ ਹੈ । ISBN 978-81-237-6373-6

**14. ਮੱਧਕਾਲੀਨ ਭਾਰਤ ਇਕ ਸੱਭਿਅਤਾ ਦਾ ਅਧਿਐਨ** : ਇਰਫ਼ਾਨ ਹਬੀਬ

ਅਨੁਵਾਦ : *ਪ੍ਰੋ. ਨਵਤੇਜ ਸਿੰਘ* *ਸਫ਼ੇ : 248 ਕੀਮਤ : 150.00*

ਪੁਸਤਕ ਉਹਨਾਂ ਪੱਖਾਂ ਨੂੰ ਸ਼ਾਮਿਲ ਕਰਨ ਵਿਚ ਸੇਧਤ ਹੈ ਜੋ ਆਮ ਕਰਕੇ ਸੱਭਿਆਚਾਰ ਵਿਚ ਸ਼ਾਮਲ ਹੁੰਦੇ ਹਨ, ਜਿਵੇਂ ਕਿ ਰਾਜਨੀਤਕ ਸੰਸਥਾ, ਧਰਮ, ਕਲਾ ਅਤੇ ਸਿੱਖਿਆ । ਇਹ ਸਮਾਜਿਕ ਢਾਂਚਿਆਂ, ਆਰਥਿਕਤਾ ਅਤੇ ਤਕਨਾਲੋਜੀ ਉੱਪਰ ਵੀ ਜ਼ੋਰ ਦਿੰਦੀ ਹੈ, ਜਿਨ੍ਹਾਂ ਨੂੰ ਪਰੰਪਰਾਈ ਸਰਵੇਖਣਾਂ ਵਿਚ ਅਕਸਰ ਘੱਟ ਥਾਂ ਮਿਲਦੀ ਹੈ ।

ISBN 978-81-237-6519-8

**15. ਭਾਰਤ ਦੀਆਂ ਕਿਸਾਨ ਔਰਤਾਂ** : ਮੈਥਰੇਈ ਕ੍ਰਿਸ਼ਨਾਰਾਜ ਅਤੇ ਅਰੁਨਾ ਕਾਂਚੀ

*ਅਨੁਵਾਦ : ਡਾ. ਸਰਬਜੀਤ ਛੀਨਾ* *ਸਫ਼ੇ : 144 ਕੀਮਤ : 75.00*

ਇਹ ਪੁਸਤਕ ਇਕ ਮਹੱਤਵਪੂਰਣ ਅਧਿਐਨ ਹੈ ਜਿਹੜੀ ਔਰਤ ਦੀ ਖੇਤੀ ਅਤੇ ਇਸ ਨਾਲ ਸੰਬੰਧਿਤ ਧੰਦਿਆਂ ਵਿਚ ਵਧਦੀ ਹੋਈ ਭੂਮਿਕਾ 'ਤੇ ਚਾਨਣ ਪਾਉਂਦੀ ਹੈ, ਜਦੋਂਕਿ ਮਰਦਾਂ ਦੀ ਭੂਮਿਕਾ ਦਿਨ-ਬਦਿਨ ਘਟ ਹੋ ਰਹੀ ਹੈ ।

ISBN 978-81-237-6608-9

**17. ਯਾਦਾਂ** *(ਕ੍ਰਾਂਤੀਕਾਰੀ ਸ਼ਹੀਦਾਂ ਦੇ ਸੰਸਮਰਣਾਤਮਿਕ ਰੇਖਾ ਚਿੱਤਰ)* : ਸ਼ਿਵ ਵਰਮਾ

*ਅਨੁਵਾਦ : ਪ੍ਰੋ. ਮਨੂ ਲਖੋਤਰਾ* *ਸਫ਼ੇ : 180 ਕੀਮਤ : 110.00*

ਮਸ਼ਹੂਰ ਕ੍ਰਾਂਤੀਕਾਰੀ ਅਤੇ ਸਮਾਜਵਾਦੀ ਵਿਚਾਰਕ ਸ਼ਿਵ ਵਰਮਾ (9.2.1904 -- 10.1.1997) ਨੇ ਕੁਝ ਸਾਥੀਆਂ ਦੇ ਨਾਲ ਮਿਲ ਕੇ ਦੇਸ਼ ਨੂੰ ਗ਼ੁਲਾਮੀ ਤੋਂ ਮੁਕਤੀ ਦਿਵਾਉਣ ਵਰਗੇ ਮਹਾਨ ਅਤੇ ਪਵਿੱਤਰ ਆਦਰਸ਼ਾਂ ਦੇ ਲਈ ਸੰਘਰਸ਼ ਦਾ ਸੰਕਲਪ ਕੀਤਾ ਸੀ । ਉਹਨਾਂ ਦੀ ਇਸ ਸੰਘਰਸ਼ ਯਾਤਰਾ ਵਿਚ ਕਈ ਸਾਥੀਆਂ ਨੇ ਆਪਣੀ ਜਾਨ ਦੀ ਬਾਜ਼ੀ ਲਾ ਦਿੱਤੀ । 'ਯਾਦਾਂ' ਇਕ ਅਜਿਹੇ ਹੀ ਕੁਝ ਵਿਛੜੇ ਹੋਏ ਸਾਥੀਆਂ ਦੇ ਰੇਖਾ-ਚਿੱਤਰ ਹਨ ।

ISBN 978-81-237-6747-5

**18. ਗਦਰ ਅੰਦੋਲਨ ਸੰਖੇਪ ਇਤਿਹਾਸ** : ਹਰੀਸ਼ ਕੇ. ਪੁਰੀ

*ਅਨੁਵਾਦ : ਡਾ. ਨਰੇਸ਼* *ਸਫ਼ੇ : 152 ਕੀਮਤ : 135.00*

ਵਿਸ਼ਵ ਯੁੱਧ ਸ਼ੁਰੂ ਹੁੰਦਿਆਂ ਹੀ ਕਈ ਹਜ਼ਾਰ ਲੋਕ 1857 ਜਿਹਾ ਗ਼ਦਰ ਕਰਕੇ ਹਥਿਆਰਬੰਦ ਕ੍ਰਾਂਤੀ ਰਾਹੀਂ ਅੰਗਰੇਜ਼ ਸਰਕਾਰ ਦਾ ਤਖ਼ਤਾ ਪਲਟਾਉਣ ਲਈ ਭਾਰਤ ਆਏ ਸਨ । ਇਹ ਪੁਸਤਕ ਅੰਦੋਲਨ ਦੇ ਉਭਾਰ, ਉਸ ਦੇ ਮੂਲ ਰੂਪ, ਉਸ ਦੀਆਂ ਕੌਮਪਾਰ ਦਿਸ਼ਾਵਾਂ, ਦੇਸ਼ਭਗਤੀ ਦੇ ਜਨੂੰਨ, ਸੀਮਾਵਾਂ ਅਤੇ ਕਲਪਨਾਵਾਂ, ਬੇਮਿਸਾਲ ਕੁਰਬਾਨੀਆਂ ਅਤੇ ਭਗਤ ਸਿਘ ਜਿਹੇ ਹੋਰਨਾਂ ਕ੍ਰਾਂਤੀਕਾਰੀਆਂ ਨੂੰ ਪ੍ਰੇਰਿਤ ਕਰਨ ਵਾਲੀ ਇਸ ਦੀ ਵਿਰਾਸਤ ਦਾ ਸੰਖੇਪ ਇਤਿਹਾਸ ਹੈ ।

ISBN 978-81-237-7095-6

## ਸਵੈ-ਜੀਵਨੀ ਪੁਸਤਕਮਾਲਾ

**1. ਪਗੜੀ ਸੰਭਾਲ ਜੱਟਾ ਤੋਂ ਆਜ਼ਾਦੀ ਵੱਲ** : (ਸ਼ਹੀਦ ਭਗਤ ਸਿੰਘ ਦੇ ਚਾਚਾ ਸਰਦਾਰ ਅਜੀਤ ਸਿੰਘ ਦੀ ਸਵੈ-ਜੀਵਨੀ)

ਮੂਲ ਪੰਜਾਬੀ

*ਲੇਖਕ : ਪ੍ਰੋ. ਜਗਮੋਹਨ* *ਸਫ਼ੇ : 110 ਕੀਮਤ : 120.00*

ਭਾਰਤ ਉਤੇ ਅੰਗਰੇਜ਼ੀ ਰਾਜ ਦੀ ਜਕੜ ਨੂੰ ਜ਼ੋਰਦਾਰ ਝਟਕਾ ਦੇਣ ਵਾਲੀਆਂ ਚੰਦ ਮੋਹਰੀ ਸ਼ਖ਼ਸੀਅਤਾਂ ਵਿਚ ਸਰਦਾਰ ਅਜੀਤ ਸਿੰਘ, ਚਾਚਾ ਸ਼ਹੀਦ ਭਗਤ ਸਿੰਘ ਦੀ ਖ਼ਾਸ ਥਾਂ ਹੈ ।

ਹਰ ਸ਼ਖ਼ਸ ਲਈ ਉਨ੍ਹਾਂ ਦਾ ਜੀਵਨ ਉਤਸ਼ਾਹਿਤ ਕਰਨ ਵਾਲਾ ਹੈ। ਉਨ੍ਹਾਂ ਨੇ ਆਪਣੇ ਜੀਵਨ ਦੇ 50 ਸਾਲ ਲੋਕ ਇਨਕਲਾਬ ਰਾਹੀਂ ਆਪਣੀ ਹੋਣੀ ਦੇ ਆਪ ਮਾਲਕ ਬਣਨ ਦੇ ਕਾਬਲ ਬਣਨ ਵਿਚ ਲਗਾਏ। ISBN 978-81-237-6952-3

**2. ਮੋਹਿਤ ਸੇਨ (ਇਕ ਸਵੈ-ਜੀਵਨੀ)** :

*ਅਨੁਵਾਦ : ਪੂਨਮ* *ਸਫ਼ੇ : 360 ਕੀਮਤ : 235.00*

ਮੋਹਿਤ ਸੇਨ 1929 ਵਿਚ ਕਲਕੱਤਾ ਵਿਚ ਇਕ ਨਾਮੀ ਬ੍ਰਹਮ ਸਮਾਜੀ ਪਰਿਵਾਰ ਵਿਚ ਪੈਦਾ ਹੋਏ। ਉਨ੍ਹਾਂ ਨੇ ਕਲਕੱਤਾ ਅਤੇ ਕੈਂਬਿਰਜ ਤੋਂ ਵਿਦਿਆ ਪ੍ਰਾਪਤ ਕੀਤੀ। ਉਨ੍ਹਾਂ ਨੇ 'ਯੂਨਾਈਟਿਡ ਕਮਿਊਨਿਸਟ ਪਾਰਟੀ ਆਫ਼ ਇੰਡੀਆ' ਦੀ ਸਥਾਪਨਾ ਕੀਤੀ। ਆਪਣੀ ਸਵੈ-ਜੀਵਨੀ ਦੇ ਪ੍ਰਕਾਸ਼ਨ ਦੇ ਛੇਤੀ ਬਾਅਦ ਹੀ ਮੋਹਿਤ ਸੇਨ ਦੀ ਮੌਤ ਹੋ ਗਈ। ਸ੍ਰੀਮਤੀ ਪੂਨਮ ਪੱਤਰਕਾਰ ਅਤੇ ਅਨੁਵਾਦਕ ਹੈ। ISBN 978-81-237-6992-9

**3. ਮੌਤ ਦੇ ਇੰਤਜ਼ਾਰ ਵਿਚ** : ਸ਼ਿਵ ਵਰਮਾ

*ਅਨੁਵਾਦ : ਡਾ. ਮਨਿੰਦਰ ਸਿੰਘ ਕਾਂਗ* *ਸਫ਼ੇ : 112 ਕੀਮਤ : 70.00*

ਸ਼ਿਵ ਵਰਮਾ ਦੇਸ਼ ਦੇ ਆਜ਼ਾਦੀ ਸੰਗਰਾਮ ਵਿਚ ਚਰਚਿਤ ਰਹੇ ਸਹਾਰਨਪੁਰ ਬੰਬ ਕਾਂਡ, ਲਾਹੌਰ ਸਾਜ਼ਿਸ਼ ਕੇਸ ਆਦਿ ਵਿਚ ਲੰਮਾ ਚਿਰ ਅੰਗਰੇਜ਼ ਹਾਕਮਾਂ ਦੀ ਕੈਦ ਵਿਚ ਰਹੇ। ਪੁਸਤਕ ਵਿਚ 15 ਦੇ ਕਰੀਬ ਕਥਾ-ਬਿਰਤਾਂਤ ਉਸਾਰੇ ਗਏ ਹਨ ਜਿਹੜੇ ਪਾਠਕਾਂ ਦਾ ਦਿਲ ਪਸੀਜ ਦਿੰਦੇ ਹਨ। ਜੇਲ੍ਹ ਜੀਵਨ ਸੰਬੰਧੀ ਮਨੋ-ਵਿਗਿਆਨੀ ਤੇ ਸਮਾਜ-ਵਿਗਿਆਨੀਆਂ ਦੀ ਖੋਜ ਨਾਲੋਂ ਵੀ ਡੂੰਘੀ ਇਹ ਬਿਰਤਾਂਤਕ ਪੁਸਤਕ ਜੇਲ੍ਹ ਦੁਨੀਆ ਦੀਆਂ ਅਨੇਕ ਪਰਤਾਂ ਖੋਲ੍ਹ ਦਿੰਦੀ ਹੈ। ISBN 978-81-237-6838-0

**4. ਬੱਚਨ ਦੀ ਆਤਮ ਕਥਾ** : ਅਜਿਤ ਕੁਮਾਰ (ਸੰਖੇਪ ਕਰਤਾ)

*ਅਨੁਵਾਦ : ਡਾ. ਸਤੀਸ਼ ਕੁਮਾਰ ਵਰਮਾ* *ਸਫ਼ੇ : 180 ਕੀਮਤ : 75.00*

'ਬੱਚਨ ਦੀ ਆਤਮ ਕਥਾ' ਹਰਿਵੰਸ਼ ਰਾਏ ਬੱਚਨ ਦੁਆਰਾ ਚਾਰ ਭਾਗਾਂ ਵਿਚ ਲਿਖੀਆਂ ਗਈਆਂ ਸਵੈ-ਜੀਵਨੀਮੂਲਕ ਰਚਨਾਵਾਂ 'ਕਯਾ ਭੂਲੂੰ ਕਯਾ ਕਰੂੰ' (1969), 'ਨੀੜ ਦਾ ਨਿਰਮਾਣ ਫਿਰ' (1970), 'ਬਸੇਰੇ ਸੇ ਦੂਰ' (1977), 'ਦਸਦ੍ਵਾਰ ਸੇ ਸੋਪਾਨ ਤਕ' (1985) ਦਾ ਸੰਖੇਪ ਸੰਸਮਰਣ ਹੈ। 1200 ਪੰਨਿਆਂ ਵਿਚ ਫੈਲੀ ਇਸ ਸਵੈ-ਜੀਵਨੀਮੂਲਕ ਰਚਨਾ ਨੂੰ 180 ਪੰਨਿਆਂ ਵਿਚ ਲਿਆ ਕੇ ਸੰਖੇਪਕਰਤਾ ਅਜਿਤ ਕੁਮਾਰ ਨੇ ਸੱਚਮੁੱਚ ਗਾਗਰ ਵਿਚ ਸਾਗਰ ਭਰ ਦਿੱਤਾ ਹੈ। ISBN 81-237-4606-7

**5. ਹੋਣ ਤੋਂ ਹੋਂਦ ਦਾ ਹਾਸਿਲ** : ਵਿਸ਼ਵਨਾਥ ਪ੍ਰਸਾਦ ਤਿਵਾਰੀ

*ਅਨੁਵਾਦ : ਡਾ. ਸਤੀਸ਼ ਕੁਮਾਰ ਵਰਮਾ* *ਸਫ਼ੇ : 461 ਕੀਮਤ : 425.00*

ਇਹ ਸਵੈ-ਜੀਵਨੀ ਪ੍ਰਸਿੱਧ ਸਾਹਿਤਕਾਰ ਡਾ: ਵਿਸ਼ਵਨਾਥ ਪ੍ਰਸਾਦ ਤਿਵਾਰੀ ਦੇ ਪੰਜਾਹ ਤੋਂ ਵੱਧ ਸਾਲਾਂ ਦੇ ਜੀਵਨ ਦਾ ਦਰਪਣ ਹੈ। ਉਨ੍ਹਾਂ ਘਰ ਪਰਿਵਾਰ ਤੇ ਦੇਸ਼ ਦੁਨੀਆਂ ਨਾਲ ਜੁੜੀਆਂ ਯਾਦਾਂ ਨੂੰ ਜੀਵੰਤ ਰੂਪ ਪ੍ਰਦਾਨ ਕੀਤਾ ਹੈ।

## ਭਾਰਤੀ ਡਾਇਸਪੋਰਾ ਅਧਿਐਨ

**1. ਫੀਜੀ ਸਫ਼ਰ ਅੱਧੀ ਰਾਤ ਤੋਂ ਅੱਗੇ** : ਬ੍ਰਿਜ ਲਾਲ

*ਅਨੁਵਾਦਕ : ਡਾ. ਸਤਨਾਮ ਸਿੰਘ ਜੱਸਲ* *ਸਫ਼ੇ : 170 ਕੀਮਤ : 80.00*

19ਵੀਂ ਸਦੀ ਦੇ ਆਖ਼ਰੀ ਅਤੇ 20ਵੀਂ ਸਦੀ ਦੇ ਸ਼ੁਰੂ ਦੇ ਸਾਲਾਂ ਵਿਚ ਪੂਰਬੀ ਉੱਤਰ ਪ੍ਰਦੇਸ਼ ਦੇ ਆਂਚਲਿਕ ਖੇਤਰਾਂ ਤੋਂ ਹਜ਼ਾਰਾਂ ਲੋਕ ਰੋਜ਼ੀ-ਰੋਟੀ ਦੀ ਤਲਾਸ਼ ਵਿਚ ਸੱਤ ਸਮੁੰਦਰ ਪਾਰ ਗਏ । ਸਖ਼ਤ ਮਿਹਨਤ ਕਰਨ ਦੇ ਨਾਲ ਪਰਾਏ ਦੇਸ਼ ਦੇ ਲੋਕ-ਸੰਸਕਾਰ, ਆਚਾਰ-ਵਿਵਹਾਰ ਵਿਚ ਆਪਣੇ ਆਪ ਨੂੰ ਢਾਲ ਕੇ ਇਨ੍ਹਾਂ ਲੋਕਾਂ ਨੇ ਉਨ੍ਹਾਂ ਵੀਰਾਨ ਦ੍ਵੀਪਾਂ ਨੂੰ ਆਬਾਦ ਕਰ ਦਿੱਤਾ ।

ISBN 978-81-237-6586-0

# ਨਵੀਆਂ ਪ੍ਰਕਾਸ਼ਿਤ ਪੁਸਤਕਾਂ

**1. ਗੁਰੂ ਨਾਨਕ ਬਾਣੀ** : ਭਾਈ ਜੋਧ ਸਿੰਘ (ਕਲਾਸਿਕ ਸਾਹਿਤ ਪੁਸਤਕਮਾਲਾ)

**2. ਨਾਨਕ ਬਾਣੀ** : ਪ੍ਰੋ. ਮਨਜੀਤ ਸਿੰਘ (ਕਲਾਸਿਕ ਸਾਹਿਤ ਪੁਸਤਕਮਾਲਾ)

**3. ਬਾਰਾਮਾਹ** : ਸਿਧਾਰਥ (ਕਲਾਸਿਕ ਸਾਹਿਤ ਪੁਸਤਕਮਾਲਾ)

**4. ਸਾਖੀਆਂ ਗੁਰੂ ਨਾਨਕ ਦੇਵ** : ਜਗਤਾਰਜੀਤ (ਨਹਿਰੂ ਬਾਲ ਪੁਸਤਕਮਾਲਾ)

**5. ਗੋਰਾ-ਕਾਲਾ** : ਲੇਖਕ ਸੱਯਦ ਅਸਦ ਅਲੀ (ਨਹਿਰੂ ਬਾਲ ਪੁਸਤਕਮਾਲਾ)
ਅਨੁਵਾਦ : *ਗੁਰਪ੍ਰੀਤ*

**6. ਅੱਖਨ ਦੀ ਅੱਖ** : ਲੇਖਕ ਸੱਯਦ ਅਸਦ ਅਲੀ (ਨਹਿਰੂ ਬਾਲ ਪੁਸਤਕਮਾਲਾ)
ਅਨੁਵਾਦ : *ਡਾ. ਜਗਦੀਸ਼ ਕੌਰ ਵਾਡੀਆ*

**7. ਬੁੱਢਾ ਮਗਰਮੱਛ** : ਲੇਖਿਕਾ ਪੁਸ਼ਪਾ ਸਿੰਘ 'ਵਿਸੇਨ (ਨਹਿਰੂ ਬਾਲ ਪੁਸਤਕਮਾਲਾ)
ਅਨੁਵਾਦ : *ਡਾ. ਜਸਪਾਲ ਕੌਰ*

**8. ਨਖੱਟੋ ਬੱਕਰੀ** : ਲੇਖਿਕਾ ਪਾਰੁਲ ਬੱਤਰਾ (ਨਹਿਰੂ ਬਾਲ ਪੁਸਤਕਮਾਲਾ)
ਅਨੁਵਾਦ : *ਪਵਨ ਹਰਚੰਦਪੁਰੀ*

**9. ਰਹਿਮਾਨ ਚਾਚਾ** : ਲੇਖਿਕਾ ਪ੍ਰਕਾਸ਼ ਮਨੂੰ (ਨਹਿਰੂ ਬਾਲ ਪੁਸਤਕਮਾਲਾ)
ਅਨੁਵਾਦ : *ਅਮਰੀਕ ਡੋਗਰਾ*

**10. ਧਰਤੀ ਤੋਂ ਸਮੁੰਦਰ ਤੱਕ** : ਲੇਖਿਕਾ ਵਿਨੀਤਾ ਸਿੰਘਲ (ਨਹਿਰੂ ਬਾਲ ਪੁਸਤਕਮਾਲਾ)
ਅਨੁਵਾਦ : *ਡਾ. ਹਰਵਿੰਦਰ ਔਲਖ*

**11. ਚਿਕਾ-ਚਿਕ-ਚਿਕ** : ਲੇਖਿਕਾ ਤੇ ਚਿੱਤਰਕਾਰ : ਜਯੋਤੀ ਮਨੋਕਰਣ (ਨਹਿਰੂ ਬਾਲ ਪੁਸਤਕਮਾਲਾ)
ਅਨੁਵਾਦ : *ਚਰਨਜੀਤ ਸਿੰਘ ਚੰਨ*

**12. ਹੋਣ ਤੋਂ ਹੋਂਦ ਦਾ ਹਾਸਿਲ** : *ਵਿਸ਼ਵਨਾਥ ਪ੍ਰਸ਼ਾਦ ਤਿਵਾਰੀ* (ਸਵੈ ਜੀਵਨੀ ਪੁਸਤਕਮਾਲਾ)
ਅਨੁਵਾਦ : *ਸਤੀਸ਼ ਕੁਮਾਰ ਵਰਮਾ*

---

Computer Typesetting : **Jantak Press,** Chandni Chowk, Delhi-6
Printed at :

# ਨੈਸ਼ਨਲ ਬੁੱਕ ਟਰੱਸਟ, ਇੰਡੀਆ

ਨਹਿਰੂ ਭਵਨ, 5, ਇੰਸਟੀਚਿਊਸ਼ਨਲ ਏਰੀਆ,
ਫੇਜ਼-II, ਵਸੰਤ ਕੁੰਜ, ਨਵੀਂ ਦਿੱਲੀ–110070
ਟੈਲੀਫ਼ੋਨ : 011-26707700 ਫੈਕਸ : 011-26121883
ਈ-ਮੇਲ:nbtindia@nbtindia.org.in
ਵੈਬਸਾਈਟ-www.nbtindia.gov.in

## ਕਿਤਾਬ ਕਲੱਬ (ਵਿਅਕਤੀਗਤ 100 ਰੁਪਏ/ਸੰਸਥਾ 500 ਰੁਪਏ)

### ਮੈਂਬਰ ਬਣਨ ਲਈ ਪੱਤਰ

ਕ੍ਰਿਪਾ ਕਰਕੇ ਇਸ ਪੱਤਰ ਦੇ ਨਾਲ 100/500 ਰੁਪਏ ਦੀ ਮੈਂਬਰ ਫੀਸ ਨਕਦ ਜਾਂ ਨੈਸ਼ਨਲ ਬੁੱਕ ਟਰੱਸਟ, ਇੰਡੀਆ ਦੇ ਨਾਮ ਬੈਂਕ ਡਰਾਫਟ ਰਾਹੀਂ ਭਿਜਵਾਉ ।

1. ਨਾਮ/ਸੰਸਥਾ (ਸਪੱਸ਼ਟ ਅੱਖਰਾਂ ਵਿਚ).............................................
   ..........................................................................
2. ਪੂਰਾ ਪਤਾ........................................................................
   ..........................................................................
   .....................................ਪਿੰਨ ਕੋਡ...................................
3. ਟੈਲੀਫੋਨ/ਮੋਬਾਈਲ ਨੰਬਰ.......................................................
4. ਈ-ਮੇਲ..........................................................................
5. ਕਿੱਤਾ...........................................................................
6. ਉਮਰ..........................................................................
7. ਮੈਂਬਰ ਫੀਸ ਬੈਂਕ ਡਰਾਫਟ/ਨਕਦ ਭੇਜੀ ਜਾ ਸਕਦੀ ਹੈ ।
   ਬੈਂਕ ਡਰਾਫਟ ਦੀ ਸੰਖਿਆ ਅਤੇ ਤਾਰੀਖ.........................................
   ਜਾਰੀ ਕਰਨ ਵਾਲੇ ਦਾ ਨਾਮ......................................................
   ਜਿਸ ਦੇ ਨਾਮ ਜਾਰੀ ਕੀਤਾ ਗਿਆ................................................

ਮੈਂ ਨੈਸ਼ਨਲ ਬੁੱਕ ਟਰੱਸਟ ਕਿਤਾਬ ਕਲੱਬ ਦੇ ਨਿਯਮ ਅਤੇ ਸ਼ਰਤਾਂ ਪੜ੍ਹ ਲਈਆਂ ਹਨ ਜੋ ਮੈਨੂੰ ਪ੍ਰਵਾਨ ਹਨ ।

ਦਸਤਖ਼ਤ

ਸਥਾਨ...........................
ਤਾਰੀਖ਼............................
ਮੈਂ.............................ਸ੍ਰੀ/ਸ੍ਰੀਮਤੀ.....................................
ਤੋਂ ਕਲੱਬ ਦੇ ਮੈਂਬਰ ਬਣਨ ਲਈ................ਰੁਪਏ ਪ੍ਰਾਪਤ ਕਰਦਾ ਹਾਂ

ਦਸਤਖ਼ਤ

ਵੱਲੋਂ : **ਨੈਸ਼ਨਲ ਬੁੱਕ ਟਰੱਸਟ, ਇੰਡੀਆ**

# ਤਤਕਰਾ


| | | |
|---|---|---|
| | ਆਪਣੇ ਬਾਰੇ | 1 |
| 1. | ਆਦਾਨ-ਪ੍ਰਦਾਨ ਪੁਸਤਕਮਾਲਾ | 10 |
| 2. | ਕਲਾਸਕੀ ਸਾਹਿਤ ਪੁਸਤਕਮਾਲਾ | 45 |
| 3. | ਫੁਟਕਲ ਪ੍ਰਕਾਸ਼ਨ | 51 |
| 4. | ਸਾਧਾਰਣ ਵਿਗਿਆਨ ਪੁਸਤਕਮਾਲਾ | 61 |
| 5. | ਭਾਰਤ – ਦੇਸ਼ ਤੇ ਲੋਕ | 65 |
| 6. | ਨੌਜਵਾਨ ਭਾਰਤ ਪੁਸਤਕਮਾਲਾ | 68 |
| 7. | ਭਾਰਤ ਦੀ ਲੋਕਧਾਰਾ | 71 |
| 8. | ਰਾਸ਼ਟਰੀ ਜੀਵਨੀਆਂ ਦੀ ਲੜੀ | 75 |
| 9. | ਨਹਿਰੂ ਬਾਲ ਪੁਸਤਕਮਾਲਾ | 88 |
| 10. | ਏਸ਼ੀਆ-ਪ੍ਰਸ਼ਾਂਤ ਸਹਿ-ਪ੍ਰਕਾਸ਼ਨ | 146 |
| 11. | ਨਵਸਾਖਰ ਸਾਹਿਤਮਾਲਾ | 147 |
| 12. | ਅਖੰਡ ਸਿੱਖਿਆ ਪੁਸਤਕਮਾਲਾ | 165 |
| 13. | ਸਿਰਜਨਾਤਮਕ ਸਿੱਖਿਆ ਪੁਸਤਕਮਾਲਾ | 171 |
| 14. | ਵਿਸ਼ਵ ਸਾਹਿਤ ਪੁਸਤਕਮਾਲਾ | 172 |
| 15. | ਲੋਕਉਪਯੋਗੀ ਸਮਾਜਿਕ ਵਿਗਿਆਨ | 173 |
| 16. | ਸਵੈ-ਜੀਵਨੀ ਪੁਸਤਕਮਾਲਾ | 176 |
| 17. | ਭਾਰਤੀ ਡਾਇਸਪੋਰਾ ਅਧਿਐਨ | 178 |
| | ਬਰੇਲ ਪੁਸਤਕਾਂ | |
| | ਨਵੀਆਂ ਪ੍ਰਕਾਸ਼ਿਤ ਪੁਸਤਕਾਂ | 179 |


---

*ਸੂਚੀ-ਪੱਤਰ ਵਿਚ ਪੁਸਤਕਾਂ ਦੀ ਕੀਮਤ ਦੇ ਆਧਾਰ 'ਤੇ ਹੀ ਪੁਸਤਕਾਂ ਵੇਚੀਆਂ ਜਾਣਗੀਆਂ। ਕੋਈ ਆਰਡਰ ਮਿਲਣ 'ਤੇ ਜੇ ਪੁਸਤਕ ਦੁਬਾਰਾ ਪ੍ਰਕਾਸ਼ਿਤ ਕਰਨ ਦੀ ਜ਼ਰੂਰਤ ਹੋਈ ਤਾਂ ਪੁਸਤਕ ਨਵੀਂ ਕੀਮਤ 'ਤੇ ਦਿੱਤੀ ਜਾਵੇਗੀ। ਕਿਤਾਬ ਕਲੱਬ ਦੇ ਮੈਂਬਰਾਂ ਨੂੰ ਪੁਸਤਕਾਂ ਵੀ.ਪੀ.ਪੀ./ ਬੁੱਕ ਪੋਸਟ (ਪਹਿਲਾਂ ਭੁਗਤਾਨ ਹੋਣ 'ਤੇ) ਰਾਹੀਂ ਭੇਜੀਆਂ ਜਾਣਗੀਆਂ। 200 ਰੁਪਏ ਜਾਂ ਉਸ ਤੋਂ ਘੱਟ ਦੇ ਆਰਡਰ 'ਤੇ ਪੂਰਾ ਡਾਕ ਖਰਚ ਜੋੜਿਆ ਜਾਂਦਾ ਹੈ। 200 ਰੁਪਏ ਤੋਂ ਵੱਧ ਦੇ ਆਰਡਰ 'ਤੇ ਟਰੱਸਟ ਵੱਲੋਂ ਪੂਰਾ ਡਾਕ ਖ਼ਰਚ ਦਿੱਤਾ ਜਾਵੇਗਾ।*